**Thinking Real Estate?**
BUYERS we'll find the right home for you.
We have a common goal: Making you a homeowner.
SELLERS we know your local markets
Pradeep Singh
847-322-5832
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193
COLDWELL BANKER
Residential Brokerage

Blue Diamond BANQUET HALL & CATERING
ਬਲੂ ਡਾਇਮੰਡ ਬੈਂਕੁਇਟ ਹਾਲ ਵਿਚ ਆਪਣੀਆਂ ਖੁਸ਼ੀਆਂ ਨੂੰ ਹੋਰ ਯਾਦਗਾਰੀ ਬਣਾਓ
Ph: 317-406-9924
Mela INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400
5425 E. Thompson Rd., Indianapolis IN 46237

**Buying/Selling in Michigan**
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150,
Plymouth, MI 48170
Call: 734-751-4455
rajsshergill@yahoo.com
Raj Shergill
Associate Broker

Twenty-Second Year of Publication ਮਿਡਵੈਸਟ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 22, Issue 21, May 22nd, 2021 20451 N. Plum Grove Rd., Palatine, IL 60074 Ph:847-359-0746, Fax:847-705-9388

## ਕੈਪਟਨ ਦੀ ਕਪਤਾਨੀ ਨੂੰ ਵੰਗਾਰ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖਿਲਾਫ ਬਾਗੀ ਸੁਰਾਂ ਚੁੱਕਣ ਵਾਲੇ ਕਾਂਗਰਸੀ ਮੰਤਰੀਆਂ ਅਤੇ ਵਿਧਾਇਕਾਂ ਨੂੰ ਧਮਕਾਉਣ ਅਤੇ ਪੁਰਾਣੇ ਕੇਸ ਖੋਲ੍ਹਣ ਦੇ ਡਰਾਵੇ ਦੇਣ ਪਿੱਛੋਂ ਸੱਤਾਧਾਰੀ ਧਿਰ ਵਿਚ ਅੰਦਰੂਨੀ ਕਲੇਸ਼ ਹੋਰ ਤਿੱਖਾ ਹੋ ਗਿਆ ਹੈ। ਚਰਚਾ ਹੈ ਕਿ ਕੈਪਟਨ ਨੇ ਸਰਕਾਰੀ ਨਾਕਾਮੀਆਂ ਵਿਰੁੱਧ ਆਵਾਜ਼ ਚੁੱਕਣ ਵਾਲਿਆਂ ਖਿਲਾਫ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਵਾਲਾ ਹਥਿਆਰ ਚੁੱਕ ਲਿਆ ਹੈ।

ਕੈਪਟਨ ਉਤੇ ਸਵਾਲ ਖੜ੍ਹੇ ਕਰਨ ਵਾਲੇ ਕੈਬਨਿਟ ਮੰਤਰੀ ਚਰਨਜੀਤ ਚੰਨੀ ਤੇ ਸੁਖਜਿੰਦਰ ਸਿੰਘ ਰੰਧਾਵਾ, ਵਿਧਾਇਕ ਨਵਜੋਤ ਸਿੰਘ ਸਿੱਧੂ ਤੇ ਪਰਗਟ ਸਿੰਘ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੂੰ ਧਮਕਾਉਣ ਦੀ ਕੋਸ਼ਿਸ਼ ਕੀਤੀ ਜਾ ਰਿਹਾ ਹੈ। ਸਿੱਧੂ ਖਿਲਾਫ ਵਿਜੀਲੈਂਸ ਵੱਲੋਂ ਪੁਰਾਣਾ ਕੇਸ ਖੋਲ੍ਹਣ ਦੀ ਤਿਆਰੀ ਹੋ ਰਹੀ ਹੈ। ਤਕਨੀਕੀ ਸਿੱਖਿਆ ਵਿਭਾਗ ਦੇ ਮੰਤਰੀ ਚਰਨਜੀਤ ਚੰਨੀ ਖਿਲਾਫ ਮਹਿਲਾ ਅਫਸਰ ਨਾਲ ਛੇੜਛਾੜ ਦਾ 3 ਸਾਲ ਪੁਰਾਣਾ ਮਾਮਲਾ ਮੁੜ ਚਰਚਾ ਵਿਚ ਆ ਗਿਆ ਹੈ। ਮਹਿਲਾ ਕਮਿਸ਼ਨ ਦੀ ਚੇਅਰਪਰਸਨ ਮਨੀਸ਼ਾ ਗੁਲਾਟੀ ਨੇ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਹਫਤੇ ਵਿਚ ਜਵਾਬ ਮੰਗ ਗਿਆ ਹੈ। ਪਰਗਟ ਸਿੰਘ ਨੇ ਦੋਸ਼ ਲਾਇਆ ਹੈ ਕੈਪਟਨ ਦੇ ਸਿਆਸੀ ਸਕੱਤਰ ਕੈਪਟਨ ਸੰਦੀਪ ਸਿੰਘ ਸੰਧੂ ਵੱਲੋਂ ਸਿੱਧੀ ਧਮਕੀ ਦਿੱਤੀ ਗਈ ਹੈ ਕਿ ਬਗਾਵਤੀ ਸੁਰਾਂ ਬੰਦ ਕਰਨ ਨਹੀਂ ਤਾਂ ਸਿੱਟੇ ਭੁਗਤਣ ਲਈ ਤਿਆਰ ਰਹਿਣ। ਸੁਖਜਿੰਦਰ ਸਿੰਘ ਰੰਧਾਵਾ ਨੂੰ ਵੀ ਇਸ ਤੋਂ ਪਹਿਲਾਂ ਅਜਿਹਾ ਹੀ ਫੋਨ ਆਇਆ ਸੀ।

ਚੰਨੀ ਉਤੇ ਸਾਲ 2018 ਵਿਚ ਸੂਬੇ ਦੀ ਇਕ ਮਹਿਲਾ ਆਈ.ਏ.ਐਸ. ਅਫਸਰ ਨੂੰ ਭੇਜੇ 'ਵ੍ਹਟਸਐਪ' ਸੰਦੇਸ਼ਾਂ ਦਾ ਦੋਸ਼ ਹੈ। ਉਸ ਸਮੇਂ ਇਹ ਮਾਮਲਾ ਕਾਫੀ ਭਖਿਆ ਸੀ ਤੇ ਕੈਪਟਨ ਨੇ ਇਹ ਆਖ ਕੇ ਗੱਲ ਨਬੇੜ ਦਿੱਤੀ ਸੀ ਕਿ ਮੰਤਰੀ ਨੇ ਮੁਆਫੀ ਮੰਗ ਲਈ ਹੈ। ਹੁਣ ਤਿੰਨ ਸਾਲ ਬਾਅਦ ਇਸ ਮਾਮਲੇ ਨੂੰ ਉਭਾਰਨ ਉਤੇ ਸਵਾਲ ਉਠ ਰਹੇ ਹਨ।

### ਕੈਪਟਨ ਨੇ ਬਾਗੀਆਂ ਲਈ ਭਾਜਪਾ ਵਾਲਾ ਫਾਰਮੂਲਾ ਅਪਨਾਇਆ

ਪਿਛਲੇ ਦਿਨਾਂ ਤੋਂ ਜਿਸ ਤਰ੍ਹਾਂ ਦਾ ਘਟਨਾਕ੍ਰਮ ਸਾਹਮਣੇ ਆ ਰਿਹਾ ਹੈ, ਉਸ ਤੋਂ ਜਾਪਦਾ ਹੈ ਕਿ ਮੁੱਖ ਮੰਤਰੀ ਦੇ ਧੜੇ ਵੱਲੋਂ ਬਗਾਵਤੀ ਸੁਰਾਂ ਮੱਠੀਆਂ ਕਰਨ ਲਈ ਹਰ ਨੀਤੀ ਦਾ ਸਹਾਰਾ ਲਿਆ ਜਾ ਰਿਹਾ ਹੈ। ਵਿਰੋਧੀ ਧੜਿਆਂ ਵੱਲੋਂ ਵੀ ਸਰਗਰਮੀਆਂ 'ਚ ਤੇਜ਼ੀ ਲਿਆਂਦੀ ਗਈ ਹੈ। ਇਨ੍ਹਾਂ ਆਗੂਆਂ ਦਾ ਦੋਸ਼ ਹੈ ਕਿ ਬੇਅਦਬੀ ਮਾਮਲਿਆਂ 'ਤੇ ਲੋਕਾਂ ਨੂੰ ਇਨਸਾਫ ਨਾ ਮਿਲਣ, ਰੇਤ ਦੀ ਨਾਜਾਇਜ਼ ਮਾਈਨਿੰਗ ਹੋਣ, ਸ਼ਰਾਬ ਦੇ ਧੰਦੇ ਦੀ ਕਾਲਾਬਾਜ਼ਾਰੀ ਅਤੇ ਹੋਰਨਾਂ ਜਨਤਕ ਮੁੱਦਿਆਂ 'ਤੇ ਬੋਲਣ ਲਈ ਉਨ੍ਹਾਂ ਨੂੰ ਘੇਰਿਆ ਜਾ ਰਿਹਾ ਹੈ।

ਸਵਾਲ ਇਹ ਵੀ ਕੀਤਾ ਜਾ ਰਿਹਾ ਹੈ ਕਿ ਜੇਕਰ ਨਵਜੋਤ ਸਿੰਘ ਸਿੱਧੂ ਨੇ ਕੋਈ ਗਲਤੀ ਕੀਤੀ ਹੈ ਤਾਂ ਫਾਈਲ ਨੂੰ ਦੋ ਸਾਲਾਂ ਲਈ ਦੱਬ ਕੇ ਕਿਉਂ ਰੱਖਿਆ ਗਿਆ। ਪਿਛਲੇ ਦਿਨਾਂ ਦੌਰਾਨ ਸਿੱਧੂ, ਮੰਤਰੀ ਰੰਧਾਵਾ, ਚੰਨੀ ਤੇ ਹੋਰਨਾਂ ਵਿਧਾਇਕਾਂ ਦਰਮਿਆਨ ਹੋਈ ਇਕ ਗੁਪਤ ਮੀਟਿੰਗ ਤੋਂ ਬਾਅਦ ਮਾਮਲਾ ਅਜਿਹਾ ਭਖਿਆ ਹੈ ਕਿ ਮੁੱਖ ਮੰਤਰੀ ਦਾ ਧੜਾ ਪੂਰੀ ਤਰ੍ਹਾਂ ਸਰਗਰਮ ਹੋ ਗਿਆ ਹੈ। ਮੁੱਖ ਮੰਤਰੀ ਦੇ ਧੜੇ ਵੱਲੋਂ ਇਸ ਮੀਟਿੰਗ ਦਾ ਮੁੱਖ ਸੂਤਰਧਾਰ ਪਰਗਟ ਸਿੰਘ ਨੂੰ ਹੀ ਮੰਨਿਆ ਜਾ ਰਿਹਾ ਹੈ। ਇਹ ਵੀ ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਨਵਜੋਤ ਸਿੰਘ ਸਿੱਧੂ ਦੇ ਨਾਲ ਮੰਤਰੀ ਹੁੰਦਿਆਂ ਤਾਇਨਾਤ ਰਹੇ ਵਿਅਕਤੀਆਂ ਵਿਰੁੱਧ ਵੀ ਵਿਜੀਲੈਂਸ ਦੀ ਸੰਭਾਵੀ ਕਾਰਵਾਈ ਹੋਣ ਦੀਆਂ ਅਫਵਾਹਾਂ ਦਾ ਦੌਰ ਚੱਲਦਾ ਰਿਹਾ ਹੈ। ਇਸੇ ਦੌਰਾਨ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਦਾ ਕਹਿਣਾ ਹੈ ਕਿ ਸਿੱਧੂ ਤੇ ਪਰਗਟ ਜਦੋਂ ਤੱਕ ਸੱਚ ਦੀ ਲੜਾਈ ਲੜ ਰਹੇ ਹਨ, ਉਨ੍ਹਾਂ ਦਾ ਡੱਟ ਕੇ ਸਾਥ ਦਿੱਤਾ ਜਾਵੇਗਾ। ਸੀਨੀਅਰ ਕਾਂਗਰਸ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਾਂਗਰਸ ਹਾਈਕਮਾਨ ਨੂੰ ਅਪੀਲ ਕੀਤੀ ਹੈ ਕਿ ਉਹ ਪੰਜਾਬ ਵਿਚ ਕਾਂਗਰਸ ਦੀ ਸਥਿਤੀ ਨੂੰ ਲੈ ਕੇ ਦਖਲ ਦੇਵੇ। ਕਾਂਗਰਸ ਆਗੂਆਂ ਦਾ ਕਹਿਣਾ ਹੈ ਕਿ ਪਾਰਟੀ ਵੱਲੋਂ ਸੂਬਾਈ ਮਾਮਲਿਆਂ ਦੇ ਇੰਚਾਰਜ ਥਾਪੇ ਗਏ ਹਰੀਸ਼ ਰਾਵਤ ਵੱਲੋਂ ਦੋਹਾਂ ਧਿਰਾਂ ਨਾਲ ਰਾਬਤਾ ਕਾਇਮ ਕਰ ਕੇ ਮਾਮਲੇ ਨੂੰ ਸ਼ਾਂਤ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

ਚਰਚਾ ਹੈ ਕਿ ਕਾਂਗਰਸ ਅੰਦਰ ਇਹ ਬਗਾਵਤ ਇੰਨੀ ਛੋਟੀ ਨਹੀਂ ਜਿੰਨੀ ਦਿਖਾਈ ਦੇ ਰਹੀ ਹੈ। ਕੈਪਟਨ ਵੱਲੋਂ ਜਿਨ੍ਹਾਂ ਮੰਤਰੀਆਂ ਤੇ ਵਿਧਾਇਕਾਂ ਨੂੰ ਆਪਣੇ ਹੱਕ ਵਿਚ ਦੱਸ ਕੇ ਪ੍ਰੈਸ

(ਬਾਕੀ ਸਫਾ 6 ਉਤੇ)

### ਕਾਂਗਰਸ ਨੇ ਵਿਜੀਲੈਂਸ ਜਾਂਚ ਨੂੰ ਅਫਵਾਹ ਦੱਸਿਆ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਹੈ ਪਾਰਟੀ ਦੇ ਆਗੂਆਂ ਖਿਲਾਫ ਵਿਜੀਲੈਂਸ ਜਾਂਚ ਦੀ ਗੱਲ ਕੋਰੀ ਅਫਵਾਹ ਹੈ ਅਤੇ ਜ਼ਮੀਨੀ ਪੱਧਰ 'ਤੇ ਇਸ 'ਚ ਕੋਈ ਸੱਚਾਈ ਨਹੀਂ ਹੈ। ਜਾਖੜ ਨੇ ਕਿਹਾ ਕਿ ਕਾਂਗਰਸ ਪਾਰਟੀ ਕਦੇ ਵੀ ਬਦਲੇ ਦੀ ਰਾਜਨੀਤੀ ਨਹੀਂ ਕਰਦੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦਾ ਅਸੂਲ ਰਿਹਾ ਹੈ ਕਿ ਇਹ ਸੰਵਿਧਾਨਕ ਅਦਾਰਿਆਂ ਦਾ ਆਪਣੇ ਨਿੱਜੀ ਹਿੱਤਾਂ ਲਈ ਇਸਤੇਮਾਲ ਨਹੀਂ ਕਰਦੀ ਹੈ ਅਤੇ ਆਪਣੇ ਵਿਧਾਇਕ ਖਿਲਾਫ ਅਜਿਹਾ ਕਰਨ ਦਾ ਤਾਂ ਸੋਚਿਆ ਵੀ ਨਹੀਂ ਜਾ ਸਕਦਾ ਹੈ।

## ਇਜ਼ਰਾਈਲ-ਫਲਸਤੀਨ ਟਕਰਾਅ ਕਾਰਨ ਹਾਲਾਤ ਵਿਗੜੇ

**ਗਾਜ਼ਾ ਸਿਟੀ:** ਇਜ਼ਰਾਇਲੀ ਅਤੇ ਫਲਸਤੀਨੀਆਂ ਦਰਮਿਆਨ ਟਕਰਾਅ ਦੇ ਹਿੰਸਕ ਰੂਪ ਲੈਣ ਕਾਰਨ ਹਾਲਾਤ ਬਹੁਤ ਵਿਗੜ ਰਹੇ ਹਨ। ਗਾਜ਼ਾ ਸਿਹਤ ਮਹਿਕਮੇ ਮੁਤਾਬਕ ਹੁਣ ਤੱਕ 201 ਫਲਸਤੀਨੀ ਹਮਲਿਆਂ ਵਿਚ ਮਾਰੇ ਜਾ ਚੁੱਕੇ ਹਨ। ਇਨ੍ਹਾਂ ਵਿਚ 58 ਬੱਚੇ ਤੇ 34 ਔਰਤਾਂ ਸ਼ਾਮਲ ਹਨ। ਉਤਰੀ ਗਾਜ਼ਾ ਦੇ ਇਸਲਾਮਿਕ ਜਹਾਦ ਕਮਾਂਡਰ ਹੁਸਾਮ ਅਬੂ ਹਰਬੀਦ ਦੇ ਮਰਨ ਤੋਂ ਬਾਅਦ ਦਹਿਸ਼ਤਗਰਦ ਗਰੁੱਪ ਹਮਾਸ ਨੇ ਹਮਲੇ ਤਿੱਖੇ ਕਰ ਦਿੱਤੇ ਹਨ। ਇਕ ਇਜ਼ਰਾਇਲੀ ਜਨਰਲ ਨੇ ਕਿਹਾ ਕਿ ਉਨ੍ਹਾਂ ਦਾ ਮੁਲਕ ਇਸ ਜੰਗ ਨੂੰ 'ਸਦਾ ਲਈ' ਵੀ ਜਾਰੀ ਰੱਖ ਸਕਦਾ ਹੈ।

ਗਾਜ਼ਾ ਦੇ ਕੱਟੜਪੰਥੀ ਹਮਾਸ ਸ਼ਾਸਕਾਂ ਨਾਲ ਲੜਾਈ ਸ਼ੁਰੂ ਹੋਣ ਤੋਂ ਬਾਅਦ ਤੋਂ ਇਜ਼ਰਾਈਲ ਦੇ ਇਕ ਹਮਲੇ 'ਚ ਮਰਨ ਵਾਲੇ ਲੋਕਾਂ ਦੀ ਇਹ ਸਭ ਤੋਂ ਵੱਧ ਗਿਣਤੀ ਹੈ। ਪਿਛਲੇ ਮਹੀਨੇ ਯੇਰੋਸ਼ਲਮ 'ਚ ਤਣਾਅ ਮਗਰੋਂ ਸ਼ੁਰੂ ਹੋਇਆ ਇਹ ਸੰਘਰਸ਼ ਵੱਡੇ ਪੱਧਰ 'ਤੇ ਫੈਲ ਗਿਆ ਹੈ। ਅਰਬ ਤੇ ਯਹੂਦੀਆਂ ਦੀ ਰਲੀ ਮਿਲੀ ਆਬਾਦੀ ਵਾਲੇ ਇਜ਼ਰਾਇਲੀ ਸ਼ਹਿਰਾਂ 'ਚ ਰੋਜ਼ਾਨਾ ਹਿੰਸਾ ਦੇਖੀ ਜਾ ਰਹੀ ਹੈ। ਇਜ਼ਰਾਈਲ ਤੇ ਹਮਾਸ ਵਿਚਾਲੇ ਜਾਰੀ ਲੜਾਈ ਦੌਰਾਨ ਪੱਛਮੀ ਕੰਢੇ 'ਚ ਵੀ ਫਲਸਤੀਨੀਆਂ ਨੇ ਵੱਡੇ ਪੱਧਰ 'ਤੇ ਪ੍ਰਦਰਸ਼ਨ ਕੀਤਾ ਤੇ ਸੈਂਕੜੇ ਪ੍ਰਦਰਸ਼ਨਕਾਰੀਆਂ ਦੀ ਕਈ ਸ਼ਹਿਰਾਂ 'ਚ ਇਜ਼ਰਾਇਲੀ ਸੈਨਾ ਨਾਲ ਝੜਪ ਹੋਈ। ਇਹ ਹਿੰਸਾ ਅਜਿਹੇ ਸਮੇਂ ਹੋ ਰਹੀ ਹੈ ਜਦੋਂ ਫਲਸਤੀਨੀ 'ਨਕਬਾ ਦਿਵਸ' ਮਨਾ ਰਹੇ ਹਨ ਜੋ 1948 ਦੀ ਜੰਗ 'ਚ ਇਜ਼ਰਾਈਲ ਵੱਲੋਂ ਮਾਰੇ ਗਏ ਹਜ਼ਾਰਾਂ ਫਲਸਤੀਨੀਆਂ ਦੀ ਯਾਦ 'ਚ ਮਨਾਇਆ ਜਾਂਦਾ ਹੈ। ਇਸ ਨਾਲ ਸੰਘਰਸ਼ ਹੋਰ ਮਘਣ ਦਾ ਖਦਸ਼ਾ ਵਧ ਗਿਆ ਹੈ।



(ਬਾਕੀ ਸਫਾ 6 ਉਤੇ)

**India Palace Restaurant And Banquet Hall**
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550 People
**Amber Indian Restaurant**
Restaurant-Fine Indian Cuisine
12510 N. Meridian St.,
Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com

**MOVING To INDIANA?**
ਇੰਡੀਆਨਾ 'ਚ ਕਿਫਾਇਤੀ ਰਿਹਾਇਸ਼ ਲਈ ਸਾਡੇ ਨਾਲ ਸੰਪਰਕ ਕਰੋ
*ਇੰਡੀਅਨਐਪੋਲਿਸ, ਇੰਡੀਆਨਾ ਵਿਚ ਨਵੇਂ ਅਤੇ ਵਾਜਬ ਕੀਮਤਾਂ ਉਤੇ ਘਰ ਉਪਲਬਧ ਹਨ
*ਘੱਟ ਪ੍ਰਾਪਰਟੀ ਟੈਕਸ ਤੇ ਘਰਾਂ ਦੀ ਇੰਸ਼ੋਰੈਂਸ ਵੀ ਸਸਤੀ
*ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
Contact me today to BUY/SELL/INVEST in Indiana.
Ph: (317) 670-1055
Beenu.sikand@gmail.com
www.LegacyHomesInternational.com
Successfully Selling Real Estate for 17 Years!
Beenu Sikand
Legacy Homes Intl.
Broker Owner,
Realtor, CRS, MBA

**BIG BAZAAR**
Grocery, Sweets & Catering
5425 E. Thompson Rd.
Indianapolis IN 46237
Buffet
Mon to Sat. 11am to 3pm
Sunday 2pm to 7pm
*Fresh Vegetables Every Thursday
*Book your catering now.
Ask for, Baljinder S. Ben
Ph: 317-640-2400
Like our Facebook page:
BigBazaarIndianGrocery

Now Open 7 Days a Week
**Regal Jewels**
Best Jewelry Selection in the Midwest
www.RegalJewels.com
24kt Gold, 22kt Gold, & Diamonds
Store Hours:
11 am to 8 pm
Contact:
Rajveer Singh Gill
Cell: 847-907-1525
Store: 773-262-4377
ਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ

## ਮੋਦੀ ਦੀ ਕਰੋਨਾ ਨਾਕਾਮੀ

# ਕੌਮਾਂਤਰੀ ਟੈਂਡਰ ਜਾਰੀ ਕਰਨ ਲੱਗੀਆਂ ਸੂਬਾ ਸਰਕਾਰਾਂ

**ਚੰਡੀਗੜ੍ਹ:** ਕਰੋਨਾ ਰੋਕੂ ਵੈਕਸੀਨ ਦੇਣ ਵਿਚ ਕੇਂਦਰ ਸਰਕਾਰ ਦੀ ਨਾਕਾਮੀ ਪਿੱਛੋਂ ਰਾਜ ਸਰਕਾਰਾਂ ਟੀਕਿਆਂ ਦੀ ਲੋੜ ਪੂਰੀ ਕਰਨ ਲਈ ਕੌਮਾਂਤਰੀ ਟੈਂਡਰ ਜਾਰੀ ਕਰਨ ਲੱਗੀਆਂ ਹਨ। ਪੰਜਾਬ, ਉਤਰ ਪ੍ਰਦੇਸ਼, ਮਹਾਰਾਸ਼ਟਰ, ਕਰਨਾਟਕ, ਆਂਧਰਾ ਪ੍ਰਦੇਸ਼, ਤਿਲੰਗਾਨਾ, ਤਾਮਿਲ ਨਾਡੂ ਤੇ ਦਿੱਲੀ ਵਰਗੇ ਰਾਜਾਂ ਨੇ ਵੀ ਟੀਕਿਆਂ ਦੀ ਆਪਣੀਆਂ ਜ਼ਰੂਰਤ ਪੂਰੀ ਕਰਨ ਲਈ ਕੌਮਾਂਤਰੀ ਟੈਂਡਰ ਜਾਰੀ ਕਰਨ ਦਾ ਫੈਸਲਾ ਕੀਤਾ ਹੈ।

ਹਰਿਆਣਾ ਦੇ ਸਿਹਤ ਮੰਤਰੀ ਅਨਿਲ ਵਿਜ ਨੇ ਦੱਸਿਆ ਕਿ ਰਾਜ ਸਰਕਾਰ 18 ਸਾਲ ਤੋਂ ਵੱਧ ਉਮਰ ਦੇ ਸਾਰੇ ਲੋਕਾਂ ਦੇ ਟੀਕਾਕਰਨ ਲਈ ਐਂਟੀ-ਕੋਵਿਡ-19 ਟੀਕੇ ਖਰੀਦਣ ਲਈ ਕੌਮਾਂਤਰੀ ਟੈਂਡਰ ਮੰਗੇਗੀ। ਇਸ ਪਿੱਛੋਂ ਭਾਰਤ ਵਿਚ ਕੋਵਿਡ-19 ਵੈਕਸੀਨ ਬਾਰੇ ਸਰਕਾਰ ਦੀ ਨੀਤੀ ਤੇ ਨੀਅਤ ਉਤੇ ਵੱਡੇ ਸਵਾਲ ਉਠ ਰਹੇ ਹਨ। ਅਸਲ ਵਿਚ ਹੁਣ ਕੇਂਦਰ ਸਰਕਾਰ ਦੇ ਵੈਕਸੀਨ ਦੇਣ ਤੋਂ ਹੱਥ ਖੜ੍ਹੇ ਜਾਪ ਰਹੇ ਹਨ। ਪਹਿਲਾਂ ਇਹ ਦੱਸਿਆ ਗਿਆ ਕਿ ਵੈਕਸੀਨ ਦੀ ਦੂਸਰੀ ਡੋਜ਼ ਪਹਿਲੀ ਖੁਰਾਕ ਦੇ 4 ਹਫਤੇ ਬਾਅਦ ਦਿੱਤੀ ਜਾਵੇਗੀ। ਫਰਵਰੀ ਵਿਚ ਦੋਹਾਂ ਖੁਰਾਕਾਂ ਵਿਚਲਾ ਵਕਫਾ 4 ਤੋਂ 6 ਹਫਤੇ ਕਰ ਦਿੱਤਾ ਗਿਆ। ਮਾਰਚ ਵਿਚ ਸਰਕਾਰੀ ਮਾਹਿਰਾਂ ਨੇ ਕਿਹਾ ਕਿ ਸਰਵੇਖਣ ਦੱਸਦੇ ਹਨ ਕਿ ਵੈਕਸੀਨ ਲਗਵਾਉਣ ਵਾਲਿਆਂ ਵਿਚ ਮਹਾਮਾਰੀ ਨਾਲ ਲੜਨ ਲਈ ਜ਼ਿਆਦਾ ਅੰਦਰੂਨੀ ਸ਼ਕਤੀ ਤਦ ਪੈਦਾ ਹੁੰਦੀ ਹੈ ਜੇ ਵੈਕਸੀਨ ਦੀ ਦੂਸਰੀ ਖੁਰਾਕ 6 ਤੋਂ 8 ਹਫਤਿਆਂ ਬਾਅਦ ਦਿੱਤੀ ਜਾਵੇ। ਹੁਣ ਇਹ ਦੱਸਿਆ ਗਿਆ ਹੈ ਕਿ ਵੈਕਸੀਨ ਦੀ ਦੂਸਰੀ ਖੁਰਾਕ ਤਿੰਨ ਤੋਂ ਚਾਰ ਮਹੀਨਿਆਂ ਬਾਅਦ ਦਿੱਤੀ ਜਾਵੇ ਤਾਂ ਵੈਕਸੀਨ ਜ਼ਿਆਦਾ ਅਸਰਦਾਇਕ ਹੁੰਦੀ ਹੈ। ਇਹ ਸਾਰੀਆਂ ਸੂਚਨਾਵਾਂ ਸਰਕਾਰ, ਮੰਤਰੀਆਂ ਅਤੇ ਸਰਕਾਰ ਦੁਆਰਾ ਨਿਯਤ ਕੀਤੇ ਗਏ ਮਾਹਿਰਾਂ ਨੇ ਦਿੱਤੀਆਂ ਹਨ। ਲੋਕ ਦੋਹਾਂ ਖੁਰਾਕਾਂ ਵਿਚ ਵਧਦੇ ਵਕਫੇ ਨੂੰ ਦੇਸ਼ ਵਿਚ ਵੈਕਸੀਨ ਦੀ ਥੁੜ੍ਹ ਨਾਲ ਜੋੜ ਕੇ ਦੇਖ ਰਹੇ ਹਨ।




ਸੀਰਮ ਇੰਸਟੀਚਿਊਟ ਪ੍ਰਤੀ ਮਹੀਨਾ 6 ਕਰੋੜ ਖੁਰਾਕਾਂ ਹੀ ਤਿਆਰ ਕਰ ਸਕਦਾ ਹੈ ਅਤੇ ਭਾਰਤ ਬਾਇਓਟੈਕ ਇੰਨੇ ਸਮੇਂ ਵਿਚ ਸਿਰਫ 2 ਕਰੋੜ ਖੁਰਾਕਾਂ ਦਾ ਹੀ ਉਤਪਾਦਨ ਕਰਦਾ ਹੈ। ਕੇਂਦਰ ਵਲੋਂ ਤੇਜ਼ੀ ਨਾਲ ਵੱਧ ਤੋਂ ਵੱਧ ਆਬਾਦੀ ਦਾ ਟੀਕਾਕਰਨ ਦਾ ਨਿਸ਼ਾਨਾ ਜ਼ਰੂਰ ਮਿਥਿਆ ਗਿਆ ਸੀ ਪਰ ਦੇਸ਼ ਵਿਚ ਟੀਕਾਕਰਨ ਦੀ ਰਫਤਾਰ ਰੋਜ਼ 17 ਲੱਖ ਵਿਅਕਤੀਆਂ ਤੱਕ ਹੀ ਸੰਭਵ ਹੋ ਸਕੀ ਹੈ। ਟੀਕਾਕਰਨ ਦੇ ਘੇਰੇ ਵਿਚ 18 ਤੋਂ 44 ਸਾਲ ਤੱਕ ਦੇ ਨਾਗਰਿਕਾਂ ਨੂੰ ਵੀ ਸ਼ਾਮਲ ਕੀਤਾ ਗਿਆ ਸੀ ਪਰ ਹਾਲ ਦੀ ਘੜੀ ਅਮਲੀ ਰੂਪ ਵਿਚ ਇਹ ਯੋਜਨਾ ਸਫਲ ਨਹੀਂ ਹੋਈ। ਇਸ ਘੇਰੇ ਵਿਚ ਸਿਰਫ ਉਸਾਰੀ ਕਾਮਿਆਂ ਨੂੰ ਹੀ ਲਿਆ ਗਿਆ ਹੈ ਜਦੋਂ ਕਿ ਇਸ ਲਈ ਹੁਣ ਤੱਕ 19 ਕਰੋੜ ਲੋਕ ਰਜਿਸਟ੍ਰੇਸ਼ਨ ਕਰਵਾ ਚੁੱਕੇ ਹਨ। ਕਰੋਨਾ ਦੇ ਪਹਿਲੇ ਹਮਲੇ ਤੋਂ ਬਾਅਦ ਭਾਰਤ ਵਲੋਂ ਵੱਡੀ ਗਿਣਤੀ ਵਿਚ ਟੀਕਿਆਂ ਦੀਆਂ ਖੁਰਾਕਾਂ ਬਰਾਮਦ ਕਰਨ ਦੀ ਵੀ ਆਲੋਚਨਾ ਕੀਤੀ ਜਾ ਰਹੀ ਹੈ। ਉਚ ਅਦਾਲਤ ਨੇ ਵੀ ਟੀਕਾਕਰਨ ਸਬੰਧੀ ਦਖਲ ਦਿੱਤਾ ਹੈ। ਸਰਕਾਰ ਨੇ ਉਥੇ ਅਦਾਲਤ ਵਿਚ ਆਪਣਾ ਪੱਖ ਇਹ ਰੱਖਿਆ ਹੈ ਕਿ ਸਾਢੇ 6 ਕਰੋੜ ਦੇ ਲਗਭਗ ਖੁਰਾਕਾਂ ਬਾਹਰ ਭੇਜਣ ਲਈ ਭਾਰਤੀ ਕੰਪਨੀਆਂ ਨੇ ਲਾਇਸੰਸ ਅਨੁਸਾਰ ਇਕਰਾਰਨਾਮੇ ਕੀਤੇ ਹੋਏ ਸਨ, ਕਿਉਂਕਿ ਇਸ ਉਤਪਾਦਨ ਲਈ ਵਧੇਰੇ ਕੱਚਾ ਮਾਲ ਲਾਇਸੰਸ ਅਨੁਸਾਰ ਹੀ ਬਾਹਰ ਤੋਂ ਮੰਗਵਾਇਆ ਜਾਂਦਾ ਹੈ। ਹੁਣ ਜਿਥੇ ਲਗਾਤਾਰ ਟੀਕਿਆਂ ਦੀ ਮੰਗ ਵਧ ਰਹੀ ਹੈ, ਉਥੇ ਕੰਪਨੀਆਂ ਇਸ ਵੱਡੀ ਮੰਗ ਨੂੰ ਪੂਰਾ ਕਰਨ ਤੋਂ ਹੱਥ ਖਿੱਚਦੀਆਂ ਨਜ਼ਰ ਆ ਰਹੀਆਂ ਹਨ। ਇਕ ਅਨੁਮਾਨ ਅਨੁਸਾਰ ਜੁਲਾਈ ਤੋਂ ਹਰ ਮਹੀਨੇ 13 ਕਰੋੜ ਟੀਕੇ ਮਿਲਣ ਲੱਗਣਗੇ ਪਰ ਇਸ ਸਮੇਂ ਲੋੜ ਰੋਜ਼ ਲੱਖਾਂ ਲੋਕਾਂ ਨੂੰ ਟੀਕਾ ਲਗਾਉਣ ਦੀ ਨਹੀਂ, ਸਗੋਂ ਹਰ ਦਿਨ ਇਕ ਕਰੋੜ ਲੋਕਾਂ ਨੂੰ ਟੀਕਾ ਲਗਾਉਣ ਦੀ ਹੈ। ਬਹੁਤੇ ਰਾਜ ਟੀਕਾ ਖਤਮ ਹੋਣ ਦੀਆਂ ਸ਼ਿਕਾਇਤਾਂ ਕਰਨ ਲੱਗੇ ਹਨ। ਰਾਜਧਾਨੀ ਦਿੱਲੀ ਵਿਚ ਸਰਕਾਰ ਨੇ 100 ਕੇਂਦਰ ਬੰਦ ਕਰਨ ਦਾ ਐਲਾਨ ਕੀਤਾ ਹੈ ਅਤੇ ਕੇਂਦਰ ਤੋਂ 11.34 ਕਰੋੜ ਟੀਕਿਆਂ ਦੀ ਮੰਗ ਕੀਤੀ ਹੈ।

ਵੱਡਾ ਮੁੱਦਾ ਵੈਕਸੀਨ ਦੀ ਕੀਮਤ ਦਾ ਹੈ। ਸੀਰਮ ਇੰਸਟੀਚਿਊਟ ਕੇਂਦਰ ਸਰਕਾਰ, ਸੂਬਾ ਸਰਕਾਰਾਂ ਅਤੇ ਨਿੱਜੀ ਖੇਤਰ ਦੇ ਹਸਪਤਾਲਾਂ ਨੂੰ ਵੱਖ ਵੱਖ ਕੀਮਤ 'ਤੇ ਵੈਕਸੀਨ ਦੇ ਰਹੀ ਹੈ। ਹੁਣ ਸਪੂਤਨਿਕ ਬਣਾਉਣ ਵਾਲੀ ਕੰਪਨੀ ਨੇ ਕਿਹਾ ਹੈ ਕਿ ਵੈਕਸੀਨ ਦੀ ਕੀਮਤ 1000 ਰੁਪਏ ਹੋਵੇਗੀ। ਦੇਸ਼ ਦੇ ਨਾਗਰਿਕਾਂ ਨੂੰ ਮੁਫਤ ਵੈਕਸੀਨ ਲਗਾਉਣੀ ਸਰਕਾਰ ਦੀ ਜ਼ਿੰਮੇਵਾਰੀ ਹੈ। ਇਸ ਸਰਕਾਰ ਨੇ 2020 ਵਿਚ ਜਦ ਦੇਸ਼ ਵਿਚ ਕੋਵਿਡ-19 ਦੇ ਨੰਮਾਤਰ ਕੇਸ ਸਨ ਤਾਂ ਸਿਰਫ ਸਾਢੇ ਚਾਰ ਘੰਟੇ ਦੀ ਮੁਹਲਤ 'ਤੇ ਤਾਲਾਬੰਦੀ ਕਰ ਕੇ ਕਰੋੜਾਂ ਲੋਕਾਂ ਨੂੰ ਬੇਰੁਜ਼ਗਾਰ ਕੀਤਾ ਅਤੇ ਕਰੋੜਾਂ ਨੂੰ ਗਰੀਬੀ ਰੇਖਾ ਤੋਂ ਹੇਠਾਂ ਸੁੱਟਿਆ; ਤਾਲਾਬੰਦੀ ਕਰਨ ਦੇ ਬਾਵਜੂਦ ਕੋਵਿਡ-19 ਦਾ ਮੁਕਾਬਲਾ ਕਰਨ ਲਈ ਵਾਜਬ ਪ੍ਰਬੰਧ ਨਾ ਕੀਤੇ ਗਏ। ਹੁਣ ਸਰਕਾਰ ਵੈਕਸੀਨ ਲਗਾਉਣ ਦੀ ਆਪਣੀ ਜ਼ਿੰਮੇਵਾਰੀ ਤੋਂ ਵੀ ਕਿਨਾਰਾ ਕਰ ਗਈ ਹੈ।

## ਟੀਕੇ ਵੰਡਣ ਦੀ ਜ਼ਿੰਮੇਵਾਰੀ ਸੂਬਿਆਂ ਨੂੰ ਮਿਲੇ: ਰਾਹੁਲ

**ਨਵੀਂ ਦਿੱਲੀ:** ਕਾਂਗਰਸ ਆਗੂ ਰਾਹੁਲ ਗਾਂਧੀ ਨੇ ਟੀਕਾਕਰਨ ਨੀਤੀ ਨੂੰ ਲੈ ਕੇ ਕੇਂਦਰ ਸਰਕਾਰ ਨੂੰ ਕਰਾਰੇ ਹੱਥੀਂ ਲਿਆ ਅਤੇ ਕਿਹਾ ਕਿ ਇਸ ਨਾਲ ਸਮੱਸਿਆ ਹੋਰ ਵਿਗੜ ਰਹੀ ਹੈ। ਉਨ੍ਹਾਂ ਸੁਝਾਅ ਦਿੱਤਾ ਕਿ ਕੇਂਦਰ ਨੂੰ ਟੀਕਿਆਂ ਦੀ ਖਰੀਦ ਕਰਕੇ ਉਨ੍ਹਾਂ ਦੀ ਵੰਡ ਦੀ ਜ਼ਿੰਮੇਵਾਰੀ ਸੂਬਿਆਂ ਨੂੰ ਦੇਣੀ ਚਾਹੀਦੀ ਹੈ। ਰਾਹੁਲ ਨੇ ਟਵੀਟ ਕੀਤਾ, 'ਕੇਂਦਰ ਸਰਕਾਰ ਦੀ ਵੈਕਸੀਨ ਨੀਤੀ ਸਮੱਸਿਆ ਹੋਰ ਗੰਭੀਰ ਕਰ ਰਹੀ ਹੈ ਜੋ ਭਾਰਤ ਝੱਲ ਨਹੀਂ ਸਕਦਾ। ਵੈਕਸੀਨ ਦੀ ਖਰੀਦ ਕੇਂਦਰ ਨੂੰ ਕਰਨੀ ਚਾਹੀਦੀ ਹੈ ਤੇ ਵੰਡ ਦੀ ਜ਼ਿੰਮੇਵਾਰੀ ਸੂਬਿਆਂ ਨੂੰ ਦਿੱਤੀ ਜਾਵੇ।' ਕਾਂਗਰਸ ਮੁਫਤ ਟੀਕਾਕਰਨ ਦੀ ਮੰਗ ਕਰ ਰਹੀ ਹੈ।

## ਪੰਜਾਬ ਸਰਕਾਰ ਸਪੂਤਨਿਕ ਖਰੀਦਣ ਦੀ ਤਿਆਰੀ 'ਚ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕਰੋਨਾ ਰੋਕੂ ਟੀਕੇ ਦੀ ਘਾਟ ਦੂਰ ਕਰਨ ਲਈ ਕੇਂਦਰੀ ਸਿਹਤ ਮੰਤਰੀ ਨਾਲ ਗੱਲਬਾਤ ਕੀਤੀ ਜਾ ਰਹੀ ਹੈ। ਉਨ੍ਹਾਂ 18 ਤੋਂ 44 ਸਾਲ ਦੇ ਵਿਅਕਤੀਆਂ ਦੇ ਟੀਕਾਕਰਨ ਲਈ ਸਪੂਤਨਿਕ-ਵੀ ਦੀ ਖਰੀਦ ਦੀਆਂ ਸੰਭਾਵਨਾਵਾਂ ਦਾ ਪਤਾ ਲਗਾਉਣ ਦੇ ਨਿਰਦੇਸ਼ ਵੀ ਦਿੱਤੇ ਹਨ। ਉਨ੍ਹਾਂ ਕਿਹਾ ਕਿ 18 ਤੋਂ 44 ਸਾਲ ਦੇ ਉਮਰ ਵਰਗ ਲਈ ਸ਼ੁਰੂਆਤੀ ਤੌਰ 'ਤੇ ਪ੍ਰਾਪਤ ਖੁਰਾਕਾਂ ਵਿਚੋਂ ਇਕ ਲੱਖ ਖੁਰਾਕਾਂ ਦੀ ਵਰਤੋਂ ਹੋ ਚੁੱਕੀ ਹੈ। ਉਨ੍ਹਾਂ ਮੁੱਖ ਸਕੱਤਰ ਵਿਨੀ ਮਹਾਜਨ ਨੂੰ ਸਪੂਤਨਿਕ-ਵੀ ਨੂੰ ਇਸ ਉਮਰ ਵਰਗ ਲਈ ਇਕ ਬਦਲਵੇਂ ਟੀਕੇ ਦੇ ਰੂਪ ਵਿਚ ਵੇਖਣ ਲਈ ਕਿਹਾ ਹੈ ਤਾਂ ਜੋ ਜ਼ਿਆਦਾਤਰ ਲੋਕਾਂ ਨੂੰ ਕਰੋਨਾ ਰੋਕੂ ਟੀਕਾ ਲਗਾਇਆ ਜਾ ਸਕੇ।

## 44 ਮੁਲਕਾਂ ਵਿਚ ਮਿਲਿਆ ਕੋਵਿਡ ਦਾ ਭਾਰਤੀ ਰੂਪ

**ਨਵੀਂ ਦਿੱਲੀ:** ਆਲਮੀ ਸਿਹਤ ਸੰਸਥਾ (ਡਬਲਿਊ.ਐਚ.ਓ.) ਦਾ ਕਹਿਣਾ ਹੈ ਕਿ ਭਾਰਤ ਵਿਚ ਕਰੋਨਾ ਵਾਇਰਸ ਦੇ ਜਿਸ ਰੂਪ/ਕਿਸਮ ਦੀ ਬੀ.1.617 ਵਜੋਂ ਪਹਿਲਾਂ ਪਛਾਣ ਕੀਤੀ ਗਈ ਸੀ, ਉਹ ਹੁਣ 44 ਮੁਲਕਾਂ ਵਿਚ ਹੈ ਤੇ ਇਸ ਨੂੰ ਹੁਣ 'ਫਿਕਰਮੰਦੀ ਵਾਲੀ ਕਿਸਮ' ਦੇ ਵਰਗ ਵਿਚ ਰੱਖਿਆ ਗਿਆ ਹੈ। ਸੰਸਥਾ ਨੇ ਆਪਣੇ ਹੀ ਬਿਆਨ ਤੋਂ ਯੂ-ਟਰਨ ਲੈਂਦਿਆਂ ਕਿਹਾ ਕਿ ਉਸ ਨੇ ਵਾਇਰਸਾਂ ਜਾਂ ਇਸ ਦੀਆਂ ਹੋਰ ਕਿਸਮਾਂ ਦੀ ਕਦੇ ਵੀ ਕਿਸੇ ਮੁਲਕ, ਜਿਥੇ ਉਹ ਪਹਿਲੀ ਵਾਰ ਰਿਪੋਰਟ ਹੋਏ ਹੋਣ, ਦੇ ਨਾਂ ਵਜੋਂ ਸ਼ਨਾਖਤ ਨਹੀਂ ਕੀਤੀ।

ਇਸ ਨੇ ਟਵੀਟ ਵਿਚ ਕਿਹਾ, "ਅਸੀਂ ਉਨ੍ਹਾਂ (ਵਾਇਰਸਾਂ) ਦਾ ਹਵਾਲਾ ਉਨ੍ਹਾਂ ਦੇ ਵਿਗਿਆਨਕ ਨਾਮ ਵਜੋਂ ਦਿੰਦੇ ਹਾਂ ਤੇ ਸਾਰਿਆਂ ਨੂੰ ਅਪੀਲ ਕਰਦੇ ਹਾਂ ਕਿ ਉਹ ਵੀ ਅਜਿਹਾ ਹੀ ਕਰਨ।" ਆਲਮੀ ਸੰਸਥਾ ਨੇ ਕਿਹਾ ਕਿ ਉਸ ਨੇ ਕਦੇ ਵੀ ਬੀ.1.671 ਕਿਸਮ ਨੂੰ ਭਾਰਤੀ ਵੇਰੀਐਂਟ ਨਾਲ ਨਹੀਂ ਜੋੜਿਆ। ਚੇਤੇ ਰਹੇ ਕਿ ਸੰਸਥਾ ਸਾਰਸ-ਕੋਵ-2 ਦੀਆਂ ਵੱਖ-ਵੱਖ ਕਿਸਮਾਂ ਦੇ ਸੰਚਾਰ ਤੇ ਤੀਬਰਤਾ ਦੇ ਨਤੀਜਿਆਂ ਦੀ ਨੇਮਬੱਧ ਤਰੀਕੇ ਨਾਲ ਸਮੀਖਿਆ ਕਰਦੀ ਰਹਿੰਦੀ ਹੈ।


ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ

ਕਾਲ ਕਰੋ: ਮਿ. ਸਿੰਘ

ਫੋਨ: 515-291-1961

18-21



ਕਿਚਨ ਹੈਲਪਰ ਤੇ ਡਿਸ਼ਵਾਸ਼ਰ ਦੀ ਫੌਰੀ ਲੋੜ ਹੈ

ਇੰਡੀਆਨਾ ਵਿਚ ਵਧੀਆ ਚਲਦੇ ਭਾਰਤੀ ਰੈਸਟੋਰੈਂਟ ਲਈ ਕਿਚਨ ਹੈਲਪਰ ਅਤੇ ਡਿਸ਼ਵਾਸ਼ਰ ਦੀ ਫੌਰੀ ਲੋੜ ਹੈ

ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼

Restaurant Help


Immediately hiring Kitchen Helper & Dishwasher for Indian restaurant in Indiana. Good Salary and free accommodation.

ਸੰਪਰਕ ਕਰੋ: ਟੋਨੀ

ਫੋਨ: 317-340-1470

17-20






For Homeland

A novel by Lalita Gandbhir

*The epic saga of a Sikh family whose lives are violently disrupted and their loyalties divided by the partition of British India in the 1940s, and again by the Sikh community's struggle for a separate nation of Khalistan.*



Winner of the Maharashtra Government Award for fiction

Available at Amazon.com

PAPERBACK: $9.99

KINDLE: $2.99

*For more information visit:*

ForHomelandTheNovel.com

# ਪੰਜਾਬੀ ਕਲਚਰਲ ਸੁਸਾਇਟੀ ਦੇ ਅਹੁਦੇਦਾਰਾਂ ਦੀ ਚੋਣ

## ਕੇਵਿਨਦੀਪ ਸਿੰਘ ਅਟਵਾਲ ਚੇਅਰਮੈਨ ਅਤੇ ਪਰਵਿੰਦਰ ਸਿੰਘ ਨਨੂਆ ਪ੍ਰਧਾਨ ਬਣੇ

**ਸ਼ਿਕਾਗੋ (ਬਿਊਰੋ):** ਪੰਜਾਬੀ ਕਲਚਰਲ ਸੁਸਾਇਟੀ (ਪੀ. ਸੀ. ਐਸ.) ਵੱਲੋਂ ਸਾਲ 2021 ਲਈ ਆਪਣਾ ਵਰਕਿੰਗ ਬੋਰਡ ਬਣਾਇਆ ਗਿਆ। ਯਾਦ ਰਹੇ, ਪੀ. ਸੀ. ਐਸ. ਵਾਲੰਟੀਅਰ ਭਾਈਚਾਰਕ ਸੰਸਥਾ ਹੈ, ਜੋ ਪੰਜਾਬੀ ਸਭਿਆਚਾਰ ਅਤੇ ਪੰਜਾਬੀ ਭਾਈਚਾਰੇ ਦੀ ਪ੍ਰਫੁਲਤਾ ਨੂੰ ਸਮਰਪਿਤ ਹੈ।



ਕੇਵਿਨਦੀਪ ਸਿੰਘ ਅਟਵਾਲ



ਪਰਵਿੰਦਰ ਸਿੰਘ ਨਨੂਆ

ਪੀ. ਸੀ. ਐਸ. ਅਹੁਦੇਦਾਰਾਂ ਦੀ ਮੀਟਿੰਗ 2020 ਦੇ ਚੇਅਰਮੈਨ ਕੇਵਿਨਦੀਪ ਸਿੰਘ ਅਟਵਾਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਉਨ੍ਹਾਂ ਨੂੰ ਸਾਲ 2021 ਲਈ ਵੀ ਆਨਰੇਰੀ ਚੇਅਰਮੈਨ ਵਜੋਂ ਕੰਮ ਕਰਦੇ ਰਹਿਣ ਲਈ ਚੁਣਿਆ ਗਿਆ। ਉਹ ਪਿਛਲੇ ਲੰਮੇ ਸਮੇਂ ਤੋਂ ਪੀ. ਸੀ. ਐਸ. ਨਾਲ ਜੁੜੇ ਹੋਏ ਹਨ। ਇਸ ਮੌਕੇ ਉਨ੍ਹਾਂ ਕਿਹਾ ਕਿ ਕੋਵਿਡ ਕਾਰਨ ਪੀ. ਸੀ. ਐਸ. ਦੀਆਂ ਸਰਗਰਮੀਆਂ ਉਤੇ ਅਸਰ ਪਿਆ ਹੈ, ਪਰ ਪੰਜਾਬੀ ਭਾਈਚਾਰੇ ਅਤੇ ਨੌਜਵਾਨਾਂ ਦੀਆਂ ਆਸਾਂ ਮੁਤਾਬਿਕ ਪੀ. ਸੀ. ਐਸ. ਵੱਖ-ਵੱਖ ਪ੍ਰੋਗਰਾਮ ਕਰਵਾਉਣ ਲਈ ਉਚੇਚ ਕਰੇਗੀ। ਇਸ ਦੇ ਨਾਲ-ਨਾਲ ਲੋਕਾਂ ਦੀ ਸੁਰੱਖਿਆ ਦਾ ਧਿਆਨ ਵੀ ਰੱਖਿਆ ਜਾਵੇਗਾ।

ਸ. ਪਰਵਿੰਦਰ ਸਿੰਘ ਨਨੂਆ ਨੂੰ ਸਾਲ 2021 ਲਈ ਪੀ. ਸੀ. ਐਸ. ਦਾ ਪ੍ਰਧਾਨ ਥਾਪਿਆ ਗਿਆ। ਉਹ ਪਿਛਲੇ ਇਕ ਦਹਾਕੇ ਤੋਂ ਪੀ. ਸੀ. ਐਸ. ਬੋਰਡ ਦੇ ਵੱਖ-ਵੱਖ ਅਹੁਦਿਆਂ 'ਤੇ ਕੰਮ ਕਰ ਰਹੇ ਹਨ। ਉਨ੍ਹਾਂ ਦੇ ਬੱਚੇ ਵੀ ਪੀ. ਸੀ. ਐਸ. ਦੇ ਪ੍ਰੋਗਰਾਮਾਂ ਵਿਚ ਸ਼ਿਰਕਤ ਕਰਦੇ ਹਨ। ਉਨ੍ਹਾਂ ਕਿਹਾ ਕਿ ਪੀ. ਸੀ. ਐਸ. ਦੀ ਸਮੁੱਚੀ ਟੀਮ ਪੂਰੇ ਸਮਰਪਣ ਨਾਲ ਭਾਈਚਾਰੇ ਦੀ ਪ੍ਰਫੁਲਤਾ ਲਈ ਸਰਗਰਮ ਹੈ। ਆਸ ਹੈ ਕਿ ਹੁਣ ਕੋਵਿਡ ਮਹਾਮਾਰੀ ਛੇਤੀ ਖਤਮ ਹੋ ਜਾਵੇਗੀ ਅਤੇ ਅਸੀਂ ਆਪਣੇ ਰੁਟੀਨ ਮੁਤਾਬਿਕ ਸਰਗਰਮੀਆਂ ਸ਼ੁਰੂ ਕਰ ਦੇਵਾਂਗੇ।

ਪੀ. ਸੀ. ਐਸ. ਦੇ ਬੋਰਡ ਆਫ ਡਾਇਰੈਕਟਰ ਮੈਂਬਰਾਂ ਵਿਚ ਮਨਜੀਤ ਸਿੰਘ ਭੱਲਾ ਮੀਤ ਪ੍ਰਧਾਨ, ਭੁਪਿੰਦਰ ਸਿੰਘ ਧਾਲੀਵਾਲ ਕਾਰਜਕਾਰੀ ਸਕੱਤਰ, ਬਿਕਰਮ ਸਿੰਘ ਸੋਹੀ ਵਿੱਤ ਸਕੱਤਰ, ਨਵਤੇਜ ਸਿੰਘ ਸੋਹੀ ਸਹਾਇਕ ਕਾਰਜਕਾਰੀ ਸਕੱਤਰ, ਗੁਰਲਾਲ ਸਿੰਘ ਭੱਠਲ ਸਹਾਇਕ ਵਿੱਤ ਸਕੱਤਰ, ਗੁਰਪ੍ਰੀਤ ਸਿੰਘ ਸਿੱਧੂ ਇੰਟਰ-ਕਮਿਊਨਿਟੀ ਡਾਇਰੈਟਰ ਅਤੇ ਪਰਮਜੋਤ ਸਿੰਘ ਪਰਮਾਰ ਯੂਥ ਡਾਇਰੈਕਟਰ ਚੁਣੇ ਗਏ।

## ਰਾਮ ਰਹੀਮ ਨੇ ਹੰਗਾਮੀ ਹਾਲਤ ਵਿਚ ਮੰਗੀ ਪੈਰੋਲ

**ਰੋਹਤਕ:** ਸਾਧਵੀਆਂ ਨਾਲ ਜਿਨਸੀ ਸ਼ੋਸ਼ਣ ਦੇ ਮਾਮਲੇ ਵਿਚ ਉਮਰ ਕੈਦ ਦੀ ਸਜਾ ਕੱਟ ਰਹੇ ਗੁਰਮੀਤ ਸਿੰਘ ਰਾਮ ਰਹੀਮ ਨੇ ਹੰਗਾਮੀ ਪੈਰੋਲ ਮੰਗੀ ਹੈ। ਉਨ੍ਹਾਂ ਜੇਲ੍ਹ ਮੁਖੀ ਨੂੰ ਅਰਜ਼ੀ ਦਿੱਤੀ ਹੈ ਜਿਸ ਵਿਚ ਆਪਣੀ ਮਾਂ ਦੀ ਹਾਲਤ ਗੰਭੀਰ ਹੋਣ ਬਾਰੇ ਦੱਸਿਆ ਗਿਆ ਹੈ। ਇਸ ਤੋਂ ਬਾਅਦ ਜੇਲ੍ਹ ਪ੍ਰਸ਼ਾਸਨ ਨੇ ਸਿਰਸਾ ਤੇ ਰੋਹਤਕ ਦੇ ਪੁਲਿਸ ਮੁਖੀਆਂ ਤੋਂ ਰਿਪੋਰਟ ਮੰਗ ਲਈ ਹੈ।

# ਸ਼੍ਰੋਮਣੀ ਕਮੇਟੀ ਵੱਲੋਂ ਖ਼ੂਨਦਾਨ ਲਈ ਮੋਬਾਈਲ ਬੱਸ ਸੇਵਾ ਸ਼ੁਰੂ

**ਅੰਮ੍ਰਿਤਸਰ:** ਕਰੋਨਾ ਮਹਾਮਾਰੀ ਕਾਰਨ ਖ਼ੂਨਦਾਨੀਆਂ ਵੱਲੋਂ ਹਸਪਤਾਲ ਆ ਕੇ ਖ਼ੂਨਦਾਨ ਕਰਨ ਵਿਚ ਆ ਰਹੀ ਮੁਸ਼ਕਲ ਦੇ ਮੱਦੇਨਜਰ ਸ਼੍ਰੋਮਣੀ ਕਮੇਟੀ ਨੇ ਵਿਸ਼ੇਸ਼ ਬੱਸ ਤਿਆਰ ਕਰਵਾਈ ਹੈ, ਜੋ ਸ਼ਹਿਰਾਂ ਤੇ ਪਿੰਡਾਂ ਵਿਚ ਖ਼ੂਨਦਾਨ ਲਈ ਮਦਦਗਾਰ ਸਾਬਤ ਹੋਵੇਗੀ। ਇਸ ਬੱਸ ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਦੌਰਾਨ ਸ਼੍ਰੋਮਣੀ ਕਮੇਟੀ ਨੇ ਆਨਲਾਈਨ ਧਰਮ ਪ੍ਰਚਾਰ ਲਹਿਰ ਨੂੰ ਅਗਾਂਹ ਵਧਾਉਣ ਲਈ ਗੁਰਮਤਿ ਵਰਕਸ਼ਾਪ ਦੀ ਸ਼ੁਰੂਆਤ ਵੀ ਕੀਤੀ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਗੁਰੂ ਰਾਮਦਾਸ ਮੈਡੀਕਲ ਕਾਲਜ ਦੀ ਦੇਖ-ਰੇਖ ਹੇਠ ਮੋਬਾਈਲ ਖ਼ੂਨਦਾਨ ਕੈਂਪ ਲਗਾਉਣ ਲਈ ਆਧੁਨਿਕ ਸਹੂਲਤਾਂ ਵਾਲੀ ਬੱਸ ਦੀ ਸੇਵਾ ਐਚ.ਡੀ.ਐਫ.ਸੀ. ਬੈਂਕ ਨੇ ਕੀਤੀ ਹੈ। ਇਸ ਬੱਸ ਨੂੰ ਰਵਾਨਾ ਕਰਦਿਆਂ ਬੀਬੀ ਜਗੀਰ ਕੌਰ ਨੇ ਦੱਸਿਆ ਕਿ ਕਰੋਨਾ ਦੇ ਦੌਰ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਜਿਥੇ ਗੁਰੂ ਰਾਮਦਾਸ ਹਸਪਤਾਲ ਕਰੋਨਾ ਮਰੀਜ਼ਾਂ ਨੂੰ ਸਮਰਪਿਤ ਕੀਤਾ ਗਿਆ ਹੈ, ਉਥੇ ਹੀ ਪੰਜਾਬ ਵਿਚ ਵੱਖ-ਵੱਖ ਥਾਵਾਂ 'ਤੇ ਕਰੋਨਾ ਕੇਅਰ ਵਾਰਡ ਤਿਆਰ ਕਰ ਕੇ ਮੈਡੀਕਲ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ।


ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ

ਸੇਂਟ ਪੌਲ, ਮਿਨੀਸੋਟਾ ਵਿਚ ਭਾਰਤੀ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ।



ਚੰਗੀ ਤਨਖਾਹ, ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ:

ਫੋਨ: 651-353-9584

18-21



SUPER TRAVEL

847-676-9090, 773-465-5566

E-mail: supertravel2003@live.com

Lowest Fares With Excellent Service

United Airlines
British Airways



Etihad, Air India, KLM, Lufthansa, Delta, Qatar Airlines.

For Emergency Call anytime at 847-673-3825


EARLY BIRD SALE!!!!

Domestic fares available



Low Interest Rates in History

No Cost Refinancing Available!



Call Madan Khatri

Ph: 847-530-1550

Madan@MoonstarMortgage.com

IL and CA Mortgage Loan Licensee

We Works From Start to End!

Madan Khatri
NMLS # 1980752

Moonstar Mortgage Inc.

MOONSTAR Mortgage

953 Plum Grove Road, Unit B, Schaumburg, IL 60173



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu

Homeopathic Practitioner/Consultant Since 1973
DHMS-Gold Medalist, BAMS, MDEh.- India

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA



Gurdip Singh Sandhu

Live on Jas TV
Saturday 9:30AM and Sunday 4PM (Pacific Time)

7021 Village Park Way, Dublin, CA 94568

Email: Homeomedicine@yahoo.com



Follow us on :

LAW OFFICES OF VIVEK MALIK



ACCOMPLISHED IMMIGRATION Attorneys help FAMILIES REUNITE in the UNITED STATES

Our Global & Nationwide Services in the field of U.S. Immigration & Nationality Law

Come talk to an experienced immigration attorney

Toll Free No.
866-424-4000

OUR OFFICES
- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com

Business Immigration & Worksite Compliance
ਬਿਜ਼ਨੈਸ ਇੰਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ

Family & General Immigration
ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ

Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ

Removal Defense & Waivers
ਰੀਮੂਵਲ ਡਿਫੈਂਸੀ ਐਂਡ ਵੇਵੇਰਸ

Languages SPOKEN Punjabi | Hindi | Urdu | Spanish & English

# ਕਰੋਨਾ ਵਾਇਰਸ ਨਾਲ ਮੌਤਾਂ ਦੇ ਅੰਕੜੇ ਲੁਕਾਉਣ ਦਾ ਮਾਮਲਾ ਭਖਿਆ

**ਨਵੀਂ ਦਿੱਲੀ:** ਭਾਰਤ ਵਿਚ ਕਰੋਨਾ ਮਹਾਮਾਰੀ ਨਾਲ ਮੌਤਾਂ ਦੇ ਅੰਕੜੇ ਲੁਕਾਉਣ ਦਾ ਮਾਮਲਾ ਭਖਣ ਲੱਗਾ ਹੈ। ਕਾਂਗਰਸ ਨੇ ਕੁਝ ਰਾਜਾਂ ਤੇ ਖਾਸ ਤੌਰ 'ਤੇ ਗੁਜਰਾਤ 'ਚ ਕੋਵਿਡ-19 ਕਾਰਨ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਘੱਟ ਕਰਕੇ ਦਿਖਾਉਣ ਦਾ ਦੋਸ਼ ਲਾਇਆ ਅਤੇ ਕੇਂਦਰ ਤੇ ਰਾਜ ਸਰਕਾਰ ਦੋਵਾਂ ਤੋਂ ਸਪੱਸ਼ਟੀਕਰਨ ਮੰਗਿਆ। ਹਰਿਆਣਾ ਕਾਂਗਰਸ ਦੀ ਪ੍ਰਧਾਨ ਕੁਮਾਰੀ ਸੈਲਜਾ ਨੇ ਕਿਹਾ ਕਿ ਹਰਿਆਣਾ ਸਰਕਾਰ ਕਰੋਨਾ ਮਰੀਜ਼ਾਂ ਦੀਆਂ ਮੌਤਾਂ ਦੀ ਗਿਣਤੀ ਅਤੇ ਪੀ.ਐਮ. ਕੇਅਰ ਫੰਡ ਤੋਂ ਮਿਲਣ ਵਾਲੇ ਵੈਂਟੀਲੇਟਰ ਜਾਂ ਹੋਰ ਸਹੂਲਤਾਂ ਨੂੰ ਲੁਕਾ ਰਹੀ ਹੈ। ਉਨ੍ਹਾਂ ਕਿਹਾ ਕਿ ਮਰੀਜ਼ਾਂ ਨੂੰ ਹਸਪਤਾਲਾਂ ਵਿਚ ਬੈੱਡਾਂ ਨਹੀਂ ਮਿਲ ਰਹੇ। ਪਿੰਡਾਂ ਵਿਚ ਹਾਲਾਤ ਵਿਗੜਦੇ ਜਾ ਰਹੇ ਹਨ। ਸੂਬਾ ਸਰਕਾਰ ਨੂੰ ਸਾਰੀ ਜਾਣਕਾਰੀ ਜਨਤਕ ਕਰਨੀ ਚਾਹੀਦੀ ਹੈ। ਹਰਿਆਣਾ ਕਾਂਗਰਸ ਦੀ ਪ੍ਰਧਾਨ ਨੇ ਕਿਹਾ ਕਿ ਸੂਬੇ ਦੇ ਪਿੰਡਾਂ 'ਚ ਕਰੋਨਾ ਕਰਕੇ ਰੋਜ਼ਾਨਾ ਸੈਂਕੜੇ ਮੌਤਾਂ ਹੋ ਰਹੀਆਂ ਹਨ। ਸਿਰਸਾ ਦੇ ਪਿੰਡ ਮੰਡੀ ਕਾਲਾਂਵਾਲੀ ਅਤੇ ਰੋੜੀ ਵਿਚ ਸਰਕਾਰੀ ਅੰਕੜਿਆਂ ਅਨੁਸਾਰ 7-7 ਦੀ ਮੌਤਾਂ ਹੋਈਆਂ ਹਨ ਪਰ ਪਿੰਡ ਵਾਸੀਆਂ ਅਨੁਸਾਰ 10 ਦਿਨਾਂ ਵਿਚ 13 ਮੌਤਾਂ ਹੋ ਚੁੱਕੀਆਂ ਹਨ। ਪਿੰਡ ਚੌਟਾਲਾ ਦੇ ਹਰ ਘਰ ਵਿਚ ਕਰੋਨਾ ਮਰੀਜ਼ ਹਨ। ਰੋਹਤਕ ਤੇ ਹਿਸਾਰ ਦੇ ਕੁਝ ਪਿੰਡਾਂ ਵਿਚ 50-50 ਮੌਤਾਂ ਹੋ ਚੁੱਕੀਆਂ ਹਨ। ਇਸੇ ਤਰ੍ਹਾਂ ਪਲਵਲ ਦੇ ਪਿੰਡ ਔਰੰਗਾਬਾਦ ਤੇ ਮਿਤਰੋਲ ਵਿੱਚ ਵੀ 40 ਤੋਂ ਵੱਧ ਮੌਤਾਂ ਹੋ ਚੁੱਕੀਆਂ ਹਨ।

ਕਾਂਗਰਸ ਆਗੂਆਂ ਪੀ ਚਿਦੰਬਰਮ ਤੇ ਸ਼ਕਤੀ ਸਿੰਘ ਗੋਹਿਲ ਨੇ ਦੋਸ਼ ਲਾਇਆ ਕਿ ਇਸ ਸਾਲ ਗੁਜਰਾਤ 'ਚ 2020 ਮੁਕਾਬਲੇ ਦੁੱਗਣੀਆਂ ਮੌਤਾਂ ਹੋਈਆਂ ਹਨ ਅਤੇ ਦਾਅਵਾ ਕੀਤਾ ਕਿ ਇਸ ਵਾਧੇ ਨੂੰ ਸੁਭਾਵਿਕ ਨਹੀਂ ਕਿਹਾ ਜਾ ਸਕਦਾ ਤੇ ਨਾ ਹੀ ਇਸ ਲਈ ਸਿਰਫ ਮਹਾਮਾਰੀ ਨੂੰ ਜਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ ਹੈ। ਦੋਵਾਂ ਆਗੂਆਂ ਨੇ ਇਕ ਖਬਰ ਦਾ ਹਵਾਲਾ ਦਿੱਤਾ ਜਿਸ 'ਚ ਦਾਅਵਾ ਕੀਤਾ ਗਿਆ ਸੀ ਕਿ ਗੁਜਰਾਤ ਨੇ 1 ਮਾਰਚ ਤੋਂ 10 ਮਈ ਵਿਚਾਲੇ ਤਕਰੀਬਨ 1.23 ਲੱਖ ਮੌਤ ਸਰਟੀਫਿਕੇਟ ਜਾਰੀ ਕੀਤੇ ਹਨ ਜਦਕਿ ਪਿਛਲੇ ਸਾਲ ਇਸੇ ਸਮੇਂ ਦੌਰਾਨ ਤਕਰੀਬਨ 58 ਹਜ਼ਾਰ ਮੌਤ ਸਰਟੀਫਿਕੇਟ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਰਾਜ ਦੇ 33 ਜਿਲ੍ਹਿਆਂ ਤੋਂ ਅੰਕੜੇ ਇਕੱਠੇ ਕਰਨ ਤੋਂ ਬਾਅਦ ਇਸ ਦੀ ਪੁਸ਼ਟੀ ਕਰਵਾਈ ਹੈ। ਉਨ੍ਹਾਂ ਕਿਹਾ ਕਿ ਇਕੱਠੇ ਕੀਤੇ ਗਏ ਮੌਤ ਸਰਟੀਫਿਕੇਟਾਂ ਦੀ ਗਿਣਤੀ ਪ੍ਰਕਾਸ਼ਿਤ ਗਿਣਤੀ ਨਾਲ ਤਕਰੀਬਨ ਮੇਲ ਖਾਂਦੀ ਹੈ ਅਤੇ ਇਹ ਪਿਛਲੇ ਸਾਲ ਦੇ 58068 ਸਰਟੀਫਿਕੇਟਾਂ ਮੁਕਾਬਲੇ 1,23,873 ਬਣਦੀ ਹੈ। ਹਾਲਾਂਕਿ ਗੁਜਰਾਤ ਸਰਕਾਰ ਨੇ ਇਸ ਦੌਰਾਨ ਅਧਿਕਾਰਤ ਤੌਰ 'ਤੇ ਕਰੋਨਾ ਕਾਰਨ ਸਿਰਫ 4218 ਮੌਤਾਂ ਹੋਣ ਦੀ ਗੱਲ ਕਹੀ ਹੈ।

ਚਿਦੰਬਰਮ ਨੇ ਕਿਹਾ ਕਿ ਮੌਤ ਸਰਟੀਫਿਕੇਟਾਂ ਦੀ ਗਿਣਤੀ 'ਚ ਵਾਧੇ ਅਤੇ ਕੋਵਿਡ-19 ਨਾਲ ਸਬੰਧਤ ਅਧਿਕਾਰਤ ਮੌਤਾਂ ਵਿਚਾਲੇ ਫਰਕ ਨੂੰ ਸਪੱਸ਼ਟ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ, 'ਸਾਨੂੰ ਸ਼ੱਕ ਹੈ ਕਿ ਮੌਤਾਂ ਦੀ ਵਧੀ ਹੋਈ ਗਿਣਤੀ ਦਾ ਵੱਡਾ ਹਿੱਸਾ ਕੋਵਿਡ-19 ਕਾਰਨ ਅਤੇ ਰਾਜ ਸਰਕਾਰ ਮੌਤਾਂ ਦੀ ਸਹੀ ਗਿਣਤੀ ਨੂੰ ਦਬਾ ਰਹੀ ਹੈ।'

ਦੇਹਰਾਦੂਨ ਦੇ ਇਕ ਨਿੱਜੀ ਹਸਪਤਾਲ ਨੇ 15 ਦਿਨਾਂ ਵਿਚ ਕਰੋਨਾ ਕਾਰਨ ਮਰੇ 65 ਮਰੀਜ਼ਾਂ ਦੀ ਜਾਣਕਾਰੀ ਪ੍ਰਸ਼ਾਸਨ ਨੂੰ ਨਹੀਂ ਦਿੱਤੀ। ਰਾਜ ਸਰਕਾਰ ਦੇ ਬੁਲਾਰੇ ਤੇ ਕੈਬਨਿਟ ਮੰਤਰੀ ਸੁਬੋਧ ਉਨੀਆਲ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਇਥੋਂ ਦੇ ਬਾਬਾ ਬਰਫਾਨੀ ਹਸਪਤਾਲ ਵਿਚ 25 ਅਪਰੈਲ ਤੋਂ 12 ਮਈ ਦਰਮਿਆਨ 65 ਮੌਤਾਂ ਹੋਈਆਂ ਪਰ ਇਸ ਦੀ ਜਾਣਕਾਰੀ ਰਾਜ ਦੇ ਕੋਵਿਡ ਕੰਟਰੋਲ ਰੂਮ ਨੂੰ ਨਹੀਂ ਦਿੱਤੀ ਗਈ।

## ਕੋਵਿਡ ਕੇਸਾਂ ਦੇ ਅੰਕੜੇ ਨਾ ਲੁਕੋਣ ਸੂਬੇ: ਮੋਦੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦਿਹਾਤੀ ਖੇਤਰਾਂ ਵਿਚ ਸਿਹਤ ਸੰਭਾਲ ਢਾਂਚੇ ਦੇ ਵਿਸਤਾਰ 'ਤੇ ਧਿਆਨ ਕੇਂਦਰਿਤ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਘਰ-ਘਰ ਜਾ ਕੇ ਟੈਸਟ ਕਰਨ ਤੇ ਨਿਗਰਾਨੀ ਰੱਖਣ ਦੀ ਲੋੜ ਹੈ। ਮੋਦੀ ਨੇ ਜੋਰ ਦਿੱਤਾ ਕਿ ਸਥਾਨਕ ਪੱਧਰ ਉਤੇ ਕੰਟੇਨਮੈਂਟ ਰਣਨੀਤੀ ਸਮੇਂ ਦੀ ਲੋੜ ਹੈ, ਖਾਸ ਤੌਰ ਉਤੇ ਉਨ੍ਹਾਂ ਸੂਬਿਆਂ ਵਿਚ ਜਿਥੇ ਪਾਜੇਟਿਵਿਟੀ ਦਰ ਬਹੁਤ ਜਿਆਦਾ ਹੈ। ਇਕ ਉੱਚ ਪੱਧਰੀ ਬੈਠਕ ਦੀ ਅਗਵਾਈ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਸੂਬਿਆਂ ਨੂੰ ਕੋਵਿਡ-19 ਕੇਸਾਂ ਦੀ ਗਿਣਤੀ ਪਾਰਦਰਸ਼ਤਾ ਨਾਲ ਦੱਸਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਮੋਦੀ ਨੇ ਕਿਹਾ ਕਿ ਰਾਜਾਂ ਨੂੰ 'ਇਸ ਗੱਲ ਦੇ ਦਬਾਅ ਹੇਠ ਬਿਲਕੁਲ ਨਹੀਂ ਆਉਣਾ ਚਾਹੀਦਾ ਕਿ ਵੱਡੀ ਗਿਣਤੀ ਕੇਸ ਉਨ੍ਹਾਂ ਦੀ ਮਾੜੀ ਕਾਰਗੁਜ਼ਾਰੀ ਨੂੰ ਦਰਸਾਉਣਗੇ।' ਜਿਕਰਯੋਗ ਹੈ ਕਿ ਕਈ ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਸੂਬੇ ਕੇਸਾਂ ਦੀ ਸਹੀ ਗਿਣਤੀ ਨਹੀਂ ਦੱਸ ਰਹੇ।

# ਦਿੱਲੀ ਪੁਲਿਸ ਵੱਲੋਂ ਮੋਦੀ ਉਤੇ ਸਵਾਲ ਚੁੱਕਣ ਵਾਲਿਆਂ 'ਤੇ ਸਖਤੀ

**ਨਵੀਂ ਦਿੱਲੀ:** ਕੋਵਿਡ-19 ਖਿਲਾਫ ਟੀਕਾਕਰਨ ਮੁਹਿੰਮ ਸਬੰਧੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਨਿਖੇਧੀ ਕਰਦੇ ਪੋਸਟਰ ਚਿਪਕਾਉਣ ਦੇ ਦੋਸ਼ ਹੇਠ ਦਿੱਲੀ ਪੁਲਿਸ ਨੇ 25 ਐਫ.ਆਈ.ਆਰ. ਦਰਜ ਕੀਤੀਆਂ ਹਨ ਜਦਕਿ 25 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ ਪੋਸਟਰਾਂ ' ਤੇ ਲਿਖਿਆ ਸੀ, 'ਮੋਦੀ ਜੀ ਹਮਾਰੇ ਬੱਚੋਂ ਕੇ ਟੀਕੇ ਵਿਦੇਸ਼ ਕਿਉਂ ਭੇਜ ਦੀਏ (ਪ੍ਰਧਾਨ ਮੰਤਰੀ ਤੁਸੀਂ ਸਾਡੇ ਬੱਚਿਆਂ ਦੇ ਟੀਕੇ ਵਿਦੇਸ਼ੀ ਮੁਲਕਾਂ ਨੂੰ ਕਿਉਂ ਭੇਜ ਦਿੱਤੇ?)। ਇਹ ਪੋਸਟਰ ਸ਼ਹਿਰ ਦੇ ਕਈ ਹਿੱਸਿਆਂ 'ਚ ਚਿਪਕਾਏ ਗਏ ਸਨ। ਸ਼ਿਕਾਇਤਾਂ ਦੇ ਆਧਾਰ 'ਤੇ ਵੱਖ-ਵੱਖ ਜ਼ਿਲ੍ਹਿਆਂ 'ਚ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੇ ਐਕਟ ਦੀ ਧਾਰਾ 3 ਸਮੇਤ ਭਾਰਤੀ ਦੰਡਾਵਲੀ ਦੀ ਧਾਰਾ 188 ਅਧੀਨ ਲਗਭਗ 25 ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ।

ਪ੍ਰਧਾਨ ਮੰਤਰੀ ਦੀ ਆਲੋਚਨਾ ਵਾਲੇ ਪੋਸਟਰ ਲਾਉਣ 'ਤੇ ਕੁਝ ਲੋਕਾਂ ਨੂੰ ਗ੍ਰਿਫਤਾਰ ਤੇ ਕੁਝ ਖਿਲਾਫ ਕੇਸ ਦਰਜ ਕੀਤੇ ਜਾਣ ਦਾ ਵਿਰੋਧ ਕਰਦਿਆਂ ਰਾਹੁਲ ਗਾਂਧੀ ਸਮੇਤ ਹੋਰ ਕਾਂਗਰਸ ਆਗੂਆਂ ਨੇ ਕਿਹਾ ਕਿ ਉਹ ਕੋਵਿਡ ਵੈਕਸੀਨ ਦੀ ਬਰਾਮਦਗੀ ਬਾਰੇ ਸਵਾਲ ਪੁੱਛਦੇ ਰਹਿਣਗੇ ਅਤੇ ਸਰਕਾਰ ਨੂੰ ਚੁਣੌਤੀ ਦਿੱਤੀ ਕਿ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਜਾਵੇ। ਸੋਸ਼ਲ ਸਾਈਟ ਟਵਿੱਟਰ 'ਤੇ ਰਾਹੁਲ ਗਾਂਧੀ ਦੀ ਅਗਵਾਈ ਹੇਠ ਕਾਂਗਰਸ ਆਗੂਆਂ ਨੇ ਆਪਣੀਆਂ ਪ੍ਰੋਫਾਈਲ ਤਸਵੀਰਾਂ ਬਦਲ ਕੇ ਪੋਸਟਰ ਨੱਥੀ ਕੀਤੇ ਜਿਸ 'ਚ ਕਿਹਾ ਗਿਆ ਹੈ ਕਿ ਕੋਵਿਡ ਵੈਕਸੀਨ ਵਿਦੇਸ਼ ਕਿਉਂ ਭੇਜੀ ਗਈ। ਵਿਰੋਧੀ ਧਿਰ ਨੇ ਕਿਹਾ ਕਿ ਜੇ ਲੋਕਾਂ ਨੂੰ ਵੈਕਸੀਨ, ਦਵਾਈਆਂ ਅਤੇ ਆਕਸੀਜਨ ਨਹੀਂ ਮਿਲੇਗੀ ਤਾਂ ਪ੍ਰਧਾਨ ਮੰਤਰੀ ਤੋਂ ਔਖੇ ਸਵਾਲ ਪੁੱਛੇ ਜਾਣਗੇ।

## ਸਰਕਾਰ ਲਾਪਰਵਾਹ ਹੋਈ: ਮੋਹਨ ਭਾਗਵਤ

**ਨਵੀਂ ਦਿੱਲੀ:** ਰਾਸ਼ਟਰੀ ਸਵੈਮਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਲੋਕਾਂ ਨੂੰ ਕੋਵਿਡ-19 ਖਿਲਾਫ ਲੜਾਈ 'ਚ ਇਕਜੁੱਟ ਅਤੇ ਸਕਾਰਾਤਮਕ ਬਣੇ ਰਹਿਣ ਦੀ ਅਪੀਲ ਕਰਦਿਆਂ ਕਿਹਾ ਕਿ ਕਰੋਨਾ ਵਾਇਰਸ ਮਹਾਮਾਰੀ ਦੀ ਪਹਿਲੀ ਲਹਿਰ ਮਗਰੋਂ ਸਰਕਾਰ, ਪ੍ਰਸ਼ਾਸਨ ਤੇ ਜਨਤਾ ਦੇ ਲਾਪਰਵਾਹ ਹੋਣ ਕਾਰਨ ਮੌਜੂਦਾ ਹਾਲਾਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। 'ਪਾਜੇਟਿਵਿਟੀ ਅਨਲਿਮਟਿਡ' ਭਾਸ਼ਣ ਲੜੀ ਨੂੰ ਸੰਬੋਧਨ ਕਰਦਿਆਂ ਭਾਗਵਤ ਨੇ ਕਿਹਾ, 'ਇਸ ਚੁਣੌਤੀ ਭਰੇ ਸਮੇਂ 'ਚ ਇਕ-ਦੂਜੇ 'ਤੇ ਉਂਗਲ ਚੁੱਕਣ ਦੀ ਥਾਂ ਸਾਨੂੰ ਇਕਜੁੱਟ ਰਹਿਣਾ ਹੋਵੇਗਾ ਅਤੇ ਇਕ ਟੀਮ ਵਾਂਗ ਕੰਮ ਕਰਨਾ ਪਵੇਗਾ।' ਉਨ੍ਹਾਂ ਕਿਹਾ, 'ਅਸੀਂ ਇਨ੍ਹਾਂ ਹਾਲਤਾਂ ਦਾ ਸਾਹਮਣਾ ਕਰ ਰਹੇ ਹਾਂ ਕਿਉਂਕਿ ਸਰਕਾਰ, ਪ੍ਰਸ਼ਾਸਨ ਤੇ ਜਨਤਾ ਸਾਰੇ ਕਰੋਨਾ ਦੀ ਪਹਿਲੀ ਲਹਿਰ ਮਗਰੋਂ ਬੇਪ੍ਰਵਾਹ ਹੋ ਗਏ ਸਨ ਜਦਕਿ ਡਾਕਟਰਾਂ ਵੱਲੋਂ ਸੰਕੇਤ ਦਿੱਤੇ ਜਾ ਰਹੇ ਸੀ।'

A & I WATSONVILLE, CA

A & I Transport Inc.

123 E Lee Rd Watsonville, CA Ph: 831-763-7805


ਓਨਰ ਆਪਰੇਟਰਾਂ ਅਤੇ ਕੰਪਨੀ ਟਰੱਕ ਡਰਾਈਵਰਾਂ ਦੀ ਫੌਰੀ ਲੋੜ ਹੈ

ਕਲਾਸ 'ਏ' ਡਰਾਈਵਰ; 6 ਮਹੀਨੇ ਦਾ ਤਜਰਬਾ ਜਰੂਰੀ; ਕੈਲੀਫੋਰਨੀਆ ਅਤੇ ਟੈਕਸਸ ਰੂਟ
ਸੋਲੋ ਡਰਾਈਵਰ 55 ਸੈਂਟ ਪ੍ਰਤੀ ਮੀਲ ਅਤੇ ਟੀਮ ਡਰਾਈਵਰ 70 ਸੈਂਟ ਪ੍ਰਤੀ ਮੀਲ

*ਸਾਫ-ਸੁਥਰਾ ਡਰਾਈਵਿੰਗ ਰਿਕਾਰਡ
*DOT ਡਰੱਗ ਟੈਸਟ ਪਾਸ ਹੋਵੇ ਜਾਂ ਕਰ ਸਕਦਾ ਹੋਵੇ
*ਨਵੇਂ ਉਪਰਕਣ (2019-2021)
*$3000 ਸਾਈਨਿੰਗ ਬੋਨਸ (11 ਵੈਸਟਰਨ ਸਟੇਟਾਂ ਲਈ)
*$1000 ਸਾਈਨਿੰਗ ਬੋਨਸ (ਖੇਤਰੀ ਡਰਾਈਵਰਾਂ ਲਈ)
*ਅਸੀਂ 34 ਘੰਟਿਆਂ ਦੀ ਰੀਸੈਟ ਲਈ $75 ਤੋਂ $150 ਤੱਕ ਅਦਾ ਕਰਦੇ ਹਾਂ *ਮੈਡੀਕਲ, ਵਿਜ਼ਨ ਅਤੇ ਡੈਂਟਲ ਲਾਭ
*ਹਫਤਾਵਾਰੀ ਤਨਖਾਹ *ਸਾਲਾਨਾ ਮਾਈਲਜ਼ ਬੋਨਸ
*ਸਾਡੀ ਪੇਸ਼ਕਸ਼ 3500 ਤੋਂ 3800+ ਮੀਲ



ਅਮੋਲਕ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



ਇਕਬਾਲ ਸਿੰਘ ਗਾਖਲ

NOW HIRING

Owner Operators and Company TRUCK DRIVERS WITH 6 MONTHS EXPERIENCE FOR 11 WESTERN STATES, AND REGIONAL. CALIFORNIA & TEXAS ROUTES.

We pay Solo 55 cents per mile and Teams 70 cents per mile.

*Job Requirements:*

- Class A Driver. • Clean driving record • Ability to pass DOT drug test.

*We offer the following benefits of employment*


- 55 Cents Per Mile or loaded-Solo • 70 Cents Per Mile-Teams.
- Newer equipment for Driver comfort (2019-2021).
- *$3,000 Signing Bonus For Drivers for 11 western states.
- *$1,000 Signing Bonus For Regional Drivers.
- We pay $75 to $150 for 34 hours reset. • Weekly pay.
- Yearly mileage bonus. • We offer 3,500-3,800+ miles
- Medical, Vision, and Dental Benefits. • Stop Pay & Bonus Layover Pay.
- Referral-Bonus for referring other Class A Drivers. • 401k Plan.

*Signing bonus subject to terms and conditions.*

For More Information Call (24 hours) Armando or Vicente, Ph: (831) 763-7805

# ਉਹ ਤਾਂ ਅਮਰ ਹੋ ਗਈ...

**ਫਰੀਦਾਬਾਦ:** ਬਰੇਨ ਡੈਡ ਹੋਈ 32 ਸਾਲਾ ਸਾਫਟਵੇਅਰ ਇੰਜੀਨੀਅਰ ਨੈਂਸੀ ਸ਼ਰਮਾ ਨੇ 9 ਲੋਕਾਂ ਨੂੰ ਨਵੀਂ ਜ਼ਿੰਦਗੀ ਦਿੱਤੀ ਹੈ। ਨੈਂਸੀ ਦੇ



ਬਰੇਨ ਡੈਡ ਹੋਣ ਦਾ ਪਤਾ ਲੱਗਣ 'ਤੇ ਉਨ੍ਹਾਂ ਦੇ ਪਿਤਾ ਅਸ਼ੋਕ ਸ਼ਰਮਾ ਨੇ ਆਪਣੀ ਧੀ ਦੇ ਅੰਗਦਾਨ ਕਰਨ ਦਾ ਫੈਸਲਾ ਲਿਆ। ਨੈਂਸੀ ਦੇ ਅੰਗਾਂ-ਹਾਰਟ, ਕਿਡਨੀ, ਅੱਖਾਂ, ਲੀਵਰ ਨੇ 9 ਲੋਕਾਂ ਨੂੰ ਜੀਵਨ ਦਾਨ ਦਿੱਤਾ।

ਨੈਂਸੀ ਦੇ ਭਰਾ ਡਾ. ਸੌਰਭ ਸ਼ਰਮਾ ਨੇ ਦੱਸਿਆ ਕਿ 12 ਮਾਰਚ ਨੂੰ ਉਨ੍ਹਾਂ ਦੀ ਭੈਣ ਅੰਬਾਲਾ ਆਪਣੇ ਪਿਤਾ ਨੂੰ ਮਿਲਣ ਗਈ ਸੀ। ਉਥੇ ਕੁਝ ਤਕਲੀਫ ਹੋਈ ਤਾਂ ਉਸ ਨੂੰ ਇੱਕ ਨਿਜੀ ਹਸਪਤਾਲ ਵਿਚ ਭਰਤੀ ਕਰਾਇਆ ਗਿਆ। ਡਾਕਟਰਾਂ ਨੇ ਦੱਸਿਆ ਕਿ ਨੈਂਸੀ ਦਾ ਬਰੇਨ ਡੈਡ ਹੋ ਗਿਆ ਹੈ। ਇਸ ਦੇ ਬਾਅਦ ਉਸ ਨੂੰ ਪੀ. ਜੀ. ਆਈ. ਚੰਡੀਗੜ੍ਹ ਲੈ ਜਾਇਆ ਗਿਆ। ਕਈ ਦਿਨ ਇਲਾਜ ਚੱਲਿਆ। ਡਾਕਟਰਾਂ ਨੇ ਪਰਿਵਾਰ ਨੂੰ ਦੱਸਿਆ ਕਿ ਨੈਂਸੀ ਦੇ ਬਚਣ ਦੀ ਕੋਈ ਉਮੀਦ ਨਹੀਂ ਹੈ, ਹਾਲਾਂਕਿ ਬਰੇਨ ਡੈਡ ਹੋ ਜਾਣ ਦੇ ਬਾਵਜੂਦ ਵੀ ਬਾਕੀ ਅੰਗ ਕੰਮ ਕਰ ਰਹੇ ਸਨ।

ਨਾ ਬਚਣ ਦੀ ਉਮੀਦ 'ਤੇ ਡਾਕਟਰਾਂ ਨੇ ਪਰਿਵਾਰ ਨੂੰ ਸਲਾਹ ਦਿਤੀ ਕਿ ਜੇ ਉਨ੍ਹਾਂ ਦੇ ਬਾਕੀ ਅੰਗ ਦਾਨ ਕਰ ਦਿੱਤੇ ਜਾਂਦੇ ਹਨ ਤਾਂ ਕਈ ਲੋਕਾਂ ਨੂੰ ਨਵੀਂ ਜ਼ਿੰਦਗੀ ਮਿਲ ਸਕਦੀ ਹੈ।

ਪਿਤਾ ਨੂੰ ਧੀ ਦੇ ਕਹੇ ਇਹ ਸ਼ਬਦ ਯਾਦ ਆਏ, ਅਜਿਹਾ ਕੰਮ ਕਰਾਂਗੀ ਕਿ ਲੋਕ ਯਾਦ ਰੱਖਣਗੇ। ਨੈਂਸੀ ਅਕਸਰ ਕਹਿੰਦੀ ਸੀ, "ਪਾਪਾ ਵੇਖਣਾ, ਇੱਕ ਦਿਨ ਅਜਿਹਾ ਕੰਮ ਕਰਾਂਗੀ ਕਿ ਦੁਨੀਆਂ ਮੈਨੂੰ ਹਮੇਸ਼ਾ ਯਾਦ ਰੱਖੇਗੀ।" ਉਹ ਅਜਿਹਾ ਕਰ ਵੀ ਗਈ। ਪਿਓ ਨੂੰ ਧੀ ਦੇ ਚਲੇ ਜਾਣ ਦਾ ਦੁੱਖ ਹਮੇਸ਼ਾ ਰਹੇਗਾ, ਪਰ ਸੁਕੂਨ ਹੈ ਕਿ ਉਸ ਦਾ ਦਿਲ ਕਿਸੇ ਵਿਚ ਧੜਕ ਰਿਹਾ ਹੈ। ਉਹ ਆਪਣੀਆਂ ਅੱਖਾਂ ਰਾਹੀਂ ਦੁਨੀਆਂ ਨੂੰ ਵੇਖ ਰਹੀ ਹੈ।

6 ਅਪਰੈਲ ਨੂੰ ਪਰਿਵਾਰ ਦੀ ਸਹਿਮਤੀ ਨਾਲ ਧੀ ਦੇ ਅੰਗ ਦਾਨ ਕਰਨ ਦਾ ਫੈਸਲਾ ਲਿਆ ਗਿਆ, ਪਰ ਜਦੋਂ ਪੇਪਰਾਂ ਉਤੇ ਸਾਈਨ ਕਰਨ ਦਾ ਸਮਾਂ ਆਇਆ ਤਾਂ ਹੱਥ ਕੰਬਣ ਲਗ ਪਏ।

ਨੈਂਸੀ ਦਾ ਹਾਰਟ 13 ਸਾਲ ਦੀ ਬੱਚੀ ਨੂੰ ਦਿੱਤਾ ਗਿਆ। ਕਿਡਨੀ ਨੇ ਵੀ ਦੋ ਲੋਕਾਂ ਦੀ ਜਾਨ ਬਚਾਈ। ਲੀਵਰ ਦੇ ਚਾਰ ਪਾਰਟ ਵੀ ਚਾਰ ਲੋਕਾਂ ਨੂੰ ਨਵੀਂ ਜ਼ਿੰਦਗੀ ਦੇਣ ਵਿਚ ਸਹਾਈ ਹੋਏ। ਉਸ ਦੀਆਂ ਅੱਖਾਂ ਨੇ ਦੋ ਲੋਕਾਂ ਨੂੰ ਰੋਸ਼ਨੀ ਦਿੱਤੀ। ਇਸ ਤੋਂ ਪਹਿਲਾਂ ਸ਼ਾਇਦ ਹੀ ਕਿਸੇ ਦੇ ਇੰਨੇ ਅੰਗ ਦਾਨ ਹੋਏ ਹੋਣ। ਇਸ ਵਿਚ ਡਾਕਟਰਾਂ ਦਾ ਯੋਗਦਾਨ ਵੀ ਸਰਾਹੁਣਯੋਗ ਰਿਹਾ।

ਮੋਹਾਲੀ ਏਅਰਪੋਰਟ ਤੱਕ ਗਰੀਨ ਕੋਰੀਡੋਰ ਬਣਾ ਕੇ ਇਨ੍ਹਾਂ ਅੰਗਾਂ ਨੂੰ ਹਵਾਈ ਜਹਾਜ਼ ਰਾਹੀਂ ਨੋਇਡਾ, ਦਿੱਲੀ ਅਤੇ ਚੰਡੀਗੜ੍ਹ ਜਰੂਰਤਮੰਦ ਲੋਕਾਂ ਤੱਕ ਪਹੁੰਚਾ ਕੇ ਟਰਾਂਸਪਲਾਂਟ ਕੀਤਾ ਗਿਆ।

ਧੀ ਜਾਂਦੇ-ਜਾਂਦੇ ਸਮਾਜ ਨੂੰ ਵੀ ਇਹ ਸੁਨੇਹਾ ਵੀ ਦੇ ਗਈ ਕਿ ਬੇਟੀਆਂ ਵਰਦਾਨ ਹਨ। ਨੈਂਸੀ ਨੇ ਧੀ ਹੋਣ ਦਾ ਉਹ ਫਰਜ਼ ਅਦਾ ਕੀਤਾ ਹੈ, ਜੋ ਸ਼ਾਇਦ ਬੇਟੇ ਵੀ ਪੂਰਾ ਨਾ ਕਰ ਸਕਣ।

ਵਾਰਿਸਾਂ ਨੇ ਫਰੀਦਾਬਾਦ ਪਹੁੰਚ ਕੇ ਨੈਂਸੀ ਦੀਆਂ ਅੰਤਿਮ ਰਸਮਾਂ ਨਿਭਾਈਆਂ। ਇਥੇ ਪਹੁੰਚੇ ਹਰ ਸ਼ਖਸ ਨੇ ਨੈਂਸੀ ਨੂੰ ਸਲਾਮ ਕੀਤਾ। ਨੈਂਸੀ ਪੇਸ਼ੇ ਵਜੋਂ ਸਾਫਟਵੇਅਰ ਇੰਜੀਨੀਅਰ ਸੀ। ਪਤੀ ਅਨੁਦੀਪ ਸ਼ਰਮਾ ਵੀ ਗੁੜਗਾਓਂ ਵਿਚ ਸਾਫਟਵੇਅਰ ਇੰਜੀਨੀਅਰ ਹਨ ਅਤੇ ਉਨ੍ਹਾਂ ਦਾ ਸੱਤ ਸਾਲ ਦਾ ਪੁੱਤਰ ਹੈ।

ਪਿਤਾ ਅਸ਼ੋਕ ਸ਼ਰਮਾ ਦੀ ਜ਼ੁਬਾਨੀ:

'ਅਜਿਹੀ ਧੀ, ਅਜਿਹੇ ਪਿਤਾ ਅਤੇ ਅਜਿਹੇ ਪਤੀ ਨੂੰ ਦਿਲੋਂ ਪ੍ਰਣਾਮ।'

## ਮੈਕਸੀਕੋ ਦੀ ਐਂਡ੍ਰਿਆ ਬਣੀ 'ਮਿਸ ਯੂਨੀਵਰਸ'

**ਫਲੋਰਿਡਾ:** 'ਮਿਸ ਮੈਕਸੀਕੋ' ਐਂਡ੍ਰਿਆ ਮੇਜਾ ਨੇ ਸਾਲ 2020 ਦਾ 'ਮਿਸ ਯੂਨੀਵਰਸ' ਖਿਤਾਬ ਆਪਣੇ ਨਾਂ ਕਰ ਲਿਆ ਹੈ। ਇਸ ਮੁਕਾਬਲੇ ਵਿਚ 74 ਦੇਸ਼ਾਂ ਦੀ ਸ਼ਮੂਲੀਅਤ ਸੀ। 'ਮਿਸ ਇੰਡੀਆ' ਐਡਲਿਨ ਕੈਸਟੇਲਿਨੋ ਇਸ ਸੁੰਦਰਤਾ ਮੁਕਾਬਲੇ ਵਿਚ ਚੌਥੇ ਨੰਬਰ ਉਤੇ ਰਹੀ। ਮੁਕਾਬਲਾ ਇਥੇ ਹੌਲੀਵੁੱਡ ਦੇ 'ਹਾਰਡ ਰੌਕ ਹੋਟਲ ਐਂਡ ਕੈਸੀਨੋ' ਵਿਚ ਹੋਇਆ।

26 ਵਰ੍ਹਿਆਂ ਦੀ ਮੇਜਾ ਦੇ ਸਿਰ ਤਾਜ 2019 ਦੀ ਜੇਤੂ ਦੱਖਣੀ ਅਫਰੀਕਾ ਦੀ ਜੋਜੀਬਿਨੀ ਤੁੰਜੀ ਨੇ ਸਜਾਇਆ। ਬ੍ਰਾਜੀਲ ਦੀ ਜੂਲੀਆ ਗਾਮਾ (28) ਦੂਜੇ ਅਤੇ ਪੇਰੂ ਦੀ ਜੈਨਿਕ ਮਾਸੀਟਾ (27) ਤੀਜੇ ਸਥਾਨ ਉਤੇ ਰਹੀ। ਕੈਸਟੇਲਿਨੋ (22) ਨੂੰ 'ਮਿਸ ਡੀਵਾ ਯੂਨੀਵਰਸ ਇੰਡੀਆ' ਨੇ ਵਧਾਈ ਦਿੱਤੀ ਹੈ। ਮੈਕਸੀਕੋ ਨੇ ਤੀਜੀ ਵਾਰ ਇਹ ਖਿਤਾਬ ਜਿੱਤਿਆ ਹੈ।

# Matrimonials

### ਲੜਕੇ ਦੀ ਲੋੜ ਹੈ

Reputed Jatt Sikh family that is well settled in the Midwest invite a matrimonial alliance for their beautiful and accomplished daughter: 28 years old, 5'-5", US citizen, never married, has great family values, educated (Masters in Communications and Juris Doctorate) and employed as an attorney at a law firm. We invite serious responses from a suitable, modern Jatt Sikh gentleman (ages 28-33) who is also a US permanent resident or citizen, compatible in education/professional levels and also has excellent family values. Please respond with recent photographs and detailed bio-data to: kjs939798@gmail.com or call, Ph: 317-670-7665

Jatt Sikh smart girl 27 yrs old, 5'-6", MS Computer Science from US, Software Engineer at top company on H1B visa, Brother US citizen, Educated green card family, Vegetarian, Looking for suitable good looking educated cultured match residing in USA, Contact with bio-data and photos: jsp558792@gmail.com; Ph. 608-770-9437 14-17

### ਲੜਕੀ ਦੀ ਲੋੜ ਹੈ

Looking for a suitable girl for Sikh Professional Engineer, 27 Years, 5'-9", BS & MS (USA) working in Top MNC in Silicon Valley, San Jose (CA). Boy is clean shaven/Ramgarhia. NO CASTE BAR. Contact, Ph: 408-398-4644; Email: jrksnn@gmail.com 20-23

Wanted Suitable girl for US Citizen Khatri Gursikh boy, 36 years, height 5'-10', BS & MS (USA), working as a Pharmaceutical Engineer in Chicago area. Serious inquiries only. Contact, Ph: 630-290-1375 or neenakr2016@gmail.com 14-18

Looking for a suitable match for a MS Computer Science professional working in MNC in California, 27 years, 5'-8" Clean Shaven handsome Kamboj Sikh boy from a well established business family. Contact, Ph: +1-858-205-9624


ਪੰਜਾਬ ਟਾਈਮਜ਼

KULJEET (KJ) SINGH
Managing Broker Realtor
GAYA Realty
Interested in:
Buying Selling
Investing Renting
Gas Stations, Motels & Shopping Malls
ਜਾਇਦਾਦ ਖਰੀਦਣੀ ਹੋਵੇ, ਵੇਚਣੀ ਜਾਂ ਕਿਰਾਏ 'ਤੇ ਦੇਣੀ, ਜਾਇਦਾਦ 'ਤੇ ਪੈਸਾ ਲਾਉਣਾ ਹੋਵੇ, ਯਾਦ ਰੱਖੋ



Kuljeet Singh
Over 20 Years of Experience
Contact Information:
Cell: 224-305-3250
Email: ksingh4622@gmail.com
Serving All Chicagoland & Surrounding Suburbs
Looking for new agents.

Sistar Mortgage
Minimizing Cost, Maximizing Investment
www.SistarMortgage.com



Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

ਵੇਟਰ, ਹੈਲਪਰ ਅਤੇ ਤੰਦੂਰੀਏ ਦੀ ਲੋੜ ਹੈ
ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ ਲਈ ਵੇਟਰ, ਕਿਚਨ ਹੈਲਪਰ ਅਤੇ ਤੰਦੂਰੀਏ ਦੀ ਲੋੜ ਹੈ।
ਚੰਗੀ ਤਨਖਾਹ ਅਤੇ ਰਹਿਣ ਦਾ ਪ੍ਰਬੰਧ
ਸੰਪਰਕ ਕਰੋ, ਮਿਸਟਰ ਸਿੰਘ
ਫੋਨ: 608-886-2500
12+

ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਤੇ ਮੀਟ ਕੱਟਣ ਵਾਲੇ ਦੀ ਲੋੜ ਹੈ
ਇੰਡੀਅਨਐਪੋਲਿਸ, ਇੰਡੀਆਨਾ ਵਿਚ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਅਤੇ ਮੀਟ ਕੱਟਣ ਵਾਲੇ ਦੀ ਲੋੜ ਹੈ।
ਰਿਹਾਇਸ਼ ਤੇ ਖਾਣਾ ਮੁਫਤ, ਚੰਗੀ ਤਨਖਾਹ
ਸੰਪਰਕ ਕਰੋ, ਫੋਨ: 317-406-9924

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਢੀਂਡਸਾ ਤੇ ਬ੍ਰਹਮਪੁਰਾ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦਾ ਗਠਨ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਡੈਮੋਕਰੈਟਿਕ) ਅਤੇ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੇ ਰਲੇਵੇਂ ਤੋਂ ਬਾਅਦ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਅਤੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਗਠਨ ਦਾ ਐਲਾਨ ਕਰ ਦਿੱਤਾ ਗਿਆ। ਦੋਹਾਂ ਸੀਨੀਅਰ ਅਕਾਲੀ ਆਗੂਆਂ ਨੇ ਇਥੇ ਮੀਟਿੰਗ ਤੋਂ ਬਾਅਦ ਕਿਹਾ ਕਿ ਦਲ ਦੇ ਜਥੇਬੰਦਕ ਢਾਂਚੇ ਦਾ ਐਲਾਨ ਜਲਦ ਹੀ ਕਰ ਦਿੱਤਾ ਜਾਵੇਗਾ। ਪਾਰਟੀ ਵੱਲੋਂ ਜਥੇਦਾਰ ਬ੍ਰਹਮਪੁਰਾ ਨੂੰ ਸਰਪ੍ਰਸਤ ਤੇ ਸ੍ਰੀ ਢੀਂਡਸਾ ਨੂੰ ਪ੍ਰਧਾਨ ਥਾਪਿਆ ਗਿਆ ਹੈ।

ਪਾਰਟੀ ਵੱਲੋਂ ਜਾਰੀ ਬਿਆਨ ਰਾਹੀਂ ਕਿਹਾ ਗਿਆ ਹੈ ਕਿ ਪੰਜਾਬ ਨੂੰ ਮੌਜੂਦਾ ਸਮੇਂ ਕਾਂਗਰਸ, ਬਾਦਲਾਂ ਅਤੇ ਭਾਜਪਾ ਤੋਂ ਬਚਾਉਣ ਦੀ ਲੋੜ ਹੈ। ਇਸ ਲਈ ਨਵੇਂ ਅਕਾਲੀ ਦਲ ਰਾਹੀਂ ਸੂਬੇ ਦੇ ਲੋਕਾਂ ਨੂੰ ਬਦਲਵੀਂ ਸਿਆਸੀ ਸੋਚ ਤੇ ਸੱਚੀ-ਸੁੱਚੀ ਸਿਆਸਤ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਾਂਗਰਸ ਅਤੇ ਬਾਦਲਾਂ ਨੇ ਪੰਜਾਬ ਨੂੰ ਰੱਜ ਕੇ ਲੁੱਟਿਆ ਹੈ। ਅਕਾਲੀ ਆਗੂਆਂ ਨੇ ਬਾਦਲਾਂ 'ਤੇ ਪੰਥਕ ਮਰਿਆਦਾਵਾਂ ਦਾ ਘਾਣ ਕਰਨ ਅਤੇ ਸਿੱਖ ਸੰਸਥਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਵੀ ਲਾਏ ਹਨ।

ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਬਾਦਲ ਪਰਿਵਾਰ ਦਰਮਿਆਨ ਸਾਂਝ ਜੱਗ ਜ਼ਾਹਿਰ ਹੋ ਚੁੱਕੀ ਹੈ। ਇਹੀ ਕਾਰਨ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਪੁਲਿਸ ਗੋਲੀ ਕਾਂਡਾਂ ਦੇ ਦੋਸ਼ੀ ਅੱਜ ਤੱਕ ਫੜੇ ਨਹੀਂ ਗਏ।

ਅਕਾਲੀ ਆਗੂਆਂ ਨੇ ਸੂਬੇ ਵਿਚ ਰੇਤ ਮਾਫੀਆ, ਟਰਾਂਸਪੋਰਟ ਮਾਫੀਆ, ਕੇਬਲ ਮਾਫੀਆ ਤੇ ਸ਼ਰਾਬ ਮਾਫੀਆ ਦਾ ਪਹਿਲਾਂ ਵਾਂਗ ਹੀ ਦੌਰ ਹੋਣ ਦੇ ਦੋਸ਼ ਵੀ ਲਾਏ। ਉਨ੍ਹਾਂ ਕਿਹਾ ਕਿ ਭਵਿੱਖ ਵਿਚ ਹਮਖਿਆਲ ਪਾਰਟੀਆਂ ਨਾਲ ਸਾਂਝ ਪਾ ਕੇ ਪੰਜਾਬ ਨੂੰ ਮਾਫੀਆ ਤੋਂ ਮੁਕਤ ਕਰਾਇਆ ਜਾਵੇਗਾ।

# ਸੀ.ਬੀ.ਆਈ. ਵੱਲੋਂ ਤ੍ਰਿਣਮੂਲ ਆਗੂਆਂ ਦੀ ਗ੍ਰਿਫਤਾਰੀ ਦਾ ਮਾਮਲਾ ਭਖਿਆ

**ਪੱਛਮੀ ਬੰਗਾਲ:** ਨਾਰਦਾ ਸਟਿੰਗ ਮਾਮਲੇ 'ਚ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੇ ਤ੍ਰਿਣਮੂਲ ਕਾਂਗਰਸ ਦੇ ਤਿੰਨ ਵਿਧਾਇਕਾਂ ਤੇ ਪਾਰਟੀ ਦੇ ਇਕ ਸਾਬਕਾ ਨੇਤਾ ਨੂੰ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ ਪੱਛਮੀ ਬੰਗਾਲ 'ਚ ਸਿਆਸੀ ਮਾਹੌਲ ਭਖ ਗਿਆ। ਪਾਰਟੀ ਆਗੂਆਂ ਨੂੰ ਗ੍ਰਿਫਤਾਰ ਕੀਤੇ ਜਾਣ ਤੋਂ ਰੋਹ 'ਚ ਆਏ ਪਾਰਟੀ ਵਰਕਰਾਂ ਨੇ ਸੂਬੇ ਭਰ 'ਚ ਸੀ.ਬੀ.ਆਈ. ਤੇ ਕੇਂਦਰ ਦੀ ਭਾਜਪਾ ਸਰਕਾਰ ਖਿਲਾਫ ਰੋਸ ਮੁਜ਼ਾਹਰੇ ਕੀਤੇ ਅਤੇ ਪਾਰਟੀ ਮੁਖੀ ਤੇ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਪਾਰਟੀ ਦੇ ਹੋਰ ਸਮਰਥਕਾਂ ਸਮੇਤ ਨਿਜ਼ਾਮ ਪੈਲੇਸ ਸਥਿਤ ਸੀ.ਬੀ.ਆਈ. ਦੇ ਦਫਤਰ ਪਹੁੰਚ ਕੇ ਧਰਨਾ ਦੇ ਦਿੱਤਾ ਤੇ ਪਾਰਟੀ ਆਗੂਆਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ। ਇਸ ਮਗਰੋਂ ਦੇਰ ਸ਼ਾਮ ਸੀ.ਬੀ.ਆਈ. ਵੱਲੋਂ ਚਾਰਾਂ ਆਗੂਆਂ ਨੂੰ ਵਿਸ਼ੇਸ਼ ਸੀ.ਬੀ.ਆਈ. ਅਦਾਲਤ 'ਚ ਪੇਸ਼ ਕੀਤਾ ਗਿਆ ਜਿਥੋਂ ਉਨ੍ਹਾਂ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਪਰ ਇਸ ਤੋਂ ਬਾਅਦ ਦੇਰ ਰਾਤ ਕਲਕੱਤਾ ਹਾਈ ਕੋਰਟ ਵੱਲੋਂ ਇਹ ਜ਼ਮਾਨਤ ਰੱਦ ਕਰ ਦਿੱਤੀ ਗਈ। ਇਸੇ ਦੌਰਾਨ ਟੀ.ਐਮ.ਸੀ. ਆਗੂਆਂ ਨੇ ਦੋਸ਼ ਲਾਇਆ ਕਿ ਇਸ ਮਾਮਲੇ 'ਚ ਟੀ.ਐਮ.ਸੀ. ਛੱਡ ਕੇ ਭਾਜਪਾ 'ਚ ਸ਼ਾਮਲ ਹੋਏ ਸ਼ੁਵੇਂਦੂ ਅਧਿਕਾਰੀ ਤੇ ਮੁਕੁਲ ਰੋਇ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ ਜਦਕਿ ਉਨ੍ਹਾਂ ਦੋਵਾਂ ਦੇ ਨਾਂ ਵੀ ਇਸ ਮਾਮਲੇ 'ਚ ਸਾਹਮਣੇ ਆਏ ਸਨ। ਕੇਂਦਰੀ ਜਾਂਚ ਏਜੰਸੀ ਨੇ ਇਸ ਮਾਮਲੇ 'ਚ ਤ੍ਰਿਣਮੂਲ ਕਾਂਗਰਸ ਦੇ ਨੇਤਾ ਫਰਹਾਦ ਹਕੀਮ, ਸੁਬ੍ਰਤ ਮੁਖਰਜੀ ਤੇ ਮਦਨ ਮਿੱਤਰਾ ਦੇ ਨਾਲ ਪਾਰਟੀ ਦੇ ਸਾਬਕਾ ਆਗੂ ਸੋਵਨ ਚੈਟਰਜੀ ਨੂੰ ਕੋਲਕਾਤਾ ਤੋਂ ਗ੍ਰਿਫਤਾਰ ਕੀਤਾ। ਉਨ੍ਹਾਂ ਦੱਸਿਆ ਕਿ ਇਹ ਚਾਰੋਂ ਨੇਤਾ 2014 'ਚ ਕਥਿਤ ਅਪਰਾਧ ਦੌਰਾਨ ਮੰਤਰੀ ਸਨ। ਨਾਰਦਾ ਟੀਵੀ ਨਿਊਜ਼ ਚੈਨਲ ਦੇ ਮੈਥਿਊ ਸੈਮੂਅਲ ਨੇ 2014 'ਚ ਕਥਿਤ ਸਟਿੰਗ ਆਪਰੇਸ਼ਨ ਕੀਤਾ ਸੀ ਜਿਸ 'ਚ ਤ੍ਰਿਣਮੂਲ ਕਾਂਗਰਸ ਦੇ ਮੰਤਰੀ, ਸੰਸਦ ਮੈਂਬਰ ਤੇ ਵਿਧਾਇਕ ਲਾਭ ਬਦਲੇ ਕੰਪਨੀ ਦੇ ਪ੍ਰਤੀਨਿਧੀਆਂ ਤੋਂ ਕਥਿਤ ਤੌਰ 'ਤੇ ਪੈਸੇ ਲੈਂਦੇ ਨਜ਼ਰ ਆਏ।

# ਕੈਪਟਨ ਦੀ ਕਪਤਾਨੀ ਨੂੰ ਵੰਗਾਰ

*(ਸਫਾ ਇਕ ਦੀ ਬਾਕੀ)*

ਨੋਟ ਜਾਰੀ ਕਰਵਾਏ ਜਾ ਰਹੇ ਹਨ, ਉਨ੍ਹਾਂ ਨੇ ਇਕ ਵਾਰ ਵੀ ਸਾਹਮਣੇ ਆ ਕੇ ਕੈਪਟਨ ਦੇ ਹੱਕ ਵਿਚ ਆਵਾਜ਼ ਨਹੀਂ ਚੁੱਕੀ। ਕਾਂਗਰਸ ਦੇ ਪੰਜਾਬ ਪ੍ਰਧਾਨ ਸੁਨੀਲ ਜਾਖੜ ਨੂੰ ਵੀ ਬਾਗੀਆਂ ਵਾਲੇ ਧੜੇ ਵਿਚ ਸ਼ਾਮਲ ਦੱਸਿਆ ਜਾ ਰਿਹਾ ਹੈ। ਕੈਬਨਿਟ ਮੀਟਿੰਗ ਵਿਚ ਉਹ ਕੈਪਟਨ ਨੂੰ ਆਪਣੇ ਅਸਤੀਫੇ ਦੀ ਪੇਸ਼ਕਸ਼ ਵੀ ਕਰ ਚੁੱਕੇ ਹਨ। ਉਨ੍ਹਾਂ ਨੇ ਆਪਣੇ ਵ੍ਹਟਸਐਪ 'ਤੇ ਕਾਫੀ ਸਮੇਂ ਤੋਂ ਲਗਾਈ ਕੈਪਟਨ ਅਮਰਿੰਦਰ ਸਿੰਘ ਦੀ ਤਸਵੀਰ ਅਤੇ ਕੈਪਟਨ 2022 ਵਾਲੀ ਡੀ.ਪੀ. ਉਤਾਰ ਲਈ। ਇਹ ਡੀ.ਪੀ. ਉਨ੍ਹਾਂ ਵਲੋਂ ਕੈਪਟਨ ਅਮਰਿੰਦਰ ਸਿੰਘ ਨੂੰ 2022 ਦੀਆਂ ਚੋਣਾਂ ਦੀ ਅਗਵਾਈ ਕਰਨ ਦੇ ਮੰਤਵ ਨਾਲ ਲਗਾਈ ਗਈ ਸੀ। ਪ੍ਰਤਾਪ ਬਾਜਵਾ ਦਾ ਕਹਿਣਾ ਹੈ ਕਿ ਕੈਪਟਨ ਵੱਲੋਂ ਆਪਣੇ ਪੱਧਰ ਉਤੇ ਹੀ ਆਪਣੇ ਹੱਕ ਵਿਚ ਮੰਤਰੀਆਂ ਦੇ ਪ੍ਰੈਸ ਨੋਟ ਜਾਰੀ ਕਰਵਾਏ ਜਾ ਰਹੇ ਹਨ ਜਦੋਂ ਕਿ ਖੁੱਲ੍ਹ ਕੇ ਉਸ ਦੀ ਕੋਈ ਵੀ ਹਮਾਇਤ ਨਹੀਂ ਕਰ ਰਿਹਾ।

ਯਾਦ ਰਹੇ ਕਿ ਆਪਣੇ ਸਿਆਸੀ ਵਿਰੋਧੀਆਂ ਤੇ ਪਾਰਟੀ ਅੰਦਰ ਆਵਾਜ਼ ਚੁੱਕਣ ਵਾਲਿਆਂ ਖਿਲਾਫ ਭਾਜਪਾ ਅਜਿਹੀ ਹੀ ਰਣਨੀਤੀ ਅਪਣਾ ਰਹੀ ਹੈ। ਚੋਣਾਂ ਵੇਲੇ ਸਿਆਸੀ ਆਗੂਆਂ ਨੂੰ ਪੁਰਾਣੇ ਕੇਸ ਖੋਲ੍ਹਣ ਦੀ ਧਮਕੀ ਭਾਜਪਾ ਦਾ ਸਭ ਤੋਂ ਵੱਡਾ ਹਥਿਆਰ ਰਿਹਾ ਹੈ ਜਿਸ ਦੀ ਵਰਤੋਂ ਪੱਛਮੀ ਬੰਗਾਲ ਚੋਣਾਂ ਵਿਚ ਖੁੱਲ੍ਹ ਕੇ ਹੋਈ। ਵੱਡੀ ਗਿਣਤੀ ਤ੍ਰਿਣਮੂਲ ਕਾਂਗਰਸ ਦੇ ਵਿਧਾਇਕ ਤੇ ਮੰਤਰੀਆਂ ਦਾ ਭਾਜਪਾ ਨਾਲ ਰਲਣਾ ਇਸੇ ਕ੍ਰਮ ਵਜੋਂ ਦੇਖਿਆ ਜਾ ਰਿਹਾ ਹੈ। ਚੋਣਾਂ ਪਿੱਛੋਂ ਤ੍ਰਿਣਮੂਲ ਸਰਕਾਰ ਦੇ ਮੰਤਰੀਆਂ ਤੇ ਵਿਧਾਇਕਾਂ ਦੀਆਂ ਗ੍ਰਿਫਤਾਰੀਆਂ ਇਸ ਦੀ ਪੁਸ਼ਟੀ ਕਰ ਰਹੀਆਂ ਹਨ।

ਸੀ.ਬੀ.ਆਈ. ਨੇ ਮਮਤਾ ਸਰਕਾਰ ਦੇ ਦੋ ਮੰਤਰੀਆਂ ਫਿਰਹਾਦ ਹਕੀਮ ਤੇ ਸੁਬਰਤਾ ਮੁਖਰਜੀ, ਵਿਧਾਇਕ ਮਦਨ ਮਿੱਤਰਾ ਤੇ ਕਲਕੱਤਾ ਦੇ ਸਾਬਕ ਮੇਅਰ ਸੋਵਨ ਚੱਟੋਪਾਧਿਆ ਨੂੰ ਨਾਰਦਾ ਰਿਸ਼ਵਤ ਮਾਮਲੇ ਵਿਚ ਗ੍ਰਿਫਤਾਰ ਕਰ ਲਿਆ ਹੈ। ਨਾਰਦਾ ਰਿਸ਼ਵਤ ਮਾਮਲਾ 2014 ਦਾ ਹੈ ਜਦੋਂ ਦਿੱਲੀ ਤੋਂ ਗਏ ਇਕ ਪੱਤਰਕਾਰ ਨੇ ਫਰਜ਼ੀ ਕੰਪਨੀ ਬਣਾ ਕੇ ਤਤਕਾਲੀ ਮੰਤਰੀਆਂ, ਵਿਧਾਇਕਾਂ ਅਤੇ ਪੁਲਿਸ ਅਧਿਕਾਰੀਆਂ ਨੂੰ ਪੈਸਾ ਦੇਣ ਦਾ ਸਟਿੰਗ ਅਪਰੇਸ਼ਨ ਕੀਤਾ ਸੀ। ਮੀਟਿੰਗ ਵਿਚ ਜਿਹੜੇ ਸਿਆਸੀ ਆਗੂ ਪੈਸੇ ਲੈਂਦੇ ਦਿਖਾਈ ਦਿੱਤੇ ਸਨ, ਉਨ੍ਹਾਂ ਵਿਚ ਹੁਣ ਗ੍ਰਿਫਤਾਰ ਕੀਤੇ ਚਾਰਾਂ ਆਗੂਆਂ ਦੇ ਨਾਲ-ਨਾਲ ਭਾਜਪਾ ਵਿਚ ਸ਼ਾਮਲ ਹੋਏ ਸਵੇਂਦੂ ਅਧਿਕਾਰੀ ਤੇ ਮੁਕੁਲ ਰਾਏ ਵੀ ਸ਼ਾਮਲ ਸਨ। ਸਵੇਂਦੂ ਅਧਿਕਾਰੀ ਹੁਣ ਵਿਧਾਨ ਸਭਾ ਵਿਚ ਭਾਜਪਾ ਦਾ ਆਗੂ ਹੈ। ਸਵਾਲ ਕੀਤਾ ਜਾ ਰਿਹਾ ਹੈ ਕਿ ਇਸ ਕੇਸ ਵਿਚ ਭਾਜਪਾ ਵਿਚ ਚਲੇ ਗਏ ਆਗੂਆਂ ਨੂੰ ਗ੍ਰਿਫਤਾਰ ਕਿਉਂ ਨਹੀਂ ਕੀਤਾ ਜਾ ਰਿਹਾ।

ਭਾਜਪਾ ਆਪਣੇ ਏਜੰਡੇ ਨੂੰ ਹਰ ਹਾਲ ਵਿਚ ਲਾਗੂ ਕਰਨ ਦੇ ਮਕਸਦ ਨਾਲ ਤਾਕਤਾਂ ਦੇ ਕੇਂਦਰੀਕਰਨ ਨੂੰ ਜ਼ੋਰ-ਸ਼ੋਰ ਨਾਲ ਅੱਗੇ ਵਧਾ ਰਹੀ ਹੈ। ਭਾਜਪਾ ਵੱਲੋਂ ਬਾਗੀਆਂ ਤੇ ਸਿਆਸੀ ਵਿਰੋਧੀਆਂ ਖਿਲਾਫ ਇਸ ਹਥਿਆਰ ਦੀ 'ਸਫਲ ਵਰਤੋਂ' ਨੇ ਹੋਰ ਧਿਰਾਂ ਨੂੰ ਵੀ ਲਲਚਾਇਆ। ਪੰਜਾਬ ਵਿਚ ਤਾਜ਼ਾ ਸਿਆਸੀ ਹਾਲਾਤ ਨੂੰ ਇਸੇ ਰਣਨੀਤੀ ਨਾਲ ਜੋੜਿਆ ਜਾ ਰਿਹਾ ਹੈ। ਕਾਂਗਰਸ ਦਾ ਇਕ ਵੱਡਾ ਧੜਾ ਕੈਪਟਨ ਨੂੰ 2022 ਦੀਆਂ ਚੋਣਾਂ ਵਿਚ ਮੁੱਖ ਮੰਤਰੀ ਉਮੀਦਵਾਰ ਵਜੋਂ ਵੇਖਣ ਤੋਂ ਬਾਗੀ ਹੈ। ਇਨ੍ਹਾਂ ਆਗੂਆਂ ਦਾ ਤਰਕ ਹੈ ਕਿ ਕੈਪਟਨ ਦੀਆਂ ਨਕਾਮੀਆਂ ਕਾਂਗਰਸ ਦਾ ਵੱਡਾ ਨੁਕਸਾਨ ਕਰ ਸਕਦੀਆਂ ਹਨ। ਹਾਈਕਮਾਨ ਦੀ ਚੁੱਪ ਤੋਂ ਜਾਪ ਰਿਹਾ ਹੈ ਕਿ ਉਹ ਵੀ ਹਾਲੇ ਪਾਸੇ ਖੜ੍ਹ ਕੇ ਤਮਾਸ਼ਾ ਵੇਖ ਰਹੀ ਹੈ।

## ਬੀਬੀ ਜਗੀਰ ਕੌਰ 'ਤੇ ਮੁਲਾਜ਼ਮਾਂ ਦੀ ਸਿੱਧੀ ਭਰਤੀ ਦੇ ਦੋਸ਼

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਸੰਤ ਚਰਨਜੀਤ ਸਿੰਘ ਜੱਸੋਵਾਲ ਨੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ 'ਤੇ ਦੋ ਦਰਜਨ ਤੋਂ ਵੱਧ ਮੁਲਾਜ਼ਮਾਂ ਦੀ ਸਿੱਧੀ ਭਰਤੀ ਕਰਕੇ ਨਿਯਮਾਂ ਦੀ ਉਲੰਘਣਾ ਕਰਨ ਦੇ ਦੋਸ਼ ਲਾਏ ਹਨ। ਇਕ ਬਿਆਨ ਵਿਚ ਉਨ੍ਹਾਂ ਦੋਸ਼ ਲਾਇਆ ਕਿ ਇਨ੍ਹਾਂ ਭਰਤੀਆਂ ਲਈ ਐਗਜ਼ੈਕਟਿਵ ਤੋਂ ਮਨਜ਼ੂਰੀ ਲੈਣੀ ਤਾਂ ਦੂਰ, ਉਲਟਾ ਜਾਣਕਾਰੀ ਤੱਕ ਨਹੀਂ ਦਿੱਤੀ ਗਈ ਤੇ ਨਾ ਹੀ ਇਸ ਭਰਤੀ ਲਈ ਅਖਬਾਰਾਂ ਨੂੰ ਕੋਈ ਇਸ਼ਤਿਹਾਰ ਦਿੱਤਾ ਗਿਆ।

ਉਨ੍ਹਾਂ ਦੋਸ਼ ਲਾਇਆ ਕਿ ਸਿੱਧੀ ਭਰਤੀ ਕੀਤੇ ਗਏ ਮੁਲਾਜ਼ਮਾਂ ਵਿਚ ਬਹੁਤੇ ਤਾਂ ਪ੍ਰਧਾਨ ਦੇ ਨੇੜਲੇ ਅਧਿਕਾਰੀਆਂ ਦੇ ਰਿਸ਼ਤੇਦਾਰ ਹਨ। ਜੱਸੋਵਾਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਕ ਪਾਸੇ ਫੰਡ ਦੀ ਕਮੀ ਦਾ ਬਹਾਨਾ ਬਣਾ ਕੇ ਆਪਣੇ ਮੁਲਾਜ਼ਮਾਂ ਦੇ ਮਕਾਨ ਦੇ ਕਿਰਾਏ ਅਤੇ ਮੈਡੀਕਲ ਸਹੂਲਤਾਂ ਆਦਿ ਵਿਚ ਕਟੌਤੀ ਕੀਤੀ ਗਈ ਹੈ ਤੇ ਦੂਜੇ ਪਾਸੇ ਅਜਿਹੀ ਸਿੱਧੀ ਭਰਤੀ ਕਰਦਿਆਂ ਗੁਰੂ ਕੇ ਖ਼ਜ਼ਾਨੇ 'ਤੇ ਬੇਲੋੜਾ ਬੋਝ ਪਾਇਆ ਜਾ ਰਿਹਾ ਹੈ। ਦੂਜੇ ਪਾਸੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਇਸ ਮਾਮਲੇ 'ਚ ਕੋਈ ਬੇਨਿਯਮੀ ਨਹੀਂ ਕੀਤੀ ਗਈ।

# ਇਜ਼ਰਾਈਲ-ਫਲਸਤੀਨ ਟਕਰਾਅ ਕਾਰਨ ਹਾਲਾਤ ਵਿਗੜੇ

*(ਸਫਾ ਇਕ ਦੀ ਬਾਕੀ)*

ਦੋਵਾਂ ਧਿਰਾਂ ਵਿਚਾਲੇ ਸ਼ਾਂਤੀ ਬਹਾਲੀ ਲਈ ਵੀ ਕੌਮਾਂਤਰੀ ਪੱਧਰ 'ਤੇ ਆਵਾਜ਼ ਉਠ ਰਹੀ ਹੈ। ਇਸੇ ਦੌਰਾਨ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਦੇ ਰਾਜਦੂਤਾਂ ਤੇ ਮੁਸਲਿਮ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਨੇ ਐਮਰਜੈਂਸੀ ਬੈਠਕ ਕਰ ਕੇ ਮੰਗ ਕੀਤੀ ਹੈ ਕਿ ਲੋਕਾਂ ਦਾ ਕਤਲੇਆਮ ਰੋਕਿਆ ਜਾਵੇ।

ਚੇਤੇ ਰਹੇ ਕਿ ਰਮਜ਼ਾਨ ਦੇ ਮਹੀਨੇ ਦੌਰਾਨ ਪੁਰਾਣੇ ਸ਼ਹਿਰ ਦੇ ਬਾਹਰ ਇਜ਼ਰਾਇਲੀ ਪੁਲਿਸ ਨੇ ਫਲਸਤੀਨੀਆਂ ਦੇ ਇਕੱਠੇ ਹੋਣ ਉਤੇ ਰੋਕ ਲਗਾਉਣ ਲਈ ਬੈਰੀਕੇਡ ਲਗਾ ਦਿੱਤੇ ਸਨ। ਆਪਣੇ ਮਕਾਨਾਂ ਦੀ ਮਾਲਕੀ ਦੇ ਹੱਕ ਲਈ ਸੁਪਰੀਮ ਕੋਰਟ ਤੱਕ ਲੜਾਈ ਲੜ ਰਹੇ ਫਲਸਤੀਨੀਆਂ ਨੂੰ ਜਬਰੀ ਉਠਾਏ ਜਾਣ ਦਾ ਡਰ ਪੈਦਾ ਹੋਣ ਕਾਰਨ ਸੈਂਕੜੇ ਫਲਸਤੀਨੀਆਂ ਨੇ ਰੋਸ ਮੁਜ਼ਾਹਰਾ ਕੀਤਾ ਪਰ ਇਜ਼ਰਾਇਲੀ ਪੁਲਿਸ ਨਾਲ ਹੋਏ ਝਗੜੇ ਦੌਰਾਨ ਦਰਜਨਾਂ ਫਲਸਤੀਨੀ ਫੱਟੜ ਹੋ ਗਏ। ਇਸੇ ਦੌਰਾਨ ਗਾਜ਼ਾ ਪੱਟੀ ਉਤੇ ਫਲਸਤੀਨੀ ਜਥੇਬੰਦੀ ਹਮਾਸ ਨੇ ਇਜ਼ਰਾਇਲੀ ਆਬਾਦੀ ਵਾਲੇ ਖੇਤਰ ਵਿਚ ਰਾਕਟ ਲਾਂਚਰ ਦਾਗਣੇ ਸ਼ੁਰੂ ਕਰ ਦਿੱਤੇ।

ਮਸਲਾ ਅਸਲ 'ਚ ਇਜ਼ਰਾਈਲ ਦੇ ਹੋਂਦ 'ਚ ਆਉਣ ਵੇਲੇ ਦਾ ਹੈ। ਦੂਜੀ ਸੰਸਾਰ ਜੰਗ ਤੋਂ ਬਾਅਦ 1948 'ਚ ਫਲਸਤੀਨੀ ਖੇਤਰ ਵਿਚ ਹੀ ਇਜ਼ਰਾਈਲ ਨਾਮ ਦਾ ਨਵਾਂ ਦੇਸ਼ ਬਣਾਇਆ ਗਿਆ। 1967 ਤੋਂ ਪਹਿਲਾਂ ਪੂਰਬੀ ਯੇਰੋਸ਼ਲਮ 'ਤੇ ਜੌਰਡਨ ਦਾ ਕਬਜ਼ਾ ਸੀ, 1967 ਤੋਂ ਪੂਰਬੀ ਯੇਰੋਸ਼ਲਮ 'ਤੇ ਇਜ਼ਰਾਈਲ ਕਾਬਜ਼ ਹੋ ਗਿਆ। ਉਸ ਪਿੱਛੋਂ ਇਜ਼ਰਾਈਲ ਨੇ ਪੂਰਬੀ ਯੇਰੋਸ਼ਲਮ ਵਿਖੇ ਰਹਿੰਦੇ ਫਲਸਤੀਨੀਆਂ ਨੂੰ ਜਬਰੀ ਉਠਾ ਦਿੱਤਾ। ਫਿਰ ਵੀ ਕਈ ਪਰਿਵਾਰ ਆਪਣੇ ਘਰਾਂ 'ਚ ਪਰਤ ਆਏ ਤੇ ਉਨ੍ਹਾਂ ਮਾਲਕੀ ਦੇ ਹੱਕ ਹਾਸਲ ਕਰਨ ਲਈ ਅਦਾਲਤੀ ਰਾਹ ਅਪਣਾਇਆ। 2014 ਵਿਚ ਵੀ ਇਜ਼ਰਾਈਲ ਅਤੇ ਹਮਾਸ ਦਰਮਿਆਨ ਜ਼ੋਰਦਾਰ ਝੜਪਾਂ ਹੋਈਆਂ ਸਨ। ਅਮਰੀਕਾ ਸ਼ੁਰੂ ਤੋਂ ਹੀ ਖੁੱਲ੍ਹੇ ਤੌਰ 'ਤੇ ਇਜ਼ਰਾਈਲ ਦਾ ਪੱਖ ਪੂਰ ਰਿਹਾ ਹੈ। ਇਸੇ ਕਰ ਕੇ ਦਹਾਕਿਆਂ ਤੋਂ ਇਸ ਮਾਮਲੇ ਦਾ ਕੋਈ ਸਥਾਈ ਹੱਲ ਨਹੀਂ ਨਿਕਲ ਰਿਹਾ। ਹੁਣ ਟਕਰਾਅ ਦੇ ਹਿੰਸਕ ਰੂਪ ਲੈਣ ਕਾਰਨ ਹਾਲਾਤ ਮੁੜ ਵਿਗੜ ਰਹੇ ਹਨ।

## ਕਰੋਨਾ ਦੀ ਦੂਜੀ ਲਹਿਰ ਦੌਰਾਨ 270 ਡਾਕਟਰਾਂ ਦੀ ਮੌਤ

**ਨਵੀਂ ਦਿੱਲੀ:** ਇੰਡੀਅਨ ਮੈਡੀਕਲ ਐਸੋਸੀਏਸ਼ਨ ਨੇ ਦੱਸਿਆ ਕਿ ਕਰੋਨਾ ਮਹਾਮਾਰੀ ਦੀ ਦੂਜੀ ਲਹਿਰ ਦੌਰਾਨ ਦੇਸ਼ ਭਰ ਵਿਚ 270 ਡਾਕਟਰਾਂ ਦੀ ਮੌਤ ਹੋ ਗਈ ਹੈ। ਇਸ ਸੂਚੀ ਵਿਚ ਆਈ.ਐਮ.ਏ. ਦੇ ਸਾਬਕਾ ਪ੍ਰਧਾਨ ਡਾ. ਕੇ ਕੇ ਅਗਰਵਾਲ ਵੀ ਸ਼ਾਮਲ ਹੈ। ਬਿਹਾਰ ਵਿਚ ਸਭ ਤੋਂ ਵੱਧ 78 ਡਾਕਟਰਾਂ ਦੀ ਮੌਤ ਹੋਈ ਹੈ ਜਦਕਿ ਉਤਰ ਪ੍ਰਦੇਸ਼ ਵਿਚ 37, ਦਿੱਲੀ ਵਿੱਚ 29 ਤੇ ਆਂਧਰਾ ਪ੍ਰਦੇਸ਼ ਵਿਚ 22 ਡਾਕਟਰਾਂ ਦੀ ਮੌਤ ਹੋਈ ਹੈ। ਆਈ.ਐਮ.ਏ. ਅਨੁਸਾਰ ਕਰੋਨਾ ਦੀ ਪਹਿਲੀ ਲਹਿਰ ਦੌਰਾਨ 748 ਡਾਕਟਰਾਂ ਦੀ ਮੌਤ ਹੋਈ ਸੀ ਜਦਕਿ ਦੂਜੀ ਲਹਿਰ ਦੇ ਘੱਟ ਸਮੇਂ ਦੌਰਾਨ ਹੀ 270 ਡਾਕਟਰ ਰੱਬ ਨੂੰ ਪਿਆਰੇ ਹੋ ਗਏ।

## ਆਸਟਰੇਲੀਆ ਦੇ ਸਰਕਾਰੀ ਸਕੂਲਾਂ 'ਚ ਕਿਰਪਾਨ ਪਹਿਨਣ 'ਤੇ ਪਾਬੰਦੀ

**ਸਿਡਨੀ:** ਆਸਟਰੇਲੀਆ ਦੇ ਸੂਬੇ ਨਿਊ ਸਾਊਥ ਵੇਲਜ਼ ਦੇ ਸਰਕਾਰੀ ਸਕੂਲਾਂ ਵਿਚ ਕਿਰਪਾਨ ਪਹਿਨਣ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਸੂਬੇ ਦੀ ਸਿੱਖਿਆ ਮੰਤਰੀ ਨੇ ਕਿਹਾ ਕਿ ਇਹ ਪ੍ਰਬੰਧਕੀ ਕਦਮ ਸਕੂਲ ਦੇ ਵਿਦਿਆਰਥੀਆਂ ਤੇ ਸਟਾਫ ਦੀ ਸੁਰੱਖਿਆ ਨੂੰ ਲੈ ਕੇ ਚੁੱਕਿਆ ਗਿਆ ਹੈ। ਸਿੱਖ ਹਲਕਿਆਂ ਨੇ ਇਸ ਨੂੰ ਸਰਕਾਰ ਵੱਲੋਂ ਕਾਹਲੀ ਵਿਚ ਲਿਆ ਗਿਆ ਫੈਸਲਾ ਕਿਹਾ। ਜਾਣਕਾਰੀ ਮੁਤਾਬਕ ਭਾਰਤੀ ਪੰਜਾਬੀਆਂ ਦੀ ਵੱਧ ਵਸੋਂ ਵਾਲੇ ਪੱਛਮੀ ਸਿਡਨੀ ਦੇ ਇਕ ਸਕੂਲ 'ਚ 6 ਮਈ ਨੂੰ ਵਿਦਿਆਰਥੀਆਂ ਦੀ ਲੜਾਈ ਹੋ ਗਈ ਸੀ ਜਿਸ 'ਚ ਇਕ 16 ਸਾਲਾ ਵਿਦਿਆਰਥੀ ਗੰਭੀਰ ਜਖਮੀ ਹੋ ਗਿਆ ਸੀ। ਉਸ ਦੇ ਢਿੱਡ ਵਿਚ ਇਕ 14 ਸਾਲਾ ਵਿਦਿਆਰਥੀ ਨੇ ਦੋ ਵਾਰ ਕਿਰਪਾਨ ਮਾਰੀ ਸੀ। ਪੁਲਿਸ ਨੇ ਹਮਲਾਵਰ ਵਿਦਿਆਰਥੀ ਉਤੇ ਗੰਭੀਰ ਸਰੀਰਕ ਨੁਕਸਾਨ ਪਹੁੰਚਾਉਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਢਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਭਾਰਤ ਵਿਚ ਕਰੋਨਾ ਵਾਇਰਸ ਤੋਂ ਬਾਅਦ ਹੁਣ 'ਕਾਲੀ ਫੰਗਸ' ਦਾ ਹੱਲਾ



**ਚੰਡੀਗੜ੍ਹ:** ਕਰੋਨਾ ਮਹਾਮਾਰੀ ਨਾਲ ਜੂਝ ਰਹੇ ਭਾਰਤ ਵਿਚ ਹੁਣ ਕਾਲੀ ਫੰਗਸ ਨੇ ਹੱਲਾ ਬੋਲਿਆ ਹੈ। ਹਰਿਆਣਾ ਸਰਕਾਰ ਨੇ ਸੂਬੇ ਵਿਚ ਕਾਲੀ ਫੰਗਸ ਨੂੰ ਨੋਟੀਫਾਈ ਬਿਮਾਰੀ ਐਲਾਨ ਦਿੱਤਾ ਹੈ। ਸਰਕਾਰ ਨੇ ਕਿਹਾ ਕਿ ਹੁਣ ਜੇ ਅਜਿਹੀ ਬਿਮਾਰੀ ਦੇ ਮਰੀਜ਼ ਸਰਕਾਰੀ ਜਾਂ ਨਿੱਜੀ ਹਸਪਤਾਲਾਂ ਵਿਚ ਸਾਹਮਣੇ ਆਉਂਦੇ ਹਨ ਤਾਂ ਡਾਕਟਰਾਂ ਨੂੰ ਸਬੰਧਤ ਚੀਫ ਮੈਡੀਕਲ ਅਫਸਰ (ਸੀ.ਐਮ.ਓ.) ਨੂੰ ਇਸ ਦੀ ਜਾਣਕਾਰੀ ਦੇਣੀ ਹੋਵੇਗੀ। ਮਿਊਕਰ ਮਾਈਕਰੋਸਿਸ ਦੇ ਨਾਮ ਨਾਲ ਜਾਣਿਆ ਜਾਣ ਵਾਲਾ ਕਾਲਾ ਫੰਗਸ ਮਿਊਕਰ ਨਾਮ ਦੇ ਫੰਗਸ ਨਾਲ ਫੈਲਦਾ ਹੈ। ਸਿਹਤ ਮੰਤਰੀ ਪੀ.ਜੀ.ਆਈ.ਐਮ.ਐਸ, ਰੋਹਤਕ ਵਿਚ ਸੂਬੇ ਦੇ ਸੀਨੀਅਰ ਸਿਹਤ ਅਧਿਕਾਰੀਆਂ ਨਾਲ ਕਰੋਨਾ ਵਾਇਰਸ ਦੇ ਮਰੀਜ਼ਾਂ ਦਾ ਇਲਾਜ ਕਰ ਰਹੇ ਸਾਰੇ ਡਾਕਟਰਾਂ ਨਾਲ ਵੀਡੀਓ ਕਾਨਫਰੰਸਿੰਗ ਨਾਲ ਮੀਟਿੰਗ ਕਰਨਗੇ ਅਤੇ ਉਨ੍ਹਾਂ ਨੂੰ ਕਾਲੇ ਫੰਗਸ ਦੇ ਇਲਾਜ ਬਾਰੇ ਦੱਸਣਗੇ।

ਮਹਾਰਾਸ਼ਟਰ 'ਚ ਪਿਛਲੇ ਸਾਲ ਕਰੋਨਾ ਵਾਇਰਸ ਫੈਲਣ ਤੋਂ ਬਾਅਦ ਹੁਣ ਤੱਕ ਦੁਰਲੱਭ ਤੇ ਖਤਰਨਾਕ ਫੰਗਲ ਇਨਫੈਕਸ਼ਨ ਮਿਊਕਰਮਾਈਕੋਸਿਸ ਨਾਲ 52 ਲੋਕਾਂ ਦੀ ਮੌਤ ਹੋ ਚੁੱਕੀ ਹੈ। ਸਿਹਤ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ ਹੈ।

ਮਿਊਕਰਮਾਈਕੋਸਿਸ ਨੂੰ ਬਲੈਕ ਫੰਗਸ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਕਰੋਨਾ ਵਾਇਰਸ ਤੋਂ ਤੰਦਰੁਸਤ ਹੋ ਰਹੇ ਤੇ ਉਭਰ ਚੁੱਕੇ ਕੁਝ ਮਰੀਜ਼ਾਂ 'ਚ ਇਹ ਬਿਮਾਰੀ ਪਾਈ ਗਈ ਹੈ ਜਿਸ ਮਗਰੋਂ ਇਹ ਚਰਚਾ ਦਾ ਵਿਸ਼ਾ ਬਣ ਗਈ ਹੈ। ਇਸ ਬਿਮਾਰੀ ਦੇ ਮਰੀਜ਼ਾਂ 'ਚ ਸਿਰ ਪੀੜ, ਬੁਖਾਰ, ਅੱਖਾਂ 'ਚ ਦਰਦ, ਨੱਕ 'ਚ ਇਨਫੈਕਸ਼ਨ ਤੇ ਨਜ਼ਰ ਘਟਣ ਵਰਗੇ ਲੱਛਣ ਦੇਖੇ ਜਾ ਰਹੇ ਹਨ। ਅਧਿਕਾਰੀ ਨੇ ਦੱਸਿਆ ਕਿ ਪਿਛਲੇ ਸਾਲ ਕਰੋਨਾ ਵਾਇਰਸ ਸ਼ੁਰੂ ਹੋਣ ਤੋਂ ਬਾਅਦ ਹੁਣ ਤੱਕ ਇਸ ਬਿਮਾਰੀ ਕਾਰਨ ਮਹਾਰਾਸ਼ਟਰ 'ਚ 52 ਮੌਤਾਂ ਹੋ ਚੁੱਕੀਆਂ ਹਨ। ਇਨ੍ਹਾਂ 'ਚੋਂ ਸਾਰੇ ਕੋਵਿਡ-19 ਲਾਗ ਤੋਂ ਉੱਭਰ ਗਏ ਸੀ ਪਰ ਬਲੈਕ ਫੰਗਸ ਕਾਰਨ ਇਨ੍ਹਾਂ ਦੀ ਮੌਤ ਹੋ ਗਈ। ਅਧਿਕਾਰੀ ਨੇ ਨਾਮ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਪਹਿਲੀ ਵਾਰ ਰਾਜ ਦੇ ਸਿਹਤ ਵਿਭਾਗ ਨੇ ਬਲੈਕ ਫੰਗਸ ਕਾਰਨ ਮਰਨ ਵਾਲੇ ਲੋਕਾਂ ਦੀ ਸੂਚੀ ਬਣਾਈ ਹੈ। ਮਹਾਰਾਸ਼ਟਰ ਦੇ ਸਿਹਤ ਮੰਤਰੀ ਰਾਜੇਸ਼ ਟੋਪੇ ਨੇ ਕਿਹਾ ਸੀ ਕਿ ਰਾਜ 'ਚ ਕਾਲੀ ਫੰਗਸ ਦੇ 1500 ਮਾਮਲੇ ਹਨ। ਇਸ ਬਿਮਾਰੀ ਦੇ ਮਾਮਲੇ ਵਧਣ ਕਾਰਨ ਰਾਜ ਦੇ ਸਿਹਤ ਸੰਭਾਲ ਢਾਂਚੇ 'ਤੇ ਬੋਝ ਵਧ ਸਕਦਾ ਹੈ ਜੋ ਪਹਿਲਾਂ ਹੀ ਦਬਾਅ 'ਚ ਹੈ।

# ਪੰਜਾਬ ਅੰਦਰ 31 ਮਈ ਤੱਕ ਵਧਾਈਆਂ ਕਰੋਨਾ ਪਾਬੰਦੀਆਂ



**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਵਿਚ ਕਰੋਨਾ ਕੇਸਾਂ ਅਤੇ ਮ੍ਰਿਤਕਾਂ ਦੀ ਗਿਣਤੀ ਵਧਣ ਕਰਕੇ ਲਗਾਈਆਂ ਪਾਬੰਦੀਆਂ ਨੂੰ 31 ਮਈ ਤੱਕ ਜਾਰੀ ਰੱਖਣ ਦਾ ਫੈਸਲਾ ਲਿਆ ਹੈ। ਉਨ੍ਹਾਂ ਨੇ ਬੰਦਿਸ਼ਾਂ ਦਾ ਸਖਤੀ ਨਾਲ ਪਾਲਣ ਕੀਤੇ ਜਾਣ ਦੇ ਆਦੇਸ਼ ਦਿੱਤੇ ਹਨ। ਦੁਕਾਨਾਂ ਨੂੰ ਪੜਾਅਵਾਰ ਖੋਲ੍ਹਣ ਦਾ ਫੈਸਲਾ ਡਿਪਟੀ ਕਮਿਸ਼ਨਰਾਂ ਵੱਲੋਂ ਲਿਆ ਜਾਵੇਗਾ ਜਦਕਿ ਪੇਂਡੂ ਇਲਾਕਿਆਂ ਵਿਚ ਹੋਰ ਪਾਬੰਦੀਆਂ ਲਾਉਣ 'ਤੇ ਜ਼ੋਰ ਦਿੱਤਾ ਗਿਆ।

ਮੁੱਖ ਮੰਤਰੀ ਨੇ ਕਰੋਨਾ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਡਿਪਟੀ ਕਮਿਸ਼ਨਰ ਸਥਾਨਕ ਹਾਲਾਤ ਦੇ ਆਧਾਰ 'ਤੇ ਢੁਕਵੀਆਂ ਸੋਧਾਂ ਕਰ ਸਕਦੇ ਹਨ, ਬਸ਼ਰਤੇ ਇਹ ਸੋਧਾਂ ਸੂਬੇ ਵਿਚ ਸਮੁੱਚੇ ਤੌਰ 'ਤੇ ਲਾਈਆਂ ਪਾਬੰਦੀਆਂ ਨੂੰ ਕਮਜ਼ੋਰ ਨਾ ਕਰਦੀਆਂ ਹੋਣ। ਇਸ ਦੇ ਨਾਲ ਹੀ ਕਰੋਨਾ ਦੀ ਰੋਕਥਾਮ ਲਈ ਕੇਂਦਰੀ ਗ੍ਰਹਿ ਮੰਤਰਾਲੇ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਯਕੀਨੀ ਕੀਤੀ ਜਾਵੇਗੀ। ਕੈਪਟਨ ਨੇ ਕਿਹਾ ਕਿ ਸੂਬੇ ਵਿਚ ਰੋਕਾਂ ਲਾਉਣ ਨਾਲ ਚੰਗੇ ਨਤੀਜੇ ਸਾਹਮਣੇ ਆਏ ਹਨ ਤੇ ਕਰੋਨਾ ਕੇਸਾਂ ਵਿਚ ਕੁਝ ਕਮੀ ਆਈ ਹੈ। 9 ਤੋਂ 15 ਮਈ ਤੱਕ ਦੇ ਸਮੇਂ ਦੌਰਾਨ ਵੱਧ ਪਾਜੇਟਿਵਿਟੀ ਦਰ 13.1 ਫੀਸਦੀ ਅਤੇ ਮ੍ਰਿਤਕ ਦਰ 2.4 ਫੀਸਦੀ ਰਹਿਣ ਕਾਰਨ ਇਹ ਰੋਕਾਂ ਵਧਾਈਆਂ ਗਈਆਂ ਹਨ।

ਮੁੱਖ ਮੰਤਰੀ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਨਿੱਜੀ ਹਸਪਤਾਲਾਂ ਵੱਲੋਂ ਮਰੀਜ਼ਾਂ ਦੀ ਲੁੱਟ ਕਰਨ ਦੀਆਂ ਸ਼ਿਕਾਇਤਾਂ ਦੀ ਜਾਂਚ ਕਰਨ ਦੇ ਹੁਕਮ ਦਿੱਤੇ। ਉਨ੍ਹਾਂ ਕਿਹਾ ਕਿ ਅਜਿਹੇ ਹਸਪਤਾਲਾਂ ਨੂੰ ਬੰਦ ਕਰ ਦਿੱਤਾ ਜਾਵੇਗਾ। ਕਰੋਨਾ ਦਵਾਈਆਂ ਦੀ ਕਾਲਾ ਬਾਜ਼ਾਰੀ ਨੂੰ ਰੋਕਣ ਲਈ ਪੁਲਿਸ ਨੂੰ ਹਦਾਇਤ ਦਿੱਤੀ ਗਈ। ਉਨ੍ਹਾਂ ਨੇ ਡੀ.ਜੀ.ਪੀ. ਦਿਨਕਰ ਗੁਪਤਾ ਨੂੰ ਬੰਦਿਸ਼ਾਂ ਦੀ ਸਖਤੀ ਨਾਲ ਪਾਲਣਾ ਕਰਵਾਉਣ ਦੇ ਨਿਰਦੇਸ਼ ਦਿੱਤੇ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਰੋਨਾ ਦੇ ਨਾਲ ਸਬੰਧਤ ਫੰਗਸ ਦੀ ਨਵੀਂ ਬਿਮਾਰੀ ਫੈਲਣ 'ਤੇ ਵੀ ਚਿੰਤਾ ਜ਼ਾਹਿਰ ਕੀਤੀ। ਉਨ੍ਹਾਂ ਨੇ ਬਿਮਾਰੀ ਲਈ ਨਿਗਰਾਨੀ ਵਧਾਉਣ 'ਤੇ ਜੋਰ ਦਿੱਤਾ, ਜਿਸ ਨਾਲ ਸਮੇਂ ਸਿਰ ਇਲਾਜ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਦਾ ਛੇਤੀ ਇਲਾਜ ਨਾ ਕੀਤਾ ਗਿਆ ਤਾਂ ਇਸ ਦੇ ਗੰਭੀਰ ਨਤੀਜੇ ਨਿਕਲ ਸਕਦੇ ਹਨ। ਡਾ. ਕੇ.ਕੇ. ਤਲਵਾੜ ਨੇ ਫੰਗਸ ਦੇ ਲਾਗ ਨੂੰ ਗੰਭੀਰ ਮੁੱਦਾ ਦੱਸਿਆ।

## ਹਰਿਆਣਾ 'ਚ 24 ਮਈ ਤੱਕ ਲੌਕਡਾਊਨ

ਹਰਿਆਣਾ ਵਿਚ ਕਰੋਨਾ ਵਾਇਰਸ ਦੇ ਵਧਦੇ ਕੇਸਾਂ ਨੂੰ ਵੇਖਦਿਆਂ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਅਤੇ ਗ੍ਰਹਿ ਮੰਤਰੀ ਅਤੇ ਸਿਹਤ ਮੰਤਰੀ ਅਨਿਲ ਵਿਜ ਨੇ 24 ਮਈ ਤੱਕ ਲੌਕਡਾਊਨ ਵਧਾਉਣ ਦਾ ਫੈਸਲਾ ਕੀਤਾ ਹੈ। ਸੂਬੇ ਵਿਚ ਪਹਿਲਾਂ ਲਗਾਈਆਂ ਪਾਬੰਦੀਆਂ ਜਾਰੀ ਰਹਿਣਗੀਆਂ। ਇਸ ਜਾਣਕਾਰੀ ਸਿਹਤ ਮੰਤਰੀ ਅਨਿਲ ਵਿੱਜ ਨੇ ਟਵੀਟ ਕਰ ਕੇ ਦਿੱਤੀ। ਉਨ੍ਹਾਂ ਦੱਸਿਆ ਕਿ ਇਹ ਆਦੇਸ਼ 17 ਮਈ ਸਵੇਰੇ 5 ਵਜੇ ਤੋਂ 25 ਮਈ ਸਵੇਰੇ 5 ਵਜੇ ਤੱਕ ਜਾਰੀ ਰਹਿਣਗੇ। ਸੂਬਾ ਸਰਕਾਰ ਵੱਲੋਂ ਲਗਾਈ ਗਈ ਤਾਲਾਬੰਦੀ ਦੌਰਾਨ ਜ਼ਰੂਰੀ ਵਸਤਾਂ ਦੀਆਂ ਦੁਕਾਨਾਂ ਹੀ ਖੁੱਲ੍ਹ ਸਕਣਗੀਆਂ ਜਦਕਿ ਗੈਰਜ਼ਰੂਰੀ ਵਸਤਾਂ ਦੀਆਂ ਦੁਕਾਨਾਂ ਨੂੰ ਬੰਦ ਰੱਖਿਆ ਜਾਵੇਗਾ। ਸੂਬੇ ਵਿਚ ਲੋਕਾਂ ਲਈ ਆਵਾਜਾਈ ਵੀ ਬੰਦ ਰਹੇਗੀ।

# ਗਰੀਬ ਕੋਵਿਡ ਮਰੀਜ਼ਾਂ ਦੀ ਮਦਦ ਕਰੇਗੀ ਪੰਜਾਬ ਸਰਕਾਰ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕੋਵਿਡ-19 ਕੇਸਾਂ ਦੀ ਵਧਦੀ ਗਿਣਤੀ ਦਰਮਿਆਨ ਕੌਮਾਂਤਰੀ ਪੱਧਰ 'ਤੇ ਕਰੋਨਾ ਵੈਕਸੀਨ ਖਰੀਦਣ, ਕਰੋਨਾ ਪੀੜਤ ਗਰੀਬ ਮਰੀਜ਼ਾਂ ਨੂੰ ਪੱਕਿਆ ਪਕਾਇਆ ਖਾਣਾ ਮੁਫਤ ਵਿਚ ਮੁਹੱਈਆ ਕਰਵਾਉਣ ਤੇ ਸਾਰੇ ਪੰਜੀਕ੍ਰਿਤ ਉਸਾਰੀ ਕਾਮਿਆਂ ਨੂੰ ਤਿੰਨ-ਤਿੰਨ ਹਜ਼ਾਰ ਰੁਪਏ ਭੱਤਾ ਗੁਜਾਰਾ ਭੱਤਾ ਦੇਣ ਸਮੇਤ ਹੋਰ ਕਈ ਅਹਿਮ ਫੈਸਲੇ ਕੀਤੇ ਹਨ। ਇਹ ਸਾਰੇ ਫੈਸਲੇ ਇਥੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਹੋਈ ਕੈਬਨਿਟ ਮੀਟਿੰਗ 'ਚ ਲਏ ਗਏ ਹਨ। ਮੁੱਖ ਮੰਤਰੀ ਨੇ ਕਿਹਾ ਕਿ ਗਰੀਬ ਤੇ ਕਮਜ਼ੋਰ ਵਰਗਾਂ ਨਾਲ ਸਬੰਧਤ ਕੋਵਿਡ ਮਰੀਜ਼ ਹੈਲਪਲਾਈਨ ਨੰਬਰਾਂ 181 ਤੇ 112 'ਤੇ ਫੋਨ ਕਰਕੇ ਪੱਕਿਆ ਪਕਾਇਆ ਖਾਣਾ ਆਪਣੇ ਘਰਾਂ ਵਿਚ ਹੀ ਮੰਗਵਾ ਸਕਣਗੇ। ਪੰਜਾਬ ਦਾ ਪੁਲਿਸ ਵਿਭਾਗ ਇਸ ਕੰਮ ਵਿਚ ਪੂਰੀ ਮਦਦ ਕਰੇਗਾ। ਮੁੱਖ ਮੰਤਰੀ ਨੇ ਕਿਹਾ ਕਿ ਉਹ ਪੰਜਾਬ ਵਿਚ ਕਿਸੇ ਨੂੰ ਵੀ ਭੁੱਖਾ ਨਹੀਂ ਸੌਣ ਦੇਣਗੇ। ਸੂਬੇ ਦੇ ਪੁਲਿਸ ਮੁਖੀ ਦਿਨਕਰ ਗੁਪਤਾ ਨੇ ਕਿਹਾ ਕਿ ਵਿਭਾਗ ਵੱਲੋਂ ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਲੰਗਰ ਤਿਆਰ ਕਰਨ ਵਾਲੇ ਲੋਕਾਂ ਤੇ ਡਲਿਵਰੀ ਏਜੰਟਾਂ ਨਾਲ ਸੰਪਰਕ ਸਾਧਿਆ ਜਾ ਰਿਹਾ ਹੈ।

ਵਜ਼ਾਰਤੀ ਮੀਟਿੰਗ ਵਿਚ ਕਰੋਨਾ ਤੋਂ ਬਚਾਅ ਲਈ ਸੂਬੇ ਵਿਚ ਵੈਕਸੀਨ ਦੀ ਢੁਕਵੀਂ ਕੀਮਤ 'ਤੇ ਖਰੀਦ ਕਰਨ ਲਈ ਕੌਮਾਂਤਰੀ ਪੱਧਰ 'ਤੇ 'ਕੋਵੈਕਸ' ਸੰਸਥਾਨ ਨਾਲ ਜੁੜਨ ਦਾ ਫੈਸਲਾ ਕੀਤਾ ਗਿਆ ਹੈ। ਇਹ ਫੈਸਲਾ ਲੈਣ ਵਾਲਾ ਪੰਜਾਬ ਪਹਿਲਾ ਸੂਬਾ ਬਣ ਗਿਆ ਹੈ। ਹੋਰਨਾਂ ਵਜ਼ਾਰਤੀ ਫੈਸਲਿਆਂ ਵਿਚ 152.56 ਕਰੋੜ ਰੁਪਏ ਦੀ ਲਾਗਤ ਨਾਲ ਹਸਪਤਾਲ ਨਾਲ ਜੁੜਿਆ ਸਾਜੋ ਸਮਾਨ ਤੇ ਖਪਤਯੋਗ ਵਸਤਾਂ ਖਰੀਦਣਾ ਵੀ ਸ਼ਾਮਲ ਹੈ। ਮੰਤਰੀ ਮੰਡਲ ਨੇ ਜੇਲ੍ਹ ਨੇਮਾਵਲੀ ਨੂੰ ਤਬਦੀਲ ਕਰਨ ਦੀ ਪ੍ਰਵਾਨਗੀ ਦਿੰਦਿਆਂ ਸੁਰੱਖਿਆ ਦੇ ਨਵੇਂ ਮਾਪਦੰਡ ਅਤੇ ਭਲਾਈ ਦੇ ਉਪਾਅ ਪੇਸ਼ ਕੀਤੇ। ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਲਏ ਗਏ ਫੈਸਲੇ ਮੁਤਾਬਕ ਉਦਯੋਗਿਕ ਕਾਮਿਆਂ ਲਈ 'ਕੋਵੈਕਸਿਨ' ਖਰੀਦਣ ਦੇ ਫੈਸਲੇ ਨੂੰ ਵੀ ਮਨਜ਼ੂਰੀ ਦਿੱਤੀ ਗਈ। ਉਂਜ ਇਨ੍ਹਾਂ ਕਾਮਿਆਂ ਦੇ ਟੀਕਾਕਰਨ ਦਾ ਖਰਚਾ ਚੁੱਕਣ ਲਈ ਉਦਯੋਗ ਜਗਤ ਨੇ ਹਾਮੀ ਭਰੀ ਹੈ। ਸੂਬਾ ਸਰਕਾਰ ਨੇ ਅਜੇ ਤੱਕ 18-44 ਉਮਰ ਵਰਗ ਲਈ ਸਿਰਫ ਕੋਵੀਸ਼ੀਲਡ ਟੀਕੇ ਦਾ ਹੀ ਆਰਡਰ ਦਿੱਤਾ ਹੈ, ਪਰ ਮੌਜੂਦਾ ਫੈਸਲੇ ਨਾਲ 'ਕੋਵੈਕਸਿਨ' ਦੇ ਆਰਡਰ ਦੇਣ ਦਾ ਰਾਹ ਵੀ ਪੱਧਰਾ ਹੋ ਗਿਆ ਹੈ।

## ਕਰੋਨਾ ਪੀੜਤ ਪਰਿਵਾਰਾਂ ਨੂੰ ਦੋ ਲੱਖ ਮੁਆਵਜ਼ਾ ਦੇਵੇ ਸਰਕਾਰ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਰਕਾਰ ਤੋਂ ਕਰੋਨਾ ਪੀੜਤ ਪਰਿਵਾਰਾਂ ਨੂੰ ਦੋ ਲੱਖ ਰੁਪਏ ਮੁਆਵਜ਼ਾ, ਕਰੋਨਾ ਕਰਕੇ ਅਨਾਥ ਹੋਇਆਂ ਨੂੰ ਛੇ ਹਜ਼ਾਰ ਰੁਪਏ ਮਹੀਨਾ ਪੈਨਸ਼ਨ ਅਤੇ ਬੀ.ਪੀ.ਐਲ. ਪਰਿਵਾਰਾਂ ਨੂੰ ਛੇ ਮਹੀਨੇ ਲਈ ਛੇ ਹਜ਼ਾਰ ਰੁਪਏ ਮਹੀਨਾ ਮਦਦ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਕਰੋਨਾ ਮਹਾਮਾਰੀ ਕਰਕੇ ਸੂਬੇ ਦੇ ਹਾਲਾਤ ਵਿਗੜਦੇ ਜਾ ਰਹੇ ਹਨ ਤੇ ਸੂਬਾ ਸਰਕਾਰ ਵੱਲੋਂ ਕਰੋਨਾ ਦੀ ਰੋਕਥਾਮ ਲਈ ਕੋਈ ਪੁਖਤਾ ਪ੍ਰਬੰਧ ਨਹੀਂ ਕੀਤਾ ਜਾ ਰਿਹਾ। ਸੁਖਬੀਰ ਨੇ ਕਿਹਾ ਕਿ ਮੁੱਖ ਮੰਤਰੀ ਨਿੱਜੀ ਹਸਪਤਾਲਾਂ ਹੱਥੋਂ ਲੁੱਟ ਦਾ ਸ਼ਿਕਾਰ ਹੋਏ ਲੋਕਾਂ ਨੂੰ ਰਾਹਤ ਦੇਣ ਵਿਚ ਨਾਕਾਮ ਰਹੇ ਹਨ। ਇਸੇ ਤਰ੍ਹਾਂ ਜੀਵਨ ਰੱਖਿਅਕ ਦਵਾਈਆਂ ਅਤੇ ਟੀਕਿਆਂ ਦੇ ਮਾਮਲੇ ਵਿੱਚ ਖੁੱਲ੍ਹੀ ਲੁੱਟ ਮੱਚੀ ਹੋਈ ਹੈ।

# ਕਰੋਨਾ: ਦੂਜੀ ਲਹਿਰ ਦੌਰਾਨ ਪੰਜਾਬ ਵਿਚ ਵੱਧ ਮੌਤਾਂ ਹੋਈਆਂ

**ਚੰਡੀਗੜ੍ਹ:** ਪੰਜਾਬ ਵਿਚ ਕਰੋਨਾ ਲਾਗ ਕਾਰਨ ਹੋਈਆਂ ਕੁੱਲ ਮੌਤਾਂ ਵਿਚੋਂ 40 ਫੀਸਦੀ ਮੌਤਾਂ ਲੰਘੇ 44 ਦਿਨਾਂ 'ਚ ਹੋਈਆਂ ਹਨ, ਜਿਸ ਤੋਂ ਪਤਾ ਲੱਗਦਾ ਹੈ ਕਿ ਕਰੋਨਾ ਲਾਗ ਦੀ ਦੂਜੀ ਲਹਿਰ ਕਿੰਨੀ ਖਤਰਨਾਕ ਹੈ। ਪੰਜਾਬ ਵਿਚ 31 ਮਾਰਚ ਤੱਕ ਕਰੋਨਾ ਲਾਗ ਕਾਰਨ 6,868 ਲੋਕਾਂ ਦੀ ਜਾਨ ਗਈ ਸੀ।

ਸੂਬੇ ਦੇ ਸਿਹਤ ਵਿਭਾਗ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਪਹਿਲੀ ਅਪਰੈਲ ਤੋਂ ਲੈ ਕੇ 14 ਮਈ ਤੱਕ 4,609 ਹੋਰ ਲੋਕਾਂ ਦੇ ਕਰੋਨਾ ਦੀ ਭੇਟ ਚੜ੍ਹਨ ਕਾਰਨ ਮੌਤਾਂ ਦੀ ਗਿਣਤੀ 11,477 ਹੋ ਗਈ। ਸਿਹਤ ਅਧਿਕਾਰੀਆਂ ਵੱਲੋਂ ਪਹਿਲਾਂ ਇਹ ਵੀ ਕਿਹਾ ਗਿਆ ਸੀ ਕਿ ਮੌਤਾਂ 'ਚ ਵਾਧੇ ਦਾ ਮੁੱਖ ਕਾਰਨ ਗੰਭੀਰ ਲੱਛਣਾਂ ਅਤੇ ਬਿਮਾਰੀਆਂ ਵਾਲੇ ਮਰੀਜ਼ਾਂ ਵੱਲੋਂ ਇਲਾਜ ਲਈ ਹਸਪਤਾਲ ਜਾਣ 'ਚ ਦੇਰੀ ਕਰਨਾ ਹੈ।

ਅੰਕੜਿਆਂ ਮੁਤਾਬਕ ਸੂਬੇ 'ਚ ਉਕਤ ਸਮੇਂ ਪਹਿਲੀ ਅਪਰੈਲ ਤੋਂ 14 ਮਈ ਤੱਕ ਸਭ ਤੋਂ ਵੱਧ 538 ਮੌਤਾਂ ਲੁਧਿਆਣਾ ਜਿਲ੍ਹੇ ਵਿਚ ਦਰਜ ਕੀਤੀਆਂ ਗਈਆਂ। ਜਦਕਿ ਇਸ ਮਗਰੋਂ ਜਿਲ੍ਹਾ ਅੰਮ੍ਰਿਤਸਰ 'ਚ 515, ਜਿਲ੍ਹਾ ਪਟਿਆਲਾ 'ਚ 396, ਜਿਲ੍ਹਾ ਬਠਿੰਡਾ 'ਚ 349, ਮੁਹਾਲੀ 307 ਅਤੇ ਜਿਲ੍ਹਾ ਜਲੰਧਰ 'ਚ 301 ਮੌਤਾਂ ਦਰਜ ਕੀਤੀਆਂ ਗਈਆਂ।

ਅਧਿਕਾਰੀਆਂ ਮੁਤਾਬਕ ਸੂਬੇ 'ਚ ਲੰਘੇ 44 ਦਿਨਾਂ 'ਚ ਕਰੋਨਾ ਲਾਗ ਦੇ 2,44,250 ਨਵੇਂ ਕੇਸ ਦਰਜ ਕੀਤੇ ਗਏ। ਸੂਬੇ 'ਚ 31 ਮਾਰਚ ਤੱਕ ਕਰੋਨਾ ਕੇਸਾਂ ਦੀ ਗਿਣਤੀ 2,39,734 ਸੀ ਜੋ ਕਿ ਪਹਿਲੀ ਅਪਰੈਲ ਤੋਂ 14 ਮਈ ਤੱਕ ਆਏ 2,44,250 ਨਵੇਂ ਕੇਸਾਂ ਕਾਰਨ ਵਧ ਕੇ 4,83,984 ਹੋ ਗਈ।

## *ਮੁੱਖ ਮੰਤਰੀ ਨੇ ਤਾਂ ਪਿੰਡਾਂ ਨੂੰ ਲਾਵਾਰਸ ਹੀ ਛੱਡ ਦਿੱਤਾ: ਭਗਵੰਤ ਮਾਨ*

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਦੇ ਪਿੰਡ ਕਰੋਨਾ ਨਾਲ ਜੂਝ ਰਹੇ ਹਨ ਪਰ ਮੁੱਖ ਮੰਤਰੀ ਨੇ ਅਜਿਹੇ ਸਮੇਂ ਪਿੰਡਾਂ ਨੂੰ ਲਾਵਾਰਿਸ ਛੱਡ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਸੰਬੋਧਨ 'ਚ ਪੰਜਾਬ ਦੇ ਪਿੰਡਾਂ ਦੇ ਲੋਕਾਂ ਨੂੰ ਠੀਕਰੀ ਪਹਿਰੇ ਲਾਉਣ ਅਤੇ ਕਰੋਨਾ ਪੀੜਤਾਂ ਨੂੰ ਪਿੰਡ 'ਚ ਨਾ ਆਉਣ ਦੇਣ ਦਾ ਫਰਮਾਨ ਜਾਰੀ ਕਰ ਦਿੱਤਾ ਹੈ। ਮੁੱਖ ਮੰਤਰੀ ਦਾ ਅਜਿਹਾ ਫਰਮਾਨ ਸਿੱਧ ਕਰਦਾ ਹੈ ਕਿ ਕੈਪਟਨ ਨੂੰ ਪਿੰਡਾਂ ਦੇ ਲੋਕਾਂ ਦੀ ਕੋਈ ਚਿੰਤਾ ਨਹੀਂ ਹੈ।

# ਸ਼ਹੀਦ ਭਗਤ ਸਿੰਘ ਦੇ ਭਤੀਜੇ ਦੀ ਕਰੋਨਾ ਨਾਲ ਮੌਤ

**ਮੁਹਾਲੀ:** ਕਰੋਨਾ ਮਹਾਮਾਰੀ ਤੋਂ ਪੀੜਤ ਸ਼ਹੀਦ ਭਗਤ ਸਿੰਘ ਦੇ ਭਤੀਜੇ ਅਭੈ ਸਿੰਘ ਸੰਧੂ ਦੀ ਮੌਤ ਹੋ ਗਈ। ਉਹ ਇਥੋਂ ਦੇ ਫੋਰਟਿਸ ਹਸਪਤਾਲ ਵਿਚ ਜੇਰੇ ਇਲਾਜ ਸਨ। ਸ੍ਰੀ ਅਭੈ ਸੰਧੂ ਵਿਸ਼ਵ ਪੱਧਰ 'ਤੇ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਫੈਲਾਉਣ ਲਈ ਲਗਾਤਾਰ ਸਖਤ ਮਿਹਨਤ ਕਰ ਰਹੇ ਸਨ। ਉਹ ਕਿਸਾਨ ਅੰਦੋਲਨ ਨਾਲ ਵੀ ਜੁੜੇ ਹੋਏ ਸਨ। ਸਿਹਤ ਤੇ ਪਰਿਵਾਰ ਭਲਾਈ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਅਭੈ ਸਿੰਘ ਸੰਧੂ ਦੀ ਬੇਵਕਤੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਉਨ੍ਹਾਂ ਆਪਣੇ ਸ਼ੋਕ ਸੰਦੇਸ਼ ਵਿਚ ਅਭੈ ਸੰਧੂ ਦੀ ਇਕ ਸਮਾਜ ਸੇਵੀ ਵਜੋਂ ਬੇਮਿਸਾਲ ਭੂਮਿਕਾ ਨੂੰ ਯਾਦ ਕੀਤਾ। ਸ੍ਰੀ ਸਿੱਧੂ ਨੇ ਦੁਖੀ ਪਰਿਵਾਰ, ਰਿਸ਼ਤੇਦਾਰਾਂ ਅਤੇ ਮਿੱਤਰਾਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਅਕਾਲ ਪੁਰਖ ਅੱਗੇ ਦੁਖ ਦੀ ਘੜੀ ਵਿਚ ਇਹ ਕਦੇ ਨਾ ਪੂਰਾ ਹੋਣ ਵਾਲੇ ਘਾਟੇ ਨੂੰ ਸਹਿਣ ਕਰਨ ਲਈ ਬਲ ਅਤੇ ਵਿੱਛੜੀ ਰੂਹ ਨੂੰ ਸ਼ਾਂਤੀ ਬਖ਼ਸ਼ਣ ਦੀ ਅਰਦਾਸ ਕੀਤੀ। ਜ਼ਿਕਰਯੋਗ ਹੈ ਕਿ ਅਭੈ ਸਿੰਘ ਸੰਧੂ ਸ੍ਰੀ ਕੁਲਬੀਰ ਸਿੰਘ ਦੇ ਪੁੱਤਰ ਸਨ ਜੋ ਸ਼ਹੀਦ ਭਗਤ ਸਿੰਘ ਦੇ ਛੋਟੇ ਭਰਾ ਸਨ। ਇਸ ਦੌਰਾਨ ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਪ੍ਰਗਤੀਸ਼ੀਲ ਲੇਖਕ ਸਭਾ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਕਿਸਾਨਾਂ ਵੱਲੋਂ ਕੈਪਟਨ ਸਰਕਾਰ ਖਿਲਾਫ ਅੰਦੋਲਨ ਦੀ ਚਿਤਾਵਨੀ



**ਚੰਡੀਗੜ੍ਹ:** ਪੰਜਾਬ ਵਿਚ ਖੇਤੀ ਕਾਨੂੰਨਾਂ ਦੀ ਵਾਪਸੀ ਲਈ ਸਾਢੇ ਸੱਤ ਮਹੀਨਿਆਂ ਤੋਂ ਸੰਘਰਸ਼ ਕਰ ਰਹੀਆਂ ਕਿਸਾਨ ਜਥੇਬੰਦੀਆਂ ਨੇ ਸੰਘਰਸ਼ੀ ਅਖਾੜਿਆਂ ਤੋਂ ਸੂਬੇ ਦੀ ਕਿਸਾਨੀ ਸਿਰ ਚੜ੍ਹੇ ਕਰਜ਼ੇ ਦਾ ਮੁੱਦਾ ਉਭਾਰਦਿਆਂ ਸਿਆਸੀ ਧਿਰਾਂ 'ਤੇ ਕਰਜ਼ਾ ਮੁਆਫੀ ਲਈ ਦਬਾਅ ਬਣਾਉਣ ਦਾ ਐਲਾਨ ਕੀਤਾ ਹੈ। ਉਧਰ, ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਨੇ ਪੰਜਾਬ ਸਰਕਾਰ ਵੱਲੋਂ ਗੰਨੇ ਦਾ ਭਾਅ ਨਾ ਵਧਾਉਣ ਦੀ ਨਿਖੇਧੀ ਕਰਦਿਆਂ ਸਰਕਾਰ ਵਿਰੁੱਧ ਅੰਦੋਲਨ ਸ਼ੁਰੂ ਕਰਨ ਦੀ ਚਿਤਾਵਨੀ ਦਿੱਤੀ ਹੈ।

ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਲ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨੀ ਮਸਲਿਆਂ ਪ੍ਰਤੀ ਸੁਹਿਰਦ ਹੋਵੇ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 2017 ਦੀਆਂ ਵਿਧਾਨ ਸਭਾ ਚੋਣਾਂ ਦੇ ਵਾਅਦਿਆਂ ਮੁਤਾਬਕ ਸਾਰੇ ਕਿਸਾਨਾਂ ਨੂੰ ਕਰਜ਼ਾ ਮੁਕਤ ਕਰਨ। ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਸਾਰੇ ਕਿਸਾਨਾਂ ਦਾ ਕਰਜ਼ ਮੁਆਫ ਕਰਨ ਦੀ ਥਾਂ ਹਰ ਸਾਲ ਥੋੜ੍ਹੇ-ਥੋੜ੍ਹੇ ਕਿਸਾਨਾਂ ਦਾ ਕਰਜ਼ ਮੁਆਫ ਕੀਤਾ ਜਾ ਰਿਹਾ ਹੈ, ਜਿਸ ਕਾਰਨ ਹਜ਼ਾਰਾਂ ਕਿਸਾਨਾਂ ਦਾ ਕਰਜ਼ਾ ਅਜੇ ਤੱਕ ਮੁਆਫ ਨਹੀਂ ਹੋਇਆ। ਵੱਡੀ ਗਿਣਤੀ ਕਿਸਾਨ ਕਰਜ਼ਾ ਮੁਆਫੀ ਦਾ ਇੰਤਜ਼ਾਰ ਕਰ ਰਹੇ ਹਨ ਤੇ ਕਾਫ਼ੀ ਕਿਸਾਨ ਕਰਜ਼ੇ ਦੇ ਬੋਝ ਨੂੰ ਸਹਿਣ ਨਾ ਕਰਦਿਆਂ ਖੁਦਕੁਸ਼ੀ ਦੇ ਰਾਹ ਪੈ ਰਹੇ ਹਨ।

ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਨੇ ਪੰਜਾਬ ਸਰਕਾਰ ਵੱਲੋਂ ਗੰਨੇ ਦਾ ਭਾਅ ਨਾ ਵਧਾਉਣ ਦੀ ਨਿਖੇਧੀ ਕੀਤੀ ਹੈ। ਜਗਜੀਵ ਸਿੰਘ ਚੌਹਾਨ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਤੋਂ ਬਾਅਦ ਜਾਰੀ ਬਿਆਨ ਰਾਹੀਂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਗੁਆਂਢੀ ਸੂਬੇ ਹਰਿਆਣਾ ਵਿਚ ਗੰਨੇ ਦਾ ਭਾਅ 358 ਰੁਪਏ ਪ੍ਰਤੀ ਕੁਇੰਟਲ ਹੋ ਗਿਆ ਹੈ ਜਦ ਕਿ ਪੰਜਾਬ ਵਿਚ ਪਿਛਲੇ ਪੰਜ ਸਾਲਾਂ ਤੋਂ ਇਸ ਦੀ ਕੀਮਤ 310 ਰੁਪਏ ਹੀ ਹੈ। ਇਸ ਦੌਰਾਨ ਉਨ੍ਹਾਂ ਗੰਨੇ ਦੇ ਭਾਅ ਵਿਚ ਵਾਧਾ ਕਰਨ ਅਤੇ ਸਹਿਕਾਰੀ ਖੰਡ ਮਿੱਲਾਂ ਵੱਲ ਬਕਾਇਆ ਰਹਿੰਦੇ 350 ਕਰੋੜ ਤੇ ਨਿੱਜੀ ਮਿੱਲਾਂ ਵੱਲ ਬਕਾਇਆ ਰਹਿੰਦੇ 250 ਕਰੋੜ ਦੀ ਅਦਾਇਗੀ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਜੇ ਉਨ੍ਹਾਂ ਦੀਆਂ ਇਹ ਮੰਗਾਂ ਦੀ ਪੂਰਤੀ ਨਹੀਂ ਹੁੰਦੀ ਤਾਂ ਪੰਜਾਬ ਵਿਚ ਅੰਦੋਲਨ ਸ਼ੁਰੂ ਕੀਤਾ ਜਾਵੇਗਾ। ਰਾਜੇਵਾਲ ਨੇ ਦੱਸਿਆ ਕਿ 26 ਮਈ ਨੂੰ ਦਿੱਲੀ ਦੀਆਂ ਬਰੂੰਹਾਂ 'ਤੇ ਸੰਘਰਸ਼ ਸ਼ੁਰੂ ਹੋਇਆਂ ਨੂੰ ਛੇ ਮਹੀਨੇ ਹੋ ਜਾਣਗੇ, ਇਸ ਲਈ 26 ਮਈ ਨੂੰ ਕਾਲੇ ਦਿਵਸ ਵਜੋਂ ਮਨਾਇਆ ਜਾਵੇਗਾ। ਉਸ ਦਿਨ ਪੰਜਾਬ ਵਿਚ ਹਰ ਘਰ, ਦੁਕਾਨ, ਟਰੈਕਟਰ, ਕਾਰਾਂ, ਬੱਸਾਂ, ਟਰੱਕਾਂ ਆਦਿ 'ਤੇ ਕਾਲੇ ਝੰਡੇ ਲਾਏ ਜਾਣਗੇ। ਉਨ੍ਹਾਂ ਦੱਸਿਆ ਕਿ ਖੇਤੀ ਕਾਨੂੰਨ ਰੱਦ ਕਰਵਾਉਣ ਲਈ ਮਿਸ਼ਨ ਯੂਪੀ ਅਤੇ ਉਤਰਾਖੰਡ ਤਿਆਰ ਕੀਤਾ ਜਾ ਰਿਹਾ ਹੈ। ਇਸ ਵਿਚ ਸਾਰੇ ਦੇਸ਼ ਦੀਆਂ ਕਿਸਾਨ ਜਥੇਬੰਦੀਆਂ ਸ਼ਾਮਲ ਹੋਣਗੀਆਂ। ਇਸ ਮਿਸ਼ਨ ਤਹਿਤ ਅੰਦੋਲਨ ਕਰ ਰਹੀਆਂ ਜਥੇਬੰਦੀਆਂ ਸਾਰੇ ਰਾਜਾਂ ਵਿਚ ਇਸੇ ਤਰ੍ਹਾਂ ਦੇ ਜਾਗਰੂਕਤਾ ਪ੍ਰੋਗਰਾਮ ਕਰਨਗੀਆਂ। ਯੁਧਵੀਰ ਸਿੰਘ ਟਿਕੈਤ ਇਸ ਦੀ ਰੂਪਰੇਖਾ ਤਿਆਰ ਕਰਨਗੇ।

ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਨਾਲਾਇਕੀਆਂ ਕਰੋਨਾ ਦੇ ਫੈਲਾਅ ਲਈ ਜ਼ਿੰਮੇਵਾਰ ਹਨ। ਸਰਕਾਰਾਂ ਆਮ ਲੋਕਾਂ ਨੂੰ ਲੋੜੀਦੀਆਂ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਵਿਚ ਅਸਫਲ ਰਹੀਆਂ ਹਨ। ਬੁਲਾਰਿਆਂ ਨੇ ਕਿਹਾ ਕਿ ਕਰੋਨਾ ਦੇ ਬਹਾਨੇ ਲੋਕਾਂ ਵਿਚ ਦਹਿਸ਼ਤ ਫੈਲਾਈ ਜਾ ਰਹੀ ਹੈ। ਕਰੋਨਾ ਪ੍ਰਬੰਧਨ ਨੇ ਸਰਕਾਰਾਂ ਦੇ ਲੋਕ ਵਿਰੋਧੀ ਚਿਹਰੇ ਨੂੰ ਨੰਗਾ ਕਰ ਦਿੱਤਾ ਹੈ। ਕੇਂਦਰ ਸਰਕਾਰ ਨੇ ਜੋ ਵੈਂਟੀਲੇਟਰ ਸਪਲਾਈ ਕੀਤੇ, ਉਨ੍ਹਾਂ ਵਿੱਚੋਂ ਬਹੁਗਿਣਤੀ ਖਰਾਬ ਨਿਕਲੇ। ਪੰਜਾਬ ਸਰਕਾਰ ਨੇ ਇਹ ਜ਼ਿੰਦਗੀ ਬਚਾਊ ਮਸ਼ੀਨਾਂ ਸਾਲ ਭਰ ਡੱਬਿਆਂ ਵਿਚੋਂ ਹੀ ਨਹੀਂ ਕੱਢੀਆਂ।

ਕਿਸਾਨ ਆਗੂਆਂ ਨੇ ਕਿਹਾ ਕਿ ਸਰਕਾਰਾਂ ਨੂੰ ਲੋਕਾਂ ਦੀ ਜ਼ਿੰਦਗੀ ਨਾਲ ਕੋਈ ਸਰੋਕਾਰ ਨਹੀਂ ਹੈ। ਸਾਨੂੰ ਆਪਣੀ ਰਾਖੀ ਆਪ ਕਰਨੀ ਪੈਣੀ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਸਰਕਾਰ ਨੂੰ ਇਹ ਕਾਲੇ ਕਾਨੂੰਨ ਰੱਦ ਕਰਨੇ ਹੀ ਪੈਣਗੇ।

## ਕੇਂਦਰ ਨੂੰ ਕਿਸਾਨੀ ਸੰਘਰਸ਼ ਅੱਗੇ ਝੁਕਣਾ ਪਵੇਗਾ: ਨੌਦੀਪ

**ਪਟਿਆਲਾ:** ਮਜ਼ਦੂਰ ਅਧਿਕਾਰ ਸੰਗਠਨ ਦੀ ਆਗੂ ਨੌਦੀਪ ਕੌਰ ਵੱਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਡਾ. ਅੰਬੇਡਕਰ ਕਰਮਚਾਰੀ ਮਹਾਸੰਘ ਦੇ ਸੂਬਾ ਪ੍ਰਧਾਨ ਡਾ. ਜਤਿੰਦਰ ਸਿੰਘ ਮੱਟੂ ਨਾਲ ਮੀਟਿੰਗ ਕੀਤੀ ਗਈ। ਇਸ ਦੌਰਾਨ ਨੌਦੀਪ ਨੇ ਕਿਹਾ ਕਿ ਕਿਸਾਨ ਅੰਦੋਲਨ ਇਸ ਵੇਲੇ ਸਿਖਰਾਂ 'ਤੇ ਹੈ। ਕੇਂਦਰ ਸਰਕਾਰ ਨੂੰ ਲੋਕਾਂ ਦੇ ਰੋਹ ਅੱਗੇ ਅਖੀਰ ਝੁਕਣਾ ਹੀ ਪਵੇਗਾ। ਇਸ ਦੌਰਾਨ ਨੌਦੀਪ ਨੇ ਕਿਹਾ ਕਿ ਹੁਣ ਮਜ਼ਦੂਰਾਂ ਨੂੰ ਵੀ ਆਪਣੀਆਂ ਮੰਗਾਂ ਲਈ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ, ਤਾਂ ਹੀ ਉਨ੍ਹਾਂ ਦੀ ਮੁਕਤੀ ਦਾ ਕੋਈ ਰਾਹ ਖੁੱਲ੍ਹ ਸਕਦਾ ਹੈ। ਉਨ੍ਹਾਂ ਕਿਹਾ ਕਿ ਅਜੇ ਵੀ ਸਮਾਜ ਵਿਚ ਅਮੀਰ ਤੇ ਗਰੀਬ ਦਾ ਬਹੁਤ ਵੱਡਾ ਪਾੜਾ ਹੈ। ਜਦੋਂ ਤੱਕ ਇਹ ਪਾੜਾ ਖਤਮ ਨਹੀਂ ਹੁੰਦਾ ਉਦੋਂ ਤੱਕ ਵਿਤਕਰੇਬਾਜ਼ੀ ਵੀ ਖਤਮ ਨਹੀਂ ਹੋਵੇਗੀ। ਇਸ ਮੌਕੇ ਕਿਸਾਨ ਅੰਦੋਲਨ ਵਿਚ ਨਿਭਾਈ ਗਈ ਭੂਮਿਕਾ ਲਈ ਨੌਦੀਪ ਕੌਰ ਦਾ ਸਨਮਾਨ ਕੀਤਾ ਗਿਆ।

# ਕਿਸਾਨ ਮੋਰਚੇ ਵੱਲੋਂ ਸੰਘਰਸ਼ ਤਿੱਖਾ ਕਰਨ ਦੀ ਰਣਨੀਤੀ



**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਨੇ ਐਲਾਨ ਕੀਤਾ ਕਿ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ ਦਿੱਲੀ ਦੇ ਬਾਰਡਰਾਂ 'ਤੇ ਕੀਤੇ ਜਾ ਰਹੇ ਸੰਘਰਸ਼ ਦੇ ਛੇ ਮਹੀਨੇ ਪੂਰੇ ਹੋਣ 'ਤੇ 26 ਮਈ ਨੂੰ 'ਕਾਲਾ ਦਿਵਸ' ਮਨਾਇਆ ਜਾਵੇਗਾ। ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਖੇਤੀ ਕਾਨੂੰਨਾਂ ਖ਼ਿਲਾਫ ਰੋਸ ਵਜੋਂ 26 ਮਈ ਨੂੰ ਆਪਣੇ ਘਰਾਂ, ਵਾਹਨਾਂ ਤੇ ਦੁਕਾਨਾਂ 'ਤੇ ਕਾਲੇ ਝੰਡੇ ਲਾਉਣ। ਉਨ੍ਹਾਂ ਕਿਹਾ,'26 ਮਈ ਨੂੰ ਸਾਡੇ ਸੰਘਰਸ਼ ਨੂੰ ਛੇ ਮਹੀਨੇ ਪੂਰੇ ਹੋ ਜਾਣਗੇ ਅਤੇ ਇਸੇ ਦਿਨ ਪ੍ਰਧਾਨ ਮੰਤਰੀ ਮੋਦੀ ਵੱਲੋਂ ਸਰਕਾਰ ਬਣਾਇਆਂ ਸੱਤ ਸਾਲ ਪੂਰੇ ਹੋ ਜਾਣਗੇ। ਅਸੀਂ ਇਸ ਦਿਨ ਨੂੰ 'ਕਾਲੇ ਦਿਵਸ' ਵਜੋਂ ਮਨਾਵਾਂਗੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ 26 ਮਈ ਨੂੰ 'ਕਾਲਾ ਦਿਵਸ' ਵਜੋਂ ਮਨਾਉਣ 'ਚ ਸਾਥ ਦੇਣ। ਉਨ੍ਹਾਂ ਕਿਹਾ,'ਅਸੀਂ ਮੁਲਕ ਦੇ ਲੋਕਾਂ ਤੇ ਪੰਜਾਬ ਵਾਸੀਆਂ ਨੂੰ ਅਪੀਲ ਕਰਦੇ ਹਾਂ ਕਿ ਉਹ ਇਸ ਦਿਨ ਆਪਣੇ ਘਰਾਂ, ਦੁਕਾਨਾਂ, ਟਰੱਕਾਂ ਤੇ ਹੋਰ ਵਾਹਨਾਂ 'ਤੇ ਕਾਲੇ ਝੰਡੇ ਲਾਉਣ। ਅਸੀਂ ਮੁਜ਼ਾਹਰੇ ਦੇ ਹਿੱਸੇ ਵਜੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੁਤਲੇ ਵੀ ਫੂਕਾਂਗੇ।'

ਦੱਸਣਯੋਗ ਹੈ ਕਿ 26 ਨਵੰਬਰ ਨੂੰ ਵੱਡੀ ਗਿਣਤੀ ਵਿਚ ਕਿਸਾਨ ਖੇਤੀ ਕਾਨੂੰਨਾਂ ਖ਼ਿਲਾਫ 'ਦਿੱਲੀ ਚੱਲੋ' ਮੁਹਿੰਮ ਤਹਿਤ ਜਲ ਤੋਪਾਂ ਤੇ ਪੁਲਿਸ ਰੋਕਾਂ ਨੂੰ ਪਾਰ ਕਰਦਿਆਂ ਦਿੱਲੀ ਦੇ ਬਾਰਡਰਾਂ 'ਤੇ ਪੁੱਜੇ ਸਨ। ਇਸ ਮਗਰੋਂ ਮੁਲਕ ਭਰ 'ਚੋਂ ਹਜ਼ਾਰਾਂ ਕਿਸਾਨ ਟਿਕਰੀ, ਸਿੰਘੂ ਅਤੇ ਗਾਜ਼ੀਪੁਰ ਬਾਰਡਰ 'ਤੇ ਕਿਸਾਨੀ ਸੰਘਰਸ਼ ਵਿਚ ਹਿੱਸਾ ਲੈਂਦੇ ਰਹੇ ਹਨ।

ਸ੍ਰੀ ਰਾਜੇਵਾਲ ਨੇ ਕਿਹਾ ਕਿ ਸਰਕਾਰ ਨੇ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਦੀ ਉਨ੍ਹਾਂ ਦੀ ਮੰਗ ਨਹੀਂ ਸੁਣੀ ਹੈ ਤੇ ਖਾਦਾਂ, ਡੀਜ਼ਲ ਤੇ ਪੈਟਰੋਲ ਦੀਆਂ ਵਧਦੀਆਂ ਕੀਮਤਾਂ ਨਾਲ ਖੇਤੀਬਾੜੀ ਕਰਨਾ ਸੰਭਵ ਨਹੀਂ ਹੈ। ਦੱਸਣਯੋਗ ਹੈ ਕਿ ਹਜ਼ਾਰਾਂ ਕਿਸਾਨ ਨਵੰਬਰ 2020 ਤੋਂ ਤਿੰਨ ਖੇਤੀ ਕਾਨੂੰਨ ਵਾਪਸ ਕਰਵਾਉਣ ਦੀ ਮੰਗ ਲਈ ਦਿੱਲੀ ਦੇ ਬਾਰਡਰਾਂ 'ਤੇ ਸੰਘਰਸ਼ ਕਰ ਰਹੇ ਹਨ। ਹਾਲਾਂਕਿ ਮੁਜ਼ਾਹਰਾਕਾਰੀਆਂ ਨਾਲ ਕਈ ਵਾਰ ਗੱਲਬਾਤ ਕਰ ਚੁੱਕੀ ਸਰਕਾਰ ਦਾ ਦਾਅਵਾ ਹੈ ਕਿ ਇਹ ਕਾਨੂੰਨ ਕਿਸਾਨ-ਪੱਖੀ ਹਨ।

## ਹਰਿਆਣਾ ਸਰਕਾਰ ਮੰਗਾਂ ਮੰਨਣ ਲਈ ਕੇਂਦਰ 'ਤੇ ਦਬਾਅ ਪਾਵੇ: ਹੁੱਡਾ

**ਚੰਡੀਗੜ੍ਹ:** ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਹਰਿਆਣਾ ਸਰਕਾਰ ਨੂੰ ਤਿੰਨ ਨਵੇਂ ਖੇਤੀ ਕਾਨੂੰਨਾਂ ਖ਼ਿਲਾਫ ਦਿੱਲੀ ਦੀਆਂ ਹੱਦਾਂ 'ਤੇ ਮੁਜ਼ਾਹਰੇ ਕਰ ਰਹੇ ਕਿਸਾਨਾਂ ਦੀਆਂ ਮੰਗਾਂ ਮੰਨਣ ਲਈ ਕੇਂਦਰ ਸਰਕਾਰ 'ਤੇ ਦਬਾਅ ਬਣਾਉਣ ਲਈ ਆਖਿਆ ਹੈ। ਸ੍ਰੀ ਹੁੱਡਾ ਨੇ ਕਿਸਾਨਾਂ ਦੀਆਂ ਮੰਗਾਂ ਨੂੰ ਜਾਇਜ਼ ਕਰਾਰ ਦਿੰਦਿਆਂ ਕਿਹਾ, 'ਮੁਜ਼ਾਹਰਾਕਾਰੀਆਂ ਵਿਚ ਹਜ਼ਾਰਾਂ ਕਿਸਾਨ ਹਰਿਆਣਾ ਦੇ ਹਨ ਅਤੇ ਇਸ ਲਈ ਹਰਿਆਣਾ ਸਰਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਕਿਸਾਨਾਂ ਦੀਆਂ ਮੰਗਾਂ ਦੀ ਹਮਾਇਤ 'ਚ ਕੇਂਦਰ ਸਰਕਾਰ 'ਤੇ ਦਬਾਅ ਬਣਾਵੇ।'

# ਕਿਸਾਨ ਯੂਨੀਅਨ ਵੱਲੋਂ ਕੌਮੀ ਮਹਿਲਾ ਕਮਿਸ਼ਨ ਦੀ ਮੁਖੀ ਨੂੰ ਤਿੱਖੇ ਸਵਾਲ

**ਨਵੀਂ ਦਿੱਲੀ:** ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਵੱਲੋਂ ਕੌਮੀ ਮਹਿਲਾ ਕਮਿਸ਼ਨ ਦੀ ਮੁਖੀ ਰੇਖਾ ਸ਼ਰਮਾ ਨੂੰ ਦੇਸ਼ 'ਚ ਔਰਤਾਂ ਖ਼ਿਲਾਫ ਵਾਪਰੀਆਂ ਘਟਨਾਵਾਂ ਬਾਰੇ ਤਿੱਖੇ ਸਵਾਲ ਕੀਤੇ ਗਏ। ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਸ਼ਹੀਦ ਸੁਖਦੇਵ ਦੇ ਜਨਮ ਦਿਹਾੜੇ ਦੀ ਮੁਬਾਰਕਬਾਦ ਦਿੰਦਿਆਂ ਮਹਿਲਾ ਕਮਿਸ਼ਨ ਵੱਲੋਂ ਭੇਜੇ ਹੋਏ ਨੋਟਿਸ ਸਬੰਧੀ ਕਿਹਾ ਕਿ ਚੰਗਾ ਹੋਇਆ ਕਿ ਮਹਿਲਾ ਕਮਿਸ਼ਨ ਦੀ ਮੁਖੀ ਨੂੰ ਸਾਡੀਆਂ ਮਾਵਾਂ ਭੈਣਾਂ ਦੀ ਯਾਦ ਆਈ ਹੈ।

ਉਨ੍ਹਾਂ ਮਹਿਲਾ ਕਮਿਸ਼ਨ ਦੀ ਪ੍ਰਧਾਨ ਨੂੰ ਭੈਣ ਆਖਦਿਆਂ ਕਿਹਾ ਕਿ ਉਨ੍ਹਾਂ ਨੂੰ ਨਿਰਭਯਾ ਕਾਂਡ, ਹਾਥਰਸ ਕਾਂਡ ਤੇ ਉਨਾਓ ਕਾਂਡ ਵਰਗੀਆਂ ਦਿਲ ਕੰਬਾਊ ਘਟਨਾਵਾਂ ਬਾਰੇ ਜਾਣਕਾਰੀ ਕਿਉਂ ਨਹੀਂ ਹੈ? ਉਨ੍ਹਾਂ ਕਿਹਾ, 'ਪੰਜਾਬ ਦੇ ਫਰੀਦਕੋਟ ਵਿਚ ਸ਼ਰੁਤੀ ਅਗਵਾ ਕਾਂਡ ਤੇ ਮੁਕਤਸਰ ਜ਼ਿਲ੍ਹੇ ਅੰਦਰ ਗੰਧੜ ਕਾਂਡ ਵਾਪਰਿਆ, ਪਰ ਮਹਿਲਾ ਕਮਿਸ਼ਨ ਦੀ ਮੁਖੀ ਨੂੰ ਕੋਈ ਖ਼ਿਆਲ ਨਹੀਂ ਆਇਆ। ਮੌਜੂਦਾ ਘੋਲ ਦੌਰਾਨ ਸਿੰਘੂ ਬਾਰਡਰ 'ਤੇ ਨੌਦੀਪ ਨਾਮ ਦੀ ਲੜਕੀ ਉੱਤੇ ਪੁਲਿਸ ਵੱਲੋਂ ਅੰਨ੍ਹਾ ਤਸ਼ੱਦਦ ਕੀਤਾ ਗਿਆ। ਸਾਡੀ ਭੈਣ ਨੂੰ ਸੰਘਰਸ਼ ਕਰ ਰਹੀਆਂ ਮਾਵਾਂ ਭੈਣਾਂ ਚੇਤੇ ਤਾਂ ਆਈਆਂ, ਭਾਵੇਂ ਸਾਢੇ ਪੰਜ ਮਹੀਨੇ ਬਾਅਦ ਹੀ ਸਹੀ।' ਇਸ ਮੌਕੇ ਸੂਬਾ ਕਮੇਟੀ ਵੱਲੋਂ ਡਾ. ਦਵਿੰਦਰ ਧੌਲੇ ਦਾ 'ਮਾਈ ਭਾਗੋ ਦੀਆਂ ਵਾਰਸਾਂ' ਸਬੰਧੀ ਗੀਤ ਦਾ ਪੋਸਟਰ ਰਿਲੀਜ਼ ਕੀਤਾ ਗਿਆ।

# ਕੇਰਲ 'ਚ ਸਮੇਂ ਤੋਂ ਪਹਿਲਾਂ ਪਹੁੰਚ ਸਕਦਾ ਹੈ ਮੌਨਸੂਨ

**ਨਵੀਂ ਦਿੱਲੀ:** ਕੇਰਲਾ 'ਚ ਦੱਖਣੀ-ਪੱਛਮੀ ਮੌਨਸੂਨ ਸਮੇਂ ਤੋਂ ਪਹਿਲਾਂ 31 ਮਈ ਨੂੰ ਪਹੁੰਚ ਸਕਦਾ ਹੈ। ਆਮ ਤੌਰ 'ਤੇ ਰਾਜ 'ਚ ਮੌਨਸੂਨ ਇਕ ਜੂਨ ਨੂੰ ਆਉਂਦਾ ਹੈ। ਭਾਰਤੀ ਮੌਸਮ ਵਿਗਿਆਨ ਵਿਭਾਗ ਨੇ ਇਹ ਜਾਣਕਾਰੀ ਦਿੱਤੀ।

ਮੌਸਮ ਵਿਭਾਗ ਨੇ ਦੱਸਿਆ ਕਿ ਇਸ ਸਾਲ ਦੱਖਣ-ਪੱਛਮੀ ਮੌਨਸੂਨ ਕੇਰਲ 'ਚ 31 ਮਈ ਨੂੰ ਪਹੁੰਚ ਸਕਦਾ ਹੈ। ਭਾਰਤੀ ਮੌਨਸੂਨ ਖੇਤਰ 'ਚ ਮੌਨਸੂਨ ਦੇ ਮੀਂਹ ਦੀ ਸ਼ੁਰੂਆਤ ਦੱਖਣੀ ਅੰਡੇਮਾਨ ਸਾਗਰ ਤੋਂ ਹੁੰਦੀ ਹੈ ਅਤੇ ਉਸ ਤੋਂ ਬਾਅਦ ਮੌਨਸੂਨੀ ਹਵਾਵਾਂ ਉੱਤਰ-ਪੱਛਮੀ ਦਿਸ਼ਾ 'ਚ ਬੰਗਾਲ ਦੀ ਖਾੜੀ ਵੱਲ ਵੱਧਦੀਆਂ ਹਨ। ਮੌਨਸੂਨ ਦੀਆਂ ਨਵੀਆਂ ਤਰੀਕਾਂ ਅਨੁਸਾਰ ਦੱਖਣ-ਪੱਛਮੀ ਮੌਨਸੂਨ 22 ਮਈ ਦੇ ਨੇੜੇ ਅੰਡੇਮਾਨ ਸਾਗਰ ਪਹੁੰਚੇਗਾ। ਵਿਭਾਗ ਨੇ ਇਸ ਸਾਲ ਮੌਨਸੂਨ ਆਮ ਵਰਗਾ ਰਹਿਣ ਦਾ ਅਨੁਮਾਨ ਜ਼ਾਹਿਰ ਕੀਤਾ ਹੈ।

# ਜਥੇਬੰਦੀਆਂ ਵੱਲੋਂ ਮੋਦੀ ਸਰਕਾਰ ਦੀ 'ਕਿਸਾਨ ਨਿਧੀ ਯੋਜਨਾ' ਡਰਾਮਾ ਕਰਾਰ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕਿਸਾਨਾਂ ਦੇ ਬੈਂਕ ਖਾਤਿਆਂ ਵਿਚ 'ਕਿਸਾਨ ਨਿਧੀ ਯੋਜਨਾ' ਦੇ ਪੈਸੇ ਪਾਉਣ ਨੂੰ ਕਿਸਾਨ ਆਗੂਆਂ ਨੇ ਡਰਾਮਾ ਕਰਾਰ ਦਿੱਤਾ ਹੈ। ਸੰਯੁਕਤ ਕਿਸਾਨ ਮੋਰਚੇ 'ਚ ਸ਼ਾਮਲ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਦੇ ਪੱਕੇ ਧਰਨੇ ਪੂਰੇ ਉਤਸ਼ਾਹ ਅਤੇ ਜੋਸ਼ ਨਾਲ ਜਾਰੀ ਰਹੇ। ਇਸ ਦੌਰਾਨ ਪ੍ਰਧਾਨ ਮੰਤਰੀ ਵੱਲੋਂ ਕਿਸਾਨਾਂ ਦੇ ਬੈਂਕ ਖਾਤਿਆਂ ਵਿਚ ਦੋ ਹਜ਼ਾਰ ਰੁਪਏ ਪਾਉਣ ਦੀ ਅਸਲੀਅਤ ਦਾ ਮੁੱਦਾ ਚਰਚਾ ਦਾ ਵਿਸ਼ਾ ਰਿਹਾ। ਬੁਲਾਰਿਆਂ ਨੇ ਕਿਹਾ ਕਿ 'ਕਿਸਾਨ ਨਿਧੀ ਸਕੀਮ' ਅਸਲ ਵਿਚ ਕਿਸਾਨਾਂ ਦਾ ਧਿਆਨ ਅਸਲੀ ਮੁੱਦਿਆਂ ਤੋਂ ਭਟਕਾਉਣ ਤੋਂ ਵੱਧ ਹੋਰ ਕੁਝ ਵੀ ਨਹੀਂ ਹੈ। ਇਸ ਦੋ ਹਜ਼ਾਰ ਰੁਪਏ ਦੀ ਰਕਮ ਨੂੰ ਪਿਛਲੇ ਸਾਲਾਂ ਦੌਰਾਨ ਡੀਜ਼ਲ, ਖਾਦਾਂ, ਕੀੜੇਮਾਰ ਦਵਾਈਆਂ, ਬੀਜਾਂ ਤੇ ਹੋਰ ਖੇਤੀ ਲਾਗਤਾਂ ਵਿਚ ਹੋਏ ਅਥਾਹ ਵਾਧੇ ਨਾਲ ਮੇਲ ਕੇ ਦੇਖਣ ਦੀ ਜ਼ਰੂਰਤ ਹੈ। ਲਾਗਤਾਂ ਵਿਚ ਹੋਏ ਇਸ ਅਥਾਹ ਵਾਧੇ ਦੇ ਮੁਕਾਬਲੇ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਵਿਚ ਬਿਲਕੁਲ ਨਾਂਮਾਤਰ ਵਾਧਾ ਕੀਤਾ ਗਿਆ ਹੈ। ਡੀਜ਼ਲ ਦੀ ਕੀਮਤ 100 ਰੁਪਏ ਪ੍ਰਤੀ ਲਿਟਰ ਨੂੰ ਛੂਹ ਰਹੀ ਹੈ। ਖਾਦਾਂ ਦੀਆਂ ਕੀਮਤਾਂ ਵਿਚ ਪਿਛਲੇ ਦਿਨੀਂ ਡੇਢ ਗੁਣਾਂ ਤੱਕ ਵਾਧਾ ਕਰ ਦਿੱਤਾ ਹੈ। ਖੇਤੀ ਲਾਗਤਾਂ ਵਿਚ ਇੰਨੇ ਵੱਡੇ ਵਾਧੇ ਦੇ ਮੁਕਾਬਲੇ ਆਉਂਦੇ ਸੀਜ਼ਨ ਲਈ ਝੋਨੇ ਦੀ ਐਮ.ਐਸ.ਪੀ. ਵਿਚ ਮਹਿਜ਼ 72 ਰੁਪਏ ਦਾ ਵਾਧਾ ਕੀਤਾ ਹੈ, ਜੋ ਇਕੱਲੇ ਡੀਜ਼ਲ ਦੀ ਕੀਮਤ ਵਿਚ ਹੋਏ ਵਾਧੇ ਦੀ ਵੀ ਪੂਰਤੀ ਨਹੀਂ ਕਰਦਾ।

ਬੁਲਾਰਿਆਂ ਨੇ ਕਿਹਾ ਕਿ ਜੇ ਪ੍ਰਧਾਨ ਮੰਤਰੀ ਕਿਸਾਨਾਂ ਦਾ ਭਲਾ ਕਰਨਾ ਚਾਹੁੰਦੇ ਹਨ ਤਾਂ ਇਹ ਖੇਤੀ ਕਾਨੂੰਨ ਰੱਦ ਕਿਉਂ ਨਹੀਂ ਕਰਦੇ। ਅਸਲ ਵਿਚ ਦੋ ਹਜ਼ਾਰ ਰੁਪਏ ਦੇਣਾ ਖੇਤੀ ਕਾਨੂੰਨਾਂ ਵਿਰੁੱਧ



ਉਠੇ ਲੋਕ ਰੋਹ ਨੂੰ ਮੱਠਾ ਕਰਨ ਦਾ ਇਕ ਫਰੇਬ ਹੈ। ਇਸ ਦੌਰਾਨ ਖੇਤੀ ਕਾਨੂੰਨ, ਬਿਜਲੀ ਸੋਧ ਬਿੱਲ-2020 ਅਤੇ ਪਰਾਲੀ ਆਰਡੀਨੈਂਸ ਰੱਦ ਕਰਵਾਉਣ ਲਈ ਕਿਸਾਨਾਂ ਵੱਲੋਂ ਸੰਘਰਸ਼ ਵਿਚ ਸ਼ਮੂਲੀਅਤ ਲਗਾਤਾਰ ਜਾਰੀ ਹੈ। ਨਵਾਂਸ਼ਹਿਰ, ਬਠਿੰਡਾ, ਗੁਰਦਾਸਪੁਰ ਅਤੇ ਮੋਗਾ ਸਮੇਤ ਹੋਰ ਜ਼ਿਲ੍ਹਿਆਂ ਤੋਂ ਕਿਸਾਨਾਂ ਦੇ ਦਰਜਨਾਂ ਜਥੇ ਦਿੱਲੀ ਸੰਘਰਸ਼ ਵਿਚ ਹਿੱਸਾ ਲੈਣ ਲਈ ਰਵਾਨਾ ਹੋਏ।

## ਖੱਟਰ ਵੱਲੋਂ ਕਿਸਾਨ ਅੰਦੋਲਨ ਮੁਅੱਤਲ ਕਰਨ ਦੀ ਅਪੀਲ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਰੋਨਾ ਕਾਰਨ ਨਿਘਰ ਰਹੇ ਹਾਲਾਤ ਦੇ ਮੱਦੇਨਜ਼ਰ ਖੇਤੀ ਕਾਨੂੰਨਾਂ ਖ਼ਿਲਾਫ ਜਾਰੀ ਅੰਦੋਲਨ ਨੂੰ ਮੁਅੱਤਲ ਕਰਨ ਲਈ ਕਿਸਾਨ ਆਗੂਆਂ ਨੂੰ ਅਪੀਲ ਕੀਤੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਧਰਨੇ ਵਾਲੀਆਂ ਥਾਵਾਂ ਤੋਂ ਆਉਣ ਜਾਣ ਕਾਰਨ ਪਿੰਡਾਂ 'ਚ ਕਰੋਨਾ ਦਾ ਫੈਲਾਅ ਹੋ ਰਿਹਾ ਹੈ। ਖੱਟਰ ਨੇ ਕਿਹਾ ਕਿ ਕਿਸਾਨ ਜਦੋਂ ਚਾਹੁਣ ਅੰਦੋਲਨ ਸ਼ੁਰੂ ਕਰ ਸਕਦੇ ਹਨ, ਪਰ ਹਾਲ ਦੀ ਘੜੀ ਇਸ ਨੂੰ ਰੋਕ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਧਰਨਾ ਸਥਾਨਾਂ ਉੱਤੇ ਲੋਕਾਂ ਦੀ ਨਿਯਮਿਤ ਆਵਾਜਾਈ ਕਾਰਨ ਬਹੁਤ ਸਾਰੇ ਪਿੰਡ ਕਰੋਨਾ ਦੇ ਹੌਟਸਪਾਟ ਵਜੋਂ ਉਭਰੇ ਹਨ। ਕਿਸਾਨ ਕੇਵਲ ਸਿੰਘੂ ਤੇ ਟਿਕਰੀ ਸਰਹੱਦਾਂ 'ਤੇ ਹੀ ਨਹੀਂ ਬਲਕਿ ਹਰਿਆਣਾ ਦੀਆਂ ਕਈ ਥਾਵਾਂ 'ਤੇ ਵੀ ਬੈਠੇ ਹਨ। ਉਨ੍ਹਾਂ ਕਿਹਾ ਕਿ ਕਿਸਾਨ ਆਗੂਆਂ ਨੂੰ ਮੌਜੂਦਾ ਹਾਲਾਤ ਨੂੰ ਸਮਝਣਾ ਚਾਹੀਦਾ ਹੈ, ਕਿਸਾਨਾਂ ਨੂੰ ਟੈਸਟ ਕਰਵਾਉਣ ਲਈ ਅੱਗੇ ਆਉਣਾ ਚਾਹੀਦਾ ਹੈ ਤਾਂ ਜੋ ਪਾਜੀਟਿਵ ਪਾਏ ਜਾਣ 'ਤੇ ਇਲਾਜ ਕਰਵਾ ਸਕਣ।

# ਕੈਪਟਨ ਖਿਲਾਫ ਬੋਲਣ ਵਾਲੇ ਸਿੱਧੂ ਉਤੇ ਵਿਜੀਲੈਂਸ ਦੇ ਸ਼ਿਕੰਜੇ ਦੀ ਤਿਆਰੀ

**ਮੁਹਾਲੀ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸਾਬਕਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਇਕ ਦੂਜੇ ਖਿਲਾਫ ਕੀਤੀਆਂ ਜਾ ਰਹੀਆਂ ਟਿੱਪਣੀਆਂ ਤੋਂ ਬਾਅਦ ਜਿਥੇ ਸਿਆਸੀ ਮਾਹੌਲ ਭਖ ਗਿਆ ਹੈ, ਉਥੇ ਸਰਕਾਰ ਦਾ ਇਸ਼ਾਰਾ ਮਿਲਦੇ ਹੀ ਵਿਜੀਲੈਂਸ ਅਧਿਕਾਰੀਆਂ ਨੇ ਨਵਜੋਤ ਸਿੱਧੂ ਨੂੰ ਕਥਿਤ ਤੌਰ 'ਤੇ ਡੱਕਣ ਲਈ ਦਫਤਰੀ ਫਾਈਲਾਂ ਤੋਂ ਮਿੱਟੀ ਝਾੜਨੀ ਸ਼ੁਰੂ ਕਰ ਦਿੱਤੀ ਹੈ। ਇਥੋਂ ਦੇ ਸੈਕਟਰ-68 ਸਥਿਤ ਪੰਜਾਬ ਵਿਜੀਲੈਂਸ ਬਿਊਰੋ ਦੇ ਮੁੱਖ ਦਫਤਰ ਵਿਚ ਵਿਜੀਲੈਂਸ ਬਿਊਰੋ ਅੰਮ੍ਰਿਤਸਰ ਦੇ ਐਸ.ਐਸ.ਪੀ. ਪਰਮਪਾਲ ਸਿੰਘ ਵੱਲੋਂ ਸੀਨੀਅਰ ਅਧਿਕਾਰੀਆਂ ਨਾਲ ਗੱਲਬਾਤ ਕਰਨ ਤੋਂ ਬਾਅਦ ਕੁਝ ਪੁਰਾਣੀਆਂ ਫਾਈਲਾਂ ਦੀ ਫਰੋਲਾ-ਫਰੋਲੀ ਕੀਤੀ ਗਈ। ਵਿਜੀਲੈਂਸ ਨੇ ਕੁਝ ਅਹਿਮ ਫਾਈਲਾਂ ਅਤੇ ਦਸਤਾਵੇਜ਼ ਕਬਜ਼ੇ ਵਿਚ ਲੈ ਕੇ ਅੰਦਰਖਾਤੇ ਪੜਤਾਲ ਸ਼ੁਰੂ ਕਰ ਦਿੱਤੀ ਹੈ। ਇਸ ਗੱਲ ਦੀ ਪੁਸ਼ਟੀ ਵਿਜੀਲੈਂਸ ਦੇ ਇਕ ਉਚ ਅਧਿਕਾਰੀ ਨੇ ਕੀਤੀ ਹੈ।



ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਨਵਜੋਤ ਸਿੱਧੂ 'ਤੇ ਕਾਨੂੰਨੀ ਸ਼ਿਕੰਜਾ ਕੱਸਣ ਲਈ ਸਭ ਤੋਂ ਪਹਿਲਾਂ ਉਸ ਦੇ ਕੁਝ ਕਰੀਬੀਆਂ 'ਤੇ ਕਾਰਵਾਈ ਕੀਤੀ ਜਾ ਸਕਦੀ ਹੈ। ਸਿੱਧੂ ਦੇ ਸਾਬਕਾ ਓ.ਐਸ.ਡੀ. ਅਤੇ ਇਕ ਨਿੱਜੀ ਸਹਾਇਕ ਖਿਲਾਫ ਕਾਰਵਾਈ ਹੋਣ ਦੇ ਸੰਕੇਤ ਮਿਲੇ ਹਨ। ਇਨ੍ਹਾਂ ਦੋਹਾਂ ਕਰਮਚਾਰੀਆਂ 'ਤੇ ਸਥਾਨਕ ਸਰਕਾਰਾਂ ਵਿਭਾਗ ਨਾਲ ਸਬੰਧਤ ਵਿਕਾਸ ਪ੍ਰੋਜੈਕਟਾਂ, ਜ਼ਮੀਨ ਅਲਾਟਮੈਂਟ ਸਮੇਤ ਬਿੱਲਾਂ ਦੇ ਭੁਗਤਾਨ ਆਦਿ ਕੰਮ ਸਿੱਧੂ ਨੂੰ ਭਰੋਸੇ ਵਿਚ ਲੈ ਕੇ ਕਰਵਾਉਣ ਦੇ ਦੋਸ਼ ਲੱਗੇ ਹਨ। ਇਹ ਵੀ ਕਿਹਾ ਜਾ ਰਿਹਾ ਹੈ ਕਿ ਸਿੱਧੂ ਦੇ ਕੈਬਨਿਟ ਮੰਤਰੀ ਹੁੰਦਿਆਂ ਅਜਿਹੇ ਕਈ ਕਥਿਤ ਘੁਟਾਲੇ ਸਿਆਸੀ ਦਬਾਅ ਕਾਰਨ ਦੱਬੇ ਜਾਂਦੇ ਰਹੇ ਹਨ ਅਤੇ ਹੁਣ ਜਦੋਂ ਸਿੱਧੂ ਅਤੇ ਮੁੱਖ ਮੰਤਰੀ ਸਿਆਸੀ ਤੌਰ 'ਤੇ ਇਕ ਦੂਜੇ ਖਿਲਾਫ ਸਾਹਮਣੇ ਆ ਗਏ ਹਨ ਤਾਂ ਅਜਿਹੇ ਸਮੇਂ ਸਿੱਧੂ ਦੀਆਂ ਮੁੱਖ ਮੰਤਰੀ ਵਿਰੋਧੀ ਗਤੀਵਿਧੀਆਂ ਨੂੰ ਰੋਕਣ ਲਈ ਕਾਨੂੰਨੀ ਪੈਂਤੜਾ ਖੇਡਿਆ ਜਾ ਰਿਹਾ ਹੈ। ਪਹਿਲਾਂ ਵੀ ਜਦੋਂ ਕਿਸੇ ਵੱਡੇ ਸਿਆਸਤਦਾਨ ਖਿਲਾਫ ਕੋਈ ਵਿਅਕਤੀ ਸੱਚ ਬੋਲਣ ਦੀ ਹਿੰਮਤ ਕਰਦਾ ਹੈ ਤਾਂ ਉਸ ਦੀ ਆਵਾਜ਼ ਦਬਾਉਣ ਲਈ ਹੁਕਮਰਾਨਾਂ ਵੱਲੋਂ ਵਿਜੀਲੈਂਸ, ਸੀ.ਬੀ.ਆਈ. ਅਤੇ ਐਨ.ਆਈ.ਏ. ਨੂੰ ਆਪਣੇ ਬਚਾਅ ਲਈ ਹਥਿਆਰ ਵਜੋਂ ਵਰਤਿਆ ਜਾਂਦਾ ਰਿਹਾ ਹੈ। ਜਾਣਕਾਰੀ ਅਨੁਸਾਰ ਸੱਤਾਧਾਰੀ ਦਲ ਨੇ ਮਾਈਨਿੰਗ, ਗੁੰਡਾ ਪਰਚੀ, ਨਕਲੀ ਸ਼ਰਾਬ, ਟਰਾਂਸਪੋਰਟ, ਸ਼ਹਿਰੀ ਜਾਇਦਾਦ ਅਤੇ ਸਰਕਾਰੀ ਠੇਕਿਆਂ ਨਾਲ ਸਬੰਧਤ ਰਹੇ ਕੁਝ ਮੰਤਰੀਆਂ ਅਤੇ ਵਿਧਾਇਕਾਂ ਸਮੇਤ ਸੀਨੀਅਰ ਆਗੂਆਂ ਦੀਆਂ ਫਾਈਲਾਂ ਵੀ ਤਿਆਰ ਕਰ ਕੇ ਰੱਖੀਆਂ ਹੋਈਆਂ ਹਨ ਤਾਂ ਜੋ ਉਨ੍ਹਾਂ ਵੱਲੋਂ ਬਗਾਵਤ ਕਰਨ 'ਤੇ ਅਜਿਹੀ ਕਾਰਵਾਈ ਕੀਤੀ ਜਾ ਸਕੇ।

### ਪੰਜਾਬ ਕਾਂਗਰਸ ਦਾ ਕਾਟੋ ਕਲੇਸ਼ ਪੁੱਜਾ ਹਾਈਕਮਾਨ ਕੋਲ

**ਚੰਡੀਗੜ੍ਹ:** ਪੰਜਾਬ ਕਾਂਗਰਸ 'ਚ ਕੋਟਕਪੂਰਾ ਗੋਲੀਕਾਂਡ ਦੀ ਜਾਂਚ ਅਤੇ ਬਾਦਲ ਪ੍ਰਤੀ ਸਰਕਾਰ ਦੀ ਨਰਮੀ ਦੇ ਦੋਸ਼ਾਂ ਨੂੰ ਲੈ ਕੇ ਉਠਿਆ ਵਿਰੋਧ ਪਾਰਟੀ ਹਾਈਕਮਾਨ ਤੱਕ ਪੁੱਜ ਗਿਆ ਹੈ ਅਤੇ ਪਾਰਟੀ ਸੂਤਰਾਂ ਅਨੁਸਾਰ ਮਸਲੇ ਦੀ ਗੰਭੀਰਤਾ ਨੂੰ ਭਾਂਪਦਿਆਂ ਹਾਈਕਮਾਨ ਵੱਲੋਂ ਕਿਹਾ ਗਿਆ ਹੈ ਕਿ ਰਾਹੁਲ ਗਾਂਧੀ ਕੁਝ ਦਿਨਾਂ ਤੱਕ ਖੁਦ ਦੋਵਾਂ ਧਿਰਾਂ ਦੇ ਵਿਚਾਰ ਸੁਣਨਗੇ। ਰਾਹੁਲ ਗਾਂਧੀ ਜੋ ਕਰੋਨਾ ਪਾਜੀਟਿਵ ਹੋਣ ਕਾਰਨ ਇਕਾਂਤਵਾਸ 'ਚ ਸਨ, ਹੁਣ ਕਰੋਨਾ ਨੈਗੇਟਿਵ ਤਾਂ ਹੋ ਗਏ ਹਨ ਪਰ ਡਾਕਟਰਾਂ ਨੇ ਉਨ੍ਹਾਂ ਨੂੰ ਕੁਝ ਦਿਨ ਹੋਰ ਆਰਾਮ ਦੀ ਸਲਾਹ ਦਿੱਤੀ ਹੈ। ਸੂਚਨਾ ਅਨੁਸਾਰ ਪਾਰਟੀ ਹਾਈਕਮਾਨ ਦੇ ਦਖਲ ਕਾਰਨ ਹੀ ਨਾਰਾਜ਼ ਧੜੇ ਵਲੋਂ ਕਿਸੇ ਤਰ੍ਹਾਂ ਦੀ ਬਿਆਨਬਾਜ਼ੀ ਤੋਂ ਵੀ ਗੁਰੇਜ਼ ਕੀਤਾ ਜਾ ਰਿਹਾ ਹੈ, ਹਾਲਾਂਕਿ ਇਸ ਧੜੇ ਵੱਲੋਂ ਮੀਟਿੰਗਾਂ ਤੇ ਸਰਗਰਮੀਆਂ ਜਾਰੀ ਹਨ। ਦੂਜੇ ਪਾਸੇ ਮੁੱਖ ਮੰਤਰੀ ਦੀ ਟੀਮ ਵੱਲੋਂ ਵੀ ਨਾਰਾਜ਼ ਵਿਧਾਇਕਾਂ ਤੱਕ ਪਹੁੰਚ ਕੀਤੀ ਜਾ ਰਹੀ ਹੈ।

## ਕੱਚੇ ਮੁਲਾਜ਼ਮਾਂ ਨੇ ਸਰਕਾਰ ਨੂੰ ਵਾਅਦੇ ਯਾਦ ਕਰਵਾਏ

**ਪਟਿਆਲਾ:** ਪੰਜਾਬ ਭਰ 'ਚੋਂ ਵੱਡੀ ਗਿਣਤੀ ਸਿੱਖਿਆ ਪ੍ਰੋਵਾਈਡਰ, ਈ.ਜੀ.ਐਸ. ਤੇ ਆਈ.ਈ.ਵੀ. ਕੱਚੇ ਮੁਲਾਜ਼ਮਾਂ ਨੇ ਨਹਿਰੂ ਪਾਰਕ 'ਚ ਰੋਸ ਇਕੱਤਰਤਾ ਕਰਨ ਮਗਰੋਂ ਸੇਵਾਵਾਂ ਨਿਯਮਿਤ ਕਰਨ ਤੇ ਹੋਰ ਮੰਗਾਂ ਮਨਵਾਉਣ ਲਈ ਨਿਊ ਮੋਤੀ ਬਾਗ ਪੈਲੇਸ ਵੱਲ ਰੋਸ ਮਾਰਚ ਕੀਤਾ। ਪੁਲਿਸ ਨੇ ਪ੍ਰਦਰਸ਼ਨਕਾਰੀਆਂ ਨੂੰ ਵਾਈ.ਪੀ.ਐਸ.ਚੌਕ ਕੋਲ ਬੈਰੀਕੇਡਿੰਗ ਕਰ ਕੇ ਅੱਗੇ ਵਧਣ ਤੋਂ ਰੋਕ ਦਿੱਤਾ। ਇਸ ਕਾਰਨ ਕੱਚੇ ਮੁਲਾਜ਼ਮਾਂ ਨੇ ਵਾਈ.ਪੀ.ਐਸ.ਚੌਕ 'ਚ ਹੀ ਧਰਨਾ ਲਾ ਦਿੱਤਾ। ਪੰਜਾਬ ਭਰ 'ਚੋਂ ਵਹੀਰਾਂ ਘੱਤ ਕੇ ਪੁੱਜੇ ਕੱਚੇ ਮੁਲਾਜ਼ਮਾਂ ਨੇ ਰੋਸ ਪ੍ਰਗਟਾਇਆ ਕਿ ਕੈਪਟਨ ਅਮਰਿੰਦਰ ਸਿੰਘ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੱਚੇ ਮੁਲਾਜ਼ਮਾਂ ਨੂੰ ਸਰਕਾਰ ਬਣਨ ਸਾਰ ਪੱਕੇ ਕਰਨ ਦਾ ਵਾਅਦਾ ਕੀਤਾ ਸੀ ਪਰ ਸਰਕਾਰ ਬਣਨ ਮਗਰੋਂ ਕੈਪਟਨ ਅਮਰਿੰਦਰ ਸਿੰਘ ਵਾਅਦੇ ਪੂਰੇ ਨਹੀਂ ਕਰ ਰਹੇ। ਇਸ ਕਾਰਨ ਕੱਚੇ ਮੁਲਾਜ਼ਮ ਪਿਛਲੇ ਕਰੀਬ ਡੇਢ ਦਹਾਕੇ ਤੋਂ ਮਹਿਜ਼ ਪੰਜ-ਛੇ ਹਜ਼ਾਰ ਰੁਪਏ ਦੀਆਂ ਤਨਖਾਹਾਂ 'ਤੇ ਨੌਕਰੀ ਕਰ ਰਹੇ ਹਨ।

ਸੂਬਾਈ ਆਗੂਆਂ ਅਜਮੇਰ ਸਿੰਘ ਔਲਖ ਤੇ ਦਵਿੰਦਰ ਮੁਕਤਸਰ ਨੇ ਕੈਪਟਨ ਸਰਕਾਰ ਨੂੰ ਆੜੇ ਹੱਥੀਂ ਲੈਂਦਿਆਂ ਆਖਿਆ ਕਿ ਕੱਚੇ ਮੁਲਾਜ਼ਮਾਂ ਦਾ ਸਾਲਾਂਬੱਧੀ ਤੋਂ ਆਰਥਿਕ ਤੇ ਮਾਨਸਿਕ ਸ਼ੋਸ਼ਣ ਹੋ ਰਿਹਾ ਹੈ ਪਰ ਸਰਕਾਰ ਨੇ ਉਨ੍ਹਾਂ ਦੀ ਕੋਈ ਸਾਰ ਨਹੀਂ ਲਈ। ਉਨ੍ਹਾਂ ਕਿਹਾ ਕਿ ਤੇਰਾਂ ਹਜ਼ਾਰ ਅਧਿਆਪਕ ਸਾਰੀਆਂ ਵਿੱਦਿਅਕ ਯੋਗਤਾਵਾਂ ਪੂਰੀਆਂ ਕਰਦੇ ਹਨ ਤੇ ਇਨ੍ਹਾਂ ਪਾਸੋਂ ਰੈਗੂਲਰ ਅਧਿਆਪਕਾਂ ਦੇ ਬਰਾਬਰ ਹੀ ਹਰ ਕੰਮ ਕਰਵਾਇਆ ਜਾ ਰਿਹਾ ਹੈ ਪਰ ਤਨਖਾਹ ਗੁਜ਼ਾਰੇ ਲਾਇਕ ਵੀ ਨਹੀਂ ਦਿੱਤੀ ਜਾ ਰਹੀ। ਆਗੂਆਂ ਨੇ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਕੈਪਟਨ ਅਮਰਿੰਦਰ ਨੇ ਖੁਦ ਮੁਹਾਲੀ ਦੇ ਧਰਨੇ ਵਿਚ ਆ ਕੇ ਪਹਿਲੀ ਕੈਬਨਿਟ ਮੀਟਿੰਗ ਵਿਚ ਰੈਗੂਲਰ ਕਰਨ ਦਾ ਭਰੋਸਾ ਦਿੱਤਾ ਸੀ।



ਪ੍ਰਸ਼ਾਸਨਿਕ ਅਧਿਕਾਰੀਆਂ ਨੇ ਮਾਮਲੇ ਦੇ ਨਿਬੇੜੇ ਲਈ 24 ਮਈ ਨੂੰ ਮੁੱਖ ਮੰਤਰੀ ਦੇ ਪ੍ਰਮੁੱਖ ਮੁੱਖ ਸਕੱਤਰ ਸੁਰੇਸ਼ ਕੁਮਾਰ ਤੇ ਸਿੱਖਿਆ ਮੰਤਰੀ ਨਾਲ ਦੁਵੱਲੀ ਬੈਠਕ ਦਾ ਪੱਤਰ ਦਿੱਤਾ ਜਿਸ ਮਗਰੋਂ ਹੀ ਪ੍ਰਦਰਸ਼ਨਕਾਰੀ ਸ਼ਾਂਤ ਹੋਏ।

## ਖਰਾਬ ਵੈਂਟੀਲੇਟਰ ਭੇਜਣ ਦੀਆਂ ਰਿਪੋਰਟਾਂ ਕੇਂਦਰ ਨੇ ਨਕਾਰੀਆਂ

**ਫਰੀਦਕੋਟ:** ਫਰੀਦਕੋਟ ਦੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਵਿਚ ਪ੍ਰਧਾਨ ਮੰਤਰੀ ਕੇਅਰਜ਼ ਫੰਡ ਵਿਚੋਂ ਭੇਜੇ ਗਏ ਮਾੜੀ ਕਿਸਮ ਦੇ ਵੈਂਟੀਲੇਟਰਾਂ ਦਾ ਮੁੱਦਾ ਭਖਣ ਮਗਰੋਂ ਕੇਂਦਰੀ ਸਿਹਤ ਵਿਭਾਗ ਨੇ ਬਿਆਨ ਜਾਰੀ ਕਰ ਕੇ ਦਾਅਵਾ ਕੀਤਾ ਹੈ ਕਿ ਜੋ ਵੈਂਟੀਲੇਟਰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਫਰੀਦਕੋਟ ਨੂੰ ਭੇਜੇ ਗਏ ਸਨ, ਉਹ ਪੂਰੀ ਤਰ੍ਹਾਂ ਮਿਆਰੀ, ਤਸੱਲੀਬਖਸ਼ ਅਤੇ ਵਰਤਣਯੋਗ ਹਨ।

ਕੇਂਦਰੀ ਸਿਹਤ ਮੰਤਰਾਲੇ ਅਨੁਸਾਰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਵਿਚ ਬੁਨਿਆਦੀ ਢਾਂਚੇ ਦੀ ਘਾਟ ਕਾਰਨ ਜੀਵਨ ਰੱਖਿਅਕ ਮਸ਼ੀਨਾਂ ਖਰਾਬ ਹੋਈਆਂ ਹਨ। ਮੰਤਰਾਲੇ ਨੇ ਕਿਹਾ ਕਿ ਹਸਪਤਾਲਾਂ ਦੇ ਮੌਜੂਦਾ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਕੇਂਦਰ ਸਰਕਾਰ ਅਪਰੈਲ 2020 ਤੋਂ ਵੈਂਟੀਲੇਟਰਾਂ ਸਮੇਤ ਲੋੜੀਂਦੇ ਮੈਡੀਕਲ ਉਪਕਰਨ ਖਰੀਦਦੀ ਰਹੀ ਹੈ ਅਤੇ ਇਨ੍ਹਾਂ ਨੂੰ ਸੂਬਿਆਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ/ਕੇਂਦਰੀ ਹਸਪਤਾਲਾਂ/ਸੰਸਥਾਵਾਂ ਨੂੰ ਮੁਹੱਈਆ ਕਰਵਾਉਂਦੀ ਰਹੀ ਹੈ। ਭਾਰਤ ਸਰਕਾਰ ਨੇ ਮੀਡੀਆ ਵਿਚ ਆਈਆਂ ਰਿਪੋਰਟਾਂ ਕਿ 80 'ਚੋਂ 71 ਐਗਵਾ ਵੱਲੋਂ ਤਿਆਰ ਵੈਂਟੀਲੇਟਰ ਹਸਪਤਾਲ ਵਿਚ ਬੇਕਾਰ ਪਏ ਹਨ, ਸਬੰਧੀ ਸਪੱਸ਼ਟ ਕੀਤਾ ਕਿ 88 ਵੈਂਟੀਲੇਟਰ ਭਾਰਤ ਇਲੈਕਟ੍ਰਾਨਿਕਸ ਅਤੇ ਪੰਜ ਐਗਵਾ ਵੱਲੋਂ ਸਪਲਾਈ ਕੀਤੇ ਗਏ ਹਨ। ਇਨ੍ਹਾਂ ਵੈਂਟੀਲੇਟਰਾਂ ਨੂੰ ਸਥਾਪਤ ਤੇ ਸ਼ੁਰੂ ਕਰਨ ਮਗਰੋਂ ਹਸਪਤਾਲ ਦੇ ਅਧਿਕਾਰੀਆਂ ਵੱਲੋਂ ਇਨ੍ਹਾਂ ਸਬੰਧੀ ਅੰਤਿਮ ਸਵੀਕਾਰਯੋਗ ਸਰਟੀਫਿਕੇਟ ਜਾਰੀ ਕੀਤੇ ਗਏ ਸਨ। ਸਰਕਾਰੀ ਬੁਲਾਰੇ ਅਨੁਸਾਰ ਮਾਮਲਾ ਭਖਣ ਮਗਰੋਂ ਵੈਂਟੀਲੇਟਰ ਦੇ ਮਾਹਿਰ ਇੰਜੀਨੀਅਰਾਂ ਨੇ ਹਸਪਤਾਲ 'ਚ ਵੈਂਟੀਲੇਟਰਾਂ ਦੀ ਜਾਂਚ ਕੀਤੀ ਅਤੇ ਪੰਜ ਵੈਂਟੀਲੇਟਰ ਚਲਾ ਕੇ ਦਿਖਾਏ। ਸਿਹਤ ਵਿਭਾਗ ਅਨੁਸਾਰ ਸਰਕਾਰ ਵੱਲੋਂ ਭੇਜੇ ਵੈਂਟੀਲੇਟਰਾਂ ਨੂੰ ਚਲਾਉਣ ਤੋਂ ਪਹਿਲਾਂ ਫਲੋਅ ਸੈਂਸਰ, ਬੈਕਟੀਰੀਆ ਫਿਲਟਰ ਅਤੇ ਐਚ.ਐਮ.ਈ ਫਿਲਟਰ ਬਦਲਣੇ ਜ਼ਰੂਰੀ ਸਨ ਤਾਂ ਕਿ ਵੈਂਟੀਲੇਟਰ ਨੂੰ ਗੈਸ, ਹਵਾ ਤੇ ਆਕਸੀਜਨ ਦਾ ਸਹੀ ਪ੍ਰੈੱਸ਼ਰ ਮਿਲ ਸਕੇ ਪਰ ਫਰੀਦਕੋਟ ਮੈਡੀਕਲ ਕਾਲਜ ਦੇ ਅਧਿਕਾਰੀਆਂ ਨੇ ਵੈਂਟੀਲੇਟਰਾਂ ਵਿਚ ਇਹ ਤਬਦੀਲੀਆਂ ਨਹੀਂ ਕੀਤੀਆਂ, ਇਸੇ ਕਰਕੇ ਵੈਂਟੀਲੇਟਰ ਚਲਾਏ ਨਹੀਂ ਜਾ ਸਕੇ।

## ਭਾਰਤ ਨੂੰ 50 ਕਰੋੜ ਡਾਲਰ ਦੀ ਸਹਾਇਤਾ ਦੇਵੇਗਾ ਅਮਰੀਕਾ

**ਵਾਸ਼ਿੰਗਟਨ:** ਅਮਰੀਕਾ ਦਾ ਕਹਿਣਾ ਹੈ ਕਿ ਉਹ ਕੋਵਿਡ ਸੰਕਟ ਨਾਲ ਨਜਿੱਠਣ ਲਈ ਭਾਰਤ ਨਾਲ ਨੇੜਿਓਂ ਤਾਲਮੇਲ ਕਰ ਰਿਹਾ ਹੈ। ਵਾਈਟ ਹਾਊਸ ਵਿਚ ਵਿਦੇਸ਼ ਵਿਭਾਗ ਦੇ ਬੁਲਾਰੇ ਨੈੱਡ ਪ੍ਰਾਈਸ ਨੇ ਮੀਡੀਆ ਨੂੰ ਦੱਸਿਆ ਕਿ ਅਮਰੀਕੀ ਸਰਕਾਰ ਵੱਲੋਂ 10 ਕਰੋੜ ਡਾਲਰ ਦੀ ਸਹਾਇਤਾ ਦਿੱਤੀ ਜਾਣੀ ਹੈ। ਜਦਕਿ ਪ੍ਰਾਈਵੇਟ ਸੈਕਟਰ ਇਸ ਤੋਂ ਇਲਾਵਾ 40 ਕਰੋੜ ਡਾਲਰ ਦੀ ਸਹਾਇਤਾ ਕਰੇਗਾ। ਇਸ ਤਰ੍ਹਾਂ ਕਰੀਬ 50 ਕਰੋੜ ਡਾਲਰ ਦੀ ਮਦਦ ਭਾਰਤ ਨੂੰ ਦਿੱਤੀ ਜਾਵੇਗੀ। ਪ੍ਰਾਈਸ ਨੇ ਕਿਹਾ ਕਿ ਅਮਰੀਕੀ ਸਰਕਾਰ ਭਾਰਤੀ ਅਧਿਕਾਰੀਆਂ ਤੇ ਸਿਹਤ ਮਾਹਿਰਾਂ ਨਾਲ ਮਿਲ ਕੇ ਜ਼ਰੂਰਤਾਂ ਦੀ ਸ਼ਨਾਖਤ ਕਰ ਰਹੀ ਹੈ ਤੇ ਚੱਲ ਰਹੇ ਸੰਕਟ ਨਾਲ ਭਵਿੱਖ ਵਿਚ ਪੈਣ ਵਾਲੀਆਂ ਜ਼ਰੂਰਤਾਂ ਨੂੰ ਵੀ ਪਛਾਣਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਅਮਰੀਕਾ ਦੇ ਚੋਟੀ ਦੇ ਸੈਨੇਟਰ ਮਾਰਕ ਵਾਰਨਰ ਨੇ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਨਾਲ ਫੋਨ 'ਤੇ ਗੱਲਬਾਤ ਕੀਤੀ ਤੇ ਭਾਰਤ ਨੂੰ ਆਪਣੇ ਵੱਲੋਂ ਹਰ ਸੰਭਵ ਮਦਦ ਦਾ ਭਰੋਸਾ ਦਿਵਾਇਆ। ਵਾਰਨਰ ਨੇ ਕਿਹਾ ਕਿ ਭਾਰਤ ਇਸ ਵੇਲੇ ਕਰੋਨਾ ਵਾਇਰਸ ਦਾ ਕੇਂਦਰ ਬਿੰਦੂ ਬਣਿਆ ਹੋਇਆ ਹੈ ਤੇ ਉਹ ਬਾਇਡਨ ਪ੍ਰਸ਼ਾਸਨ ਨਾਲ ਮਿਲ ਕੇ ਭਾਰਤ ਦੀ ਮਦਦ ਲਈ ਕੰਮ ਕਰਨਗੇ। ਵਾਰਨਰ ਸੈਨੇਟ ਦੀ ਇੰਟੈਲੀਜੈਂਸ ਕਮੇਟੀ ਦੇ ਮੁਖੀ ਹਨ। ਇਸੇ ਦੌਰਾਨ ਅਮਰੀਕਾ ਤੋਂ ਰੈਮਡੇਸਿਵਰ ਦੀ 78 ਹਜ਼ਾਰ ਡੋਜ਼ ਭਾਰਤ ਪਹੁੰਚ ਗਈ ਹੈ ਤੇ ਹੋਰ ਮਦਦ ਵੀ ਭੇਜੀ ਜਾ ਰਹੀ ਹੈ।



# ਕੈਪਟਨ ਹਮਾਇਤੀ ਮੰਤਰੀਆਂ ਵੱਲੋਂ ਨਵਜੋਤ ਸਿੰਘ ਸਿੱਧੂ ਖਿਲਾਫ ਲਾਮਬੰਦੀ

**ਚੰਡੀਗੜ੍ਹ:** ਪੰਜਾਬ ਕਾਂਗਰਸ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸਾਬਕਾ ਮੰਤਰੀ ਨਵਜੋਤ ਸਿੱਧੂ ਦਰਮਿਆਨ ਚੱਲ ਰਹੀ ਜੰਗ ਵਿਚ ਚਾਰ ਹੋਰ ਮੰਤਰੀਆਂ ਨੇ ਮੁੱਖ ਮੰਤਰੀ ਦੇ ਪੱਖ 'ਚ ਨਿੱਤਰਦਿਆਂ ਸਿੱਧੂ ਖਿਲਾਫ ਅਨੁਸ਼ਾਸਨੀ ਕਾਰਵਾਈ ਦੀ ਮੰਗ ਕੀਤੀ ਹੈ। ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ, ਲੋਕ ਨਿਰਮਾਣ ਮੰਤਰੀ ਵਿਜੈ ਇੰਦਰ ਸਿੰਗਲਾ, ਖੁਰਾਕ ਤੇ ਸਿਵਲ ਸਪਲਾਈ ਮੰਤਰੀ ਭਾਰਤ ਭੂਸ਼ਣ ਆਸ਼ੂ ਅਤੇ ਮਾਲ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਦੇ ਨਾਮ 'ਤੇ ਜਾਰੀ ਬਿਆਨ ਰਾਹੀਂ ਕਿਹਾ ਗਿਆ ਹੈ ਕਿ ਨਵਜੋਤ ਸਿੱਧੂ ਵੱਲੋਂ ਪਿਛਲੇ ਕੁਝ ਦਿਨਾਂ ਤੋਂ ਕੈਪਟਨ ਅਮਰਿੰਦਰ ਸਿੰਘ 'ਤੇ ਨਿਸ਼ਾਨਾ ਸੇਧ ਕੇ ਕੀਤੇ ਜਾ ਰਹੇ ਹਮਲੇ ਕਾਂਗਰਸ ਲਈ ਤਬਾਹੀ ਦਾ ਸੱਦਾ ਦਿੰਦੇ ਹਨ।

ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਬ੍ਰਹਮ ਮਹਿੰਦਰਾ, ਉਦਯੋਗ ਮੰਤਰੀ ਸੁੰਦਰ ਸ਼ਾਮ ਅਰੋੜਾ ਤੇ ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਵੱਲੋਂ ਵੀ ਜਾਰੀ ਬਿਆਨ ਰਾਹੀਂ ਨਵਜੋਤ ਸਿੰਘ ਸਿੱਧੂ ਖਿਲਾਫ ਕਾਰਵਾਈ ਦੀ ਮੰਗ ਕੀਤੀ ਗਈ ਸੀ। ਇਸ ਤਰ੍ਹਾਂ ਨਾਲ ਸਿੱਧੂ ਖਿਲਾਫ ਤੇ ਮੁੱਖ ਮੰਤਰੀ ਦੇ ਪੱਖ 'ਚ ਖੜ੍ਹਨ ਵਾਲੇ ਮੰਤਰੀਆਂ ਦੀ ਗਿਣਤੀ ਸੱਤ ਹੋ ਗਈ ਹੈ। ਮੰਤਰੀਆਂ ਨੇ ਕਿਹਾ ਕਿ ਸਿੱਧੂ ਅਤੇ ਸੂਬੇ ਦੀਆਂ ਵਿਰੋਧੀ ਪਾਰਟੀਆਂ ਜਿਵੇਂ ਆਮ ਆਦਮੀ ਪਾਰਟੀ ਜਾਂ ਭਾਜਪਾ ਵਿਚਾਲੇ ਆਪਸੀ ਮਿਲੀਭੁਗਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਇਹ ਸੰਭਵ ਹੈ ਕਿ ਸਿੱਧੂ ਵੱਲੋਂ ਮੁੱਖ ਮੰਤਰੀ 'ਤੇ ਨਿਸ਼ਾਨਾ ਸੇਧ ਕੇ ਕੀਤੇ ਜਾ ਰਹੇ ਹਮਲੇ ਸੂਬੇ ਵਿਚ ਆਪਣੇ ਚੋਣ ਏਜੰਡੇ ਨੂੰ ਅੱਗੇ ਵਧਾਉਣ ਲਈ ਪੰਜਾਬ ਕਾਂਗਰਸ ਵਿਚ ਸਮੱਸਿਆ ਪੈਦਾ ਕਰਨ ਲਈ 'ਆਪ' ਜਾਂ ਭਾਜਪਾ ਆਗੂਆਂ ਵੱਲੋਂ ਉਕਸਾ ਕੇ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ,"ਜਿਸ ਤਰੀਕੇ ਨਾਲ ਸਿੱਧੂ ਵੱਲੋਂ ਸੂਬਾ ਸਰਕਾਰ ਖਾਸ ਕਰਕੇ ਕੈਪਟਨ ਅਮਰਿੰਦਰ ਸਿੰਘ ਖਿਲਾਫ ਹਮਲਾਵਰ ਢੰਗ ਨਾਲ ਮੁਹਿੰਮ ਸ਼ੁਰੂ ਕੀਤੀ ਗਈ ਹੈ, ਉਸ ਤੋਂ ਤਾਂ ਮੁੱਖ ਮੰਤਰੀ ਖਿਲਾਫ ਸਾਜ਼ਿਸ਼ ਦਾ ਹੀ ਅਨੁਮਾਨ ਲੱਗਦਾ ਹੈ।" ਚਾਰਾਂ ਮੰਤਰੀਆਂ ਨੇ ਕਿਹਾ ਕਿ ਕਾਂਗਰਸ ਵਿਧਾਇਕ ਦੇ ਬੇਅਦਬੀ ਅਤੇ ਹੋਰ ਮੁੱਦਿਆਂ 'ਤੇ ਕੈਪਟਨ ਅਮਰਿੰਦਰ ਸਿੰਘ 'ਤੇ ਜ਼ੁਬਾਨੀ ਹਮਲੇ ਪਾਰਟੀ ਖਿਲਾਫ ਸ਼ਰ੍ਹੇਆਮ ਬਗਾਵਤ ਹੈ। ਸਿੱਧੂ ਦੀ ਹੁਕਮ ਅਦੂਲੀ ਨੂੰ ਪੂਰੀ ਤਰ੍ਹਾਂ ਅਨੁਸ਼ਾਸਨਹੀਣ ਕਰਾਰ ਦਿੰਦਿਆਂ ਮੰਤਰੀਆਂ ਨੇ ਕਿਹਾ ਕਿ ਅਜਿਹੀਆਂ ਪਾਰਟੀ ਵਿਰੋਧੀ ਗਤੀਵਿਧੀਆਂ ਕਿਸੇ ਵੀ ਰਾਜਨੀਤਕ ਪਾਰਟੀ ਵੱਲੋਂ ਬਰਦਾਸ਼ਤ ਨਹੀਂ ਕੀਤੀਆਂ ਜਾ ਸਕਦੀਆਂ ਅਤੇ ਉਹ ਵੀ ਉਸ ਸਮੇਂ ਜਦੋਂ ਸੂਬੇ ਵਿਚ ਚੋਣਾਂ ਹੋਣ ਵਾਲੀਆਂ ਹੋਣ। ਉਨ੍ਹਾਂ ਕਿਹਾ, "ਉਸ ਨੂੰ ਤੁਰਤ ਮੁਅੱਤਲ ਕਰ ਦਿੱਤਾ ਜਾਣਾ ਚਾਹੀਦਾ ਹੈ, ਜੇਕਰ ਉਹ ਕੱਢਿਆ ਨਹੀਂ ਗਿਆ ਤਾਂ ਪੰਜਾਬ ਕਾਂਗਰਸ ਵਿਚ ਉਸ ਦੀ ਲਗਾਤਾਰ ਮੌਜੂਦਗੀ ਪਾਰਟੀ ਦੀ ਸੂਬਾ ਇਕਾਈ ਵਿਚ ਗੜਬੜ ਪੈਦਾ ਕਰ ਰਹੀ ਹੈ ਅਤੇ ਚੋਣਾਂ ਦੀ ਤਿਆਰੀ ਦੇ ਮਹੱਤਵਪੂਰਨ ਕੰਮ ਤੋਂ ਧਿਆਨ ਭਟਕਾ ਰਹੀ ਹੈ।" ਸਿੱਧੂ ਦੇ ਵਿਵਾਦਪੂਰਨ ਬਿਆਨਾਂ ਦੇ ਰਿਕਾਰਡ ਵੱਲ ਇਸ਼ਾਰਾ ਕਰਦਿਆਂ ਚਾਰਾਂ ਮੰਤਰੀਆਂ ਨੇ ਕਿਹਾ ਕਿ ਸਾਬਕਾ ਕ੍ਰਿਕਟਰ ਸਪੱਸ਼ਟ ਤੌਰ 'ਤੇ ਆਪਣੇ ਲਈ ਬੱਲੇਬਾਜ਼ੀ ਕਰਦੇ ਹੋਏ ਪ੍ਰਤੀਤ ਹੁੰਦੇ ਹਨ ਅਤੇ ਉਸ ਵਿਚ ਟੀਮ ਭਾਵਨਾ ਦੀ ਘਾਟ ਹੈ। ਇਹ ਉਹ ਗੁਣ ਹੈ ਜਿਸ ਨੂੰ ਉਨ੍ਹਾਂ ਨੇ ਰਾਜਨੀਤਕ ਖੇਤਰ ਵਿਚ ਇਕ ਤੋਂ ਵੱਧ ਵਾਰ ਉਜਾਗਰ ਕੀਤਾ।



ਵਿਧਾਇਕ ਵਿਰੁੱਧ ਸਖਤ ਕਾਰਵਾਈ ਦੀ ਮੰਗ ਕਰਦਿਆਂ ਮੰਤਰੀਆਂ ਨੇ ਕਿਹਾ ਕਿ ਜਿਸ ਥਾਲੀ ਵਿਚ ਖਾਣਾ, ਉਸੇ ਵਿੱਚ ਛੇਕ ਕਰਨ ਦੀ ਉਸ ਦੀ ਆਦਤ ਕਾਰਨ ਉਸ ਨੇ ਆਪਣੀ ਸਾਬਕਾ ਪਾਰਟੀ ਵਿਚ ਆਪਣੀ ਅਹਿਮੀਅਤ ਗੁਆ ਲਈ ਹੈ।

ਪਾਰਟੀ ਵੱਲੋਂ ਪੰਜਾਬ ਵਿਚ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਤਿਆਰੀ ਵਿਚ ਰੁੱਝੇ ਹੋਣ ਅਤੇ ਸੂਬਾ ਸਰਕਾਰ ਖਤਰਨਾਕ ਕੋਵਿਡ ਸੰਕਟ ਨਾਲ ਜੂਝਣ ਸਮੇਂ ਕਾਂਗਰਸ ਪਾਰਟੀ ਵਿਚ ਉਸ ਦੀ ਥਾਂ ਬਣਾਈ ਰੱਖਣ ਪਿੱਛੇ ਦਲੀਲ 'ਤੇ ਸਵਾਲ ਕਰਦਿਆਂ ਮੰਤਰੀਆਂ ਨੇ ਕਿਹਾ ਕਿ ਉਹ ਇਕ ਮੁਸੀਬਤ ਤੋਂ ਇਲਾਵਾ ਕੁਝ ਨਹੀਂ ਹੈ ਜੋ ਇੰਨੇ ਸਾਲਾਂ ਦੌਰਾਨ ਪੰਜਾਬ ਵਿੱਚ ਕਾਂਗਰਸ ਅਤੇ ਸੂਬਾ ਸਰਕਾਰ ਲਈ ਯੋਗਦਾਨ ਪਾਉਣ ਵਿੱਚ ਅਸਫਲ ਰਿਹਾ ਹੈ।

ਕੈਪਟਨ ਅਮਰਿੰਦਰ ਸਿੰਘ ਵੱਲੋਂ ਸਿੱਧੂ ਨੂੰ ਉਨ੍ਹਾਂ ਖਿਲਾਫ ਜਨਤਕ ਤੌਰ 'ਤੇ ਭੜਾਸ ਕੱਢਣ ਦੀ ਬਜਾਇ ਸਿੱਧੂ ਖਿਲਾਫ ਚੋਣ ਲੜਨ ਦੀ ਖੁੱਲ੍ਹੀ ਚੁਣੌਤੀ ਦਾ ਹਵਾਲਾ ਦਿੰਦਿਆਂ ਮੰਤਰੀਆਂ ਨੇ ਕਿਹਾ ਕਿ ਵਿਧਾਇਕ ਨੂੰ ਚਾਹੀਦਾ ਹੈ ਕਿ ਉਹ ਕਾਂਗਰਸ ਛੱਡ ਦੇਵੇ ਅਤੇ ਮੁੱਖ ਮੰਤਰੀ ਦੇ ਵਿਰੁੱਧ ਅਖਾੜੇ ਵਿਚ ਆਵੇ, ਜੇਕਰ ਉਸ ਨੂੰ ਸੱਚਮੁੱਚ ਆਪਣੀ ਸਿਆਸੀ ਸ਼ਕਤੀ 'ਤੇ ਵਿਸ਼ਵਾਸ ਹੈ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ 'ਤੇ ਮੁੱਖ ਮੰਤਰੀ ਵਿਰੁੱਧ ਸ਼ਬਦੀ ਹਮਲੇ ਕਰਨਾ ਉਨ੍ਹਾਂ ਦਾ ਰਾਜਨੀਤਕ ਰਸੂਖ ਜਾਂ ਪ੍ਰਸਿੱਧੀ ਹੀ ਹੋ ਸਕਦਾ ਹੈ।

### ਬੰਦੂਕ ਚਲਾਉਣ ਲਈ ਸਹਿਯੋਗੀਆਂ ਦੇ ਮੋਢੇ ਨਾ ਵਰਤੋ: ਸਿੱਧੂ


**ਪਟਿਆਲਾ:** ਬੇਅਦਬੀ ਅਤੇ ਬਹਿਬਲ ਕਲਾਂ ਗੋਲੀ ਕਾਂਡ ਸਮੇਤ ਹੋਰ ਮੁੱਦਿਆਂ ਨੂੰ ਲੈ ਕੇ ਆਪਣੀ ਹੀ ਸਰਕਾਰ ਨੂੰ ਘੇਰਦੇ ਆ ਰਹੇ ਪਾਰਟੀ ਆਗੂ ਨਵਜੋਤ ਸਿੰਘ ਸਿੱਧੂ ਖਿਲਾਫ ਅਨੁਸ਼ਾਸਨੀ ਕਾਰਵਾਈ ਦੀ ਮੰਗ ਨੂੰ ਲੈ ਕੇ ਪੰਜਾਬ ਦੇ ਚਾਰ ਵਜ਼ੀਰਾਂ ਦੇ ਦੀਆਂ ਅਖਬਾਰਾਂ 'ਚ ਛਪੇ ਬਿਆਨ ਦਾ ਸਿੱਧੂ ਨੇ ਵੀ ਮੋੜਵਾਂ ਜਵਾਬ ਦਿੱਤਾ ਹੈ। ਇਸ ਸਬੰਧੀ ਕੀਤੇ ਟਵੀਟ 'ਚ ਸਿੱਧੂ ਨੇ ਭਾਵੇਂ ਕਿ ਕਿਸੇ ਦਾ ਨਾਂ ਨਹੀਂ ਲਿਆ, ਪਰ ਇਹ ਪੂਰੀ ਤਰ੍ਹਾਂ ਸਪੱਸ਼ਟ ਹੈ ਕਿ ਉਹ ਕੈਪਟਨ ਅਮਰਿੰਦਰ ਸਿੰਘ ਨੂੰ ਸੰਬੋਧਤ ਹੋਏ ਹਨ। ਨਵਜੋਤ ਸਿੱਧੂ ਨੇ ਟਵੀਟ ਕੀਤਾ, 'ਪਾਰਟੀ ਮੈਂਬਰਾਂ ਦੇ ਮੋਢੇ 'ਤੇ ਰੱਖ ਕੇ ਬੰਦੂਕ ਚਲਾਉਣੀ ਬੰਦ ਕਰੋ। ਨਾਲ ਹੀ ਮੁੱਦੇ 'ਤੇ ਆਓ ਅਤੇ ਭੜਕਾਉਣਾ ਬੰਦ ਕਰੋ।'

# ਅਮਿਤਾਭ ਵੱਲੋਂ ਦਿੱਲੀ ਗੁਰਦੁਆਰਾ ਕਮੇਟੀ ਨੂੰ ਦੋ ਕਰੋੜ ਦੇਣ ਦਾ ਮਾਮਲਾ ਭਖਿਆ

**ਅੰਮ੍ਰਿਤਸਰ:** ਉਘੇ ਫਿਲਮ ਕਲਾਕਾਰ ਅਮਿਤਾਭ ਬੱਚਨ ਵੱਲੋਂ ਮਨੁੱਖਤਾ ਦੀ ਭਲਾਈ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭੇਟ ਕੀਤੇ ਦੋ ਕਰੋੜ ਰੁਪਏ ਦਾ ਮਾਮਲਾ ਭਖ ਗਿਆ। ਕੁਝ ਸਿੱਖ ਜਥੇਬੰਦੀਆਂ ਵੱਲੋਂ ਇਸ ਦਾ ਵਿਰੋਧ ਕਰਨ ਪਿੱਛੋਂ ਇਹ ਮਾਮਲਾ ਸ੍ਰੀ ਅਕਾਲ ਤਖਤ 'ਤੇ ਪੁੱਜ ਗਿਆ ਹੈ। ਸ਼ਿਕਾਇਤਕਰਤਾਵਾਂ ਨੇ ਇਸ ਮਾਮਲੇ ਵਿਚ ਦਿੱਲੀ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ।

ਸ਼ਿਕਾਇਤ ਕਰਨ ਵਾਲਿਆਂ ਵਿਚ ਨਵੰਬਰ 1984 ਸਿੱਖ ਕਤਲੇਆਮ ਦੀ ਗਵਾਹ ਬੀਬੀ ਨਿਰਪ੍ਰੀਤ ਕੌਰ ਅਤੇ ਫੈਡਰੇਸ਼ਨ ਪੀਰ ਮੁਹੰਮਦ ਦੇ ਆਗੂ ਸਤਨਾਮ ਸਿੰਘ ਤੇ ਹੋਰ ਸ਼ਾਮਲ ਹਨ। ਇਨ੍ਹਾਂ ਨੇ ਈ-ਮੇਲ ਰਾਹੀਂ ਆਪਣੀ ਸ਼ਿਕਾਇਤ ਸ੍ਰੀ ਅਕਾਲ ਤਖਤ ਵਿਖੇ ਭੇਜੀ ਹੈ। ਇਸ ਤੋਂ ਇਲਾਵਾ ਕੁਝ ਵਿਅਕਤੀਆਂ ਵੱਲੋਂ ਫੋਨ ਸੁਨੇਹੇ ਰਾਹੀਂ ਵੀ ਇਸ ਸਬੰਧੀ ਸ਼ਿਕਾਇਤਾਂ ਕੀਤੀਆਂ ਹਨ। ਸ੍ਰੀ ਅਕਾਲ ਤਖਤ ਦੇ ਸਕੱਤਰੇਤ ਵੱਲੋਂ ਇਸ ਦੀ ਪੁਸ਼ਟੀ ਕੀਤੀ ਗਈ ਹੈ। ਇਸ ਦੌਰਾਨ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਦਿੱਲੀ ਅਕਾਲੀ ਦਲ ਦੇ ਮੁਖੀ ਪਰਮਜੀਤ ਸਿੰਘ ਸਰਨਾ ਨੇ ਵਿੱਤੀ ਮਦਦ ਸਵੀਕਾਰ ਕਰਨ ਲਈ ਦਿੱਲੀ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੂੰ ਤੁਰਤ ਅਹੁਦੇ ਤੋਂ ਬਰਖਾਸਤ ਕਰਨ ਦੀ ਮੰਗ ਕੀਤੀ ਹੈ। ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਪੀਰ ਮੁਹੰਮਦ ਦੇ ਸਰਪ੍ਰਸਤ ਕਰਨੈਲ ਸਿੰਘ ਪੀਰ ਮੁਹੰਮਦ ਨੇ ਵੀ ਦਿੱਲੀ ਕਮੇਟੀ ਦੀ ਇਸ ਕਾਰਵਾਈ ਦੀ ਸਖਤ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ 1984 ਵਿੱਚ ਇੰਦਰਾ ਗਾਂਧੀ ਦੀ ਮੌਤ ਮਗਰੋਂ ਅਜਿਹੇ ਕੁਝ ਵਿਅਕਤੀਆਂ ਨੇ ਹੀ ਲੋਕਾਂ ਨੂੰ ਸਿੱਖਾਂ ਵਿਰੁੱਧ ਉਕਸਾਇਆ ਸੀ।

ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਇਸ ਵੇਲੇ ਵਿਦੇਸ਼ ਦੌਰੇ 'ਤੇ ਹਨ ਅਤੇ ਉਨ੍ਹਾਂ ਦੀ ਵਾਪਸੀ ਮਗਰੋਂ ਇਹ ਸ਼ਿਕਾਇਤਾਂ ਉਨ੍ਹਾਂ ਨੂੰ ਸੌਂਪੀਆਂ ਜਾਣਗੀਆਂ। ਸ਼ਿਕਾਇਤਕਰਤਾਵਾਂ ਨੇ ਦਿੱਲੀ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਸ੍ਰੀ ਸਿਰਸਾ ਵੱਲੋਂ ਅਮਿਤਾਭ ਬੱਚਨ ਕੋਲੋਂ ਦੋ ਕਰੋੜ ਰੁਪਏ ਦੀ ਦਾਨ ਦੀ ਰਕਮ ਸਵਿਕਾਰ ਕਰਨ ਅਤੇ ਮੁੜ ਉਨ੍ਹਾਂ ਦੀ ਸ਼ਲਾਘਾ ਕਰਨ 'ਤੇ ਇਤਰਾਜ਼ ਕੀਤਾ ਹੈ। ਉਨ੍ਹਾਂ ਸ੍ਰੀ ਬੱਚਨ 'ਤੇ ਸਿੱਖ ਕਤਲੇਆਮ ਦੀਆਂ ਘਟਨਾਵਾਂ ਨੂੰ ਕਥਿਤ ਉਤਸ਼ਾਹਿਤ ਕਰਨ ਦਾ ਦੋਸ਼ ਵੀ ਲਾਇਆ ਹੈ। ਇਸ ਮਾਮਲੇ ਵਿਚ ਸ੍ਰੀ ਅਕਾਲ ਤਖਤ 'ਤੇ ਸ਼ਿਕਾਇਤ ਪੁੱਜਣ ਤੋਂ ਪਹਿਲਾਂ ਵੱਖ-ਵੱਖ ਸਿੱਖ ਆਗੂਆਂ ਵੱਲੋਂ ਜਨਤਕ ਤੌਰ 'ਤੇ ਵੀ ਬਿਆਨਾਂ



ਰਾਹੀਂ ਇਸ ਦਾ ਵਿਰੋਧ ਕੀਤਾ ਜਾ ਚੁੱਕਾ ਹੈ।

ਇਸ ਦੌਰਾਨ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਇਸ ਸਬੰਧੀ ਗੱਲ ਕਰਦਿਆਂ ਕਿਹਾ ਕਿ ਗੁਰੂ ਘਰ ਦੀ ਗੋਲਕ ਵਿਚ ਕੋਈ ਵਿਅਕਤੀ ਆਪਣੀ ਸ਼ਰਧਾ ਨਾਲ ਮਨੁੱਖਤਾ ਦੀ ਸੇਵਾ ਵਾਸਤੇ ਕੋਈ ਵੀ ਰਕਮ ਭੇਟ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਗੁਰੂ ਘਰ ਲਈ ਭੇਟ ਕੀਤੀ ਰਕਮ ਲਈ ਕਿਸੇ ਦਾ ਗੁਣਗਾਣ ਕਰਨਾ ਠੀਕ ਨਹੀਂ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਇਸ ਮਾਮਲੇ ਬਾਰੇ ਪਤਾ ਲਾ ਰਹੀ ਹੈ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਵੱਲੋਂ ਸੋਸ਼ਲ ਮੀਡੀਆ 'ਤੇ ਇਸ ਦਾ ਵਿਰੋਧ ਕੀਤਾ ਜਾ ਚੁੱਕਾ ਹੈ। ਇਸ ਵੀਡੀਓ ਵਿਚ ਉਹ ਕਹਿ ਰਹੇ ਹਨ ਕਿ ਸ੍ਰੀ ਸਿਰਸਾ ਨੂੰ ਅਜਿਹਾ ਨਹੀਂ ਕਰਨਾ ਚਾਹੀਦਾ ਸੀ। ਪਰ ਹੁਣ ਉਨ੍ਹਾਂ ਇਸ ਮਾਮਲੇ 'ਤੇ ਕੁਝ ਵੀ ਕਹਿਣ ਤੋਂ ਚੁੱਪ ਵੱਟ ਲਈ ਹੈ।

ਜ਼ਿਕਰਯੋਗ ਹੈ ਕਿ ਸ੍ਰੀ ਬੱਚਨ ਵੱਲੋਂ ਮਨੁੱਖਤਾ ਦੀ ਭਲਾਈ ਲਈ ਦਿੱਲੀ ਕਮੇਟੀ ਨੂੰ ਦੋ ਕਰੋੜ ਰੁਪਏ ਦਾਨ ਵਜੋਂ ਦਿੱਤੇ ਗਏ ਹਨ, ਜਿਸ ਦਾ ਇਕ ਟਵੀਟ ਰਾਹੀਂ ਦਿੱਲੀ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਵੱਲੋਂ ਖੁਲਾਸਾ ਕਰਦਿਆਂ ਸ੍ਰੀ ਬੱਚਨ ਦਾ ਧੰਨਵਾਦ ਵੀ ਕੀਤਾ ਗਿਆ ਹੈ।

### ਅਮਿਤਾਭ ਨਾਲ ਕੋਈ ਗੱਲ ਨਹੀਂ ਹੋਈ, ਨਾ ਪੈਸੇ ਮੰਗੇ: ਸਿਰਸਾ



**ਨਵੀਂ ਦਿੱਲੀ:** ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਹੈ ਕਿ ਉਕਤ 2 ਕਰੋੜ ਰੁਪਏ ਦੇ ਦਾਨ ਨੂੰ ਲੈ ਕੇ ਕੁਝ ਲੋਕਾਂ ਵੱਲੋਂ ਗੁੰਮਰਾਹਕੁਨ ਤਰੀਕੇ ਨਾਲ ਇਸ ਤਰ੍ਹਾਂ ਦਾ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। 2 ਕਰੋੜ ਰੁਪਏ ਦਾਨ ਬਾਰੇ ਜਾਣਕਾਰੀ ਦਿੰਦੇ ਸਿਰਸਾ ਨੇ ਦੱਸਿਆ ਕਿ 3 ਮਈ ਨੂੰ ਦਾਨ ਦੀ ਰਾਸ਼ੀ ਦਿੱਲੀ ਕਮੇਟੀ ਦੇ ਖਾਤੇ 'ਚ ਆਈ ਸੀ ਤੇ 9 ਮਈ ਨੂੰ ਤਸਦੀਕ ਹੋਈ ਕਿ ਇਹ ਪੈਸਾ ਅਮਿਤਾਭ ਬੱਚਨ ਵੱਲੋਂ ਭੇਜਿਆ ਗਿਆ ਹੈ। ਸਿਰਸਾ ਨੇ ਮੁੜ ਦੁਹਰਾਇਆ ਕਿ ਨਾ ਤਾਂ ਮੇਰੀ ਕਦੀ ਅਮਿਤਾਭ ਬੱਚਨ ਨਾਲ ਗੱਲਬਾਤ ਹੋਈ ਤੇ ਨਾ ਹੀ ਕਦੀ ਉਸ ਕੋਲੋਂ ਪੈਸੇ ਮੰਗੇ। ਸਿਰਸਾ ਨੇ ਆਪਣੇ ਟਵੀਟ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਜਦੋਂ 10 ਮਈ ਨੂੰ ਉਨ੍ਹਾਂ ਦੇ ਸਟਾਫ ਵੱਲੋਂ ਅਮਿਤਾਭ ਬੱਚਨ ਨਾਲ ਗੱਲ ਕਰਵਾਈ ਜਾਂਦੀ ਹੈ ਤਾਂ ਉਸ ਸਮੇਂ ਜੋ ਅਲਫ਼ਾਜ਼ ਅਮਿਤਾਭ ਨੇ ਆਖੇ ਤਾਂ ਉਨ੍ਹਾਂ ਅਲਫ਼ਾਜ਼ਾਂ ਨੂੰ ਉਸੇ ਤਰ੍ਹਾਂ ਹੀ ਮੈਂ ਆਪਣੇ ਟਵੀਟ 'ਚ ਲਿਖ ਦਿੱਤਾ।

### ਦਿੱਲੀ ਕਮੇਟੀ ਨੇ ਠੇਸ ਪਹੁੰਚਾਈ: ਭਾਈ ਰਣਜੀਤ ਸਿੰਘ

**ਫਤਹਿਗੜ੍ਹ ਸਾਹਿਬ:** ਪੰਥਕ ਅਕਾਲੀ ਲਹਿਰ ਦੀ ਇਥੇ ਹੋਈ ਮੀਟਿੰਗ ਵਿਚ ਕੌਮੀ ਪ੍ਰਧਾਨ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਗੁਰਪ੍ਰੀਤ ਸਿੰਘ ਰੰਧਾਵਾ ਨੇ ਅਮਿਤਾਭ ਬਚਨ ਕੋਲੋਂ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ 2 ਕਰੋੜ ਅਤੇ ਹਸਪਤਾਲ ਲਈ 10 ਕਰੋੜ ਦੀ ਮਦਦ ਲੈਣ ਦੀ ਸਖ਼ਤ ਅਲੋਚਨਾ ਕਰਦਿਆਂ ਕਿਹਾ ਕਿ ਅਜਿਹਾ ਕਰਕੇ ਬਾਦਲਾਂ ਨੇ ਸਿੱਖ ਇਤਿਹਾਸ ਨੂੰ ਹੋਰ ਕਲੰਕਿਤ ਕੀਤਾ ਹੈ ਕਿਉਂਕਿ 1984 ਦੇ ਦੰਗਿਆਂ ਲਈ ਅਮਿਤਾਭ ਬਚਨ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ।

## ਅਕਾਲ ਤਖਤ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਦਾ ਦੇਹਾਂਤ



**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਦਾ ਸ਼ਾਮ ਦੇਹਾਂਤ ਹੋ ਗਿਆ। ਜਾਣਕਾਰੀ ਮੁਤਾਬਕ ਉਨ੍ਹਾਂ ਨੂੰ ਦਿਲ ਦਾ ਦੌਰਾ ਪਿਆ ਜੋ ਜਾਨਲੇਵਾ ਸਾਬਤ ਹੋਇਆ। ਉਨ੍ਹਾਂ ਦੀ ਮੌਤ 'ਤੇ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘੁਬੀਰ ਸਿੰਘ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਜਥੇਦਾਰ ਵੇਦਾਂਤੀ ਦੇ ਚਲਾਣੇ ਨਾਲ ਸਿੱਖ ਕੌਮ ਗੁਰਬਾਣੀ ਵਿਆਕਰਣ ਦੇ ਗਿਆਤਾ ਤੋਂ ਵਾਂਝੀ ਹੋ ਗਈ ਹੈ। ਉਨ੍ਹਾਂ ਦੇ ਚਲਾਣੇ ਨਾਲ ਸਿੱਖ ਜਗਤ ਅੰਦਰ ਸੋਗ ਦੀ ਲਹਿਰ ਹੈ।

## ਕਾਂਗਰਸੀ ਵਿਧਾਇਕ ਰਿਣਵਾ ਅਕਾਲੀ ਦਲ 'ਚ ਸ਼ਾਮਲ

**ਚੰਡੀਗੜ੍ਹ:** ਫਾਜ਼ਿਲਕਾ ਤੋਂ ਕਾਂਗਰਸ ਦੇ ਦੋ ਵਾਰ ਵਿਧਾਇਕ ਰਹੇ ਸੀਨੀਅਰ ਆਗੂ ਡਾ. ਮਹਿੰਦਰ ਕੁਮਾਰ ਰਿਣਵਾ ਸੁਖਬੀਰ ਸਿੰਘ ਬਾਦਲ ਦੀ ਹਾਜ਼ਰੀ 'ਚ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋ ਗਏ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਰਿਣਵਾ ਦਾ ਪਾਰਟੀ 'ਚ ਸ਼ਾਮਲ ਹੋਣ ਉਤੇ ਸਵਾਗਤ ਕਰਦਿਆਂ ਉਨ੍ਹਾਂ ਨੂੰ ਤੇ ਉਨ੍ਹਾਂ ਦੇ ਸਮਰਥਕਾਂ ਨੂੰ ਪਾਰਟੀ 'ਚ ਪੂਰਾ ਮਾਣ-ਸਤਿਕਾਰ ਮਿਲਣ ਦਾ ਵਾਅਦਾ ਕੀਤਾ।



ਇਸ ਦੇ ਨਾਲ ਹੀ ਪਾਰਟੀ ਪ੍ਰਧਾਨ ਨੇ ਰਿਣਵਾ ਨੂੰ ਪਾਰਟੀ ਦਾ ਜਨਰਲ ਸਕੱਤਰ ਬਣਾਉਣ ਦਾ ਐਲਾਨ ਵੀ ਕੀਤਾ। ਉਨ੍ਹਾਂ ਕਿਹਾ ਕਿ ਰਿਣਵਾ ਨੂੰ ਆਉਂਦੇ ਸਮੇਂ 'ਚ ਹੋਰ ਜ਼ਿੰਮੇਵਾਰੀਆਂ ਦਿੱਤੀਆਂ ਜਾਣਗੀਆਂ। ਬਾਦਲ ਨੇ ਕਿਹਾ ਕਿ ਸੁਨੀਲ ਜਾਖੜ ਵੱਲੋਂ ਬਦਲਾਖੋਰੀ ਦੀ ਰਾਜਨੀਤੀ ਕੀਤੀ ਜਾ ਰਹੀ ਹੈ, ਜਿਸ ਤਹਿਤ ਉਨ੍ਹਾਂ ਨੇ ਅਬੋਹਰ ਹਲਕੇ 'ਚ ਦਹਿਸ਼ਤ ਦਾ ਮਾਹੌਲ ਬਣਾਇਆ ਹੋਇਆ ਹੈ ਤੇ ਆਲੇ-ਦੁਆਲੇ ਦੇ ਹਲਕਿਆਂ ਨਾਲ ਵੀ ਵਿਤਕਰਾ ਕੀਤਾ ਜਾ ਰਿਹਾ ਹੈ, ਕਿਉਂਕਿ ਉਨ੍ਹਾਂ ਨੂੰ ਪਿਛਲੀਆਂ ਵਿਧਾਨ ਸਭਾ ਚੋਣਾਂ 'ਚ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਇਸ ਮੌਕੇ ਡਾ. ਰਿਣਵਾ ਜੋ ਆਪਣੇ ਸਮਰਥਕਾਂ ਸਮੇਤ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਏ ਹਨ, ਨੇ ਕਿਹਾ ਕਿ ਉਹ ਹਲਕੇ ਦੇ ਲੋਕਾਂ ਦੀ ਇੱਛਾ ਮੁਤਾਬਕ ਅਜਿਹਾ ਕਰ ਰਹੇ ਹਨ, ਕਿਉਂਕਿ ਲੋਕਾਂ ਨੇ ਉਨ੍ਹਾਂ ਨੂੰ ਕਿਹਾ ਹੈ ਕਿ ਉਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ ਤੇ ਇਸ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਪੂਰਾ ਭਰੋਸਾ ਹੈ ਕਿ ਉਹ ਹੀ ਉਨ੍ਹਾਂ ਦੀਆਂ ਸ਼ਿਕਾਇਤਾਂ ਦਾ ਹੱਲ ਕਰਦਿਆਂ ਜ਼ਿਲ੍ਹੇ ਦਾ ਵਿਕਾਸ ਮੁੜ ਸ਼ੁਰੂ ਕਰ ਸਕਦੇ ਹਨ।

### ਪਰਮਜੀਤ ਸਿੰਘ ਢਿੱਲੋਂ ਨੂੰ ਸਮਰਾਲਾ ਹਲਕੇ ਤੋਂ ਅਕਾਲੀ ਉਮੀਦਵਾਰ ਐਲਾਨਿਆ

**ਮਾਛੀਵਾੜਾ ਸਾਹਿਬ:** ਸ਼੍ਰੋਮਣੀ ਅਕਾਲੀ ਦਲ ਨੇ ਨੌਜਵਾਨ ਆਗੂ ਪਰਮਜੀਤ ਸਿੰਘ ਢਿੱਲੋਂ ਨੂੰ ਵਿਧਾਨ ਸਭਾ ਹਲਕਾ ਸਮਰਾਲਾ ਤੋਂ ਪਾਰਟੀ ਉਮੀਦਵਾਰ ਐਲਾਨ ਦਿੱਤਾ ਹੈ। ਸ੍ਰੀ ਢਿੱਲੋਂ ਦਾ ਅਕਾਲੀ ਦਲ ਵਲੋਂ ਉਮੀਦਵਾਰ ਦਾ ਐਲਾਨ ਹਲਕਾ ਸਮਰਾਲਾ ਦੀ ਸਿਆਸਤ 'ਚ ਵੱਡਾ ਧਮਾਕਾ ਹੈ ਕਿਉਂਕਿ ਇਥੋਂ ਸਾਬਕਾ ਵਿਧਾਇਕ ਜਗਜੀਵਨ ਸਿੰਘ ਖੀਰਨੀਆਂ ਨੂੰ ਵੀ ਪ੍ਰਮੁੱਖ ਦਾਅਵੇਦਾਰ ਵਜੋਂ ਦੇਖਿਆ ਜਾ ਰਿਹਾ ਸੀ।

# ਸਰਕਾਰੀ ਕਾਲਜਾਂ ਤੋਂ ਪੀ. ਟੀ. ਏ. ਫੰਡ ਮੰਗਣ ਉਤੇ ਉਠੇ ਸਵਾਲ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸੂਬੇ ਅੰਦਰ ਨਵੇਂ ਖੋਲ੍ਹੇ ਜਾਣ ਵਾਲੇ ਕਾਲਜਾਂ ਦੀ ਆੜ ਹੇਠ ਸਰਕਾਰੀ ਕਾਲਜਾਂ ਤੋਂ ਫੰਡ ਇਕੱਤਰ ਕੀਤੇ ਜਾਣ ਲੱਗੇ ਹਨ। ਇਸ ਸਬੰਧੀ ਡਾਇਰੈਕਟਰ ਸਿੱਖਿਆ ਵਿਭਾਗ 'ਕਾਲਜਿਜ਼' ਪੰਜਾਬ ਵੱਲੋਂ ਪੌਣੀ ਦਰਜਨ ਸਰਕਾਰੀ ਕਾਲਜਾਂ ਨੂੰ ਪੱਤਰ ਭੇਜ ਕੇ ਪੰਜ-ਪੰਜ ਲੱਖ ਰੁਪਏ ਮੰਗੇ ਗਏ ਹਨ।

ਪੰਜਾਬ ਦੇ ਉਚ ਸਿੱਖਿਆ ਵਿਭਾਗ ਵੱਲੋਂ ਨਵੇਂ ਸਰਕਾਰੀ ਕਾਲਜ ਖੋਲ੍ਹਣ ਲਈ ਅੱਠ ਕਾਲਜਾਂ ਤੋਂ ਪੰਜ ਪੰਜ ਲੱਖ ਰੁਪਏ ਮਾਪੇ ਅਧਿਆਪਕ ਸੰਸਥਾ (ਪੀ.ਟੀ.ਏ.) ਦੇ ਫੰਡ ਵਿਚੋਂ ਦੇਣ ਲਈ ਕਿਹਾ ਹੈ। ਸਰਕਾਰ ਦੀ ਇਸ ਨੀਤੀ 'ਤੇ ਸਵਾਲ ਉਠਣੇ ਸ਼ੁਰੂ ਹੋ ਗਏ ਹਨ। ਪੰਜਾਬ ਗੌਰਮਿੰਟ ਕਾਲਜ ਟੀਚਰਜ਼ ਐਸੋਸੀਏਸ਼ਨ ਨੇ ਸਰਕਾਰ ਵੱਲੋਂ ਸਰਕਾਰੀ ਕਾਲਜਾਂ ਦੇ ਖਾਤਿਆਂ ਵਿਚੋਂ ਪੈਸੇ ਮੰਗਣ ਦੇ ਫੈਸਲੇ ਨੂੰ ਗੈਰ-ਵਾਜਿਬ ਕਰਾਰ ਦਿੱਤਾ ਹੈ।

ਕੇਂਦਰ ਸਰਕਾਰ ਦੀ ਯੋਜਨਾ ਰਾਸ਼ਟਰੀ ਉਚਤਰ ਸਿੱਖਿਆ ਅਭਿਆਨ (ਰੂਸਾ) ਤੋਂ ਪਿਛੜੇ ਖੇਤਰਾਂ ਲਈ ਮਨਜ਼ੂਰ ਕਰਵਾਏ ਕਾਲਜ ਖੋਲ੍ਹਣ ਵਾਸਤੇ ਅਜਿਹੇ ਪੈਸੇ ਦੀ ਜ਼ਰੂਰਤ ਦਾ ਪ੍ਰਗਟਾਵਾ ਕੀਤਾ ਗਿਆ ਹੈ। 12ਵੀਂ ਪੰਜ ਸਾਲਾ ਯੋਜਨਾ ਦੌਰਾਨ ਪੰਜਾਬ ਸਰਕਾਰ ਨੇ ਇਸ ਨੀਤੀ ਤਹਿਤ 22 ਪਛੜੀਆਂ ਡਿਵੀਜ਼ਨਾਂ 'ਚ ਕਾਲਜ ਖੋਲ੍ਹਣ ਦੀ ਨਿਸ਼ਾਨਦੇਹੀ ਕੀਤੀ ਸੀ। 2013 ਤੋਂ 2015 ਤੱਕ 12 ਕਾਲਜ ਖੋਲ੍ਹੇ ਜਾਣੇ ਸਨ। ਇਸ ਵੇਲੇ ਪੰਜਾਬ ਵਿਚ 19.5 ਫੀਸਦੀ ਵਿਦਿਆਰਥੀ ਉਚੇਰੀ ਵਿੱਦਿਆ ਪ੍ਰਾਪਤ ਕਰਦੇ ਹਨ। ਪੰਜਾਬ ਸਰਕਾਰ




ਦੀ ਦਲੀਲ ਸੀ ਕਿ ਉਚੇਰੀ ਵਿੱਦਿਆ ਨੂੰ 25 ਫੀਸਦੀ ਵਿਦਿਆਰਥੀਆਂ ਤੱਕ ਲੈ ਜਾਣ ਲਈ ਅਜਿਹੇ ਕਾਲਜ ਖੋਲ੍ਹੇ ਜਾਣ ਦੀ ਲੋੜ ਹੈ।

ਸਵਾਲ ਇਹ ਹੈ ਕਿ ਜਦ ਸਰਕਾਰ ਨੂੰ ਮੌਜੂਦਾ ਕਾਲਜਾਂ ਨੂੰ ਚਲਾਉਣ 'ਚ ਮੁਸ਼ਕਲ ਆ ਰਹੀਆਂ ਹਨ ਤਾਂ ਨਵੇਂ ਕਾਲਜ ਕਿਵੇਂ ਚਲਾਏ ਜਾਣਗੇ। ਸਰਕਾਰੀ ਕਾਲਜਾਂ ਵਿਚ ਸਥਾਈ ਅਧਿਆਪਕਾਂ ਤੇ ਸਟਾਫ ਦੀ ਗਿਣਤੀ ਲਗਾਤਾਰ ਘਟ ਰਹੀ ਹੈ। ਵੱਡੀ ਗਿਣਤੀ ਵਿਚ ਅਧਿਆਪਕ ਅਤੇ ਸਟਾਫ ਐਡਹਾਕ ਜਾਂ ਗੈਸਟ ਫੈਕਲਟੀ ਤਹਿਤ ਰੱਖੇ ਗਏ ਹਨ। 1996 ਤੋਂ ਪਿੱਛੋਂ ਸਹੀ ਤਰੀਕੇ ਨਾਲ ਭਰਤੀ ਨਾ ਹੋਣ ਕਰ ਕੇ ਬਹੁਤ ਸਾਰੇ ਪੇਂਡੂ ਕਾਲਜ ਬੰਦ ਹੋਣ ਦੇ ਕਿਨਾਰੇ ਹਨ। ਸਰਕਾਰ ਨੇ ਸਿੱਖਿਆ ਖਾਸ ਤੌਰ 'ਤੇ ਉਚੇਰੀ ਸਿੱਖਿਆ ਤੋਂ ਹੱਥ ਖਿੱਚ ਲੈਣ ਦੇ ਸੰਕੇਤ ਦਿੰਦਿਆਂ ਕਾਲਜਾਂ ਦਾ ਕੰਮਕਾਜ ਚਲਾਉਣ ਲਈ ਮਾਪੇ ਅਧਿਆਪਕ ਸੰਸਥਾਵਾਂ ਬਣਾ ਕੇ ਫੰਡ ਵਸੂਲਣੇ ਸ਼ੁਰੂ ਕਰ ਦਿੱਤੇ ਸਨ। ਸ਼ੁਰੂਆਤੀ ਤੌਰ ਉਤੇ ਇਹ ਫੰਡ ਸਵੈ-ਇੱਛਤ ਸਨ ਪਰ ਹੌਲੀ ਹੌਲੀ ਇਹ ਮਾਪਿਆਂ 'ਤੇ ਸਥਾਈ ਬੋਝ ਬਣ ਗਏ। ਕਾਲਜਾਂ ਵਿਚ ਗੈਸਟ ਫੈਕਲਟੀ ਵਿਚ ਰੱਖੇ ਪ੍ਰੋਫੈਸਰਾਂ ਨੂੰ ਕੁੱਲ 21600 ਰੁਪਏ ਮਿਲਦੇ ਹਨ ਜਿਨ੍ਹਾਂ ਵਿਚੋਂ 11600 ਰੁਪਏ ਪੀਟੀਏ ਫੰਡ ਵਿਚੋਂ ਅਦਾ ਕੀਤੇ ਜਾ ਰਹੇ ਹਨ।

ਨਵੇਂ ਕਾਲਜਾਂ ਬਾਰੇ ਰੈਗੂਲਰ ਅਤੇ ਗੈਸਟ ਫੈਕਲਟੀ ਦੇ ਪ੍ਰੋਫੈਸਰਾਂ ਤੋਂ ਪਸੰਦਾਂ ਮੰਗੀਆਂ ਜਾ ਰਹੀਆਂ ਹਨ ਕਿ ਉਨ੍ਹਾਂ ਨੂੰ ਤਨਖਾਹਾਂ ਤਾਂ ਪੁਰਾਣੇ ਕਾਲਜਾਂ ਤੋਂ ਮਿਲਣਗੀਆਂ ਪਰ ਜੇਕਰ ਉਹ ਚਾਹੁਣ ਤਾਂ ਕੰਮ ਨਵੇਂ ਕਾਲਜਾਂ ਵਿਚ ਕਰ ਸਕਦੇ ਹਨ, ਭਾਵ ਨਵੇਂ ਕਾਲਜਾਂ ਵਿਚ ਨਵਾਂ ਸਟਾਫ ਵੀ ਫਿਲਹਾਲ ਭਰਤੀ ਨਹੀਂ ਕੀਤਾ ਜਾ ਰਿਹਾ ਹੈ।

ਪੰਜਾਬ ਗੌਰਮਿੰਟ ਕਾਲਜ ਟੀਚਰਜ਼ ਐਸੋਸੀਏਸ਼ਨ ਨੇ ਸਰਕਾਰ ਵੱਲੋਂ ਸਰਕਾਰੀ ਕਾਲਜਾਂ ਦੇ ਖਾਤਿਆਂ ਵਿਚੋਂ ਪੈਸੇ ਮੰਗਣ ਦੇ ਫੈਸਲੇ ਨੂੰ ਗੈਰ-ਵਾਜਿਬ ਕਰਾਰ ਦਿੱਤਾ ਹੈ। ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਪ੍ਰੋ. ਬਰਜਿੰਦਰ ਸਿੰਘ ਟੌਹੜਾ ਨੇ ਆਖਿਆ ਕਿ ਸਰਕਾਰ ਕਿਸੇ ਵੀ ਤਰ੍ਹਾਂ ਸਰਕਾਰੀ ਕਾਲਜਾਂ ਤੋਂ ਪੈਸਾ ਨਹੀਂ ਵਸੂਲ ਸਕਦੀ ਕਿਉਂਕਿ ਸਰਕਾਰ ਦੀ ਸਰਪ੍ਰਸਤੀ ਹੇਠ ਹੀ ਪੀ.ਟੀ.ਏ. ਤੇ ਐਚ.ਈ.ਆਈ.ਐਸ. ਦੇ ਗਠਿਤ ਸੰਵਿਧਾਨ ਵਿਚ ਵਿਦਿਆਰਥੀਆਂ ਦੇ ਕਾਰਜਾਂ ਤੋਂ ਬਾਹਰ ਜਾ ਕੇ ਪੈਸਾ ਵਰਤਿਆ ਨਹੀਂ ਜਾ ਸਕਦਾ। ਅਜਿਹੇ ਵਿਚ ਸਰਕਾਰ ਸਰਕਾਰੀ ਕਾਲਜਾਂ ਤੋਂ ਫੰਡ ਮੰਗਣ ਦਾ ਹੱਕ ਰੱਖਣ ਤੋਂ ਅਸਮਰੱਥ ਹੈ। ਵੱਖ-ਵੱਖ ਸਰਕਾਰੀ ਕਾਲਜਾਂ ਦੇ ਪ੍ਰਬੰਧਕਾਂ ਦਾ ਸ਼ਿਕਵਾ ਹੈ ਕਿ ਪਹਿਲਾਂ ਤੋਂ ਸਥਾਪਤ ਸਰਕਾਰੀ ਕਾਲਜਾਂ ਦਾ ਵਿੱਤੀ ਤਵਾਜ਼ਨ ਵਿਗਾੜ ਕੇ ਨਵੇਂ ਖੁੱਲ੍ਹਣ ਵਾਲੇ ਸਰਕਾਰੀ ਕਾਲਜਾਂ ਨੂੰ ਵਿੱਤੀ ਮਦਦ ਦੇਣ ਦਾ ਫੈਸਲਾ ਕਿਸੇ ਪੱਖੋਂ ਵੀ ਢੁਕਵਾਂ ਨਹੀਂ ਹੈ। ਸਰਕਾਰੀ ਕਾਲਜਾਂ ਦਾ ਪਹਿਲਾਂ ਹੀ ਵੱਡਾ ਵਿੱਤੀ ਪ੍ਰਬੰਧ ਪ੍ਰਾਈਵੇਟ ਪੱਧਰ ਹੇਠਲੀਆਂ ਗਠਿਤ ਕਮੇਟੀਆਂ ਜ਼ਰੀਏ ਚੱਲ ਰਿਹਾ ਹੈ, ਜੇਕਰ ਅਜਿਹੀਆਂ ਕਮੇਟੀਆਂ ਦੀ ਤਿਜੋਰੀ ਖਾਲੀ ਹੋ ਗਈ ਤਾਂ ਸਰਕਾਰੀ ਕਾਲਜਾਂ ਦਾ ਮੁੜ ਪੈਰਾਂ ਸਿਰ ਹੋਣਾ ਅਸੰਭਵ ਹੋ ਜਾਏਗਾ। ਸਿੱਖਿਆ ਜਗਤ ਨਾਲ ਜੁੜੇ ਵੱਖ ਵੱਖ ਚਿੰਤਕਾਂ ਨੇ ਵੀ ਨਵੇਂ ਖੁੱਲ੍ਹਣ ਵਾਲੇ ਸਰਕਾਰੀ ਕਾਲਜਾਂ ਲਈ ਵੱਖਰਾ ਫੰਡ ਜੁਟਾਉਣ 'ਤੇ ਜ਼ੋਰ ਦਿੱਤਾ ਹੈ।

### ਖਾਲਸਾ ਕਾਲਜ ਵੱਲੋਂ ਦਾਖਲਿਆਂ ਦੇ ਸਾਂਝੇ ਪੋਰਟਲ ਦਾ ਵਿਰੋਧ

**ਅੰਮ੍ਰਿਤਸਰ:** ਸੂਬੇ ਦੇ ਸਮੂਹ ਡਿਗਰੀ ਕਾਲਜਾਂ 'ਚ ਦਾਖਲਿਆਂ ਸਬੰਧੀ ਉਚੇਰੀ ਸਿੱਖਿਆ ਵਿਭਾਗ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਇਕ ਸਾਂਝਾ ਦਾਖਲਾ ਪੋਰਟਲ ਬਣਾਉਣ ਦੇ ਲਏ ਗਏ ਫੈਸਲੇ ਦਾ ਖਾਲਸਾ ਕਾਲਜ ਵਿਦਿਅਕ ਅਦਾਰਿਆਂ ਨੇ ਵਿਰੋਧ ਕੀਤਾ ਹੈ। ਖਾਲਸਾ ਕਾਲਜ ਚੈਰੀਟੇਬਲ ਸੁਸਾਇਟੀ ਅਧੀਨ ਆਉਂਦੇ ਸਮੂਹ ਕਾਲਜਾਂ ਦੇ ਪ੍ਰਿੰਸੀਪਲਾਂ ਨੇ ਇਸ ਫੈਸਲੇ 'ਤੇ ਆਪਣਾ ਰੋਸ ਜ਼ਾਹਿਰ ਕਰਦਿਆਂ ਕਿਹਾ ਕਿ ਅਸਫਲ ਹੋ ਚੁੱਕੀ ਇਹ ਦਾਖਲਾ ਪ੍ਰਣਾਲੀ ਉਚੇਰੀ ਸਿੱਖਿਆ ਵਿਭਾਗ ਵੱਲੋਂ ਕਾਲਜਾਂ 'ਤੇ ਬੇਵਜ੍ਹਾ ਥੋਪੀ ਜਾ ਰਹੀ ਹੈ। ਉਨ੍ਹਾਂ ਇਸ ਫੈਸਲੇ ਨੂੰ ਵਿੱਦਿਅਕ ਢਾਂਚੇ 'ਤੇ ਵੱਡਾ ਹਮਲਾ ਕਰਾਰ ਦਿੰਦਿਆਂ ਕਿਹਾ ਕਿ ਕਰੋਨਾ ਦੌਰਾਨ ਇਹ ਫੈਸਲਾ ਵਿਦਿਅਕ ਸੰਸਥਾਵਾਂ ਲਈ ਹੋਰ ਵਿੱਤੀ ਸੰਕਟ ਪੈਦਾ ਕਰੇਗਾ।

# ਬੇਅਦਬੀ ਕਾਂਡ: ਨਵੀਂ ਜਾਂਚ ਟੀਮ ਵੱਲੋਂ ਛੇ ਡੇਰਾ ਪ੍ਰੇਮੀ ਗ੍ਰਿਫਤਾਰ

**ਫਰੀਦਕੋਟ:** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਦੀ ਪੜਤਾਲ ਕਰਨ ਲਈ ਪੰਜਾਬ ਸਰਕਾਰ ਵੱਲੋਂ ਡੀ.ਆਈ.ਜੀ. ਐਸ.ਪੀ.ਐਸ ਪਰਮਾਰ ਦੀ ਅਗਵਾਈ ਹੇਠ ਬਣਾਈ ਵਿਸ਼ੇਸ਼ ਜਾਂਚ ਟੀਮ ਨੇ ਗੁਰੂ ਗ੍ਰੰਥ ਸਾਹਿਬ ਦੇ ਪੱਤਰਿਆਂ ਨੂੰ ਪਿੰਡ ਬਰਗਾੜੀ ਦੀਆਂ ਗਲੀਆਂ ਵਿਚ ਖਿਲਾਰਨ ਅਤੇ ਇਸ ਸਬੰਧੀ ਇਤਰਾਜਯੋਗ ਪੋਸਟਰ ਲਾਉਣ ਦੇ ਦੋਸ਼ ਵਿਚ ਛੇ ਡੇਰਾ ਪ੍ਰੇਮੀਆਂ ਨੂੰ ਗ੍ਰਿਫਤਾਰ ਕੀਤਾ ਹੈ।



ਵਿਸ਼ੇਸ਼ ਜਾਂਚ ਟੀਮ ਨੇ ਇਕ ਮਹੀਨੇ ਦੀ ਪੜਤਾਲ ਮਗਰੋਂ ਬੇਅਦਬੀ ਕਾਂਡ ਵਿਚ ਛੇ ਵਿਅਕਤੀਆਂ ਸ਼ਕਤੀ ਸਿੰਘ, ਸੁਖਜਿੰਦਰ ਸਿੰਘ, ਪ੍ਰਦੀਪ ਸਿੰਘ, ਨਿਸ਼ਾਨ ਸਿੰਘ, ਰਣਜੀਤ ਸਿੰਘ ਅਤੇ ਬਲਜੀਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ। ਇਹ ਸਾਰੇ ਵਿਅਕਤੀ ਫਰੀਦਕੋਟ ਜ਼ਿਲ੍ਹੇ ਨਾਲ ਸਬੰਧਤ ਹਨ। ਦੱਸਣਯੋਗ ਹੈ ਕਿ ਅਣਪਛਾਤੇ ਵਿਅਕਤੀਆਂ ਨੇ 12 ਅਕਤੂਬਰ 2015 ਦੀ ਰਾਤ ਨੂੰ ਪਿੰਡ ਬਰਗਾੜੀ ਦੀਆਂ ਗਲੀਆਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ਅੰਗ ਪਾੜ ਕੇ ਖਿਲਾਰ ਦਿੱਤੇ ਸਨ ਤੇ ਇਸ ਤੋਂ ਪਹਿਲਾਂ 24 ਸਤੰਬਰ, 2015 ਨੂੰ ਪਿੰਡ ਬਰਗਾੜੀ ਵਿੱਚ ਇਤਰਾਜ਼ਯੋਗ ਪੋਸਟਰ ਲਾਏ ਗਏ ਸਨ ਅਤੇ ਦਾਅਵਾ ਕੀਤਾ ਗਿਆ ਸੀ ਕਿ ਬੁਰਜ ਜਵਾਹਰ ਸਿੰਘ ਵਾਲਾ ਵਿਚ ਪਹਿਲੀ ਜੂਨ ਨੂੰ ਚੋਰੀ ਹੋਇਆ ਸਰੂਪ ਉਨ੍ਹਾਂ ਦੇ ਕਬਜ਼ੇ ਵਿਚ ਹੈ। ਹੁਣ ਜਾਂਚ ਟੀਮ ਨੇ ਦਾਅਵਾ ਕੀਤਾ ਹੈ ਕਿ ਬਰਗਾੜੀ ਵਿਚ ਬੇਅਦਬੀ ਦੇ ਦੋਵੇਂ ਮਾਮਲੇ ਸੁਲਝਾ ਲਏ ਗਏ ਹਨ। ਇਸ ਮਾਮਲੇ ਦੀ ਪੜਤਾਲ ਪਹਿਲਾਂ ਡੀ.ਆਈ.ਜੀ. ਰਣਬੀਰ ਸਿੰਘ ਖਟੜਾ ਕਰ ਰਹੇ ਸਨ ਪਰ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਮਗਰੋਂ 4 ਜਨਵਰੀ ਨੂੰ ਪੰਜਾਬ ਸਰਕਾਰ ਨੇ ਨਵੀਂ ਜਾਂਚ ਟੀਮ ਗਠਿਤ ਕਰ ਦਿੱਤੀ ਸੀ ਅਤੇ ਐਸ.ਪੀ.ਐਸ ਪਰਮਾਰ ਨੂੰ ਨਵੀਂ ਜਾਂਚ ਟੀਮ ਦਾ ਮੁਖੀ ਥਾਪਿਆ ਗਿਆ ਸੀ।

ਬੇਅਦਬੀ ਕਾਂਡ ਦੇ ਦੋ ਮਾਮਲੇ ਹੱਲ ਹੋਣ ਨਾਲ ਪੰਜਾਬ ਸਰਕਾਰ ਨੂੰ ਵੱਡੀ ਰਾਹਤ ਮਿਲੀ ਹੈ ਕਿਉਂਕਿ ਕੋਟਕਪੂਰਾ ਗੋਲੀ ਕਾਂਡ ਵਿਚ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਆਏ ਫੈਸਲੇ ਨੇ ਪੰਜਾਬ ਸਰਕਾਰ ਲਈ ਵੱਡੀਆਂ ਮੁਸ਼ਕਲਾਂ ਖੜ੍ਹੀਆਂ ਕਰ ਦਿੱਤੀਆਂ ਸਨ।

## ਸਬੂਤ ਮਿਟਾਉਣ ਵਾਲਿਆਂ ਖਿਲਾਫ ਸਬੂਤਾਂ ਦੀ ਘਾਟ ਨਹੀਂ: ਭਗਵੰਤ

**ਚੰਡੀਗੜ੍ਹ:** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਇਨਸਾਫ ਮੰਗ ਰਹੇ ਸਿੱਖਾਂ 'ਤੇ ਗੋਲੀ ਚਲਾਉਣ ਦੇ ਮਾਮਲਿਆਂ ਬਾਰੇ ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਸੱਤਾ ਦੀ ਵਰਤੋਂ ਕਰਕੇ ਸਬੂਤ ਮਿਟਾਉਣ ਵਾਲਿਆਂ ਖਿਲਾਫ ਸਬੂਤਾਂ ਦੀ ਘਾਟ ਨਹੀਂ ਹੈ। ਮਾਨ ਨੇ ਦੋਸ਼ ਲਾਇਆ ਕਿ ਸੁਖਬੀਰ ਬਾਦਲ ਵੱਲੋਂ ਉਪ ਮੁੱਖ ਮੰਤਰੀ ਰਹਿੰਦਿਆਂ ਦੋ ਸਾਲ ਬਰਗਾੜੀ ਅਤੇ ਬਹਿਬਲ ਕਲਾਂ-ਕੋਟਕਪੂਰਾ ਘਟਨਾਵਾਂ ਦੇ ਸਬੂਤ ਮਿਟਾਉਣ ਲਈ ਹਰ ਹੱਥਕੰਡਾ ਵਰਤਿਆ ਗਿਆ ਪਰ ਦੋਸ਼ੀਆਂ ਦੇ ਕੱਪੜਿਆਂ 'ਤੇ ਦਾਗ ਲੱਗੇ ਰਹਿ ਜਾਂਦੇ ਹਨ। ਉਨ੍ਹਾਂ ਕਿਹਾ ਕਈ ਜਾਂਚ ਕਮੇਟੀਆਂ ਵੱਲੋਂ ਸੁਖਬੀਰ ਬਾਦਲ ਅਤੇ ਅਕਾਲੀ ਸਰਕਾਰ ਖਿਲਾਫ ਬਹੁਤ ਸਾਰੇ ਸਬੂਤ ਪੇਸ਼ ਕੀਤੇ ਜਾ ਚੁੱਕੇ ਹਨ।

# ਹਿਸਾਰ 'ਚ ਕਿਸਾਨਾਂ ਵੱਲੋਂ ਖੱਟਰ ਦਾ ਜ਼ਬਰਦਸਤ ਵਿਰੋਧ

**ਹਿਸਾਰ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਹਿਸਾਰ ਦੌਰੇ ਦਾ ਕਿਸਾਨਾਂ ਵੱਲੋਂ ਜਬਰਦਸਤ ਵਿਰੋਧ ਕੀਤਾ ਗਿਆ, ਜਦੋਂਕਿ ਪੁਲਿਸ ਵੱਲੋਂ ਕਿਸਾਨਾਂ ਉਤੇ ਬਲ ਪ੍ਰਯੋਗ ਕਰਦਿਆਂ ਲਾਠੀਚਾਰਜ ਕੀਤਾ ਗਿਆ ਤੇ ਅੱਥਰੂ ਗੈਸ ਦੇ ਗੋਲੇ ਦਾਗੇ ਗਏ, ਜਿਸ 'ਚ ਕਈ ਕਿਸਾਨਾਂ ਦੇ ਜਖਮੀ ਹੋ ਗਏ। ਮੁੱਖ ਮੰਤਰੀ ਇਥੇ ਕੋਵਿਡ-19 ਹਸਪਤਾਲ ਦਾ ਉਦਘਾਟਨ ਕਰਨ ਆਏ ਸੀ। ਪੁਲਿਸ ਦਾ ਕਹਿਣਾ ਹੈ ਕਿ ਕਿਸਾਨਾਂ ਵਲੋਂ ਬੈਰੀਕੇਡ ਤੋੜ ਕੇ ਅੱਗੇ ਵਧਣ ਦੀ ਕੋਸ਼ਿਸ਼ ਕੀਤੀ ਗਈ, ਜਿਸ ਦੌਰਾਨ ਕਿਸਾਨਾਂ ਨੂੰ ਖਿੰਡਾਉਣ ਲਈ ਬਲ ਪ੍ਰਯੋਗ ਕਰਨਾ ਪਿਆ। ਮੁੱਖ ਮੰਤਰੀ ਵੱਲੋਂ ਇਥੇ ਨਵੇਂ ਬਣੇ 500 ਬਿਸਤਰਿਆਂ ਵਾਲੇ ਚੌਧਰੀ ਦੇਵੀ ਲਾਲ ਸੰਜੀਵਨੀ ਕੋਵਿਡ-19 ਹਸਪਤਾਲ ਦਾ ਉਦਘਾਟਨ ਕੀਤਾ ਗਿਆ, ਜਦੋਂਕਿ ਪੁਲਿਸ ਵੱਲੋਂ ਕਿਸਾਨਾਂ ਨੂੰ ਇਥੇ ਪੁੱਜਣ ਤੋਂ ਪਹਿਲਾਂ ਹੀ ਰੋਕ ਲਿਆ ਗਿਆ।



ਪੁਲਿਸ ਅਨੁਸਾਰ ਮੁੱਖ ਮੰਤਰੀ ਦੇ ਪ੍ਰੋਗਰਾਮ ਵੱਲ ਮਾਰਚ ਕਰ ਰਹੇ ਕਿਸਾਨਾਂ 'ਚੋਂ 150 ਨੂੰ ਹਿਰਾਸਤ 'ਚ ਲਿਆ ਗਿਆ ਹੈ, ਜਿਨ੍ਹਾਂ 'ਚ ਔਰਤਾਂ ਵੀ ਸ਼ਾਮਲ ਹਨ। ਕਿਸਾਨ ਯੂਨੀਅਨ ਹਿਸਾਰ ਦੇ ਜ਼ਿਲ੍ਹਾ ਪ੍ਰਧਾਨ ਕੁਲਦੀਪ ਖਰੜ ਨੇ ਕਿਹਾ ਕਿ ਰੋਹਤਕ ਦੀ ਤਰਜ਼ 'ਤੇ ਹਿਸਾਰ 'ਚ ਵੀ ਮੁੱਖ ਮੰਤਰੀ ਦੇ ਕਹਿਣ ਉਤੇ ਪੁਲਿਸ ਵੱਲੋਂ ਕਿਸਾਨਾਂ ਉਤੇ ਅੱਥਰੂ ਗੈਸ ਦੇ ਗੋਲੇ ਦਾਗੇ ਗਏ ਤੇ ਉਨ੍ਹਾਂ 'ਤੇ ਲਾਠੀਚਾਰਜ ਕੀਤਾ ਗਿਆ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਸਿਰਫ ਖੂਨ ਮੰਗਦੀ ਹੈ ਤੇ ਇਸ ਲਈ ਪੁਲਿਸ ਪ੍ਰਸ਼ਾਸਨ ਤੋਂ ਸਾਡੇ 'ਤੇ ਲਾਠੀਆਂ, ਡੰਡਿਆਂ ਤੇ ਅੱਥਰੂ ਗੈਸ ਦੇ ਗੋਲਿਆਂ ਨਾਲ ਹਮਲਾ ਕਰਵਾਇਆ ਗਿਆ, ਜਿਸ 'ਚ ਕਈ ਬਜ਼ੁਰਗ ਕਿਸਾਨ ਤੇ ਸਾਡੇ ਨੌਜਵਾਨ ਸਾਥੀ ਜਖਮੀ ਹੋਏ ਹਨ। ਕਿਸਾਨਾਂ ਵੱਲੋਂ ਆਪਣੇ ਨਾਲ ਹੋਏ ਧੱਕੇ ਦੇ ਵਿਰੋਧ 'ਚ ਕੌਮੀ ਹਾਈਵੇਅ ਪੂਰੀ ਤਰ੍ਹਾਂ ਨਾਲ ਜਾਮ ਕਰ ਦਿੱਤਾ ਗਿਆ ਤੇ ਕਿਹਾ ਕਿ ਜਦੋਂ ਤੱਕ ਸਾਡੇ ਕਿਸਾਨ ਸਾਥੀਆਂ ਨੂੰ ਰਿਹਾਅ ਨਹੀਂ ਕੀਤਾ ਜਾਂਦਾ, ਹਾਈਵੇਅ ਨਹੀਂ ਖੋਲ੍ਹਾਂਗੇ।

# ਕੈਪਟਨ ਤੋਂ ਬਾਅਦ ਹੁਣ ਨਵਜੋਤ ਸਿੱਧੂ ਬਾਦਲਾਂ ਦੁਆਲੇ ਹੋਏ

**ਅੰਮ੍ਰਿਤਸਰ:** ਬਹਿਬਲ ਕਲਾਂ ਅਤੇ ਬਰਗਾੜੀ ਮਾਮਲੇ ਵਿਚ ਕਾਂਗਰਸੀ ਵਿਧਾਇਕ ਨਵਜੋਤ ਸਿੰਘ ਸਿੱਧੂ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਨਿਸ਼ਾਨੇ 'ਤੇ ਲਿਆ। ਉਨ੍ਹਾਂ ਇਕ ਟਵੀਟ ਰਾਹੀਂ ਬਿਨਾਂ ਕਿਸੇ ਦਾ ਨਾਂ ਲਏ ਆਖਿਆ, 'ਤੁਸੀਂ ਦੋਸ਼ੀ ਹੋ ਪਰ ਤੁਹਾਨੂੰ ਬਚਾਇਆ ਗਿਆ ਹੈ।' ਉਨ੍ਹਾਂ ਨੇ ਘਟਨਾ ਵੇਲੇ ਦੀਆਂ ਸੀ.ਸੀ.ਟੀ.ਵੀ. ਕੈਮਰਿਆਂ ਦੀਆਂ ਚਾਰ ਫੁਟੇਜ ਵੀ ਦੁਬਾਰਾ ਅੱਪਲੋਡ ਕੀਤੀਆਂ ਹਨ। ਸ੍ਰੀ ਸਿੱਧੂ ਇਸ ਤੋਂ ਪਹਿਲਾਂ ਬੇਅਦਬੀ ਮਾਮਲੇ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਲਗਾਤਾਰ ਨਿਸ਼ਾਨਾ ਬਣਾ ਰਹੇ ਸਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬੀਤੇ ਦਿਨੀਂ ਕਿਹਾ ਸੀ ਕਿ ਇਸ ਮਾਮਲੇ ਵਿਚ ਬਾਦਲ ਪਰਿਵਾਰ ਖਿਲਾਫ ਝੂਠਾ ਪ੍ਰਚਾਰ ਕੀਤਾ ਜਾ ਰਿਹਾ ਹੈ ਤੇ ਜੇ ਸ੍ਰੀ ਸਿੱਧੂ, ਕੈਪਟਨ ਜਾਂ 'ਆਪ' ਆਗੂ ਭਗਵੰਤ ਮਾਨ ਆਦਿ ਕੋਲ ਬੇਅਦਬੀ ਕਾਂਡ ਸਬੰਧੀ ਕੋਈ ਸਬੂਤ ਹਨ ਤਾਂ ਉਹ ਜਨਤਕ ਕਰਨ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਡਾ. ਦਲਜੀਤ ਸਿੰਘ ਚੀਮਾ ਨੇ ਵੀ ਸੋਸ਼ਲ ਮੀਡੀਆ ਰਾਹੀਂ ਆਖਿਆ ਸੀ ਕਿ ਜੇ ਬੇਅਦਬੀ ਕਾਂਡ ਬਾਰੇ ਕਿਸੇ ਕੋਲ ਕੋਈ ਸਬੂਤ ਹਨ ਤਾਂ ਉਹ ਨਿੱਜੀ ਤੌਰ 'ਤੇ ਵੀ ਪੁਲਿਸ ਸ਼ਿਕਾਇਤ ਦਰਜ ਕਰਵਾ ਸਕਦਾ ਹੈ ਪਰ ਹੁਣ ਤੱਕ ਅਜਿਹਾ ਨਹੀਂ ਕੀਤਾ ਗਿਆ, ਜਿਸ ਤੋਂ ਸਪੱਸ਼ਟ ਹੈ ਕਿ ਇਹ ਸਿਰਫ ਬਾਦਲ ਪਰਿਵਾਰ ਨੂੰ ਬਦਨਾਮ ਕਰਨ ਲਈ ਕੀਤਾ ਜਾ ਰਿਹਾ ਪ੍ਰਚਾਰ ਹੈ। ਇਸ ਮਗਰੋਂ ਸ੍ਰੀ ਸਿੱਧੂ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਨਿਸ਼ਾਨੇ 'ਤੇ ਲੈਂਦਿਆਂ ਟਵੀਟ ਕੀਤਾ, 'ਜਸਟਿਸ (ਸੇਵਾਮੁਕਤ) ਜੋਰਾ ਸਿੰਘ ਜਾਂਚ ਕਮਿਸ਼ਨ ਦੀ ਜਾਂਚ ਵੇਲੇ ਬਾਦਲ ਰਾਜ ਵਿਚ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਨੂੰ ਲੁਕਾ ਲਿਆ ਗਿਆ ਸੀ, ਜਿਸ ਨੂੰ ਮਗਰੋਂ ਜਸਟਿਸ ਰਣਜੀਤ ਸਿੰਘ ਨੇ ਲੱਭ ਲਿਆ ਸੀ। ਮੈਂ ਉਸ ਫੁਟੇਜ ਨੂੰ ਆਮ ਲੋਕਾਂ ਲਈ ਜਨਤਕ ਕੀਤਾ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਪੁਲਿਸ ਦਾ ਕੀ ਰੋਲ ਸੀ ਅਤੇ ਉਸ ਨੇ ਬਾਦਲਾਂ ਦੇ ਕਹਿਣ 'ਤੇ ਕਾਰਵਾਈ ਕੀਤੀ।' ਬਿਨਾਂ ਕਿਸੇ ਦਾ ਨਾਂ ਲਏ ਉਨ੍ਹਾਂ ਕਿਹਾ, 'ਤੁਸੀਂ ਦੋਸ਼ੀ ਹੋ ਪਰ ਤੁਹਾਨੂੰ ਬਚਾਇਆ ਗਿਆ ਹੈ'।



ਇਸ ਦੇ ਨਾਲ ਹੀ ਉਨ੍ਹਾਂ ਘਟਨਾ ਸਮੇਂ ਦੀ ਚਾਰ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਵੀ ਅੱਪਲੋਡ ਕੀਤੀ ਹੈ, ਜਿਸ ਦੇ ਨਾਲ-ਨਾਲ ਉਹ ਦੱਸ ਰਹੇ ਹਨ ਕਿ ਕਿਵੇਂ ਪੁਲਿਸ ਨੇ ਪ੍ਰਦਰਸ਼ਨਕਾਰੀਆਂ 'ਤੇ ਬਿਨਾਂ ਕਿਸੇ ਭੜਕਾਹਟ ਤੋਂ ਕਾਰਵਾਈ ਕੀਤੀ। ਇਸੇ ਦੌਰਾਨ ਸੂਬੇ ਦੀ ਵਿਜੀਲੈਂਸ ਵੱਲੋਂ ਸਿੱਧੂ ਸਮਰਥਕਾਂ ਖਿਲਾਫ ਮੋਰਚਾ ਖੋਲ੍ਹੇ ਜਾਣ 'ਤੇ ਸ੍ਰੀ ਸਿੱਧੂ ਨੇ ਇੱਕ ਟਵੀਟ ਰਾਹੀਂ ਮੁੱਖ ਮੰਤਰੀ ਨੂੰ ਸੰਬੋਧਨ ਹੁੰਦਿਆਂ ਲਿਖਿਆ 'ਮੋਸਟ ਵੈਲਕਮ, ਪਲੀਜ਼ ਡੂ ਯੂਅਰ ਬੈਸਟ'।

## ਸਰਕਾਰ ਬੇਅਦਬੀ ਕਰਨ ਵਾਲਿਆਂ ਦਾ ਸਮਰਥਨ ਕਰ ਰਹੀ: ਬ੍ਰਹਮਪੁਰਾ

**ਅੰਮ੍ਰਿਤਸਰ:** ਸਾਬਕਾ ਮੰਤਰੀ ਰਣਜੀਤ ਸਿੰਘ ਬ੍ਰਹਮਪੁਰਾ ਨੇ ਵੀ ਟਵੀਟ ਕਰ ਕੇ ਦੋਸ਼ ਲਾਇਆ ਕਿ ਸੁਖਬੀਰ ਸਿੰਘ ਬਾਦਲ ਦੇ ਸ਼ਾਸਨ ਦੌਰਾਨ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕੀਤੀ ਗਈ ਤੇ ਕੈਪਟਨ ਸਰਕਾਰ ਬੇਅਦਬੀ ਕਰਨ ਵਾਲਿਆਂ ਦਾ ਸਮਰਥਨ ਕਰ ਰਹੀ ਹੈ। ਉਨ੍ਹਾਂ ਆਖਿਆ ਕਿ ਲੋਕਾਂ ਨੂੰ ਇਨਸਾਫ ਚਾਹੀਦਾ ਹੈ। ਟਾਲ ਮਟੋਲ ਕਰ ਕੇ ਸਮਾਂ ਬਰਬਾਦ ਨਾ ਕੀਤਾ ਜਾਵੇ।

# ਧਾਰਮਿਕ ਤੇ ਸਿਆਸੀ ਸਮਾਗਮਾਂ ਕਾਰਨ ਫੈਲਿਆ ਕਰੋਨਾ

**ਸੰਯੁਕਤ ਰਾਸ਼ਟਰ:** ਆਲਮੀ ਸਿਹਤ ਸੰਸਥਾ ਨੇ ਕਿਹਾ ਹੈ ਕਿ ਹਾਲ ਹੀ ਵਿਚ ਭਾਰਤ ਵਿਚ ਮੌਜੂਦਾ ਸਥਿਤੀ ਦੀ ਪੜਚੋਲ ਤੋਂ ਪਤਾ ਲੱਗਦਾ ਹੈ ਕਿ ਮੁਲਕ ਵਿਚ ਕੋਵਿਡ-19 ਦੇ ਮੁੜ ਫੈਲਾਅ ਅਤੇ ਇਸ ਦੇ ਵਾਧੇ ਪਿੱਛੇ ਕਈ ਮਹੱਤਵਪੂਰਨ ਕਾਰਨ ਹਨ, ਜਿਨ੍ਹਾਂ ਵਿਚ 'ਕਈ ਧਾਰਮਿਕ ਤੇ ਸਿਆਸੀ ਸਮਾਗਮ ਸ਼ਾਮਲ ਹਨ, ਜਿਨ੍ਹਾਂ ਕਾਰਨ ਸਮਾਜਿਕ ਮੇਲ-ਜੋਲ ਵਧਿਆ।' ਆਲਮੀ ਸਿਹਤ ਸੰਸਥਾ ਨੇ ਪ੍ਰਕਾਸ਼ਿਤ ਆਪਣੇ ਕੋਵਿਡ- 19 ਸਬੰਧੀ 'ਵੀਕਲੀ ਐਪੀਡੈਮਾਇਓਲੋਜੀਕਲ ਅਪਡੇਟ' ਵਿਚ ਕਿਹਾ ਕਿ ਬੀ.1.617 ਰੂਪ ਸਭ ਤੋਂ ਪਹਿਲੀ ਵਾਰ ਭਾਰਤ ਵਿਚ ਅਕਤੂਬਰ 2020 ਵਿਚ ਵੇਖਣ ਨੂੰ ਮਿਲਿਆ।



ਭਾਰਤ ਵਿਚ ਕੋਵਿਡ- 19 ਦੇ ਕੇਸਾਂ ਅਤੇ ਮੌਤਾਂ ਦੀ ਗਿਣਤੀ ਵਿਚ ਵਾਧੇ ਨੇ ਬੀ.1.617 ਅਤੇ ਹੋਰ ਰੂਪਾਂ (ਜਿਵੇਂ ਕਿ, ਬੀ.1.1.7) ਦੀ ਮਹੱਤਵਪੂਰਨ ਭੂਮਿਕਾ ਸਬੰਧੀ ਸਵਾਲ ਖੜ੍ਹੇ ਕੀਤੇ ਹਨ। ਅਪਡੇਟ ਮੁਤਾਬਕ,'ਆਲਮੀ ਸਿਹਤ ਸੰਸਥਾ ਵੱਲੋਂ ਭਾਰਤ ਵਿਚ ਮੌਜੂਦਾ ਸਥਿਤੀ ਦੀ ਕੀਤੀ ਪੜਚੋਲ ਤੋਂ ਪਤਾ ਲੱਗਦਾ ਹੈ ਕਿ ਭਾਰਤ ਵਿਚ ਕੋਵਿਡ- 19 ਦੇ ਮੁੜ ਫੈਲਾਅ ਤੇ ਇਸ ਦੇ ਵਾਧੇ ਲਈ ਕਈ ਕਾਰਕ ਜ਼ਿੰਮੇਵਾਰ ਹਨ, ਜਿਨ੍ਹਾਂ ਵਿਚ ਸਾਰਸ-ਕੋਵਿਡ-2 ਰੂਪਾਂ ਸਬੰਧੀ ਕੇਸਾਂ ਦੇ ਅਨੁਪਾਤ ਵਿਚ ਵਾਧਾ, ਕਈ ਧਾਰਮਿਕ ਤੇ ਸਿਆਸੀ ਇਕੱਠ ਜਿਨ੍ਹਾਂ ਕਾਰਨ ਸਮਾਜਿਕ ਮੇਲ-ਜੋਲ ਵਧਿਆ ਅਤੇ ਜਨਤਕ ਸਿਹਤ ਤੇ ਸਮਾਜਿਕ ਉਪਾਵਾਂ (ਪੀ.ਐਚ.ਐਸ.ਐਮ.) ਦੀ ਘੱਟ ਵਰਤੋਂ ਤੇ ਇਸ ਦੀ ਘੱਟ ਆਦਤ ਸ਼ਾਮਲ ਹਨ। ਭਾਰਤ ਵਿਚ ਕੋਵਿਡ- 19 ਦੇ ਫੈਲਾਅ ਪਿੱਛੇ ਇਨ੍ਹਾਂ ਸਾਰੇ ਕਾਰਕਾਂ ਦੇ ਯੋਗਦਾਨ ਨੂੰ ਸਹੀ ਢੰਗ ਨਾਲ ਨਹੀਂ ਸਮਝਿਆ ਗਿਆ। ਜਾਣਕਾਰੀ ਮੁਤਾਬਕ ਭਾਰਤ ਵਿਚ ਲਗਭਗ 0.1 ਫੀਸਦੀ ਪਜੀਟਿਵ ਸੈਂਪਲਾਂ ਨੂੰ ਜੀ.ਆਈ.ਐਸ.ਏ.ਆਈ.ਡੀ. 'ਤੇ ਸੀਕੁਐਂਸ ਤੇ ਅਪਲੋਡ ਕੀਤਾ ਗਿਆ ਤਾਂ ਕਿ ਸਾਰਸ-ਕੋਵਿਡ-2 ਰੂਪਾਂ ਦੀ ਪਛਾਣ ਕੀਤੀ ਜਾ ਸਕੇ। ਇਸ ਦੌਰਾਨ ਪਤਾ ਲੱਗਾ ਕਿ ਭਾਰਤ ਵਿਚ ਕੋਵਿਡ- 19 ਕੇਸਾਂ ਦੀ ਗਿਣਤੀ ਵਿਚ ਵਾਧੇ ਲਈ ਕਈ ਵੀਓਸੀਜ਼ ਦੀ ਮੌਜੂਦਗੀ ਜ਼ਿੰਮੇਵਾਰ ਸੀ ਜਿਨ੍ਹਾਂ ਵਿਚ ਬੀ.1.1.7 ਅਤੇ ਬੀ.1.612 ਉਪ-ਸਮੂਹ ਸ਼ਾਮਲ ਸਨ। ਅਪਰੈਲ 2021 ਤੱਕ ਇਨ੍ਹਾਂ ਰੂਪਾਂ ਦੀ ਪਛਾਣ ਦੌਰਾਨ ਭਾਰਤ ਵਿਚ ਇਕੱਠੇ ਕੀਤੇ ਸੈਂਪਲਾਂ ਦੀ ਸੀਕੁਐਂਸਿੰਗ ਦੌਰਾਨ ਬੀ.1.1.7 ਅਤੇ ਬੀ.1.612 ਦਾ ਕ੍ਰਮਵਾਰ 21 ਫੀਸਦੀ ਤੇ 7 ਫੀਸਦੀ ਅਨੁਪਾਤ ਵੇਖਣ ਨੂੰ ਮਿਲਿਆ। ਆਲਮੀ ਸਿਹਤ ਸੰਸਥਾ ਮੁਤਾਬਕ ਕੋਵਿਡ- 19 ਦੇ ਹੋਰ ਰੂਪਾਂ ਦੇ ਮੁਕਾਬਲੇ ਬੀ.1.1.7 ਅਤੇ ਬੀ.1.612 ਦਾ ਵਾਧਾ ਤੇਜ਼ੀ ਨਾਲ ਹੁੰਦਾ ਹੈ। ਜਾਣਕਾਰੀ ਮੁਤਾਬਕ ਭਾਰਤ ਤੋਂ ਬਾਹਰ ਯੂਕੇ ਵਿਚ ਬੀ.1.617 ਉਪ ਸਮੂਹ ਦੇ ਕੇਸਾਂ ਦੀ ਸਭ ਤੋਂ ਵੱਧ ਗਿਣਤੀ ਦਰਜ ਕੀਤੀ ਗਈ ਹੈ ਤੇ ਹਾਲ ਹੀ 'ਚ ਬੀ.1.617.2 ਨੂੰ 'ਚਿੰਤਾਜਨਕ ਕੌਮੀ ਰੂਪ' ਦੱਸਿਆ ਗਿਆ ਹੈ। ਕੋਵਿਡ- 19 ਸਬੰਧੀ ਦਿੱਤੇ ਗਏ ਸਮੁੱਚੇ ਮੁਲਾਂਕਣ ਮੁਤਾਬਕ ਇਸ ਹਫਤੇ ਵਿਸ਼ਵ ਪੱਧਰ 'ਤੇ ਕੋਵਿਡ- 19 ਦੇ ਕੇਸਾਂ ਤੇ ਮੌਤਾਂ ਦੀ ਗਿਣਤੀ 'ਚ ਕਮੀ ਆਈ ਹੈ, ਜਿਸ ਦੌਰਾਨ ਕੁੱਲ 5.5 ਕੇਸ ਮਿਲੇ ਹਨ ਜਦਕਿ 90,000 ਤੋਂ ਵੱਧ ਮੌਤਾਂ ਹੋਈਆਂ ਹਨ।

# ਖੇਤੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਜੁਮਲਾ ਕਰਾਰ

**ਚੰਡੀਗੜ੍ਹ:** ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਸੂਬੇ ਵਿਚ ਪੈਟਰੋਲ ਪੰਪ, ਕਾਰਪੋਰੇਟ ਘਰਾਣਿਆਂ, ਰੇਲਵੇ ਪਾਰਕਾਂ, ਭਾਜਪਾ ਆਗੂਆਂ ਦੇ ਘਰਾਂ/ਦਫਤਰਾਂ ਸਣੇ 125 ਥਾਵਾਂ 'ਤੇ ਚੱਲ ਰਹੇ ਕਿਸਾਨ ਧਰਨਿਆਂ ਵਿਚ ਕਿਸਾਨਾਂ ਨੇ ਲੋਕ ਕਵੀ ਮਹਿੰਦਰ ਸਾਥੀ ਨੂੰ ਸ਼ਰਧਾਂਜਲੀਆਂ ਦਿੱਤੀਆਂ। ਕਿਸਾਨ ਆਗੂਆਂ ਨੇ ਕਿਹਾ ਕਿ ਕਿਰਤੀਆਂ ਲਈ ਸੁਨਹਿਰੀ ਸਵੇਰ ਦਾ ਸੁਪਨਾ ਸੰਜੋਈ ਚੱਲਦੀ ਰਹੀ ਮਾਣ-ਮੱਤੀ ਕਲਮ ਚਾਹੇ ਥੰਮ ਗਈ ਹੈ ਪਰ ਉਸ ਵੱਲੋਂ ਮਸ਼ਾਲਾਂ ਬਾਲਣ ਦਾ ਹੋਕਾ ਦੇਣ ਦੀ ਰਵਾਇਤ ਜਿਉਂਦੀ ਰਹੇਗੀ।

ਸੰਯੁਕਤ ਕਿਸਾਨ ਮੋਰਚਾ ਦੇ ਆਗੂ ਜਗਮੋਹਨ ਸਿੰਘ ਪਟਿਆਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਵਾਰ-ਵਾਰ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਦਾਅਵੇ ਕਰ ਰਹੇ ਹਨ ਪਰ ਇਹ ਮਹਿਜ 'ਜੁਮਲਾ' ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਦੀ ਨਲਾਇਕੀਆਂ ਕਰਕੇ ਅੱਜ ਕਿਸਾਨ ਕਰਜ਼ਈ ਹੁੰਦਾ ਜਾ ਰਿਹਾ ਹੈ, ਜਿਸ ਕਾਰਨ ਹਰ ਰੋਜ਼ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਕਿਸਾਨੀ ਨਾਲ ਸਬੰਧਤ ਸਮੂਹ ਕਰਜ਼ੇ ਮੁਆਫ ਕਰਕੇ ਕਿਸਾਨਾਂ ਦੀ ਹਮਾਇਤ ਵਿਚ ਪਾਲਸੀ ਤਿਆਰ ਕਰਨੀ ਚਾਹੀਦੀ ਹੈ ਪਰ ਕੇਂਦਰ ਸਰਕਾਰ ਪੂੰਜੀਪਤੀਆਂ ਦਾ ਪੱਖ ਪੂਰਨ ਲੱਗੀ ਹੋਈ ਹੈ।

ਕਿਸਾਨ ਆਗੂ ਨੇ ਹਰਿਆਣਾ ਦੇ ਹਿਸਾਰ ਵਿਚ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦਾ ਵਿਰੋਧ ਕਰਨ ਗਏ ਕਿਸਾਨਾਂ 'ਤੇ ਪੁਲਿਸ ਵੱਲੋਂ ਲਾਠੀਚਾਰਜ ਕਰਕੇ ਅੱਥਰੂ ਗੈਸ ਦੇ ਗੋਲੇ ਛੱਡਣ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਭਾਰਤੀ ਸੰਵਿਧਾਨ ਅਨੁਸਾਰ ਹਰ ਕਿਸੇ ਨੂੰ ਵਿਰੋਧ ਕਰਨ ਦਾ ਅਧਿਕਾਰ ਹੈ ਅਤੇ ਭਾਜਪਾ ਡਾਂਗ ਦੇ ਜ਼ੋਰ 'ਤੇ ਕਿਸਾਨਾਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ ਪਰ ਉਹ ਕਿਸਾਨਾਂ ਨੂੰ ਆਵਾਜ਼ ਨੂੰ ਦਬਾ ਨਹੀਂ ਸਕਦੀ ਹੈ।



ਭਾਰਤੀ ਕਿਸਾਨ ਯੂਨੀਅਨ ਦੇ ਆਗੂ ਸੁਖਦੇਵ ਸਿੰਘ ਕੋਕਰੀਕਲਾਂ ਨੇ ਕਿਹਾ ਕਿ ਕਿਸਾਨਾਂ ਨੂੰ ਦਿੱਲੀ ਦੀਆਂ ਬਰੂੰਹਾਂ 'ਤੇ ਸੰਘਰਸ਼ ਕਰਦੇ ਨੂੰ 6 ਮਹੀਨੇ ਪੂਰੇ ਹੋਣ ਵਾਲੇ ਹਨ। ਇਸ ਦੌਰਾਨ 400 ਦੇ ਕਰੀਬ ਕਿਸਾਨ ਸ਼ਹੀਦ ਹੋ ਚੁੱਕੇ ਹਨ ਪਰ ਕੇਂਦਰ ਸਰਕਾਰ ਕਿਸਾਨਾਂ ਦੀ ਗੱਲ ਸੁਣਨ ਲਈ ਤਿਆਰ ਨਹੀਂ ਹੈ।

# ਇਲੀਨਾਏ ਦੇ ਸਟੇਟ ਸੈਨੇਟਰ ਵੱਲੋਂ ਸਿੱਖ ਭਾਈਚਾਰੇ ਦਾ ਮਾਣ-ਤਾਣ





**ਸ਼ਿਕਾਗੋ (ਬਿਊਰੋ):** ਇਲੀਨਾਏ ਦੇ ਸਟੇਟ ਸੈਨੇਟਰ ਐਨ ਗਿਲੈਪਸੀ (27ਵਾਂ ਜ਼ਿਲ੍ਹਾ) ਤੇ ਗ੍ਰੇਟਰ ਸ਼ਿਕਾਗੋ ਦੇ ਕਮਿਸ਼ਨਰ ਮਰਿਆਨਾ ਸਪਰੋਪੋਲਸ ਇਥੇ ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ) ਵਿਖੇ ਆਏ ਅਤੇ ਇਲੀਨਾਏ ਸਟੇਟ ਵਿਚ ਸਿੱਖ ਭਾਈਚਾਰੇ ਦੇ ਮਾਣ ਵਜੋਂ ਅਪਰੈਲ ਮਹੀਨੇ ਨੂੰ 'ਸਿੱਖ ਅਵੇਅਰਨੈਸ ਐਂਡ ਐਪਰੀਸੀਏਸ਼ਨ' ਤੇ ਸਿੱਖਾਂ ਦੇ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਜਨਮ ਦਿਹਾੜੇ ਮੌਕੇ 18 ਅਪਰੈਲ ਨੂੰ 'ਗੁਰੂ ਤੇਗ ਬਹਾਦਰ ਦਿਵਸ' ਵਜੋਂ ਮਨਾਉਣ ਬਾਰੇ ਐਲਾਨ ਸਿੱਖ ਭਾਈਚਾਰੇ ਦੇ ਮੁਹਤਬਰਾਂ ਨੂੰ ਸੌਂਪੇ ਗਏ।

ਸਿੱਖ ਰਿਲੀਜੀਅਸ ਸੁਸਾਇਟੀ ਦੇ ਪ੍ਰਧਾਨ ਅਮਰਦੇਵ ਸਿੰਘ ਬੰਦੇਸ਼ਾ ਨੇ ਦੱਸਿਆ ਕਿ ਅਪਰੈਲ ਮਹੀਨੇ ਨੂੰ 'ਸਿੱਖ ਅਵੇਅਰਨੈਸ ਐਂਡ ਐਪਰੀਸੀਏਸ਼ਨ' ਵਜੋਂ ਇਲੀਨਾਏ ਦੀ ਜਨਰਲ ਅਸੈਂਬਲੀ ਨੇ ਪਾਸ ਕੀਤਾ ਸੀ। ਇਲੀਨਾਏ ਦੇ ਗਵਰਨਰ ਜੇ. ਬੀ. ਪ੍ਰਿਟਜ਼ਕਰ ਨੇ 3 ਅਗਸਤ 2019 ਨੂੰ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਬਿੱਲ ਐਚ. ਬੀ. 2832 'ਤੇ ਦਸਤਖਤ ਕਰ ਕੇ ਇਸ ਨੂੰ ਕਾਨੂੰਨ ਦਾ ਰੁਤਬਾ ਦਿੱਤਾ ਸੀ। ਇਹ ਰੁਤਬਾ ਪਹਿਲੀ ਜਨਵਰੀ 2020 ਤੋਂ ਲਾਗੂ ਹੋ ਗਿਆ ਸੀ।

ਅਪਰੈਲ ਮਹੀਨਾ ਇਸ ਕਰ ਕੇ ਚੁਣਿਆ ਗਿਆ ਸੀ, ਕਿਉਂਕਿ ਸਿੱਖ ਭਾਈਚਾਰੇ ਅੰਦਰ ਇਸ ਮਹੀਨੇ ਦੀ ਬੜੀ ਮਹੱਤਤਾ ਹੈ। 14 ਅਪਰੈਲ 1699 ਨੂੰ ਖਾਲਸਾ ਪੰਥ ਸਜਾਇਆ ਗਿਆ ਸੀ ਅਤੇ ਇਸ ਦਿਨ 'ਖਾਲਸਾ ਸਾਜਨਾ ਦਿਵਸ' ਮਨਾਇਆ ਜਾਂਦਾ ਹੈ। ਇਸੇ ਤਰ੍ਹਾਂ 14 ਅਪਰੈਲ 1469 ਨੂੰ ਸਿੱਖਾਂ ਦੇ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਹਾੜਾ ਹੈ। ਪੰਜਾਬੀ ਸਭਿਆਚਾਰ ਵਿਚ ਵਿਸਾਖੀ ਦਾ ਬਹੁਤ ਮਹੱਤਵ ਹੈ, ਜੋ 14 ਅਪਰੈਲ ਨੂੰ ਮਨਾਈ ਜਾਂਦੀ ਹੈ। ਦੂਜੇ ਪਾਤਿਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਜਨਮ ਦਿਹਾੜਾ 18 ਅਪਰੈਲ 1504 ਦਾ ਹੈ ਅਤੇ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ ਦਿਹਾੜਾ 18 ਅਪਰੈਲ 1621 ਨੂੰ ਸੀ।



ਸਬੰਧਤ ਬਿੱਲ ਸਟੇਟ ਨੁਮਾਇੰਦੇ ਮਿਸ਼ੈਲ ਮੱਸਮੈਨ ਨੇ ਸਪਾਂਸਰ ਕੀਤਾ ਸੀ ਅਤੇ ਇਸ ਦੇ ਕੋ-ਸਪਾਂਸਰ ਫ੍ਰੈਡ ਕਰੈਸਪੋ, ਸਟੀਫਨ ਕੀਫੋਵਿਟ, ਟੌਮ ਮੌਰਿਸਨ, ਕੈਰਿਨਾ ਵਿਲਾ ਅਤੇ ਜੋਨਾਥਨ ਕੈਰਲ ਸਨ। ਮਾਰਕ ਵਾਕਰ, ਮਾਰਕ ਕੈਲੀਸ਼, ਥੈਰੇਸਾ ਮਾਹ ਅਤੇ ਜੈਨਿਫਰ ਗੌਂਗ-ਜਰਸ਼ਵਿਜ਼ ਨੇ ਇਸ ਦਾ ਸਮਰਥਨ ਕੀਤਾ ਸੀ।

ਪਿਛਲੇ ਸਾਲ ਕੋਵਿਡ-19 ਕਾਰਨ ਅਪਰੈਲ 2020 ਵਾਲੇ ਸਮਾਗਮ ਰੱਦ ਕਰਨੇ ਪਏ ਸਨ। ਫਿਰ ਵੀ ਸਾਲਵੇਸ਼ਨ ਆਰਮੀ ਨੇ ਕਈ ਥਾਂਈਂ ਲੰਗਰ ਲਾਏ ਅਤੇ ਇਸ ਤਰ੍ਹਾਂ ਦੀਆਂ ਹੋਰ ਸਰਗਰਮੀਆਂ ਵੀ ਕੀਤੀ ਗਈਆਂ। ਐਤਕੀਂ ਅਪਰੈਲ 2021 ਵਿਚ ਸਿੱਖ ਰਿਲੀਜੀਅਸ ਸੁਸਾਇਟੀ, ਪੈਲਾਟਾਈਨ (ਇਲੀਨਾਏ) ਦੀ ਆਊਟਰੀਚ ਕਮੇਟੀ ਨੇ ਕਈ ਸਰਗਰਮੀਆਂ ਕੀਤੀਆਂ। ਇਹ ਜਸ਼ਨ ਮਨਾਉਣ ਲਈ ਗੁਰਦੁਆਰਾ ਵ੍ਹੀਟਨ ਦੇ ਵਾਲੰਟੀਅਰ ਉਚੇਚੇ ਪੁੱਜੇ। ਪੈਲਾਟਾਈਨ ਗੁਰਦੁਆਰੇ ਅੰਦਰ ਖੂਨਦਾਨ ਕੈਂਪ ਲਾਇਆ ਗਿਆ ਅਤੇ ਅਰੋਰਾ ਸ਼ਹਿਰ ਵਿਚ ਹੋਮਲੈੱਸ ਸ਼ੈਲਟਰ ਨੂੰ ਰਾਤ ਦਾ ਖਾਣਾ ਵਰਤਾਇਆ ਗਿਆ। ਇਸ ਤੋਂ ਇਲਾਵਾ ਹੋਰ ਸਰਗਰਮੀਆਂ ਵੀ ਕੀਤੀ ਗਈਆਂ।

# ਪੰਜਾਬੀ ਕਲਚਰਲ ਸੁਸਾਇਟੀ ਨੇ 'ਰੰਗਲਾ ਪੰਜਾਬ 2021' ਕਰਵਾਇਆ

**ਸ਼ਿਕਾਗੋ (ਬਿਊਰੋ):** ਪੰਜਾਬੀ ਕਲਚਰਲ ਸੁਸਾਇਟੀ ਵੱਲੋਂ ਵਿਸਾਖੀ ਮਨਾਉਣ ਹਿਤ ਆਪਣਾ ਸਾਲਾਨਾ ਸਮਾਗਮ 'ਰੰਗਲਾ ਪੰਜਾਬ 2021' ਐਤਕੀਂ 25 ਅਪਰੈਲ ਨੂੰ ਕਰਵਾਇਆ ਗਿਆ, ਜਿਸ ਵਿਚ ਸ਼ਿਕਾਗੋ ਦੇ ਸਮੁੱਚੇ ਭਾਈਚਾਰੇ, ਖਾਸ ਕਰ ਨੌਜਵਾਨਾਂ ਨੇ ਵਾਹਵਾ ਉਤਸ਼ਾਹ ਦਿਖਾਇਆ। ਯਾਦ ਰਹੇ, ਪਿਛਲੇ ਸਾਲ ਕੋਵਿਡ ਬੰਦਿਸ਼ਾਂ ਕਾਰਨ 'ਰੰਗਲਾ ਪੰਜਾਬ 2020' ਐਨ ਮੌਕੇ 'ਤੇ ਰੱਦ ਕਰਨਾ ਪਿਆ ਸੀ।











ਇਸ ਬਾਬਤ ਪੰਜਾਬੀ ਕਲਚਰਲ ਸੁਸਾਇਟੀ 2020 ਦੇ ਪ੍ਰਧਾਨ ਬਲਵਿੰਦਰ ਸਿੰਘ ਗਿਰਨ ਦਾ ਕਹਿਣਾ ਸੀ ਕਿ ਆਪਣੇ ਭਾਈਚਾਰੇ ਅਤੇ ਹੋਰ ਲੋਕਾਂ ਦੀ ਤੰਦਰੁਸਤੀ ਖਾਤਰ ਅਜਿਹਾ ਕਰਨਾ ਹੀ ਪੈਣਾ ਸੀ। ਉਧਰ, ਪੰਜਾਬੀ ਕਲਚਰਲ ਸੁਸਾਇਟੀ 2021 ਦੇ ਪ੍ਰਧਾਨ ਪਰਵਿੰਦਰ ਸਿੰਘ ਨਨੂਆ ਨੇ ਕਿਹਾ ਕਿ ਕੋਵਿਡ-19 ਕਾਰਨ ਲੱਗੀਆਂ ਪਾਬੰਦੀਆਂ ਤੋਂ ਅੱਕੇ ਲੋਕਾਂ ਵੱਲੋਂ ਜ਼ੋਰ ਪਾਉਣ 'ਤੇ ਪੰਜਾਬੀ ਕਲਚਰਲ ਸੁਸਾਇਟੀ ਦੇ ਬੋਰਡ ਨੇ ਫੈਸਲਾ ਕੀਤਾ ਕਿ ਰੰਗਲਾ ਪੰਜਾਬ 2021 ਵਰਚੁਅਲੀ ਕਰਵਾਇਆ ਜਾਵੇ।

ਇਹ ਭਾਵੇਂ ਪੰਜਾਬੀ ਕਲਚਰਲ ਸੁਸਾਇਟੀ ਦਾ ਪਹਿਲਾ ਰੰਗਲਾ ਪੰਜਾਬ ਸ਼ੋਅ ਸੀ, ਪਰ ਪੰਜਾਬੀ ਕਲਚਰਲ ਸੁਸਾਇਟੀ ਦਾ ਪਹਿਲਾ ਜ਼ੂਮ ਸ਼ੋਅ ਨਹੀਂ ਸੀ। ਇਸ ਤੋਂ ਪਹਿਲਾਂ ਪੰਜਾਬੀ ਕਲਚਰਲ ਸੁਸਾਇਟੀ ਪਿਛਲੇ ਸਾਲ 'ਗਰੈਜੂਏਸ਼ਨ ਨਾਈਟ 2020' ਕਰਵਾ ਚੁਕੀ ਸੀ। ਐਤਕੀਂ ਰੰਗਲਾ ਪੰਜਾਬ 2021 ਵਿਚ ਤਕਰੀਬਨ 50 ਜਣਿਆਂ ਨੇ ਗੀਤ-ਸੰਗੀਤ, ਨਾਚ ਦੀਆਂ 20 ਵੰਨਗੀਆਂ ਪੇਸ਼ ਕੀਤੀਆਂ। ਇਕ ਐਲੀਮੈਂਟਰੀ ਸਕੂਲ ਵਿਦਿਆਰਥੀ ਨੇ ਢੋਲ ਨਾਲ ਕਮਾਲ ਕਰ ਦਿੱਤੀ। ਪੰਜਾਬੀ ਕਲਚਰਲ ਸੁਸਾਇਟੀ ਦੇ ਬੋਰਡ ਆਫ ਡਾਇਰੈਕਟਰਜ਼ ਦੇ ਮੈਂਬਰ ਗੁਰਪ੍ਰੀਤ ਸਿੰਘ ਸਿੱਧੂ ਸਮੁੱਚੇ ਪ੍ਰੋਗਰਾਮ ਦੇ ਟੈਕਨੀਕਲ ਡਾਇਰੈਕਟਰ ਸਨ ਅਤੇ ਉਨ੍ਹਾਂ ਸਭ ਕਾਰਜ ਨੇਪਰੇ ਚਾੜ੍ਹਨ ਲਈ ਦਿਨ-ਰਾਤ ਇਕ ਕਰ ਦਿੱਤਾ।

ਪ੍ਰੋਗਰਾਮ ਦੀ ਸ਼ੁਰੂਆਤ ਪੰਜਾਬੀ ਕਲਚਰਲ ਸੁਸਾਇਟੀ ਦੇ ਕਾਰਜਕਾਰੀ ਸਕੱਤਰ ਭੁਪਿੰਦਰ ਸਿੰਘ ਧਾਲੀਵਾਲ ਦੇ ਸਵਾਗਤੀ ਸ਼ਬਦਾਂ ਨਾਲ ਹੋਈ। ਇਸ ਮੌਕੇ 15 ਅਪਰੈਲ ਨੂੰ ਫੈੱਡਐਕਸ (ਇੰਡੀਅਨਐਪੋਲਿਸ) ਵਿਚ ਹੋਈ ਗੋਲੀਬਾਰੀ ਦੇ 8 ਬੇਕਸੂਰ ਮ੍ਰਿਤਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਸਦੀਵੀ ਵਿਛੋੜਾ ਦੇ ਗਏ ਭਗਵੰਤ ਕੌਰ ਸਿੱਧੂ (ਪੰਜਾਬੀ ਕਲਚਰਲ ਸੁਸਾਇਟੀ ਸਪਾਂਸਰ), ਅਮੋਲਕ ਸਿੰਘ ਜੰਮੂ ('ਪੰਜਾਬ ਟਾਈਮਜ਼' ਦੇ ਮੋਢੀ ਸੰਪਾਦਕ), ਪਰਮਿੰਦਰ ਸਿੰਘ ਘੋਤੜਾ (ਪੰਜਾਬੀ ਕਲਚਰਲ ਸੁਸਾਇਟੀ ਸਲਾਹਕਾਰ ਬੋਰਡ ਦੇ ਮੈਂਬਰ) ਅਤੇ ਅਮਰਪਾਲ ਸਿੰਘ ਮਠਾਰੂ (ਪੰਜਾਬੀ ਕਲਚਰਲ ਸੁਸਾਇਟੀ ਦੇ ਸਾਬਕਾ ਬੋਰਡ ਮੈਂਬਰ) ਨੂੰ ਯਾਦ ਕੀਤਾ ਗਿਆ। ਇਹ ਕਾਰਵਾਈ ਪੰਜਾਬੀ ਕਲਚਰਲ ਸੁਸਾਇਟੀ ਦੇ ਬੋਰਡ ਆਫ ਗਵਰਨਰਜ਼ ਮੈਂਬਰ ਰਾਜਿੰਦਰ ਸਿੰਘ ਮਾਗੋ ਨੇ ਨਿਭਾਈ।

ਇਸ ਤੋਂ ਬਾਅਦ ਸਮਰੀਤ ਢਿੱਲੋਂ ਅਤੇ ਸਹਿਜ ਸਿੱਧੂ ਨੇ ਆਪਣੇ ਗੀਤਾਂ ਅਤੇ ਨਾਚ ਦੀਆਂ 6 ਵੰਨਗੀਆਂ ਪੇਸ਼ ਕੀਤੀਆਂ। ਇਸ ਤੋਂ ਬਾਅਦ ਪੰਜਾਬੀ ਕਲਚਰਲ ਸੁਸਾਇਟੀ ਦੇ ਪ੍ਰਧਾਨ ਪਰਵਿੰਦਰ ਸਿੰਘ ਨਨੂਆ ਅਤੇ ਪੰਜਾਬੀ ਕਲਚਰਲ ਸੁਸਾਇਟੀ ਦੇ ਚੇਅਰਮੈਨ ਕੇਵਿਨਦੀਪ ਸਿੰਘ ਅਟਵਾਲ ਨੇ ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲਿਆਂ, ਕੋਆਰਡੀਨੇਟਰਾਂ, ਮਾਪਿਆਂ, ਪੇਸ਼ਕਾਰਾਂ ਅਤੇ ਪੰਜਾਬੀ ਕਲਚਰਲ ਸੁਸਾਇਟੀ ਸਮਰਥਕਾਂ ਦੇ ਮਾਣ ਵਿਚ ਕੁਝ ਸ਼ਬਦ ਕਹੇ। ਇਸ ਤੋਂ ਬਾਅਦ ਪੰਜਾਬੀ ਕਲਚਰਲ ਸੁਸਾਇਟੀ ਦੇ ਬੋਰਡ ਆਫ ਡਾਇਰੈਕਟਰ ਮੈਂਬਰ ਗੁਰਲਾਲ ਸਿੰਘ ਭੱਠਲ ਨੇ ਕੈਲੀਫੋਰਨੀਆ ਤੋਂ ਪੰਜਾਬੀ ਗਾਇਕ ਜਸਪਿੰਦਰ ਰੈਣਾ ਦਾ ਰਿਕਾਰਡ ਕੀਤਾ ਗੀਤ ਪੇਸ਼ ਕੀਤਾ। ਉਨ੍ਹਾਂ ਕੁਝ ਹੋਰ ਪੇਸ਼ਕਾਰੀਆਂ ਪੇਸ਼ ਕੀਤੀਆਂ ਅਤੇ ਫਿਰ ਪੰਜਾਬੀ ਕਲਚਰਲ ਸੁਸਾਇਟੀ ਦੇ ਬੋਰਡ ਆਫ ਡਾਇਰੈਕਟਰ ਬਿਕਰਮ ਸਿੰਘ ਸੋਹੀ ਨੇ ਅਗਲੀ ਕਾਰਵਾਈ ਦੀ ਜ਼ਿੰਮੇਵਾਰੀ ਸੰਭਾਲੀ। ਇਹ ਪ੍ਰੋਗਰਾਮ ਪੰਜਾਬੀ ਸਭਿਆਚਾਰ, ਭਾਸ਼ਾ ਅਤੇ ਭਾਈਚਾਰੇ ਦਾ ਖਾਸ ਪ੍ਰੋਗਰਾਮ ਹੋ ਨਿਬੜਿਆ। ਗੱਭਰੂਆਂ ਅਤੇ ਮੁਟਿਆਰਾਂ ਦੀਆਂ ਟੀਮਾਂ ਨੇ ਵੱਖ-ਵੱਖ ਵੰਨਗੀਆਂ ਪੇਸ਼ ਕਰਕੇ ਪ੍ਰੋਗਰਾਮ ਨੂੰ ਚਾਰ ਚੰਨ ਲਾ ਦਿੱਤੇ।

ਇਓਂ ਇਹ ਸ਼ਾਨਾਂਮੱਤਾ ਪ੍ਰੋਗਰਾਮ ਪੰਜਾਬੀ ਕਲਚਰਲ ਸੁਸਾਇਟੀ ਦੇ ਪ੍ਰਧਾਨ ਬਲਵਿੰਦਰ ਸਿੰਘ ਗਿਰਨ ਦੇ ਸਮਾਪਤੀ ਅਤੇ ਧੰਨਵਾਦੀ ਸ਼ਬਦਾਂ ਨਾਲ ਸਮਾਪਤ ਹੋ ਗਿਆ। ਉਨ੍ਹਾਂ ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲਿਆਂ ਅਤੇ ਯੋਗਦਾਨ ਪਾਉਣ ਵਾਲਿਆਂ ਦਾ ਧੰਨਵਾਦ ਕੀਤਾ। ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲਿਆਂ ਨੂੰ ਗਿਫਟ ਕਾਰਡ ਦਿੱਤੇ ਗਏ।

ਯਾਦ ਰਹੇ, 'ਰੰਗਲਾ ਪੰਜਾਬ' ਸ਼ਿਕਾਗੋ ਖੇਤਰ ਦਾ ਅਜਿਹਾ ਇਕੋ-ਇਕ ਸਾਲਾਨਾ ਪ੍ਰੋਗਰਾਮ ਹੈ, ਜਿਸ ਵਿਚ ਪੰਜਾਬੀ ਸਭਿਆਚਾਰ ਓਤਪੋਤ ਹੁੰਦਾ ਹੈ ਅਤੇ ਇਹ ਭਾਈਚਾਰੇ ਨੂੰ ਨੇੜੇ ਹੋਣ ਦਾ ਮੌਕਾ ਮੁਹੱਈਆ ਕਰਦਾ ਹੈ।

ਇਸ ਪ੍ਰੋਗਰਾਮ ਲਈ ਪੰਜਾਬੀ ਕਲਚਰਲ ਸੁਸਾਇਟੀ ਦੇ ਬੋਰਡ ਆਫ ਡਾਇਰੈਕਟਰਜ਼ ਨੇ ਇੰਤਜ਼ਾਮ ਕੀਤੇ, ਜਿਨ੍ਹਾਂ ਵਿਚ ਬਲਵਿੰਦਰ ਸਿੰਘ ਗਿਰਨ, ਹਰਵਿੰਦਰ ਪਾਲ ਸਿੰਘ ਲੈਲ, ਵਿਕ ਸਿੰਘ, ਸੁਰਿੰਦਰ ਸਿੰਘ ਪਾਲੀਆ, ਸੁਖਮੇਲ ਸਿੰਘ ਅਟਵਾਲ, ਮਹਿੰਦਰਜੀਤ ਸਿੰਘ ਸੈਣੀ, ਜਸਬੀਰ ਸਿੰਘ ਪਾਲੀਆ, ਅਮਰਜੀਤ ਕੌਰ ਅਟਵਾਲ, ਭਿੰਦਰ ਸਿੰਘ ਪੰਮਾ, ਗੁਰਮੀਤ ਸਿੰਘ ਢਿੱਲੋਂ, ਯਾਦਵਿੰਦਰ ਸਿੰਘ ਗਰੇਵਾਲ, ਕੇਵਿਨਦੀਪ ਸਿੰਘ ਅਟਵਾਲ ਤੇ ਰਾਜਿੰਦਰ ਸਿੰਘ ਮਾਗੋ ਸ਼ਾਮਿਲ ਹਨ।

ਪੰਜਾਬੀ ਕਲਚਰਲ ਸੁਸਾਇਟੀ ਦਾ ਅਗਲਾ ਵਰਚੁਅਲ ਪ੍ਰੋਗਰਾਮ 'ਗਰੈਜੂਏਸ਼ਨ ਨਾਈਟ 2021' ਹੋਵੇਗਾ, ਜੋ ਐਤਵਾਰ 18 ਜੁਲਾਈ 2021 ਨੂੰ ਹੋਵੇਗਾ। ਇਸ ਪ੍ਰੋਗਰਾਮ ਲਈ ਵੈੱਬਸਾਈਟ www.pcschicago.org 'ਤੇ ਰਜਿਸਟ੍ਰੇਸ਼ਨ ਕਰਵਾਈ ਜਾ ਸਕਦੀ ਹੈ।

## ਚੱਕਰਵਾਤੀ ਤੂਫਾਨ 'ਤੌਕਤੇ' ਨੇ ਮਚਾਈ ਤਬਾਹੀ

**ਮੁੰਬਈ:** ਚੱਕਰਵਾਤੀ ਤੂਫਾਨ 'ਤੌਕਤੇ' ਕਾਰਨ ਚੱਲ ਰਹੀ ਤੇਜ ਹਵਾ ਤੇ ਜ਼ੋਰਦਾਰ ਮੀਂਹ ਕਾਰਨ ਵਾਪਰੇ ਹਾਦਸਿਆਂ ਕਾਰਨ ਵੱਡਾ ਜਾਨੀ ਨੁਕਸਾਨ ਹੋਇਆ ਹੈ। ਮਹਾਰਾਸ਼ਟਰ ਅਤੇ ਕਰਨਾਟਕ 'ਚ 14 ਮੌਤਾਂ ਹੋਈਆਂ ਹਨ। ਤੂਫਾਨ ਕੇਰਲਾ, ਕਰਨਾਟਕ ਤੇ ਗੋਆ ਦੇ ਤੱਟੀ ਖੇਤਰਾਂ ਨਾਲ ਖਹਿੰਦਾ ਹੋਇਆ ਗੁਜਰਾਤ ਆ ਪਹੁੰਚਿਆ ਹੈ। ਮੌਸਮ ਵਿਭਾਗ ਮੁਤਾਬਕ ਤੂਫਾਨ ਹੋਰ ਖਤਰਨਾਕ ਰੂਪ ਅਖਤਿਆਰ ਕਰ ਸਕਦਾ ਹੈ। ਗੁਜਰਾਤ ਵਿਚ 1.5 ਲੱਖ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਤਬਦੀਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਬਚਾਅ ਤੇ ਰਾਹਤ ਟੀਮਾਂ ਨੂੰ ਤੱਟੀ ਖੇਤਰਾਂ ਵਿਚ ਤਾਇਨਾਤ ਕੀਤਾ ਗਿਆ ਹੈ। ਕੇਰਲਾ ਵਿਚ ਭਰਵੇਂ ਮੀਂਹ ਕਾਰਨ ਡੈਮਾਂ ਵਿਚ ਪਾਣੀ ਦਾ ਪੱਧਰ ਕਾਫੀ ਵਧ ਗਿਆ ਹੈ ਤੇ ਚਿਤਾਵਨੀ ਜਾਰੀ ਕੀਤੀ ਗਈ ਹੈ। ਕਰਨਾਟਕ ਵਿਚ ਵੱਖ-ਵੱਖ ਹਾਦਸੇ ਉੱਤਰ ਕੰਨੜਾ, ਉਡੂਪੀ, ਚਿੱਕਮਗਲੂਰੂ ਤੇ ਸ਼ਿਵਮੋਗਾ ਜਿਲ੍ਹਿਆਂ ਵਿਚ ਵਾਪਰੇ ਹਨ।


ਦੱਖਣੀ ਕੰਨੜਾ ਜਿਲ੍ਹੇ ਵਿਚ 120 ਘਰਾਂ ਨੂੰ ਨੁਕਸਾਨ ਪੁੱਜਾ ਹੈ। ਪ੍ਰਭਾਵਿਤ ਲੋਕਾਂ ਨੂੰ ਸੁਰੱਖਿਅਤ ਥਾਵਾਂ ਵੱਲ ਲਿਜਾਇਆ ਜਾ ਰਿਹਾ ਹੈ। ਚੱਕਰਵਾਤੀ ਤੂਫਾਨ ਕਾਰਨ ਗੋਆ ਵਿਚ ਵੀ ਦੋ ਮੌਤਾਂ ਹੋਈਆਂ ਹਨ। ਮਹਾਰਾਸ਼ਟਰ 'ਚ 185 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਤੇਜ ਹਵਾਵਾਂ ਚੱਲਣ ਅਤੇ ਮੋਹਲੇਧਾਰ ਮੀਂਹ ਕਾਰਨ 6 ਵਿਅਕਤੀਆਂ ਦੀ ਮੌਤ ਹੋ ਗਈ। ਉਧਰ ਕਰਨਾਟਕ 'ਚ ਤੂਫਾਨ ਕਾਰਨ 8 ਵਿਅਕਤੀਆਂ ਦੀ ਮੌਤ ਹੋ ਗਈ ਹੈ ਜਦਕਿ ਤੂਫਾਨ ਦਾ ਅਸਰ 121 ਪਿੰਡਾਂ 'ਤੇ ਪਿਆ। ਪਿੰਡਾਂ 'ਚ ਘਰਾਂ, ਫਸਲਾਂ ਅਤੇ ਹੋਰ ਭਾਰੀ ਤਬਾਹੀ ਹੋਈ ਹੈ। ਗੁਜਰਾਤ 'ਚ ਡੇਢ ਲੱਖ ਤੋਂ ਜਿਆਦਾ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ ਹੈ।

# ਲਹੂ-ਲੁਹਾਣ ਕੋਲੰਬੀਆ

***ਦੱਖਣੀ ਅਮਰੀਕਾ ਦੇ ਅਹਿਮ ਮੁਲਕ ਕੋਲੰਬੀਆ ਦੀਆਂ ਹਾਲੀਆ ਘਟਨਾਵਾਂ ਨੇ ਸੰਸਾਰ ਭਰ ਦਾ ਧਿਆਨ ਖਿੱਚਿਆ ਹੈ। ਅਸਲ ਵਿਚ ਇਸ ਖਿੱਤੇ ਵਿਚ ਅਮਰੀਕਾ ਆਪਣੇ ਹਿਤਾਂ ਮੁਤਾਬਿਕ ਵਾਹਵਾ ਸਰਗਰਮੀ ਦਿਖਾ ਰਿਹਾ ਹੈ। 'ਪੰਜਾਬ ਟਾਈਮਜ਼' ਨਾਲ ਚਿਰਾਂ ਤੋਂ ਜੁੜੇ ਲਿਖਾਰੀ ਪਰਮਜੀਤ ਰੋਡੇ ਨੇ ਇਨ੍ਹਾਂ ਤਾਜ਼ਾ ਘਟਨਾਵਾਂ ਦੀ ਪੁਣ-ਛਾਣ ਕਰਦਾ ਇਹ ਲੇਖ ਉਚੇਚਾ ਭੇਜਿਆ ਹੈ।***

ਦੱਖਣੀ ਅਮਰੀਕਾ ਮਹਾਂਦੀਪ ਦਾ ਦੇਸ਼ ਕੋਲੰਬੀਆ ਪਿਛਲੇ ਦੋ ਹਫਤਿਆਂ ਤੋਂ ਪੁਲਿਸ ਜ਼ੁਲਮ ਅਤੇ ਤਿੱਖੇ ਲੋਕ ਸੰਘਰਸ਼ ਦਾ ਅਖਾੜਾ ਬਣਿਆ ਰਿਹਾ। 28 ਅਪਰੈਲ ਨੂੰ ਪੁਲਿਸ ਦੀ ਅੰਧਾਧੁੰਦ ਗੋਲੀਬਾਰੀ ਦੌਰਾਨ 26 ਲੋਕ ਮਾਰੇ ਗਏ, ਹਜ਼ਾਰ ਤੋਂ ਵੱਧ ਜ਼ਖਮੀ ਹੋਏ ਅਤੇ 89 ਲੋਕ ਲਾਪਤਾ ਦੱਸੇ ਜਾਂਦੇ ਹਨ। ਕੈਲੀ ਨਾਮ ਦੇ ਸ਼ਹਿਰ ਬਾਰੇ ਕਿਹਾ ਜਾ ਰਿਹਾ ਹੈ ਕਿ ਇਸ ਸ਼ਹਿਰ ਦੀਆਂ ਸਿਰਫ ਸੜਕਾਂ ਹੀ ਲਹੂ-ਲੁਹਾਣ ਨਹੀਂ ਹੋਈਆਂ, ਸ਼ਹਿਰ ਦੀਆਂ ਕੰਧਾਂ 'ਤੇ ਵੀ ਖੂਨ ਦੇ ਧੱਬੇ ਦੇਖੇ ਜਾ ਸਕਦੇ ਹਨ।

ਇਸ ਘਟਨਾਕ੍ਰਮ ਦੀ ਸ਼ੁਰੂਆਤ ਇਸ ਤਰ੍ਹਾਂ ਹੋਈ ਕਿ ਸਰਕਾਰ ਨੇ ਜਨਤਾ 'ਤੇ ਵੱਡੇ ਟੈਕਸ ਲਾਉਣ ਦਾ ਐਲਾਨ ਕੀਤਾ ਹੋਇਆ ਸੀ ਜਿਸ ਦੇ ਵਿਰੋਧ ਵਿਚ ਮਜ਼ਦੂਰ ਟਰੇਡ ਯੂਨੀਅਨ ਨੇ ਦੇਸ਼ ਪੱਧਰ 'ਤੇ ਹੜਤਾਲ ਅਤੇ ਮੁਜ਼ਾਹਰਿਆਂ ਦਾ ਸੱਦਾ ਦੇ ਦਿੱਤਾ। ਸੱਦੇ ਦੇ ਹੱਕ ਵਿਚ ਹੋਰ ਸਮਾਜਕ ਜਥੇਬੰਦੀਆਂ ਵੀ ਆ ਗਈਆਂ। ਮੁਜ਼ਾਹਰਾਕਾਰੀਆਂ ਦੇ ਯਾਦ ਚੇਤੇ ਵੀ ਨਹੀਂ ਸੀ ਕਿ ਸਰਕਾਰ ਉਨ੍ਹਾਂ ਦੀ ਆਵਾਜ਼ ਸੁਣਨ ਦੀ ਬਜਾਏ ਸਿੱਧੀਆਂ ਗੋਲੀਆਂ ਨਾਲ ਨਿਵਾਜੇਗੀ। ਅਚਾਨਕ ਹੋਈ ਗੋਲੀਬਾਰੀ ਨਾਲ



**ਪਰਮਜੀਤ ਰੋਡੇ**
**ਫੋਨ: 737-274-2370**

ਹਾਲਾਤ ਇਸ ਕਦਰ ਵਿਗੜ ਗਏ ਕਿ ਮੱਚੀ ਹਾਹਾਕਾਰ ਅਤੇ ਭਗਦੜ ਦੌਰਾਨ ਰੋਹ ਵਿਚ ਆਏ ਲੋਕਾਂ ਦੇ ਹੱਥ ਜਿਵੇਂ ਕਿਵੇਂ ਜੋ ਵੀ ਆਇਆ; ਪੱਥਰਾਂ, ਸੋਟਿਆਂ, ਚਾਕੂਆਂ ਆਦਿ ਨਾਲ ਪੁਲਿਸ ਖਿਲਾਫ ਟੱਕਰ ਲੈਣੀ ਸ਼ੁਰੂ ਕਰ ਦਿੱਤੀ। ਪੁਲਿਸ ਮੁਤਾਬਕ ਉਨ੍ਹਾਂ ਦੇ 580 ਸਾਥੀ ਜ਼ਖਮੀ ਹੋਏ ਹਨ ਅਤੇ ਲੋਕਾਂ ਨੇ 25 ਥਾਣਿਆਂ 'ਤੇ ਹਮਲੇ ਕੀਤੇ।

ਹਾਲਾਤ ਵਿਗੜਦੇ ਦੇਖ ਰਾਸ਼ਟਰਪਤੀ ਨੇ ਟੈਕਸ ਲਾਉਣ ਦੀ ਤਜਵੀਜ਼ ਅਤੇ ਐਲਾਨ ਵਾਪਸ ਲੈ ਲਿਆ। ਇਹ ਭਾਵੇਂ ਮੁਜ਼ਾਹਰਾਕਾਰੀਆਂ ਦੀ ਵੱਡੀ ਜਿੱਤ ਹੈ ਪਰ ਲੋਕ ਫਿਰ ਵੀ ਘਰਾਂ ਨੂੰ ਵਾਪਸ ਨਹੀਂ ਗਏ। ਪਹਿਲੇ ਦਿਨ ਇਹ ਸੰਘਰਸ਼ ਗਿਣਤੀ ਦੇ ਵੱਡੇ ਸ਼ਹਿਰਾਂ ਤੱਕ ਸੀਮਤ ਸੀ ਪਰ ਇਸ ਨੇ 247 ਸ਼ਹਿਰਾਂ ਅਤੇ ਕਸਬਿਆਂ ਨੂੰ ਕਲਾਵੇ ਵਿਚ ਲੈ ਲਿਆ। ਆਖਿਰ ਸਰਕਾਰ ਨੇ ਕੈਲੀ ਸ਼ਹਿਰ ਨੂੰ ਫੌਜ ਦੇ ਹਵਾਲੇ ਕਰ ਦਿੱਤਾ।

ਰਾਸ਼ਟਰਪਤੀ ਈਵਾਨ ਡੂਕੀਊ ਨੇ ਕਿਹਾ ਕਿ ਖੂਨੀ ਝੜਪਾਂ ਦਾ ਕਾਰਨ ਮੁਜ਼ਾਹਰਾਕਾਰੀਆਂ ਵਿਚ ਘੁਸ ਚੁੱਕੇ ਸ਼ਹਿਰੀ ਅਤਿਵਾਦੀ ਹਨ; ਬਿਲਕੁਲ ਉਸੇ ਤਰ੍ਹਾਂ ਜਿਵੇਂ ਮੋਦੀ ਸਰਕਾਰ ਆਪਣੇ ਜਬਰ ਅਤੇ ਧੱਕੇ ਨੂੰ ਵਾਜਿਬ ਠਹਿਰਾਉਣ ਲਈ 'ਸ਼ਹਿਰੀ ਨਕਸਲ' ਦਾ ਅਲਾਪ ਕਰਦੀ ਹੈ ਪਰ ਹਿਊਮਨ ਰਾਈਟਸ ਗਰੁਪਾਂ ਅਤੇ ਸਮੁੱਚੀ ਹਾਲਤ ਦੀ ਭਰਪੂਰ ਜਾਣਕਾਰੀ ਰੱਖਣ ਵਾਲਿਆਂ ਨੇ ਦੱਸਿਆ ਕਿ ਪੁਲਿਸ ਦੇ ਗੋਲੀ ਚਲਾਉਣ ਤੋਂ ਪਹਿਲਾਂ ਹਾਲਤ ਬਿਲਕੁਲ ਸ਼ਾਂਤ ਸਨ। ਲਾਤੀਨੀ ਅਮਰੀਕਾ ਦੇ ਵਾਸ਼ਿੰਗਟਨ ਆਫਿਸ (ਡਬਲਿਊ.ਓ.ਐਲ.ਏ.) ਦੇ ਡਾਇਰੈਕਟਰ ਐਡਿਮ ਇਸਾਕਸਨ ਨੇ ਦੱਸਿਆ ਕਿ ਮੁਜ਼ਾਹਰਾਕਾਰੀ 100 ਫੀਸਦੀ ਸ਼ਾਂਤ ਸਨ। ਲਾਤੀਨੀ ਅਮਰੀਕਾ ਦੇ ਮਸ਼ਹੂਰ ਸੰਗੀਤ ਸਟਾਰ ਨੇ ਇੰਸਟਾਗ੍ਰਾਮ ਨੇ ਪੋਸਟ ਪਾਈ ਕਿ "ਸਾਡੀ ਮਦਦ ਕਰੋ, ਹਾਲਾਤ ਬਿਲਕੁਲ ਕਾਬੂ ਤੋਂ ਬਾਹਰ ਹਨ। ਮਹਾਂਦੀਪ ਦੀ ਮਸ਼ਹੂਰ ਪੌਪ ਸਟਾਰ ਸ਼ਕੀਰਾ ਜਿਹੜੀ ਕੋਲੰਬੀਅਨ ਹੈ, ਨੇ ਪੋਸਟ ਪਾਈ ਕਿ ਸਾਨੂੰ ਇਹ ਮਨਜ਼ੂਰ ਨਹੀਂ ਕਿ ਕੋਈ ਮਾਂ ਆਪਣਾ ਇਕੋ-ਇਕ ਪੁੱਤ ਗੁਆ ਬੈਠੇ।

ਕੋਲੰਬੀਆ ਇਸ ਵਕਤ ਦੇਸੀ ਵਿਦੇਸ਼ੀ ਕਰਜ਼ੇ ਦੇ ਬੋਝ ਥੱਲੇ ਹੈ। ਪੰਜ ਕਰੋੜ ਦੀ ਆਬਾਦੀ ਵਾਲੇ ਇਸ ਦੇਸ਼ ਵਿਚ ਗਰੀਬੀ-ਅਮੀਰੀ ਦਾ ਪਾੜਾ ਬਹੁਤ ਵੱਡਾ ਹੈ। ਭ੍ਰਿਸ਼ਟਾਚਾਰ ਦੀ ਕੋਈ ਸੀਮਾ ਨਹੀ, ਮਹਿੰਗਾਈ ਸਿਖਰਾਂ 'ਤੇ ਹੈ। ਬੇਰੁਜ਼ਗਾਰੀ ਘਟਣ ਦੀ ਬਜਾਏ ਤੇਜ਼ੀ ਨਾਲ ਵਧ ਰਹੀ ਹੈ। 2020 ਦੇ ਅੰਕੜਿਆਂ ਮੁਤਾਬਕ 50 ਫੀਸਦੀ ਜਨਤਾ ਗਰੀਬੀ ਦੀ ਰੇਖਾ ਤੋਂ ਥੱਲੇ ਰਹਿ ਰਹੀ ਹੈ। ਪੁਲਿਸ ਜਬਰ ਬੇਤਹਾਸ਼ਾ ਹੈ। ਲੋਕਾਂ ਦੀ ਖਰੀਦ ਸ਼ਕਤੀ ਘੱਟ ਹੋਣ ਕਰ ਕੇ ਘਰੇਲੂ ਮੰਡੀ ਵਿਕਸਤ ਨਹੀਂ ਹੋਈ। ਇਸ ਲਈ ਆਰਥਕਤਾ ਮੁੱਖ ਤੌਰ 'ਤੇ ਬਰਾਮਦ-ਮੁਖੀ ਹੈ। ਆਰਥਕਤਾ ਦੇ ਮੁੱਖ ਖੇਤਰ ਤੇਲ, ਮਾਈਨਿੰਗ, ਖੇਤੀ ਅਤੇ ਮੈਨੂਫੈਕਚਰਿੰਗ ਹਨ। ਖੇਤੀ ਬਹੁਤ ਪਛੜੀ ਹੋਈ ਹੈ। ਵਿਦੇਸ਼ੀ ਮੁਦਰਾ ਕਮਾਉਣ ਦਾ ਸੋਮਾ ਤੇਲ ਅਤੇ ਇਲੈਕਟ੍ਰੌਨਿਕ ਦੇ ਸਮਾਨ ਦੀ ਬਰਾਮਦ ਹੀ ਹੈ। ਸਰਕਾਰੀ ਨੀਤੀਆਂ ਅਤੇ ਕੋਵਿਡ ਦੀ ਮਾਰ ਨੇ ਦੇਸ਼ ਨੂੰ ਆਰਥਕ ਤਬਾਹੀ ਦੀ ਕੰਢੇ 'ਤੇ ਲਿਆ ਖੜ੍ਹਾ ਕੀਤਾ ਹੈ।

ਇਸ ਸੰਕਟ ਵਿਚੋਂ ਬਾਹਰ ਨਿਕਲਣ ਲਈ ਲੋਕ ਅਤੇ ਦੇਸ ਪੱਖੀ ਕੌਮੀ ਨੀਤੀਆਂ ਅਪਨਾਉਣ ਦੀ ਬਜਾਏ ਸਰਕਾਰ ਨੇ ਸ਼ੋਕ ਵਿਚ ਟੈਕਸ ਲਾਉਣ ਦਾ ਸੌਖਾ ਰਾਹ ਚੁਣ ਲਿਆ। ਇਸ ਦਾ ਜੋ ਸਿੱਟਾ ਨਿਕਲਿਆ, ਸਭ ਦੇ ਸਾਹਮਣੇ ਹੈ। ਟੈਕਸ ਦੇਣ ਤੋਂ ਅਸਮਰਥ ਲੋਕਾਂ ਕੋਲ ਵਿਰੋਧ ਵਿਚ ਸੜਕਾਂ 'ਤੇ ਨਿਕਲਣ ਤੋਂ ਬਿਨਾਂ ਕੋਈ ਚਾਰਾ ਨਾ ਰਿਹਾ। ਸਰਕਾਰ ਵਿਰੁਧ ਮੌਜੂਦਾ ਲੋਕ ਉਭਾਰ ਦਾ ਫੌਰੀ ਕਾਰਨ ਭਾਵੇਂ ਟੈਕਸ ਵਾਧੇ ਦਾ ਐਲਾਨ ਬਣਿਆ ਹੈ ਪਰ ਅਸਲ ਵਿਚ ਲੋਕ ਸਮੁੱਚੀਆਂ ਨੀਤੀਆਂ ਤੋਂ ਆਕੀ ਅਤੇ ਨਾਬਰ ਹੋਣ ਦੇ ਮੂਡ ਵਿਚ ਸਨ; ਇਸੇ ਲਈ ਟੈਕਸ ਵਾਧਾ ਵਾਪਸ ਲੈਣ ਦੇ ਬਾਵਜੂਦ ਹੜਤਾਲਾਂ ਮੁਜ਼ਾਹਰੇ ਉਸੇ ਤਰ੍ਹਾਂ ਜਾਰੀ ਰਹੇ।

ਅਮਰੀਕਾ ਅਤੇ ਯੂਰਪੀ ਯੂਨੀਅਨ ਨੇ ਕੋਲੰਬੀਅਨ ਸਰਕਾਰ ਨੂੰ ਕਿਹਾ ਕਿ ਉਹ ਅੰਦੋਲਨਕਾਰੀਆਂ ਪ੍ਰਤੀ ਨਰਮੀ ਵਰਤੇ ਅਤੇ ਗੱਲਬਾਤ ਦਾ ਰਾਹ ਅਖਤਿਆਰ ਕਰੇ। ਸਰਕਾਰ ਦੀ ਵਿਰੋਧੀ ਧਿਰ ਦੇ ਲੀਡਰਾਂ ਨਾਲ ਗੱਲਬਾਤ ਹੋਈ ਹੈ, ਉਨ੍ਹਾਂ ਨੇ ਸਰਕਾਰ ਨੂੰ ਸੁਝਾਅ ਦਿੱਤਾ ਕਿ ਉਹ




ਗਰੀਬੀ, ਬੇਰੁਜ਼ਗਾਰੀ ਅਤੇ ਵਧ ਰਹੀ ਪੁਲਿਸ ਦਹਿਸ਼ਤ ਨੂੰ ਨਜਿੱਠੇ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਸ਼ਾਂਤੀ ਬਹਾਲ ਲਈ ਸਿਵਲ ਸੁਸਾਇਟੀ ਪ੍ਰੋਟੈਸਟ ਆਰਗਨਾਈਜ਼ਰਾਂ ਨਾਲ ਗੱਲਬਾਤ ਕਰੇ। ਹੋਰ ਮੰਗਾਂ ਤੋਂ ਇਲਾਵਾ ਲੋਕਾਂ ਦੀ ਇਕ ਜ਼ੋਰਦਾਰ ਮੰਗ ਇਹ ਵੀ ਹੈ ਕਿ ਜ਼ਾਲਮ ਦੰਗਾ-ਪੁਲਿਸ ਨੂੰ ਖਤਮ ਕੀਤਾ ਜਾਵੇ ਪਰ ਸਰਕਾਰ ਨੇ ਅਜਿਹਾ ਕਰਨ ਤੋਂ ਕੋਰਾ ਜਵਾਬ ਦੇ ਦਿੱਤਾ ਹੈ।

ਅਮਰੀਕਾ ਅਤੇ ਯੂਰਪੀ ਯੂਨੀਅਨ ਦੀ ਕੋਲੰਬੀਆ ਦੀਆਂ ਘਟਨਾਵਾਂ ਪ੍ਰਤੀ ਫਿਕਰਮੰਦੀ ਅਤੇ ਲਗਾਓ ਦੇ ਆਪਣੇ ਤਿੰਨ ਮੁੱਖ ਕਾਰਨ ਹਨ। ਪਹਿਲਾ, ਅਮਰੀਕਾ ਕੋਲੰਬੀਆ ਅਤੇ ਆਪਣੇ ਪ੍ਰਭਾਵ ਵਾਲੇ ਇਸ ਖਿੱਤੇ ਦੀਆਂ ਹੋਰ ਸਰਕਾਰਾਂ ਨੂੰ ਦੁਨੀਆ ਦੇ ਸਹੀ ਚੱਲਦੇ ਲੋਕਤੰਤਰ ਦੇ ਤੌਰ 'ਤੇ ਉਭਾਰਦਾ ਰਿਹਾ ਹੈ। ਕੋਲੰਬੀਆ ਦੀਆਂ ਮੌਜੂਦਾ ਘਟਨਾਵਾਂ ਨੇ ਇਸ ਅਖੌਤੀ ਲੋਕਤੰਤਰ ਦਾ ਬੋਝ ਤਾਂ ਜ਼ਾਹਰ ਕੀਤਾ ਹੀ ਹੈ, ਇਸ ਦਾ ਤਾਂ ਸਮੁੱਚੇ ਖਿੱਤੇ ਵਿਚ ਹੀ ਨਾਂਹਪੱਖੀ ਪ੍ਰਭਾਵ ਪੈਣ ਦਾ ਖਤਰਾ ਖੜ੍ਹਾ ਹੋ ਗਿਆ ਹੈ; ਕਿਉਂਕਿ ਇਸ ਖਿੱਤੇ ਦੇ ਅਮਰੀਕੀ ਪ੍ਰਭਾਵ ਵਾਲੇ ਬਾਕੀ ਮੁਲਕਾਂ ਦੇ ਲੋਕਾਂ ਦੇ ਮਸਲੇ ਵੀ ਕੋਲੰਬੀਅਨ ਲੋਕਾਂ ਨਾਲ ਮਿਲਦੇ ਜੁਲਦੇ ਅਤੇ ਸਾਂਝੇ ਹਨ, ਇਸ ਲਈ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਨੇੜ ਭਵਿੱਖ ਵਿਚ 'ਅਰਬ ਸਪਰਿੰਗ' ਵਰਗੀ ਲਹਿਰ ਜਨਮ ਲੈ ਲਵੇ।

ਦੂਜਾ, ਲੰਬੇ ਸਮੇਂ ਤੋਂ ਅਮਰੀਕਾ ਅਤੇ ਵੈਨੇਜ਼ੂਏਲਾ ਦੀ ਸਰਕਾਰ ਦੇ ਸਿੰਗ ਫਸੇ ਹੋਏ ਹਨ। ਅਮਰੀਕਾ ਅਤੇ ਯੂਰਪੀ ਦੇਸ਼ਾਂ ਨੇ ਵੈਨੇਜ਼ੂਏਲਾ ਦੀ ਮੌਜੂਦਾ ਸਰਕਾਰ ਨੂੰ ਡੇਗ ਕੇ ਆਪਣੇ ਪੱਖੀ ਸਰਕਾਰ ਬਣਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਹੋਇਆ ਹੈ; ਬੇਸ਼ਕ ਇਸ ਨੂੰ ਸਫਲਤਾ ਤਾਂ ਨਹੀਂ ਮਿਲੀ ਪਰ ਕਸ਼ਿਸ਼ਾਂ ਜਾਰੀ ਹਨ। ਕੋਲੰਬੀਆ ਦੀ ਮੌਜੂਦਾ ਸਰਕਾਰ ਇਸ ਮਾਮਲੇ ਵਿਚ ਅਮਰੀਕਾ ਦਾ ਸਭ ਤੋਂ ਭਰੋਸੇਮੰਦ ਅਤੇ ਸਾਰਥਕ ਸੰਗੀ ਹੈ। ਕੋਲੰਬੀਆ ਨਾਲ ਵੈਨੇਜ਼ੂਏਲਾ ਦਾ ਬਾਰਡਰ ਲਗਦਾ ਹੋਣ ਕਰ ਕੇ ਅਮਰੀਕਾ ਵੈਨੇਜ਼ੂਏਲਾ ਖਿਲਾਫ ਕੋਲੰਬੀਆ ਨੂੰ ਆਧਾਰ ਇਲਾਕੇ ਦੇ ਤੌਰ 'ਤੇ ਵਰਤਦਾ ਆ ਰਿਹਾ ਹੈ। ਇਸ ਲਈ ਕੋਲੰਬੀਆ ਸਰਕਾਰ ਦੀ ਕਮਜ਼ੋਰੀ ਅਤੇ ਘਟੀ ਲੋਕਪ੍ਰਿਯਤਾ ਅਮਰੀਕਾ ਲਈ ਸਮੱਸਿਆਵਾਂ ਖੜ੍ਹੀਆਂ ਕਰ ਸਕਦੀ ਹੈ।

ਤੀਜਾ, ਤਾਜ਼ਾ ਹਿੰਸਕ ਘਟਨਾਵਾਂ ਦਾ ਕੇਂਦਰ ਬਣਿਆ ਸ਼ਹਿਰ ਕੈਲੀ ਅਤੇ ਉਸ ਦੇ ਆਲੇ-ਦੁਆਲੇ ਦਾ ਇਲਾਕਾ ਸੁਰੱਖਿਆ ਪੱਖੋਂ ਕਾਫੀ ਸੰਵੇਦਨਸ਼ੀਲ ਸਮਝਿਆ ਜਾਂਦਾ ਹੈ। ਇਹ ਉਹ ਇਲਾਕਾ ਹੈ ਜਿਥੇ ਕਾਫੀ ਵੱਡੀ ਗਿਣਤੀ ਕਿਸਾਨਾਂ, ਆਦਿਵਾਸੀਆਂ ਅਤੇ ਐਫਰੋ-ਲਾਤੀਨੀ ਲੋਕਾਂ ਦੀ ਹੈ। ਇਹ ਉਹ ਲੋਕ ਹਨ ਜਿਨ੍ਹਾਂ ਵਿਚ ਸਮਾਜਵਾਦੀ ਵਿਚਾਰਧਾਰਾ ਦੀਆਂ ਧਾਰਨੀ, ਗੈਰ ਕਾਨੂੰਨੀ ਗੁਰੀਲਾ ਜਥੇਬੰਦੀਆਂ ਦਾ ਪ੍ਰਭਾਵ ਵਧਣਾ ਸ਼ੁਰੂ ਹੋ ਚੁੱਕਾ ਹੈ। ਜੇ ਗਰੀਬੀ ਅਤੇ ਸਰਕਾਰੀ ਜਬਰ ਇਸੇ ਤਰ੍ਹਾਂ ਜਾਰੀ ਰਹਿੰਦਾ ਹੈ ਤਾਂ ਹੋਰ ਵੱਧ ਲੋਕਾਂ ਦਾ ਗੁਰੀਲਿਆਂ ਦੇ ਹਮਾਇਤੀ ਖੇਮੇ ਵੱਲ ਧਕਿਆ ਜਾਣਾ ਤੈਅ ਹੈ।

ਯਾਦ ਰਹੇ ਕਿ 'ਫਾਰਕ' ਨਾਮ ਦੀ ਸੋਸ਼ਲਿਸਟ ਜਥੇਬੰਦੀ ਨੇ ਕੋਲੰਬੀਆ ਦੀ ਸਰਕਾਰ ਖਿਲਾਫ 1964 ਤੋਂ 2017 ਤੱਕ 53 ਸਾਲ ਲੰਮੀ ਹਥਿਆਰਬੰਦ ਗੁਰੀਲਾ ਲੜਾਈ ਲੜੀ ਸੀ। ਅਮਰੀਕਾ ਨੇ ਕੋਲੰਬੀਅਨ ਫੌਜ ਲਈ ਲਗਾਤਾਰ ਆਧੁਨਿਕ ਹਥਿਆਰ ਅਤੇ ਫੌਜੀ ਮਾਹਰ ਭੇਜੇ ਸਨ, ਫਿਰ ਵੀ 'ਫਾਰਕ' ਨੂੰ ਹਰਾਇਆ ਨਹੀਂ ਸੀ ਜਾ ਸਕਿਆ। ਆਖਰ 2016 ਵਿਚ ਇਕ ਸਮਝੌਤਾ ਹੋਇਆ ਜਿਸ ਤਹਿਤ 'ਫਾਰਕ' ਆਪਣੀ ਗੁਰੀਲਾ ਫੌਜ ਭੰਗ ਕਰ ਕੇ ਮੁੱਖ ਧਾਰਾ ਵਿਚ ਚਲੀ ਗਈ। 'ਫਾਰਕ' ਦੀਆਂ ਕੁਝ ਫਾਕਾਂ ਅਤੇ ਕੁਝ ਛੋਟੇ ਗੁਰੀਲਾ ਗਰੁੱਪ ਇਸ ਬਾਰੇ ਸਹਿਮਤ ਨਾ ਹੋਏ ਅਤੇ ਸਮਝੌਤੇ ਤੋਂ ਬਾਹਰ ਰਹੇ। ਲੋਕਾਂ ਨੇ ਸਰਕਾਰ ਅਤੇ 'ਫਾਰਕ' ਦੇ ਸਮਝੌਤੇ 'ਤੇ ਇਕ ਵਾਰ ਤਾਂ ਖੁਸ਼ੀਆਂ ਮਨਾਈਆਂ ਸਨ ਪਰ 4 ਸਾਲਾਂ ਦੇ ਅਰਸੇ ਦੌਰਾਨ ਲੋਕਾਂ ਦਾ ਸਰਕਾਰ ਅਤੇ ਸਮਝੌਤੇ ਤੋਂ ਮੋਹਭੰਗ ਹੋ ਗਿਆ। ਸਮਝੌਤੇ ਤੋਂ ਬਾਹਰ ਰਹੇ ਗੁਰੀਲਿਆਂ ਨੇ ਮੁੜ ਪੈਰ ਜਮਾ ਲਏ। ਸਰਕਾਰੀ ਏਜੰਸੀਆਂ ਮੁਤਾਬਕ ਅਜਿਹੇ 25 ਗਰੁੱਪ ਹਨ ਜਿਹੜੇ ਦੇਸ਼ ਭਰ ਵਿਚ ਸਰਗਰਮ ਹਨ। ਇਨ੍ਹਾਂ ਕੋਲ ਕੁੱਲ ਮਿਲਾ ਕੇ 2500-2600 ਤੱਕ ਲੜਾਕੇ ਹਨ ਅਤੇ 1700-1800 ਪਾਰਟ ਟਾਈਮ ਮੈਂਬਰ ਹਨ ਜਿਹੜੇ ਵੱਖ-ਵੱਖ ਸ਼ਹਿਰਾਂ ਵਿਚ ਰਹਿੰਦਿਆਂ ਇਨ੍ਹਾਂ ਗਰੁਪਾਂ ਦੀ ਗੁਪਤ ਹਮਾਇਤ ਕਰਦੇ ਹਨ।

ਇਥੇ ਇਕ ਹੋਰ ਜਾਣਕਾਰੀ ਦੇਣੀ ਵੀ ਜ਼ਰੂਰੀ ਹੈ। ਦੁਨੀਆ ਦਾ ਸਭ ਤੋਂ ਵੱਡਾ, 2124 ਕਰੋੜ ਵਰਗ ਮੀਲ ਵਿਚ ਫੈਲਿਆ ਐਮਾਜ਼ੋਨ ਨਾਮ ਦਾ ਸੰਘਣਾ ਜੰਗਲ ਇਸੇ ਮਹਾਂਦੀਪ ਵਿਚ ਪੈਂਦਾ ਹੈ ਜਿਸ ਦੇ ਆਲੇ-ਦੁਆਲੇ ਕੋਲੰਬੀਆ ਸਮੇਤ ਕਿੰਨੇ ਹੀ ਦੇਸ਼- ਵੈਨੇਜ਼ੂਏਲਾ, ਕੋਲੰਬੀਆ, ਇਕਵਾਡੋਰ, ਪੀਰੂ, ਬੋਲੀਵੀਆ, ਬ੍ਰਾਜ਼ੀਲ, ਗਈਆਨਾ, ਸੂਰੀਨਾਮ ਵਗੈਰਾ ਵਸੇ ਹੋਏ ਹਨ। ਐਮਾਜ਼ੋਨ ਮਹਾਂ ਜੰਗਲ ਸਾਡੀ ਧਰਤੀ ਦੇ ਵਾਤਾਵਰਨ ਨੂੰ ਨਿਰਧਾਰਤ ਕਰਨ ਵਾਲਾ ਉਭਰਵਾਂ ਚੈਂਪੀਅਨ ਤਾਂ ਹੈ ਹੀ, ਇਹ ਇਸ ਦੇ ਬਸ਼ਿੰਦੇ ਆਦਿਵਾਸੀਆਂ ਦੀ ਜਿੰਦਜਾਨ ਅਤੇ ਉਨ੍ਹਾਂ ਦਾ ਪਾਲਣਹਾਰ ਵੀ ਹੈ। ਦਰਖਤ ਕੱਟਣ ਅਤੇ ਮਾਈਨਿੰਗ ਦੀਆਂ ਪਾਬੰਦੀਆਂ ਦੇ ਬਾਵਜੂਦ ਬਹੁਕੌਮੀ ਕਾਰਪੋਰੇਸ਼ਨਾਂ ਕਾਨੂੰਨ ਜਾਂ ਗੈਰ ਕਾਨੂੰਨੀ ਢੰਗਾਂ ਨਾਲ ਜੰਗਲ ਕੱਟਦੀਆਂ ਅਤੇ ਮੁੱਢ-ਕਦੀਮ ਤੋਂ ਰਹਿ ਰਹੇ ਆਦਿਵਾਸੀਆਂ ਦਾ ਉਜਾੜਾ ਕਰਦੀਆਂ ਹਨ। ਇਸੇ ਕਰ ਕੇ ਆਦਿਵਾਸੀਆਂ ਦਾ ਇਨ੍ਹਾਂ ਨਾਲ ਦੁਸ਼ਮਣਾਨਾ ਵਿਰੋਧ ਅਤੇ ਟੱਕਰ ਹੈ। ਇਕੋ-ਇਕ ਸਿਆਸੀ ਸਮਾਜੀ ਧਿਰ ਜਿਹੜੀ ਇਨ੍ਹਾਂ ਆਦਿਵਾਸੀਆਂ ਦੀ ਮਦਦ ਲਈ ਨਿੱਤਰੀ, ਉਹ ਸੋਸ਼ਲਿਸਟ ਗੁਰੀਲਾ ਗਰੁੱਪ ਹਨ; ਉਸੇ ਤਰ੍ਹਾਂ ਜਿਵੇਂ ਭਾਰਤ ਵਿਚ ਬਸਤਰ ਦੇ ਆਦਿਵਾਸੀਆਂ ਦੇ ਹੱਕ ਵਿਚ ਮਾਓਵਾਦੀ ਬਹੁੜੇ ਹਨ। ਇਉਂ ਕੋਲੰਬੀਆ ਵਿਚ ਖਾਸ ਕਰਕੇ ਅਤੇ ਸਾਰੇ ਖਿੱਤੇ ਵਿਚ ਆਮ ਕਰ ਕੇ ਕਾਰਪੋਰੇਟ ਜਗਤ ਦੇ ਖਿਲਾਫ ਖਿੰਡਵੀਂ ਪਰ ਸੰਜੀਦਾ ਲਹਿਰ ਉਸਰ ਰਹੀ ਹੈ। ਸੰਭਵ ਹੈ, ਆਉਂਦੇ ਸਮੇਂ ਦੌਰਾਨ ਇਸ ਦਾ ਚੰਗਾ ਨਿੱਗਰ ਉਭਾਰ ਬਣ ਜਾਵੇ।

# ਹੁਣ ਪਿੰਡਾਂ 'ਤੇ ਕਰੋਨਾ ਦਾ ਹੱਲਾ; ਕੈਪਟਨ ਵੱਲੋਂ ਮੁਹੱਲੇ ਤੇ ਪਿੰਡ ਬਚਾਉਣ ਦਾ ਸੱਦਾ

**ਨਵੀਂ ਦਿੱਲੀ:** ਕਰੋਨਾ ਦਾ ਕਹਿਰ ਪਿੰਡਾਂ 'ਚ ਟੁੱਟਣ ਮਗਰੋਂ ਕੇਂਦਰ ਸਰਕਾਰ ਨੇ ਵਾਇਰਸ ਨਾਲ ਸਿੱਝਣ ਲਈ ਨਵੇਂ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਉਧਰ, ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਦੇ ਦਿਹਾਤੀ ਖੇਤਰ ਵਿਚ ਕਰੋਨਾ ਦਾ ਪਸਾਰ ਰੋਕਣ ਲਈ ਪਿੰਡ ਵਾਸੀਆਂ ਨੂੰ ਆਪੋ-ਆਪਣੇ ਪਿੰਡਾਂ ਵਿਚ ਸਿਰਫ ਕਰੋਨਾ ਮੁਕਤ ਲੋਕਾਂ ਨੂੰ ਹੀ ਦਾਖਲ ਹੋਣ ਦੇਣ ਦੀ ਅਪੀਲ ਕੀਤੀ ਹੈ।

ਪੰਜਾਬ ਵਾਸੀਆਂ ਨੂੰ ਮੁਖਾਤਬ ਹੁੰਦਿਆਂ ਮੁੱਖ ਮੰਤਰੀ ਨੇ ਅਗਲੇ ਦੋ ਮਹੀਨੇ ਪੇਂਡੂ ਇਲਾਕਿਆਂ ਵਿਚ ਸਖਤ ਕਦਮ ਉਠਾਉਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹੁਣ ਦਿਹਾਤੀ ਖੇਤਰਾਂ 'ਚ ਕਰੋਨਾ ਕੇਸਾਂ ਵਿਚ ਵਾਧਾ ਦੇਖਿਆ ਜਾ ਰਿਹਾ ਹੈ ਜਿਸ ਕਰਕੇ ਬਹੁਤ ਚੌਕਸ ਰਹਿਣ ਦੀ ਲੋੜ ਹੈ। ਉਨ੍ਹਾਂ ਪਿੰਡ ਵਾਸੀਆਂ ਨੂੰ ਠੀਕਰੀ ਪਹਿਰੇ ਲਾਉਣ ਦੀ ਵੀ ਅਪੀਲ ਕੀਤੀ ਤਾਂ ਜੋ ਬਾਹਰੀ ਲੋਕਾਂ ਨੂੰ ਦੂਰ ਰੱਖਣ ਅਤੇ ਸਿਰਫ ਕਰੋਨਾ ਮੁਕਤ ਲੋਕਾਂ ਨੂੰ ਪਿੰਡਾਂ ਵਿਚ ਪ੍ਰਵੇਸ਼ ਕਰਨ ਦੀ ਇਜਾਜ਼ਤ ਦਿੱਤੀ ਜਾ ਸਕੇ।

ਕੇਂਦਰ ਵੱਲੋਂ ਵੀ ਪਿੰਡਾਂ ਅਤੇ ਨੀਮ ਸ਼ਹਿਰੀ ਕਸਬਿਆਂ 'ਚ ਘੱਟੋ ਘੱਟ 30 ਬਿਸਤਰਿਆਂ ਵਾਲੇ ਕੋਵਿਡ ਕੇਅਰ ਸੈਂਟਰ ਸਥਾਪਤ ਕਰਨ ਦੀ ਸਲਾਹ ਦਿੱਤੀ ਗਈ ਹੈ ਤਾਂ ਜੋ ਹਲਕੇ ਲੱਛਣਾਂ ਜਾਂ ਹੋਰ ਬਿਮਾਰੀਆਂ ਤੋਂ ਪੀੜਤ ਲੋਕਾਂ ਨੂੰ ਘਰਾਂ 'ਚ ਇਕਾਂਤਵਾਸ ਦੀ ਥਾਂ 'ਤੇ ਉਥੇ ਰੱਖਿਆ ਜਾ ਸਕੇ।

ਕੇਂਦਰੀ ਸਿਹਤ ਮੰਤਰਾਲੇ ਨੇ ਕਿਹਾ ਕਿ ਰੈਪਿਡ ਐਂਟੀਜਨ ਟੈਸਟ ਕਿੱਟਾਂ ਉਪ ਕੇਂਦਰਾਂ ਜਾਂ ਸਿਹਤ ਤੇ ਵੈੱਲਨੈੱਸ ਸੈਂਟਰਾਂ ਅਤੇ ਮੁਢਲੇ ਸਿਹਤ ਕੇਂਦਰਾਂ ਸਮੇਤ ਸਾਰੇ ਜਨ-ਸਿਹਤ ਕੇਂਦਰਾਂ 'ਤੇ ਮੁਹੱਈਆ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ। ਪਿੰਡਾਂ, ਸ਼ਹਿਰਾਂ ਨਾਲ ਲੱਗਦੇ ਕਸਬਿਆਂ ਅਤੇ ਆਦਿਵਾਸੀ ਇਲਾਕਿਆਂ 'ਚ ਕਰੋਨਾ ਦੀ ਲਾਗ ਫੈਲਣ ਮਗਰੋਂ ਸਿਹਤ ਮੰਤਰਾਲੇ ਨੇ ਹਦਾਇਤਾਂ ਜਾਰੀ ਕੀਤੀਆਂ ਹਨ ਤਾਂ ਜੋ ਸਥਾਨਕ ਪੱਧਰ 'ਤੇ ਸਿਹਤ ਸੰਭਾਲ ਢਾਂਚੇ ਨੂੰ ਮਜ਼ਬੂਤ ਕੀਤਾ ਜਾ ਸਕੇ। ਮੰਤਰਾਲੇ ਨੇ ਕਿਹਾ ਕਿ ਕੋਵਿਡ ਕੇਅਰ ਸੈਂਟਰਾਂ 'ਚ ਕਰੋਨਾ ਦੇ ਸ਼ੱਕੀ ਜਾਂ ਪੀੜਤ ਵਿਅਕਤੀਆਂ ਨੂੰ ਦਾਖਲ ਕੀਤਾ ਜਾ ਸਕਦਾ ਹੈ ਪਰ ਉਨ੍ਹਾਂ ਲਈ ਵੱਖਰਾ ਸਥਾਨ ਹੋਣਾ ਚਾਹੀਦਾ ਹੈ ਜਿਥੋਂ ਉਹ ਅੰਦਰ ਅਤੇ ਬਾਹਰ ਆ-ਜਾ ਸਕਣ। ਸ਼ੱਕੀ ਅਤੇ ਬਿਮਾਰ ਮਰੀਜ਼ਾਂ ਨੂੰ ਕਿਸੇ ਵੀ ਹਾਲਤ 'ਚ ਮਿਲਣ-ਜੁਲਣ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ ਹੈ। ਹਦਾਇਤਾਂ ਮੁਤਾਬਕ ਹਰੇਕ ਪਿੰਡ 'ਚ ਫਲੂ ਵਰਗੀ ਬਿਮਾਰੀ ਅਤੇ ਸਾਹ ਲੈਣ ਦੀ ਤਕਲੀਫ ਵਾਲੇ ਕੇਸਾਂ ਦੀ ਸਮੇਂ ਸਮੇਂ ਸਿਰ ਆਸ਼ਾ ਵਰਕਰਾਂ ਵੱਲੋਂ ਪਿੰਡ ਦੇ ਸਿਹਤ ਸੈਨੀਟੇਸ਼ਨ ਅਤੇ ਨਿਊਟ੍ਰੀਸ਼ਨ ਕਮੇਟੀ ਦੀ ਸਹਾਇਤਾ ਨਾਲ ਨਿਗਰਾਨੀ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ



ਕਿ ਬਿਮਾਰ ਵਿਅਕਤੀਆਂ ਦਾ ਸਮੁਦਾਇਕ ਸਿਹਤ ਅਧਿਕਾਰੀ ਨਾਲ ਟੈਲੀਫੋਨ 'ਤੇ ਇਲਾਜ ਕੀਤਾ ਜਾਵੇ ਅਤੇ ਘੱਟ ਆਕਸੀਜਨ ਜਾਂ ਸਾਹ 'ਚ ਤਕਲੀਫ ਵਾਲੇ ਗੰਭੀਰ ਮਰੀਜ਼ਾਂ ਨੂੰ ਵੱਡੇ ਕੇਂਦਰਾਂ 'ਚ ਭੇਜਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹਰੇਕ ਪਿੰਡ 'ਚ ਢੁਕਵੇਂ ਆਕਸੀਮੀਟਰਾਂ ਅਤੇ ਥਰਮਾਮੀਟਰਾਂ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਮੋਹਰਲੀ ਕਤਾਰ ਦੇ ਵਰਕਰਾਂ, ਵਾਲੰਟੀਅਰਾਂ ਆਦਿ ਵੱਲੋਂ ਇਕਾਂਤਵਾਸ 'ਚ ਰਹਿ ਰਹੇ ਮਰੀਜ਼ਾਂ ਦਾ ਹਾਲ-ਚਾਲ ਨਿਯਮਤ ਤੌਰ 'ਤੇ ਲਿਆ ਜਾਵੇ। ਹਦਾਇਤਾਂ ਮੁਤਾਬਕ ਅਜਿਹੇ ਸਾਰੇ ਕੇਸਾਂ ਲਈ ਘਰੇਲੂ ਇਕਾਂਤਵਾਸ ਕਿੱਟ ਮੁਹੱਈਆ ਕਰਵਾਈ ਜਾਣੀ ਚਾਹੀਦੀ ਹੈ ਜਿਸ 'ਚ ਦਵਾਈਆਂ ਦੇ ਨਾਲ ਨਾਲ ਇਹਤਿਆਤ ਰੱਖੇ ਜਾਣ ਵਾਲੇ ਪਰਚੇ ਵੀ ਹੋਣੇ ਚਾਹੀਦੇ ਹਨ। ਕੋਵਿਡ ਕੇਅਰ ਸੈਂਟਰ ਸਕੂਲਾਂ, ਕਮਿਊਨਿਟੀ ਹਾਲਾਂ, ਮੈਰਿਜ ਹਾਲਾਂ, ਪੰਚਾਇਤ ਇਮਾਰਤਾਂ ਅਤੇ ਹੋਰ ਖੁੱਲ੍ਹੇ ਸਥਾਨਾਂ 'ਤੇ ਵੀ ਬਣਾਏ ਜਾ ਸਕਦੇ ਹਨ। ਇਹ ਸੈਂਟਰ ਸਮਰਪਿਤ ਕੋਵਿਡ ਸਿਹਤ ਕੇਂਦਰਾਂ ਅਤੇ ਘੱਟੋ ਘੱਟ ਇਕ ਕੋਵਿਡ ਹਸਪਤਾਲ ਨਾਲ ਜੁੜੇ ਹੋਣੇ ਚਾਹੀਦੇ ਹਨ ਤਾਂ ਜੋ ਹਾਲਤ ਗੰਭੀਰ ਹੋਣ ਮਗਰੋਂ ਮਰੀਜ਼ਾਂ ਨੂੰ ਉਥੇ ਤਬਦੀਲ ਕੀਤਾ ਜਾ ਸਕੇ।

## ਪੰਜਾਬ ਦੇ ਪਿੰਡਾਂ ਵਿਚ 'ਕੋਵਿਡ ਫਤਿਹ' ਪ੍ਰੋਗਰਾਮ ਚਲਾਉਣ ਦੇ ਆਦੇਸ਼

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਿੰਡਾਂ ਵਿਚ ਕਰੋਨਾ ਦੀ ਰੋਕਥਾਮ ਲਈ 'ਕੋਵਿਡ ਫਤਿਹ' ਪ੍ਰੋਗਰਾਮ ਚਲਾਉਣ ਦੇ ਆਦੇਸ਼ ਦਿੱਤੇ ਹਨ। ਇਸ ਪ੍ਰੋਗਰਾਮ ਤਹਿਤ ਪਿੰਡਾਂ ਵਿਚ ਘਰ-ਘਰ ਪਹੁੰਚ ਕੇ ਜਾਂਚ ਕੀਤੀ ਜਾਵੇਗੀ। ਇਸ ਦੇ ਨਾਲ ਹੀ ਕਰੋਨਾ ਟੀਕਾਕਰਨ ਵੀ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਪਾਵਰਕਾਮ ਨੂੰ ਹਦਾਇਤ ਦਿੱਤੀ ਕਿ ਹਸਪਤਾਲਾਂ ਵਿਚ ਬਿਨਾਂ ਰੁਕਾਵਟ ਬਿਜਲੀ ਸਪਲਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਬਾਹਰੀ ਸੂਬਿਆਂ ਤੋਂ ਆਉਣ ਵਾਲੇ ਮਰੀਜ਼ਾਂ ਦੀ ਦੇਖਭਾਲ ਯਕੀਨੀ ਬਣਾਈ ਜਾਵੇਗੀ।

ਪੰਜਾਬ ਟਾਈਮਜ਼

*ਸਨਿਚਰਵਾਰ, 22 ਮਈ 2021*

# ਮਹਾਮਾਰੀ ਦੇ ਦੌਰ ਵਿਚ ਸਿਆਸਤ

ਭਾਰਤ ਵਿਚ ਇਕ ਪਾਸੇ ਕਰੋਨਾ ਵਾਇਰਸ ਕਾਰਨ ਫੈਲੀ ਮਹਾਮਾਰੀ ਨੇ ਆਮ ਲੋਕਾਂ ਦਾ ਤ੍ਰਾਹ ਕੱਢਿਆ ਹੋਇਆ ਹੈ, ਦੂਜੇ ਪਾਸੇ ਵੱਖ-ਵੱਖ ਪਾਰਟੀਆਂ ਨਾਲ ਸਬੰਧਤ ਆਗੂ ਆਪੋ-ਆਪਣੀ ਸਿਆਸਤ ਵਿਚ ਮਸਰੂਫ ਹਨ। ਪੰਜਾਬ ਵਿਚ ਕਿਉਂਕਿ ਅਗਲੀਆਂ ਵਿਧਾਨ ਸਭਾ ਚੋਣਾਂ ਅਗਲੇ ਸਾਲ ਫਰਵਰੀ-ਮਾਰਚ ਦੌਰਾਨ ਹੋਣੀਆਂ ਹਨ, ਇਸ ਲਈ ਇਸ ਸੂਬੇ ਅੰਦਰ ਸਿਆਸੀ ਸਰਗਰਮੀਆਂ ਆਏ ਦਿਨ ਤੇਜ਼ ਹੋ ਰਹੀਆਂ ਹਨ ਅਤੇ ਵੱਖ-ਵੱਖ ਤਰ੍ਹਾਂ ਦੇ ਜੋੜ-ਤੋੜ ਸਾਹਮਣੇ ਆ ਰਹੇ ਹਨ। ਪੰਜਾਬ ਵਿਚ ਵਿਰੋਧੀ ਧਿਰ ਵਾਹਵਾ ਕਮਜ਼ੋਰ ਹੋਣ ਕਾਰਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕਾਫੀ ਸਮੇਂ ਤੋਂ ਇਹ ਮੰਨ ਕੇ ਚੱਲ ਰਹੇ ਹਨ ਕਿ ਅਗਲੀਆਂ ਚੋਣਾਂ ਵਿਚ ਉਨ੍ਹਾਂ ਦੀ ਪਾਰਟੀ- ਕਾਂਗਰਸ, ਹੀ ਜੇਤੂ ਰਹੇਗੀ। ਇਸੇ ਕਰ ਕੇ ਉਨ੍ਹਾਂ ਭਾਵੇਂ 2017 ਵਿਚ ਇਹ ਐਲਾਨ ਕਰ ਦਿੱਤਾ ਸੀ ਕਿ ਇਹ ਚੋਣਾਂ ਉਨ੍ਹਾਂ ਦੀਆਂ ਆਖਰੀ ਚੋਣਾਂ ਹਨ ਪਰ ਫਿਰ ਉਨ੍ਹਾਂ ਦਾ ਐਲਾਨ ਆ ਗਿਆ ਕਿ ਉਹ ਅਗਲੀਆਂ ਚੋਣਾਂ, ਭਾਵ 2022 ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਹਿੱਸਾ ਲੈਣਗੇ। ਪਾਰਟੀ ਅੰਦਰ ਉਨ੍ਹਾਂ ਦੇ ਸਿਆਸੀ ਵਿਰੋਧੀ ਉਸ ਵਕਤ ਤਾਂ ਚੁੱਪ ਰਹੇ ਪਰ ਹੁਣ ਜਦੋਂ ਚੋਣਾਂ ਦਾ ਸਮਾਂ ਨੇੜੇ ਢੁੱਕ ਰਿਹਾ ਹੈ ਤਾਂ ਇਹ ਆਗੂ ਸਿਆਸੀ ਪਿੜ ਵਿਚ ਸਰਗਰਮ ਹੋ ਗਏ ਹਨ ਅਤੇ ਵਾਰੀ-ਵਾਰੀ ਕੈਪਟਨ ਅਮਰਿੰਦਰ ਸਿੰਘ ਦੀ ਲੀਡਰਸ਼ਿਪ ਨੂੰ ਵੰਗਾਰ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਨੂੰ ਇਨ੍ਹਾਂ ਲੀਡਰਾਂ ਦੀ ਅਜਿਹੀ ਕਿਸੇ ਕਾਰਵਾਈ ਦੀ ਕਨਸੋਅ ਤਾਂ ਸੀ ਪਰ ਇਹ ਮਾਮਲਾ ਇੰਨੀ ਵੱਡੀ ਪੱਧਰ 'ਤੇ ਤੂਲ ਫੜ ਜਾਵੇਗਾ, ਇਹ ਸ਼ਾਇਦ ਉਨ੍ਹਾਂ ਨੂੰ ਉਮੀਦ ਨਹੀਂ ਸੀ। ਦੂਜੇ ਬੰਨੇ, ਪਾਰਟੀ ਦੀ ਹਾਈ ਕਮਾਨ ਫਿਲਹਾਲ ਖਾਮੋਸ਼ ਬੈਠੀ ਹੈ ਅਤੇ ਕੈਪਟਨ ਅਮਰਿੰਦਰ ਤੇ ਵਿਰੋਧੀ ਖੇਮੇ ਦੀਆਂ ਸਰਗਰਮੀਆਂ ਨੂੰ ਦੇਖ ਰਹੀ ਹੈ।

ਅਸਲ ਵਿਚ ਮੁਲਕ ਪੱਧਰ 'ਤੇ ਜੋ ਹਾਲ ਇਸ ਵਕਤ ਕਾਂਗਰਸ ਦਾ ਹੈ, ਉਸ ਨੇ ਹਾਈ ਕਮਾਨ ਦੀ ਹਾਲਤ ਬਹੁਤ ਕਮਜ਼ੋਰ ਕੀਤੀ ਹੋਈ ਹੈ। ਪਾਰਟੀ ਦਾ ਉਨ੍ਹਾਂ ਸੂਬਿਆਂ ਵਿਚ ਤਕਰੀਬਨ ਸਫਾਇਆ ਹੀ ਹੋ ਗਿਆ ਹੈ ਜਿਥੇ ਕਦੀ ਇਸ ਦੀਆਂ ਸਰਕਾਰਾਂ ਹੁੰਦੀਆਂ ਹਨ। ਸਭ ਤੋਂ ਵੱਡੀ ਗੱਲ ਇਹ ਕਿ ਪਾਰਟੀ ਦੇ ਮੁੜ ਪੈਰ ਬੱਝਣ ਲਈ ਵੀ ਕੋਈ ਰਾਹ-ਸਿਰਾ ਹੱਥ ਨਹੀਂ ਆ ਰਿਹਾ। ਪਾਰਟੀ ਦੀ ਕੇਂਦਰੀ ਲੀਡਰਸ਼ਿਪ ਦਾ ਮਸਲਾ ਵੀ ਕਈ ਸਾਲਾਂ ਤੋਂ ਆਰਜ਼ੀ ਢੰਗ ਨਾਲ ਚਲਾਇਆ ਜਾ ਰਿਹਾ ਹੈ। ਅਸਲ ਵਿਚ, ਗਾਂਧੀ ਪਰਿਵਾਰ ਦੇ ਫਰਜ਼ੰਦ ਰਾਹੁਲ ਗਾਂਧੀ ਸਿਆਸੀ ਪਿੜ ਵਿਚ ਆਪਣੀ ਕੋਈ ਖਾਸ ਪੈਂਠ ਨਹੀਂ ਬਣਾ ਸਕੇ ਹਨ ਅਤੇ ਦੂਜੇ ਲੀਡਰਾਂ ਨੂੰ ਪਾਰਟੀ ਅੰਦਰ ਉਹ ਥਾਂ ਦਿੱਤੀ ਨਹੀਂ ਜਾ ਰਹੀ। ਇਸੇ ਕਸ਼ਮਕਸ਼ ਕਾਰਨ ਪਿਛਲੇ ਸਮੇਂ ਦੌਰਾਨ ਪਾਰਟੀ ਦੇ 23 ਸੀਨੀਅਰ ਲੀਡਰਾਂ ਨੇ ਇਕ ਖਤ ਲਿਖਿਆ ਸੀ ਪਰ ਲੀਡਰਸ਼ਿਪ ਨੇ ਇਸ ਖਤ ਵੱਲ ਗੌਰ ਕਰਨ ਦੀ ਥਾਂ ਸਗੋਂ ਖਤ ਲਿਖਣ ਵਾਲਿਆਂ ਨੂੰ ਹੀ ਨਿਸ਼ਾਨਾ ਬਣਾ ਧਰਿਆ। ਜ਼ਾਹਿਰ ਹੈ ਕਿ ਕੇਂਦਰੀ ਕੁੰਡਾ ਢਿੱਲਾ ਪੈਣ ਦਾ ਸਿੱਧਾ ਅਸਰ ਹੁਣ ਸੂਬਾ ਇਕਾਈਆਂ 'ਤੇ ਵੀ ਪੈਣਾ ਸ਼ੁਰੂ ਹੋ ਗਿਆ ਹੈ। ਪੰਜਾਬ ਕਾਂਗਰਸ ਅੰਦਰਲੀਆਂ ਸਿਆਸੀ ਸਰਗਰਮੀਆਂ ਇਸੇ ਲੜੀ ਦਾ ਹਿੱਸਾ ਹਨ।

ਇਸ ਦੇ ਨਾਲ ਹੀ ਮੁਲਕ ਪੱਧਰ 'ਤੇ ਸਿਆਸੀ ਹਾਲਾਤ ਵੀ ਕੋਈ ਵੱਖਰੇ ਨਹੀਂ। ਚਾਰ ਸੂਬਿਆਂ ਅਤੇ ਇਕ ਕੇਂਦਰ ਸ਼ਾਸਤ ਪ੍ਰਦੇਸ਼ ਦੀਆਂ ਚੋਣਾਂ ਕਾਰਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਸਰਕਾਰ ਨੇ ਕਰੋਨਾ ਮਹਾਮਾਰੀ ਦੀ ਦੂਜੀ ਲਹਿਰ ਠੱਲ੍ਹਣ ਲਈ ਕੋਈ ਇੰਤਜ਼ਾਮ ਨਹੀਂ ਕੀਤਾ। ਸਿੱਟੇ ਵਜੋਂ ਹਾਲਾਤ ਹੱਥਾਂ ਵਿਚੋਂ ਨਿੱਕਲ ਗਏ। ਇਸ ਮਹਾਮਾਰੀ ਕਾਰਨ ਬਿਮਾਰ ਹੋਏ ਅਤੇ ਫੌਤ ਹੋਏ ਲੋਕਾਂ ਦੇ ਮੰਜ਼ਰ ਦੇਖ ਕੇ ਸਮੁੱਚਾ ਸੰਸਾਰ ਹੀ ਹਿੱਲ ਗਿਆ। ਕੌਮਾਂਤਰੀ ਪੱਧਰ 'ਤੇ ਭਾਰਤ ਸਰਕਾਰ ਦੀ ਨੁਕਤਾਚੀਨੀ ਹੋਈ ਪਰ ਇਸ ਸਭ ਕੁਝ ਦੇ ਬਾਵਜੂਦ ਮੋਦੀ ਸਰਕਾਰ ਪੀੜਤਾਂ ਨੂੰ ਕੋਈ ਰਾਹਤ ਦੇਣ ਵਿਚ ਨਾਕਾਮਯਾਬ ਰਹੀ। ਹੋਰ ਤਾਂ ਹੋਰ, ਮੁਲਕ ਵਿਚ ਆਕਸੀਜਨ ਅਜਿਹੀ ਸਮੱਸਿਆ ਵਜੋਂ ਉਭਰੀ ਜਿਸ ਨੇ ਆਮ ਲੋਕਾਂ ਅਤੇ ਮਰੀਜ਼ਾਂ ਅੰਦਰ ਭੈਅ ਵਾਲਾ ਮਾਹੌਲ ਬਣਾ ਦਿੱਤਾ। ਲੋਕ ਨੂੰ ਆਪਣੇ ਮਰੀਜ਼ਾਂ ਲਈ ਹਸਪਤਾਲਾਂ ਅੰਦਰ ਨਾ ਬੈੱਡ ਮਿਲ ਰਹੇ ਸਨ ਅਤੇ ਨਾ ਹੀ ਆਕਸੀਜਨ। ਕੁਝ ਕੁ ਸੰਸਥਾਵਾਂ ਜਿਨ੍ਹਾਂ ਵਿਚ ਸਿੱਖ ਸੰਸਥਾਵਾਂ ਸ਼ਾਮਿਲ ਹਨ, ਨੇ ਆਕਸੀਜਨ ਦੀ ਸਪਲਾਈ ਲਈ ਤਰੱਦਦ ਕੀਤਾ ਪਰ ਤੇਜ਼ੀ ਨਾਲ ਫੈਲ ਰਹੇ ਵਾਇਰਸ ਕਾਰਨ ਸਭ ਦੇ ਹੱਥ ਖੜ੍ਹੇ ਹੋ ਰਹੇ ਸਨ। ਇਕ-ਇਕ ਦਿਨ ਵਿਚ ਚਾਰ-ਚਾਰ ਲੱਖ ਮਰੀਜ਼ ਸਾਹਮਣੇ ਆ ਰਹੇ ਸਨ ਅਤੇ ਚਾਰ-ਚਾਰ ਹਜ਼ਾਰ ਮਰੀਜ਼ ਮੌਤ ਦੇ ਮੂੰਹ ਵਿਚ ਜਾ ਰਹੇ ਸਨ। ਉਤੋਂ ਸਿਤਮਜ਼ਰੀਫੀ ਇਹ ਕਿ ਪ੍ਰਧਾਨ ਮੰਤਰੀ ਇਸ ਪਾਸੇ ਕੋਈ ਖਾਸ ਤਵੱਜੋ ਦੇਣ ਦੀ ਥਾਂ ਦਿੱਲੀ ਵਿਚ ਨਵੀਂ ਸੰਸਦ ਬਣਾਉਣ ਵਾਲੇ ਪ੍ਰੋਜੈਕਟ ਵੱਲ ਵਧੇਰੇ ਧਿਆਨ ਦੇ ਰਹੇ ਸਨ।

ਇਉਂ ਇਕ ਪਾਸੇ ਮੋਦੀ ਸਰਕਾਰ ਨੇ ਕਰੋਨਾ ਵਾਇਰਸ ਕਾਰਨ ਪੀੜਤ ਹੋ ਰਹੇ ਲੋਕਾਂ ਨੂੰ ਲਾਵਾਰਿਸ ਛੱਡ ਦਿੱਤਾ ਸੀ, ਦੂਜੇ ਪਾਸੇ ਆਪਣੇ ਬੁਨਿਆਦੀ ਹੱਕਾਂ ਲਈ ਪੰਜ ਮਹੀਨਿਆਂ ਤੋਂ ਦਿੱਲੀ ਦੇ ਬਾਰਡਰਾਂ 'ਤੇ ਬੈਠੇ ਕਿਸਾਨਾਂ ਨੂੰ ਖਦੇੜਨ ਲਈ ਮੋਦੀ ਸਰਕਾਰ ਇਕ ਵਾਰ ਫਿਰ ਕਰੋਨਾ ਵਾਇਰਸ ਨੂੰ ਬਹਾਨਾ ਬਣਾਉਣ ਬਾਰੇ ਸੋਚਣ ਲੱਗ ਪਈ। ਇਹ ਖਬਰ ਮਿਲਣ 'ਤੇ ਕਿਸਾਨ ਇਕ ਵਾਰ ਫਿਰ ਦਿੱਲੀ ਬਾਰਡਰਾਂ ਲਈ ਵਹੀਰਾਂ ਘੱਤਣ ਲੱਗ ਪਏ। ਜ਼ਾਹਿਰ ਹੈ ਕਿ ਸੱਤਾਧਾਰੀ ਪਾਰਟੀ ਬਾਵੇਂ ਕੇਂਦਰ ਵਿਚ ਹੈ ਜਾਂ ਸੂਬੇ ਅੰਦਰ, ਲੋਕਾਂ ਪ੍ਰਤੀ ਇਨ੍ਹਾਂ ਦਾ ਵਿਹਾਰ ਇਕੋ ਜਿਹਾ ਹੈ। ਕਰੋਨਾ ਦੇ ਮਾਮਲੇ ਵਿਚ ਲੋਕਾਂ ਲਈ ਸਿਹਤ ਪ੍ਰਬੰਧ ਕਰਨ ਦੀ ਥਾਂ ਨਰਿੰਦਰ ਮੋਦੀ ਅਤੇ ਕੈਪਟਨ ਅਮਰਿੰਦਰ ਸਿੰਘ ਆਪੋ-ਆਪਣੀ ਸਿਆਸਤ ਮਘਾਉਣ ਵਿਚ ਹੀ ਜੁਟੇ ਹੋਏ ਹਨ। ਸਿਤਮਜ਼ਰੀਫੀ ਇਹ ਹੈ ਕਿ ਅਜਿਹੇ ਲੀਡਰਾਂ ਨੂੰ ਗੱਦੀ ਤੋਂ ਲਾਹੁਣ ਵਾਲੀ ਕੋਈ ਧਿਰ ਫਿਲਹਾਲ ਰੜਕ ਨਹੀਂ ਰਹੀ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਅਤੇ ਤ੍ਰਿਣਮੂਲ ਕਾਂਗਰਸ ਦੀ ਆਗੂ ਨੇ ਇਸ ਸਬੰਧੀ ਰਾਹ ਤਾਂ ਦਿਖਾਇਆ ਹੈ ਪਰ ਸਵਾਲ ਇਹ ਹੈ ਕਿ ਉਹਦੇ ਵਰਗੀ ਸ਼ਿੱਦਤ ਨਾਲ ਕੌਣ ਲੜੇਗਾ? ਸਭ ਨੂੰ ਤਾਂ ਆਪੋ-ਆਪਣੀ ਸਿਆਸੀ ਪੈਂਠ ਦੀ ਪਈ ਹੋਈ ਹੈ। ਅਸਲ ਵਿਚ, ਜਿੰਨਾ ਚਿਰ ਲੋਕਮੁਖੀ ਸਿਆਸਤ ਦਾ ਮੁੱਢ ਨਹੀਂ ਬੱਝਦਾ, ਜਾਪਦਾ ਹੈ ਕਿ ਆਮ ਲੋਕਾਂ ਨੂੰ ਅਜਿਹੇ ਦੁੱਖਾਂ-ਤਕਲੀਫਾਂ ਵਿਚੋਂ ਹੀ ਲੰਘਦੇ ਰਹਿਣਾ ਪਵੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਦੇਖਿਆ ਦੇਸੀ ਨੀਰੋ?*

ਦੇਖੇ ਨਾ ਹਾਲਾਤ ਮੋਹਰੇ ਕਿਹੋ ਜਿਹੇ ਆ ਰਹੇ, ਝੋਲੀ ਅੱਡ ਵੋਟਾਂ ਲਈ ਅਲਖ ਜਗਾਈ ਗਿਆ।
ਗੈਸ ਦੇ ਸਿਲੰਡਰ ਤੇ ਵੈਕਸੀਨ 'ਬਾਹਰ' ਭੇਜੇ, ਆਪਣੀ ਇਮੇਜ਼ ਨੂੰ 'ਕੌਮਾਂਤਰੀ' ਬਣਾਈ ਗਿਆ।
ਕੁੰਭ 'ਤੇ ਇਕੱਠੇ ਹੋਏ ਸਾਧੂਆਂ ਨੂੰ ਰੋਕਿਆ ਨਾ, ਜਾਗੀ 'ਅਪਣੱਤ' ਇਸ਼ਨਾਨ ਹੀ ਕਰਾਈ ਗਿਆ।
ਨੋਟ-ਬੰਦੀ ਜਿਵੇਂ ਕੀਤੀ ਪਹਿਲਾਂ ਸੀਗੀ ਚਾਣਚੱਕ, ਬਿਨਾ ਪ੍ਰਬੰਧ ਕੀਤੇ 'ਲੌਕਡਾਊਨ' ਲਾਈ ਗਿਆ।
ਦੁੱਖ-ਫਰਿਆਦ, ਸੁਣੀ ਸਹਿਮਤੀ ਨਾ ਕਿਸੇ ਦੀ ਵੀ, ਆਪਣੇ ਹੀ 'ਮਨ ਕੀ' ਲੋਕਾਂ ਨੂੰ 'ਬਤਾਈ' ਗਿਆ।
ਸੁਣਿਆਂ ਸੀ ਕਦੇ, ਹੁਣ ਅੱਖਾਂ ਸਾਹਵੇਂ ਦੇਖ ਲਿਆ, 'ਰੋਮ' ਸੜਦੇ ਤੋਂ 'ਨੀਰੋ' ਬੰਸਰੀ ਵਜਾਈ ਗਿਆ!

# ਸ਼ਾਸਕਾਂ ਦੀ ਆਦਮਖੋਰ ਸਿਆਸਤ

***ਕਰੋਨਾ ਵਾਇਰਸ ਦੇ ਮੁੜ ਫੈਲਣ ਦੀਆਂ ਚਿਤਾਵਨੀਆਂ ਨੂੰ ਨਜ਼ਰਅੰਦਾਜ਼ ਕਰ ਕੇ ਭਾਰਤ ਸਰਕਾਰ ਨੇ ਸਾਬਤ ਕਰ ਦਿੱਤਾ ਹੈ ਕਿ ਇਸ ਦੀ ਸਿਆਸਤ ਹੀ ਮੌਤਾਂ ਦੀ ਸੌਦਾਗਰ ਨਹੀਂ ਜੋ ਫਿਰਕੂ ਨਫਰਤ ਭੜਕਾ ਕੇ ਕਤਲੇਆਮ 'ਚ ਲੋਕਾਂ ਦੀਆਂ ਜਾਨਾਂ ਲੈਂਦੀ ਹੈ; ਇਸ ਦਾ ਮਹਾਮਾਰੀ ਵਰਗੇ ਸਵਾਲਾਂ ਨਾਲ ਨਜਿੱਠਣ ਦਾ ਤਰੀਕਾ ਅਤੇ ਗਵਰਨੈਂਸ ਦੀ ਪ੍ਰਕਿਰਿਆ ਵੀ ਇਸ ਕਦਰ ਮਨੁੱਖਤਾ ਵਿਰੋਧੀ ਹੈ ਕਿ ਐਮਰਜੈਂਸੀ ਮਸਲਿਆਂ 'ਚ ਤੁਰੰਤ ਦਖਲ ਦੇਣ ਦੀ ਜ਼ਰੂਰਤ ਵੀ ਇਸ ਦੀ ਸੋਚ ਦਾ ਹਿੱਸਾ ਨਹੀਂ ਬਣਦੀ।***

ਬੂਟਾ ਸਿੰਘ
ਫੋਨ: +91-94634-74342

10 ਮਈ 1857 ਭਾਰਤ ਦੇ ਜੰਗੇ-ਆਜ਼ਾਦੀ ਦੇ ਇਤਿਹਾਸ ਵਿਚ ਖਾਸ ਮਹੱਤਵ ਰੱਖਦਾ ਹੈ। ਇਸ ਦਿਨ ਯੂ.ਪੀ. ਦੀ ਮੇਰਠ ਛਾਉਣੀ ਤੋਂ ਭਾਰਤੀ ਸਿਪਾਹੀਆਂ ਨੇ ਅੰਗਰੇਜ਼ ਰਾਜ ਵਿਰੁੱਧ ਬਗਾਵਤ ਕੀਤੀ ਸੀ ਅਤੇ ਆਜ਼ਾਦੀ ਸੰਗਰਾਮੀਆਂ ਨੇ ਅੰਗਰੇਜ਼ ਬਸਤੀਵਾਦੀ ਦੀਆਂ ਫੌਜਾਂ ਨਾਲ ਟੱਕਰ ਲੈਂਦਿਆਂ ਮੌਤ ਨੂੰ ਗਲੇ ਲਗਾਇਆ ਸੀ। 'ਆਜ਼ਾਦ' ਭਾਰਤ ਵਿਚ ਇਸ ਵਾਰ 10 ਮਈ ਨੂੰ ਵੱਖਰਾ ਮੰਜ਼ਰ ਦੇਖਣ ਨੂੰ ਮਿਲਿਆ। ਉਦੋਂ ਜੰਗੇ-ਆਜ਼ਾਦੀ 'ਚ ਜੂਝ ਮਰਨ ਵਾਲਿਆਂ ਦੀਆਂ ਲਾਸ਼ਾਂ ਮਿਲ ਰਹੀਆਂ ਸਨ, ਹੁਣ ਕਰੋਨਾ ਜਾਂ/ਅਤੇ ਹੋਰ ਬਿਮਾਰੀਆਂ ਨਾਲ ਮਰਨ ਵਾਲਿਆਂ ਦੀਆਂ ਲਾਸ਼ਾਂ ਸ਼ਰੇਆਮ ਰੁਲ ਰਹੀਆਂ ਹਨ। ਬਿਹਾਰ ਦੇ ਚੌਸਾ ਪਿੰਡ ਨੇੜੇ ਗੰਗਾ ਨਦੀ 'ਚ ਤੈਰਦੀਆਂ 100 ਦੇ ਕਰੀਬ ਅਣਪਛਾਤੀਆਂ ਲਾਸ਼ਾਂ ਦੇਖ ਕੇ ਪਿੰਡ ਵਾਸੀ ਭੈਅਭੀਤ ਹੋ ਗਏ। ਚੌਸਾ ਵਾਰਾਨਸੀ ਤੋਂ 100 ਕਿਲੋਮੀਟਰ ਦੂਰ ਹੈ। ਲਾਸ਼ਾਂ ਬੁਰੀ ਤਰ੍ਹਾਂ ਗਲੀਆਂ ਹੋਈਆਂ ਸਨ, ਇਉਂ ਲੱਗਦਾ ਸੀ ਕਿ ਤਿੰਨ-ਚਾਰ ਦਿਨ ਪਹਿਲਾਂ ਇਹ ਅੱਧ-ਸੜੀਆਂ ਲਾਸ਼ਾਂ ਗੰਗਾ 'ਚ ਸੁੱਟੀਆਂ ਤਾਂ ਕਿਤੇ ਹੋਰ ਗਈਆਂ ਸਨ ਲੇਕਿਨ ਪਾਣੀ ਦਾ ਵਹਾਅ ਉਨ੍ਹਾਂ ਨੂੰ ਇੱਧਰ ਲੈ ਆਇਆ ਹੋਵੇਗਾ। ਬਕਸਰ ਉੱਤਰ ਪ੍ਰਦੇਸ਼ ਅਤੇ ਬਿਹਾਰ ਦੀ ਹੱਦ ਉੱਪਰ ਹੈ ਅਤੇ ਇੱਥੇ ਗੰਗਾ ਨਦੀ ਬਿਹਾਰ 'ਚ ਪ੍ਰਵੇਸ਼ ਕਰਦੀ ਹੈ। ਚੌਸਾ ਘਾਟ ਉੱਪਰ ਨਦੀ ਕਿਉਂਕਿ ਮੋੜ ਕੱਟਦੀ ਹੈ, ਇਸ ਲਈ ਲਾਸ਼ਾਂ ਇੱਥੇ ਇਕੱਠੀਆਂ ਹੋ ਗਈਆਂ। 71 ਲਾਸ਼ਾਂ ਦਾ ਅੰਕੜਾ ਵਿਵਾਦਰਹਿਤ ਹੈ ਜਿਸ ਨੂੰ ਪ੍ਰਸ਼ਾਸਨ ਵੀ ਸਵੀਕਾਰ ਕਰਦਾ ਹੈ। ਦਰਅਸਲ, ਪਿਛਲੇ ਦਿਨਾਂ 'ਚ ਐਸੀਆਂ ਕਿੰਨੀਆਂ ਕੁ ਲਾਸ਼ਾਂ ਖੁਰਦ-ਬੁਰਦ ਕੀਤੀਆਂ ਗਈਆਂ, ਇਸ ਦਾ ਕੋਈ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ।

ਗੰਗਾ ਵਿਚ ਲਾਸ਼ਾਂ ਮਿਲਣਾ ਨਵੀਂ ਗੱਲ ਨਹੀਂ ਹੈ। ਕਈ ਕਾਰਨਾਂ ਕਰ ਕੇ ਲੋਕ ਲਾਸ਼ਾਂ ਗੰਗਾ 'ਚ ਹੜ੍ਹਾ ਦਿੰਦੇ ਹਨ। ਸੰਸਕਾਰ ਲਈ ਵਸੀਲੇ ਨਾ ਹੋਣ ਕਾਰਨ ਵੀ ਕਈ ਲੋਕ ਲਾਸ਼ਾਂ ਨਦੀ 'ਚ ਸੁੱਟ ਦਿੰਦੇ ਹਨ, ਆਰਥਕ ਸੰਕਟ ਦੇ ਹਾਲੀਆ ਦੌਰ 'ਚ ਇਸ ਗਿਣਤੀ 'ਚ ਵਾਧਾ ਹੋਣਾ ਸੁਭਾਵਿਕ ਹੈ। ਵੈਸੇ ਵੀ ਹਿੰਦੂ ਪਰੰਪਰਾ 'ਚ ਗੰਗਾ 'ਚ ਮ੍ਰਿਤਕ ਦੀਆਂ ਅੰਤਮ ਰਸਮਾਂ ਨੂੰ ਪਵਿੱਤਰ ਮੰਨਿਆ ਜਾਂਦਾ ਹੈ। ਲੋਕ ਅੰਤਮ ਸੰਸਕਾਰ ਤੋਂ ਬਾਦ ਦੂਰੋਂ-ਦੂਰੋਂ ਗੰਗਾ 'ਚ ਅਸਥ ਪਾਉਣ ਜਾਂਦੇ ਹਨ। ਬਿਨਾਂ ਜਲਾਏ ਲਾਸ਼ਾਂ ਨੂੰ ਸਿੱਧਾ ਨਦੀ ਵਿਚ 'ਜਲ ਪ੍ਰਵਾਹ' ਕਰ ਦੇਣ ਦੀ ਰੀਤ ਹੈ। ਸੁਪਰੀਮ ਕੋਰਟ ਨੇ 1988 'ਚ ਲਾਸ਼ਾਂ ਨੂੰ ਗੰਗਾ 'ਚ ਵਹਾਏ ਜਾਣ ਨੂੰ ਗੈਰ ਕਾਨੂੰਨੀ ਕਰਾਰ ਦੇ ਦਿੱਤਾ ਸੀ। ਬੇਸ਼ੱਕ ਗੰਗਾ ਦੇ ਭਿਆਨਕ ਪ੍ਰਦੂਸ਼ਣ ਕਾਰਨ ਕਾਨੂੰਨੀ ਤੌਰ 'ਤੇ ਲਾਸ਼ਾਂ ਦੇ 'ਜਲ ਪ੍ਰਵਾਹ' ਦੀ ਮਨਾਹੀ ਹੈ, ਲੇਕਿਨ ਪ੍ਰਸ਼ਾਸਨ ਅਤੇ ਹੁਕਮਰਾਨ ਜਮਾਤ ਸਮੇਤ ਇਨ੍ਹਾਂ ਮਨਾਹੀਆਂ ਦੀ ਕਿਸ ਨੂੰ ਪ੍ਰਵਾਹ ਹੈ। ਟੋਏ ਪੁੱਟ ਕੇ ਦਬਾਈਆਂ ਜਾਂ ਨਦੀ 'ਚ ਸੁੱਟੀਆਂ ਲਾਸ਼ਾਂ ਨੂੰ ਗਿਰਝਾਂ ਅਤੇ ਕੁੱਤੇ ਖਾ ਰਹੇ ਹਨ। ਹੇਠਲੇ ਪੱਧਰ ਦੇ ਹਿੰਦੂਤਵ ਆਗੂ ਠੀਕ ਹੀ ਕਹਿ ਰਹੇ ਹਨ ਕਿ ਲਾਸ਼ਾਂ ਦੇ 'ਜਲ ਪ੍ਰਵਾਹ' ਜਾਂ ਗੰਗਾ ਕੰਢੇ ਅੱਧ-ਸੜੀਆਂ ਦਬਾ ਦੇਣ 'ਚ ਗਲਤ ਕੀ ਹੈ, ਇਹ ਉਨ੍ਹਾਂ ਦੀ ਪ੍ਰਥਾ ਰਹੀ ਹੈ!

ਨਿਸ਼ਚੇ ਹੀ ਬਕਸਰ 'ਚ ਮਿਲੀਆਂ ਲਾਸ਼ਾਂ ਰੁਟੀਨ 'ਜਲ ਪ੍ਰਵਾਹ' ਨਹੀਂ ਹੈ। ਬਿਹਾਰ ਦੇ ਅਧਿਕਾਰੀ ਅਤੇ ਸਿਆਸਤਦਾਨ ਦਾਅਵੇ ਕਰ ਰਹੇ ਹਨ ਕਿ ਲਾਸ਼ਾਂ ਯੂ.ਪੀ. 'ਚੋਂ ਆਈਆਂ ਹਨ, ਯੂ.ਪੀ. ਪ੍ਰਸ਼ਾਸਨ ਅਤੇ ਸਰਕਾਰ ਇਸ ਤੋਂ ਮੁੱਕਰ ਰਹੇ ਹਨ। ਇਨ੍ਹਾਂ ਲਾਸ਼ਾਂ ਦੇ ਕਈ ਕਾਰਨ ਹੋ ਸਕਦੇ ਹਨ ਜਿਵੇਂ ਕਰੋਨਾ ਦੇ ਡਰ ਕਾਰਨ ਵਾਰਿਸਾਂ ਵੱਲੋਂ ਉਚਿਤ ਸਸਕਾਰ ਦੀ ਬਜਾਏ ਲਾਸ਼ਾਂ ਨੂੰ ਨਦੀ 'ਚ ਸੁੱਟ ਦੇਣਾ, ਬਹੁਤ ਬੜੀ ਤਾਦਾਦ 'ਚ ਮੌਤਾਂ ਹੋਣ ਕਾਰਨ ਸ਼ਮਸ਼ਾਨਘਾਟ 'ਚ ਵਾਰੀ ਨਾ ਆਉਣਾ, ਸਸਕਾਰ ਦੀ ਲਾਗਤ ਕਈ ਗੁਣਾਂ ਵੱਧ ਜਾਣ ਕਾਰਨ ਗ਼ਰੀਬ ਲੋਕਾਂ ਦੀ ਸਸਕਾਰ ਨਾ ਚੁੱਕ ਸਕਣ ਦੀ ਬੇਵਸੀ ਅਤੇ ਲਾਸ਼ਾਂ ਦੇ ਸਹੀ ਸਸਕਾਰ ਲਈ ਬਾਲਣ ਨਾ ਮਿਲਣਾ ਵਗੈਰਾ। ਇਸ ਲਈ, ਲੋਕ ਚਿਤਾ ਨੂੰ ਸੰਕੇਤਕ ਰੂਪ 'ਚ ਅਗਨੀ ਦਿਖਾ ਕੇ ਬਾਅਦ ਵਿਚ ਨਦੀ 'ਚ ਹੜ੍ਹਾ ਦਿੰਦੇ ਹਨ ਅਤੇ ਨੇੜੇ-ਤੇੜੇ ਦੱਬ ਦਿੰਦੇ ਹਨ। ਪਾਣੀ ਦੇ ਵਹਾਅ ਨਾਲ ਮਿੱਟੀ ਰੁੜ੍ਹ ਜਾਣ ਕਾਰਨ ਇਉਂ ਦਫਨ ਕੀਤੀਆਂ ਲਾਸ਼ਾਂ ਵੀ ਸਾਹਮਣੇ ਆ ਰਹੀਆਂ ਹਨ। ਸਭ ਤੋਂ ਵੱਧ ਸੰਭਾਵਨਾ ਇਹ ਜਾਪਦੀ ਹੈ ਕਿ ਇਹ ਯੂ.ਪੀ. ਸਰਕਾਰ ਵੱਲੋਂ ਕਰੋਨਾ ਨਾਲ ਮੌਤਾਂ ਦੇ ਅੰਕੜੇ ਦਬਾਉਣ ਦੀ ਨੀਤੀ ਤਹਿਤ ਖੁਰਦ-ਬੁਰਦ ਕਰਵਾਈਆਂ ਗਈਆਂ ਲਾਸ਼ਾਂ ਹੋ ਸਕਦੀਆਂ ਹਨ। ਹਰ ਜਗ੍ਹਾ ਹੀ ਅਸਲ ਮੌਤਾਂ ਅਤੇ ਸਰਕਾਰੀ ਅੰਕੜਿਆਂ ਵਿਚ ਜ਼ਮੀਨ ਆਸਮਾਨ ਦਾ ਫਰਕ ਹੈ। ਮਿਸਾਲ ਵਜੋਂ, 9 ਮਈ ਦੇ ਬਿਹਾਰ ਸਿਹਤ ਵਿਭਾਗ ਦੇ ਬੁਲੇਟਿਨ ਅਨੁਸਾਰ ਬਕਸਰ 'ਚ 26 ਲੋਕਾਂ ਦੀ ਮੌਤ ਦੀ ਸੂਚਨਾ ਦਿੱਤੀ ਗਈ, ਲੇਕਿਨ ਉਸੇ ਦਿਨ ਦੈਨਿਕ ਪ੍ਰਭਾਤ ਖਬਰ 'ਚ ਛਪੀ ਰਿਪੋਰਟ ਵਿਚ ਕਿਹਾ ਗਿਆ ਕਿ ਉਸ ਦਿਨ ਬਕਸਰ




'ਚ 78 ਮੌਤਾਂ ਹੋਈਆਂ ਸਨ ਭਾਵ ਸਰਕਾਰੀ ਅੰਕੜੇ ਤੋਂ ਤਿੰਨ ਗੁਣਾਂ। ਇਕ ਗੁਜਰਾਤੀ ਅਖਬਾਰ 'ਚ ਛਪੀ ਰਿਪੋਰਟ ਨੇ ਖੁਲਾਸਾ ਕੀਤਾ ਹੈ ਕਿ 1 ਮਾਰਚ ਤੋਂ 10 ਮਈ ਤੱਕ ਪੂਰੇ ਗੁਜਰਾਤ ਵਿਚ 1 ਲੱਖ 23 ਹਜ਼ਾਰ ਮੌਤ ਦੇ ਸਰਟੀਫੀਕੇਟ ਜਾਰੀ ਕੀਤੇ ਗਏ ਜੋ ਪਿਛਲੇ ਸਾਲ ਇਸੇ ਅਰਸੇ ਦੌਰਾਨ ਜਾਰੀ ਕੀਤੇ ਸਰਟੀਫੀਕੇਟਾਂ ਤੋਂ 65085 ਵੱਧ ਹਨ। ਰਾਜ ਸਰਕਾਰ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਗੁਜਰਾਤ ਵਿਚ ਇਸ ਅਰਸੇ 'ਚ ਸਿਰਫ 4218 ਮੌਤਾਂ ਹੋਈਆਂ ਹਨ। ਜਿਸ ਤਰੀਕੇ ਨਾਲ ਆਰ.ਐਸ.ਐਸ-ਬੀ.ਜੇ.ਪੀ. ਸਰਕਾਰ ਅਤੇ ਰਾਜ ਸਰਕਾਰਾਂ ਅੰਕੜਿਆਂ ਨੂੰ ਦਬਾ ਰਹੀਆਂ ਹਨ, ਕਰੋਨਾ ਮਹਾਮਾਰੀ ਨਾਲ ਮਰਨ ਵਾਲਿਆਂ ਦੀ ਅਸਲ ਗਿਣਤੀ ਅਸੀਂ ਕਦੇ ਵੀ ਨਹੀਂ ਜਾਣ ਸਕਾਂਗੇ।

ਉੱਤਰ ਪ੍ਰਦੇਸ਼ ਦੀ ਆਬਾਦੀ 23 ਕਰੋੜ ਤੋਂ ਉੱਪਰ ਹੈ ਅਤੇ ਸਭ ਤੋਂ ਵੱਧ ਆਬਾਦੀ ਵਾਲਾ ਇਹ ਸੂਬਾ ਵੀ ਇਸ ਵਕਤ ਕਰੋਨਾ ਮਹਾਮਾਰੀ ਦੀ ਭਿਆਨਕ ਲਪੇਟ 'ਚ ਆ ਚੁੱਕਾ ਹੈ। ਜਦੋਂ ਵਿਗਿਆਨੀ ਕਰੋਨਾ ਮਹਾਮਾਰੀ ਦੇ ਦੂਜੇ ਭਿਆਨਕ ਹਮਲੇ ਦੀਆਂ ਚਿਤਾਵਨੀਆਂ ਦੇ ਰਹੇ ਸਨ ਆਰ.ਐਸ.ਐਸ.-ਬੀ.ਜੇ.ਪੀ. ਸਰਕਾਰ ਵੱਲੋਂ ਇਨ੍ਹਾਂ ਚਿਤਾਵਨੀਆਂ ਦੀ ਪ੍ਰਵਾਹ ਨਾ ਕਰਦੇ ਹੋਏ ਕੁੰਭ ਮੇਲਾ ਲਗਾਇਆ ਗਿਆ। ਮੋਦੀ ਵਜ਼ਾਰਤ ਵੱਲੋਂ ਕੁੰਭ ਮੇਲੇ ਨੂੰ ਇਸ ਵਾਰ ਸੰਕੇਤਕ ਰੱਖਣ ਦੇ ਸੁਝਾਅ ਮੰਨਣਾ ਤਾਂ ਦੂਰ ਸਗੋਂ ਇਸ ਕਾਰਨ ਮਾਰਚ ਦੇ ਅਖੀਰ 'ਚ ਉੱਤਰਾਖੰਡ ਦੇ ਮੁੱਖ ਮੰਤਰੀ ਨੂੰ ਹਟਾ ਕੇ ਨਵਾਂ ਮੁੱਖ ਮੰਤਰੀ ਇਸ ਕਰ ਕੇ ਥਾਪ ਦਿੱਤਾ ਗਿਆ ਕਿਉਂਕਿ ਪਹਿਲੇ ਮੁੱਖ ਮੰਤਰੀ ਨੇ ਇਕੱਠਾਂ ਨੂੰ ਸੀਮਤ ਕਰਨ ਲਈ ਸੰਕੇਤਕ ਕੁੰਭ ਮੇਲਾ ਲਾਉਣ ਦਾ ਸੁਝਾਅ ਦਿੱਤਾ ਸੀ। ਅੱਠ ਕੁ ਮਹੀਨਿਆਂ ਤੱਕ ਯੂ.ਪੀ. ਵਿਚ ਵਿਧਾਨ ਸਭਾ ਚੋਣਾਂ ਹੋਣ ਵਾਲੀਆਂ ਹਨ। ਹਿੰਦੂ ਅਖਾੜਿਆਂ ਦੇ ਸੰਤ-ਮਹੰਤ ਆਰ.ਐਸ.ਐਸ.-ਬੇ.ਜੇ.ਪੀ. ਦਾ ਪੱਕਾ ਹਮਾਇਤੀ ਆਧਾਰ ਹਨ। ਇਸ ਲਈ ਮੋਦੀ ਅਤੇ ਯੋਗੀ ਸਰਕਾਰਾਂ ਵੱਲੋਂ ਇਕੱਠਾਂ ਨੂੰ ਸੀਮਤ ਕਰਨ ਦੀ ਬਜਾਏ ਹਿੰਦੂ ਭਾਵਨਾਵਾਂ ਦਾ ਲਾਹਾ ਲੈਣ ਲਈ ਕੁੰਭ ਮੇਲਾ ਜ਼ੋਰ-ਸ਼ੋਰ ਨਾਲ ਲਗਾਇਆ ਗਿਆ ਅਤੇ ਕੁੰਭ ਮੇਲਾ 'ਸੁਪਰ-ਸਪਰੈੱਡਰ' ਸਾਬਤ ਹੋਇਆ। ਪਿਛਲੇ ਸਾਲ ਤਬਲੀਗ਼ੀ ਜਮਾਤ ਵਿਰੁੱਧ ਜ਼ਹਿਰ ਉਗਲਣ ਵਾਲਾ ਮੋਦੀ-ਗੋਦੀ ਮੀਡੀਆ ਇਸ ਅਸਲ ਸੁਪਰ ਸਪਰੈੱਡਰ ਬਾਰੇ ਚੁੱਪ ਹੈ। ਕਿਉਂਕਿ ਕੁੰਭ ਮੇਲਾ ਬਹੁਗਿਣਤੀ ਹਿੰਦੂ ਫਿਰਕੇ ਦਾ ਇਕੱਠ ਸੀ।

ਕੁੰਭ ਮੇਲੇ 'ਚ ਦਹਿ ਲੱਖਾਂ ਲੋਕ ਗੰਗਾ ਇਸ਼ਨਾਨ ਲਈ ਆਏ ਜੋ ਵੱਖ-ਵੱਖ ਰਾਜਾਂ ਵਿਚ ਕਰੋਨਾ ਲਾਗ ਨੂੰ ਫੈਲਾਉਣ ਦਾ ਇਕ ਮੁੱਖ ਜ਼ਰੀਆ ਬਣਿਆ। ਜਦੋਂ ਵਿਗਿਆਨੀਆਂ ਦੀਆਂ ਚਿਤਾਵਨੀਆਂ ਦੇ ਮੱਦੇਨਜ਼ਰ ਪੱਛਮੀ ਬੰਗਾਲ ਅਤੇ ਹੋਰ ਰਾਜਾਂ ਦੀਆਂ ਚੋਣਾਂ 'ਚ ਮੋਦੀ-ਅਮਿਤ ਸ਼ਾਹ ਵੱਲੋਂ ਵੱਡੇ-ਵੱਡੇ ਇਕੱਠ ਕਰ ਕੇ ਉੱਥੇ ਵੀ ਕਰੋਨਾ ਦੀ ਲਾਗ ਫੈਲਾ ਦਿੱਤੀ। ਸੰਸਾਰ ਸਿਹਤ ਸੰਸਥਾ (ਡਬਲਯੂ.ਐਚ.ਓ.) ਨੇ ਸਾਫ ਕਿਹਾ ਹੈ ਕਿ ਬਹੁਤ ਸਾਰੇ ਧਾਰਮਿਕ ਅਤੇ ਸਿਆਸੀ ਇਕੱਠਾਂ ਨੇ ਕਰੋਨਾ ਦੀ ਦੂਜੀ ਲਹਿਰ ਦੇ ਫੈਲਣ 'ਚ ਹਿੱਸਾ ਪਾਇਆ ਹੈ। ਨਿਰਸੰਦੇਹ, ਕਰੋਨਾ ਉੱਪਰ ਜਿੱਤ ਦੀਆਂ ਸ਼ੇਖੀਆਂ ਮਾਰ ਕੇ ਕੇਂਦਰ ਸਰਕਾਰ ਮੁਲਕ ਦੇ ਅਵਾਮ ਨੂੰ ਅਵੇਸਲੇ ਕਰਨ ਦੀ ਮੁਜਰਿਮ ਹੈ। 7 ਮਾਰਚ ਨੂੰ ਕੇਂਦਰ ਸਿਹਤ ਮੰਤਰੀ ਹਰਸ਼ ਵਰਧਨ ਨੇ ਐਲਾਨ ਕੀਤਾ ਕਿ ਭਾਰਤ 'ਕੋਵਿਡ-19 ਮਹਾਮਾਰੀ ਦੇ ਖਾਤਮੇ' 'ਤੇ ਪਹੁੰਚ ਚੁੱਕਾ ਹੈ। ਇਸ ਤੋਂ ਦੋ ਦਿਨ ਬਾਅਦ ਮਨਿੰਦਰ ਅਗਰਵਾਲ ਨੇ ਪੂਰੇ ਵਿਸ਼ਵਾਸ ਨਾਲ ਟਵੀਟ ਕੀਤਾ ਕਿ ਕੋਈ 'ਦੂਜੀ ਲਹਿਰ' ਨਹੀਂ ਆਵੇਗੀ। ਅਗਰਵਾਲ ਕੋਵਿਡ-19 ਪਰਿਪੇਖ-ਪਥ ਦਾ ਨਮੂਨਾ ਤਿਆਰ ਕਰਨ ਲਈ ਸਾਇੰਸ ਅਤੇ ਤਕਨਾਲੋਜੀ ਵਿਭਾਗ ਵੱਲੋਂ ਬਣਾਏ ਪੈਨਲ ਦਾ ਮੈਂਬਰ ਅਤੇ ਸਰਕਾਰੀ ਹਮਾਇਤ ਵਾਲੇ 'ਇੰਡੀਅਨ ਸੁਪਰ ਮਾਡਲ' ਦਾ ਲੇਖਕ ਹੈ। ਇਸ ਹਕੀਕਤ ਨੂੰ ਸਵੀਕਾਰ ਕਰਨ ਦੀ ਬਜਾਏ ਸਵਾਲ ਉਠਾਉਣ ਵਾਲਿਆਂ ਦੀ ਜ਼ੁਬਾਨਬੰਦੀ ਕਰ ਰਹੀ ਹੈ। 12 ਮਈ ਨੂੰ ਦਿੱਲੀ ਪੁਲਿਸ ਨੇ ਗ੍ਰਹਿ ਮੰਤਰਾਲੇ ਦੇ ਇਸ਼ਾਰੇ 'ਤੇ ਦਿੱਲੀ ਵਿਚ ਐਸੇ 25 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਜਿਨ੍ਹਾਂ ਨੇ ਐਸੇ ਇਸ਼ਤਿਹਾਰ ਲਗਾਏ ਸਨ ਜਿਨ੍ਹਾਂ ਵਿਚ ਮੰਗ ਕੀਤੀ ਗਈ ਸੀ: "ਮੋਦੀ ਜੀ ਤੁਸੀਂ ਸਾਡੇ ਬੱਚਿਆਂ ਦੀ ਵੈਕਸੀਨ ਵਿਦੇਸ਼ ਕਿਉਂ ਭੇਜ ਦਿੱਤੀ?" ਮੁਲਕ ਵਿਚ ਹੁਣ ਤੱਕ ਕਰੋਨਾ ਲਾਗ ਦੀ ਦੂਜੀ ਲਹਿਰ ਦੌਰਾਨ ਸਰਕਾਰੀ ਦਾਅਵੇ ਅਨੁਸਾਰ, ਸਿਰਫ 3% ਲੋਕਾਂ ਨੂੰ ਵੈਕਸੀਨ ਲਗਾਏ ਗਏ ਹਨ।

ਵਾਇਰਸ ਦੇ ਮੁੜ ਫੈਲਣ ਦੀਆਂ ਚਿਤਾਵਨੀਆਂ ਨੂੰ ਨਜ਼ਰਅੰਦਾਜ਼ ਕਰ ਕੇ ਆਰ.ਐਸ.ਐਸ.-ਭਾਜਪਾ ਸਰਕਾਰ ਨੇ ਸਾਬਤ ਕਰ ਦਿੱਤਾ ਹੈ ਕਿ ਸਿਰਫ ਇਸ ਦੀ ਸਿਆਸਤ ਹੀ ਮੌਤਾਂ ਦੀ ਸੌਦਾਗਰ ਨਹੀਂ ਜੋ ਫਿਰਕੂ ਨਫਰਤ ਭੜਕਾ ਕੇ ਫਿਰਕੂ ਕਤਲੇਆਮ 'ਚ ਲੋਕਾਂ ਦੀਆਂ ਜਾਨਾਂ ਲੈਂਦੀ ਹੈ। ਇਸ ਦਾ ਮਹਾਮਾਰੀ ਵਰਗੇ ਸਵਾਲਾਂ ਨਾਲ ਨਜਿੱਠਣ ਦਾ ਤਰੀਕਾ ਅਤੇ ਗਵਰਨੈਂਸ ਦੀ ਪ੍ਰਕਿਰਿਆ ਵੀ ਇਸ ਕਦਰ ਮਨੁੱਖਤਾ ਵਿਰੋਧੀ ਹੈ ਕਿ ਐਮਰਜੈਂਸੀ ਮਸਲਿਆਂ 'ਚ ਤੁਰੰਤ ਦਖਲ ਦੇਣ ਦੀ ਜ਼ਰੂਰਤ ਵੀ ਇਸ ਦੀ ਸੋਚ ਦਾ ਹਿੱਸਾ ਨਹੀਂ ਬਣਦੀ। ਮੋਦੀ ਸਮੇਤ ਉਸ ਦੀ ਪੂਰੀ ਜੁੰਡਲੀ ਦਾ ਸਾਰਾ ਧਿਆਨ ਹੀ ਹੁਣ ਤੱਕ ਦੇ ਸਭ ਤੋਂ ਨਲਾਇਕ ਅਤੇ ਨਿਕੰਮੇ ਪ੍ਰਧਾਨ ਮੰਤਰੀ ਦੇ ਅਕਸ ਨੂੰ ਸੁਧਾਰਨ ਉੱਪਰ ਅਤੇ ਮਹਾਮਾਰੀ ਦੀ ਗੰਭੀਰਤਾ ਅਤੇ ਵਿਆਪਕਤਾ ਦੀ ਅਸਲ ਤਸਵੀਰ ਨੂੰ ਦਬਾਉਣ ਉੱਪਰ ਕੇਂਦਰਤ ਹੈ। ਕਰੋਨਾ ਮਹਾਮਾਰੀ ਵਰਗੀਆਂ ਜਿਨ੍ਹਾਂ ਗੰਭੀਰ ਚੁਣੌਤੀਆਂ ਨੂੰ ਵੈਕਸੀਨੇਸ਼ਨ ਅਤੇ ਢੁੱਕਵੀਆਂ ਮੈਡੀਕਲ ਸਹੂਲਤਾਂ ਨਾਲ ਥੋੜ੍ਹਾ ਧਿਆਨ ਦੇ ਕੇ ਸਹਿਜੇ ਹੀ ਕੰਟਰੋਲ ਕੀਤਾ ਜਾ ਸਕਦਾ ਹੈ, ਉਹ ਪ੍ਰਸ਼ਾਸਨਕ ਨੀਤੀਆਂ ਦੀ ਅਣਹੋਂਦ ਵਿਚ ਵਿਆਪਕ ਤਬਾਹੀ ਮਚਾਉਣ ਲਈ ਆਜ਼ਾਦ ਹਨ। ਪ੍ਰਸ਼ਾਸਨਕ ਬਦਇੰਤਜ਼ਾਮੀ ਦੀ ਹਾਲਤ ਐਨੀ ਖਰਾਬ ਹੈ ਕਿ 'ਆਊਟਲੁੱਕ' ਵਰਗੇ ਰਸਾਲੇ ਨੇ ਗਵਰਨੈਂਸ ਦੀ ਅਣਹੋਂਦ ਉੱਪਰ ਤਨਜ਼ ਕੱਸਦੇ ਹੋਏ ਆਪਣੇ ਤਾਜ਼ਾ ਅੰਕ ਦਾ ਮੁੱਖ ਪੰਨਾ ਹੀ ਇਹ ਬਣਾਇਆ ਹੈ: 'ਲਾਪਤਾ। ਨਾਮ: ਭਾਰਤ ਸਰਕਾਰ, ਉਮਰ 7 ਸਾਲ, ਜੇ ਕਿਸੇ ਨੂੰ ਮਿਲੇ ਤਾਂ ਭਾਰਤ ਦੇ ਨਾਗਰਿਕਾਂ ਨੂੰ ਸੂਚਨਾ ਦਿਓ'। ਆਰ.ਐਸ.ਐਸ. ਜੋ ਸਭ ਤੋਂ ਮਜ਼ਬੂਤ ਅਤੇ ਸਮਰਪਿਤ ਸੋਵੈਮਸੇਵਕ ਫੌਜ ਅਤੇ ਫੌਜ ਨਾਲੋਂ ਕਾਰਜਕੁਸ਼ਲ ਜਥੇਬੰਦੀ ਹੋਣ ਦਾ ਦਾਅਵਾ ਕਰਦਾ ਹੈ, ਉਹ ਵੀ ਕਿਤੇ ਨਜ਼ਰ ਨਹੀਂ ਆ ਰਹੀ।

ਜਿੰਨਾ ਸਮਾਂ ਇਹ ਤਾਕਤ ਸੱਤਾ 'ਚ ਰਹੇਗੀ, ਮਹਾਮਾਰੀ ਵਰਗੇ ਮਸਲੇ ਸਾਡੇ ਮੁਲਕ 'ਚ ਉਸ ਤੋਂ ਕਈ ਗੁਣਾਂ ਮਨੁੱਖੀ ਜਾਨਾਂ ਲੈਂਦੇ ਰਹਿਣਗੇ ਜਿੰਨਾ ਜਾਨੀ ਨੁਕਸਾਨ ਆਮ ਹਾਲਾਤ 'ਚ ਕਰਨ ਦੀ ਉਨ੍ਹਾਂ ਦੀ ਸਮਰੱਥਾ ਹੁੰਦੀ ਹੈ। ਹਰ ਪੱਖ ਤੋਂ ਭਾਰਤੀ ਸਿਆਸਤ ਦੀ ਪਹਿਲੀ ਤਰਜੀਹ ਇਨਸਾਨੀਅਤ ਦੀ ਇਸ ਘੋਰ ਦੁਸ਼ਮਣ ਤਾਕਤ ਨੂੰ ਸੱਤਾ ਤੋਂ ਤੁਰੰਤ ਲਾਂਭੇ ਕਰਨ ਦੀ ਹੋਣੀ ਚਾਹੀਦੀ ਹੈ।

# ਇਜ਼ਰਾਈਲ ਫਲਸਤੀਨ ਵਿਵਾਦ ਦੀ ਜੜ੍ਹ



ਫਲਸਤੀਨੀ ਕਟੜਪੰਥੀਆਂ ਅਤੇ ਇਜ਼ਰਾਈਲ ਵਿਚਕਾਰ ਵੱਧ ਰਹੇ ਟਕਰਾਅ ਤੋਂ ਬਾਅਦ ਇਜ਼ਰਾਈਲ ਵੱਲੋਂ ਲੋਡ ਸ਼ਹਿਰ ਵਿਚ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਗਿਆ। ਤਾਜ਼ਾ ਹਿੰਸਾ ਪਿਛਲੇ ਇੱਕ ਮਹੀਨੇ ਤੋਂ ਵੱਧ ਰਹੇ ਤਣਾਅ ਤੋਂ ਬਾਅਦ ਹੋਈ ਹੈ, ਹਾਲਾਂਕਿ ਇਜ਼ਰਾਈਲ ਅਤੇ ਫਲਸਤੀਨ ਦਰਮਿਆਨ ਸੰਘਰਸ਼ ਕਈ ਦਹਾਕਿਆਂ ਤੋਂ ਜਾਰੀ ਹੈ।

ਇਹ 100 ਸਾਲ ਪੁਰਾਣਾ ਮੁੱਦਾ ਹੈ। ਪਹਿਲੇ ਵਿਸ਼ਵ ਯੁੱਧ ਵਿਚ ਮੱਧ ਪੂਰਬ ਦੇ ਉਸ ਹਿੱਸੇ ਦੇ ਹਾਕਮ ਓਟੋਮੈਨ ਰਾਜ ਦੇ ਹਾਰ ਜਾਣ ਤੋਂ ਬਾਅਦ ਬ੍ਰਿਟੇਨ ਨੇ ਫਲਸਤੀਨ ਵਜੋਂ ਜਾਣੇ ਜਾਂਦੇ ਖੇਤਰ ਦਾ ਕੰਟਰੋਲ ਲੈ ਲਿਆ। ਇਸ ਧਰਤੀ ਉੱਤੇ ਯਹੂਦੀ ਘੱਟ ਗਿਣਤੀ ਅਤੇ ਅਰਬ ਬਹੁਗਿਣਤੀ ਵਸਦੇ ਸਨ। ਦੋਵਾਂ ਧਿਰਾਂ ਵਿਚ ਤਣਾਅ ਉਦੋਂ ਵਧਿਆ ਜਦੋਂ ਕੌਮਾਂਤਰੀ ਭਾਈਚਾਰੇ ਨੇ ਬ੍ਰਿਟੇਨ ਨੂੰ ਯਹੂਦੀ ਲੋਕਾਂ ਲਈ ਫਲਸਤੀਨ ਵਿਚ 'ਰਾਸ਼ਟਰੀ ਘਰ' ਸਥਾਪਤ ਕਰਨ ਦਾ ਕੰਮ ਸੌਂਪਿਆ।

ਯਹੂਦੀਆਂ ਲਈ ਇਹ ਉਨ੍ਹਾਂ ਦਾ ਜੱਦੀ ਘਰ ਸੀ ਪਰ ਫਲਸਤੀਨੀ ਅਰਬਾਂ ਨੇ ਵੀ ਜ਼ਮੀਨ 'ਤੇ ਆਪਣਾ ਦਾਅਵਾ ਕੀਤਾ ਅਤੇ ਇਸ ਕਦਮ ਦਾ ਵਿਰੋਧ ਕੀਤਾ। 1920 ਅਤੇ 40 ਦੇ ਦਹਾਕੇ ਵਿਚਕਾਰ, ਇੱਥੇ ਆਉਣ ਵਾਲੇ ਯਹੂਦੀਆਂ ਦੀ ਗਿਣਤੀ ਵਿਚ ਵਾਧਾ ਹੋਇਆ, ਯੂਰਪ ਵਿਚ ਅੱਤਿਆਚਾਰਾਂ ਨਾਲ ਬਹੁਤ ਪਲਾਇਨ ਹੋਇਆ ਅਤੇ ਦੂਜੇ ਵਿਸ਼ਵ ਯੁੱਧ ਦੇ ਘੱਲੂਘਾਰੇ ਤੋਂ ਬਾਅਦ ਆਪਣੇ ਦੇਸ਼ ਦੀ ਭਾਲ ਲਈ ਇੱਥੇ ਆਏ। ਯਹੂਦੀਆਂ ਅਤੇ ਅਰਬਾਂ ਵਿਚਾਲੇ ਅਤੇ ਬ੍ਰਿਟਿਸ਼ ਸ਼ਾਸਨ ਵਿਰੁੱਧ ਹਿੰਸਾ ਵੀ ਵਧਦੀ ਗਈ। 1947 ਵਿਚ ਸੰਯੁਕਤ ਰਾਸ਼ਟਰ ਨੇ ਫਲਸਤੀਨ ਨੂੰ ਵੱਖਰੇ ਯਹੂਦੀ ਅਤੇ ਅਰਬ ਰਾਜਾਂ ਵਿਚ ਵੰਡਣ ਲਈ ਵੋਟ ਦਿੱਤੀ, ਯੋਰੋਸ਼ਲਮ ਕੌਮਾਂਤਰੀ ਸ਼ਹਿਰ ਬਣ ਗਿਆ। ਉਸ ਯੋਜਨਾ ਨੂੰ ਯਹੂਦੀ ਨੇਤਾਵਾਂ ਨੇ ਸਵੀਕਾਰ ਕਰ ਲਿਆ ਪਰ ਅਰਬ ਪੱਖ ਵੱਲੋਂ ਰੱਦ ਕਰ ਦਿੱਤਾ ਗਿਆ ਅਤੇ ਇਹ ਕਦੇ ਲਾਗੂ ਨਹੀਂ ਹੋਇਆ।

1948 ਵਿਚ ਸਮੱਸਿਆ ਨੂੰ ਹੱਲ ਕਰਨ ਵਿਚ ਅਸਮਰੱਥ ਬ੍ਰਿਟਿਸ਼ ਸ਼ਾਸਕ ਇੱਥੋਂ ਚਲੇ ਗਏ ਅਤੇ ਯਹੂਦੀ ਨੇਤਾਵਾਂ ਨੇ ਇਜ਼ਰਾਈਲ ਦੇਸ਼ ਦੀ ਸਿਰਜਣਾ ਦਾ ਐਲਾਨ ਕੀਤਾ। ਬਹੁਤ ਸਾਰੇ ਫਲਸਤੀਨੀਆਂ ਨੇ ਇਤਰਾਜ਼ ਕੀਤਾ ਅਤੇ ਇਸ ਤੋਂ ਬਾਅਦ ਯੁੱਧ ਹੋਇਆ। ਗੁਆਂਢੀ ਅਰਬ ਦੇਸ਼ਾਂ ਦੇ ਫੌਜੀਆਂ ਨੇ ਹਮਲਾ ਕਰ ਦਿੱਤਾ। ਸੈਂਕੜੇ ਹਜ਼ਾਰਾਂ ਫਲਸਤੀਨੀ ਭੱਜ ਗਏ ਜਾਂ ਉਨ੍ਹਾਂ ਨੂੰ ਘਰ ਤੋਂ ਬਾਹਰ ਕੱਢਿਆ ਗਿਆ ਜਿਸ ਨੂੰ ਉਹ ਅਲ ਨੱਕਬਾ ਜਾਂ 'ਤਬਾਹੀ' ਕਹਿੰਦੇ ਹਨ।

ਅਗਲੇ ਸਾਲ, ਜਦੋਂ ਜੰਗਬੰਦੀ ਖਤਮ ਹੋ ਗਈ, ਇਜ਼ਰਾਈਲ ਨੇ ਜ਼ਿਆਦਾਤਰ ਖੇਤਰ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। ਜੋਰਡਨ ਨੇ ਉਸ ਧਰਤੀ ਉੱਤੇ ਕਬਜ਼ਾ ਕਰ ਲਿਆ ਜਿਸ ਨੂੰ ਵੈਸਟ ਬੈਂਕ ਵਜੋਂ ਜਾਣਿਆ ਜਾਂਦਾ ਹੈ, ਤੇ ਮਿਸਰ ਨੇ ਗਾਜ਼ਾ ਉੱਤੇ ਕਬਜ਼ਾ ਕਰ ਲਿਆ। ਯੋਰੋਸ਼ਲਮ ਨੂੰ ਪੱਛਮ ਵਿਚ ਇਜ਼ਰਾਈਲੀ ਫੌਜਾਂ ਅਤੇ ਪੂਰਬ ਵਿਚ ਜੋਰਡਨੀਅਨ ਫੌਜਾਂ ਵਿਚ ਵੰਡਿਆ ਗਿਆ ਸੀ। ਇੱਥੇ ਕਿਉਂਕਿ ਕਦੇ ਵੀ ਸ਼ਾਂਤੀ ਸਮਝੌਤਾ ਨਹੀਂ ਹੋਇਆ ਸੀ - ਹਰ ਧਿਰ ਨੇ ਇੱਕ ਦੂਜੇ ਨੂੰ ਦੋਸ਼ੀ ਠਹਿਰਾਇਆ - ਉਸ ਤੋਂ ਬਾਅਦ ਦੇ ਦਹਾਕਿਆਂ ਵਿਚ ਇੱਥੇ ਹੋਰ ਜ਼ਿਆਦਾ ਲੜਾਈਆਂ ਹੋ ਰਹੀਆਂ ਹਨ। ਇੱਕ ਹੋਰ ਯੁੱਧ ਵਿਚ 1967 ਵਿਚ ਇਜ਼ਰਾਈਲ ਨੇ ਪੂਰਬੀ ਯੋਰੋਸ਼ਲਮ ਅਤੇ ਵੈਸਟ ਬੈਂਕ ਦੇ ਨਾਲ-ਨਾਲ ਸੀਰੀਆ ਦੇ ਜ਼ਿਆਦਾਤਰ ਗੋਲਾਨ ਹਾਈਟਸ ਅਤੇ ਗਾਜ਼ਾ ਅਤੇ ਮਿਸਰ ਦੇ ਸਿਨਾਈ ਪ੍ਰਾਇਦੀਪ ਉੱਤੇ ਕਬਜ਼ਾ ਕੀਤਾ। ਜ਼ਿਆਦਾਤਰ ਫਲਸਤੀਨੀ ਸ਼ਰਨਾਰਥੀ ਅਤੇ ਉਨ੍ਹਾਂ ਦੇ ਵੰਸ਼ਜ ਗਾਜ਼ਾ ਅਤੇ ਵੈਸਟ ਬੈਂਕ ਦੇ ਨਾਲ-ਨਾਲ ਗੁਆਂਢੀ ਜੋਰਡਨ, ਸੀਰੀਆ ਅਤੇ ਲੇਬਨਾਨ ਵਿਚ ਰਹਿੰਦੇ ਹਨ। ਨਾ ਤਾਂ ਉਨ੍ਹਾਂ ਨੂੰ ਅਤੇ ਨਾ ਹੀ ਉਨ੍ਹਾਂ ਦੇ ਵੰਸ਼ਜ ਨੂੰ ਇਜ਼ਰਾਈਲ ਨੇ ਆਪਣੇ ਘਰਾਂ ਨੂੰ ਵਾਪਸ ਜਾਣ ਦੀ ਇਜਾਜ਼ਤ ਦਿੱਤੀ ਹੈ - ਇਜ਼ਰਾਈਲ ਦਾ ਕਹਿਣਾ ਹੈ ਕਿ ਇਹ ਦੇਸ਼ ਨੂੰ ਤਬਾਹ ਕਰ ਦੇਵੇਗਾ ਅਤੇ ਯਹੂਦੀ ਰਾਜ ਵਜੋਂ ਇਸ ਦੀ ਹੋਂਦ ਨੂੰ ਖਤਰਾ ਹੋਵੇਗਾ।

ਇਜ਼ਰਾਈਲ ਅਜੇ ਵੀ ਵੈਸਟ ਬੈਂਕ 'ਤੇ ਕਬਜ਼ਾ ਕਰ ਰਿਹਾ ਹੈ, ਹਾਲਾਂਕਿ ਇਸ ਨੂੰ ਗਾਜ਼ਾ ਤੋਂ ਬਾਹਰ ਕੱਢ ਦਿੱਤਾ ਹੈ ਅਤੇ ਸੰਯੁਕਤ ਰਾਸ਼ਟਰ ਅਜੇ ਵੀ ਉਸ ਜ਼ਮੀਨ ਦੇ ਟੁਕੜੇ ਨੂੰ ਕਬਜ਼ੇ ਵਾਲੇ ਖੇਤਰ ਦੇ ਹਿੱਸੇ ਵਜੋਂ ਮੰਨਦਾ ਹੈ। ਇਜ਼ਰਾਈਲ ਪੂਰੇ ਯੋਰੋਸ਼ਲਮ ਨੂੰ ਆਪਣੀ ਰਾਜਧਾਨੀ ਵਜੋਂ ਦਾਅਵਾ ਕਰਦਾ ਹੈ, ਜਦੋਂਕਿ ਫਲਸਤੀਨੀ ਪੂਰਬੀ ਯੋਰੋਸ਼ਲਮ ਨੂੰ ਭਵਿੱਖ ਦੇ ਫਲਸਤੀਨੀ ਰਾਜ ਦੀ ਰਾਜਧਾਨੀ ਵਜੋਂ ਦਾਅਵਾ ਕਰਦੇ ਹਨ। ਅਮਰੀਕਾ ਸਿਰਫ ਉਨ੍ਹਾਂ ਮੁੱਠੀ ਭਰ ਦੇਸ਼ਾਂ ਵਿਚੋਂ ਇੱਕ ਹੈ ਜੋ ਪੂਰੇ ਸ਼ਹਿਰ ਵਿਚ ਇਜ਼ਰਾਈਲ ਦੇ ਦਾਅਵੇ ਨੂੰ ਮਾਨਤਾ ਦਿੰਦਾ ਹੈ।

ਪਿਛਲੇ 50 ਸਾਲਾਂ ਵਿਚ ਇਜ਼ਰਾਈਲ ਨੇ ਇਨ੍ਹਾਂ ਇਲਾਕਿਆਂ ਵਿਚ ਬਸਤੀਆਂ ਬਣਾਈਆਂ ਹਨ, ਜਿੱਥੇ ਹੁਣ 6 ਲੱਖ ਤੋਂ ਜ਼ਿਆਦਾ ਯਹੂਦੀ ਰਹਿੰਦੇ ਹਨ। ਫਲਸਤੀਨੀ ਕਹਿੰਦੇ ਹਨ ਕਿ ਇਹ ਕੌਮਾਂਤਰੀ ਕਾਨੂੰਨ ਤਹਿਤ ਗੈਰ ਕਾਨੂੰਨੀ ਹਨ ਅਤੇ ਸ਼ਾਂਤੀ ਲਈ ਰੁਕਾਵਟਾਂ ਹਨ ਪਰ ਇਜ਼ਰਾਈਲ ਇਸ ਤੋਂ ਇਨਕਾਰ ਕਰਦਾ ਹੈ।

ਪੂਰਬੀ ਯੋਰੋਸ਼ਲਮ, ਗਾਜ਼ਾ ਅਤੇ ਵੈਸਟ ਬੈਂਕ ਵਿਚ ਰਹਿੰਦੇ ਇਜ਼ਰਾਈਲੀਆਂ ਅਤੇ ਫਲਸਤੀਨੀਆਂ ਦਰਮਿਆਨ ਤਣਾਅ ਅਕਸਰ ਵੱਧ ਜਾਂਦਾ ਹੈ। ਗਾਜ਼ਾ ਉੱਤੇ ਹਮਾਸ ਅਖਵਾਉਣ ਵਾਲੇ ਫਲਸਤੀਨੀ ਅਤਿਵਾਦੀ ਸਮੂਹ ਦਾ ਰਾਜ ਹੈ ਜੋ ਕਈ ਵਾਰ ਇਜ਼ਰਾਈਲ ਨਾਲ ਲੜਿਆ ਹੈ। ਇਜ਼ਰਾਈਲ ਅਤੇ ਮਿਸਰ ਨੇ ਹਮਾਸ ਨੂੰ ਮਿਲਣ ਵਾਲੇ ਹਥਿਆਰਾਂ ਨੂੰ ਰੋਕਣ ਲਈ ਗਾਜ਼ਾ ਦੀਆਂ ਸਰਹੱਦਾਂ ਉੱਤੇ ਸਖਤੀ ਨਾਲ ਕੰਟਰੋਲ ਕੀਤਾ। ਗਾਜ਼ਾ ਅਤੇ ਵੈਸਟ ਬੈਂਕ ਵਿਚ ਫਲਸਤੀਨੀਆਂ ਦਾ ਕਹਿਣਾ ਹੈ ਕਿ ਉਹ ਇਜ਼ਰਾਈਲ ਦੀਆਂ ਕਾਰਵਾਈਆਂ ਅਤੇ ਪਾਬੰਦੀਆਂ ਕਾਰਨ ਦੁਖੀ ਹਨ। ਇਜ਼ਰਾਈਲ ਦਾ ਕਹਿਣਾ ਹੈ ਕਿ ਉਹ ਸਿਰਫ ਆਪਣੇ ਆਪ ਨੂੰ ਫਲਸਤੀਨੀ ਹਿੰਸਾ ਤੋਂ ਬਚਾਉਣ ਲਈ ਕੰਮ ਕਰ ਰਿਹਾ ਹੈ।

ਅਪਰੈਲ 2021 ਦੇ ਅੱਧ ਵਿਚ ਮੁਸਲਮਾਨਾਂ ਦੇ ਪਵਿੱਤਰ ਮਹੀਨੇ ਰਮਜ਼ਾਨ ਦੀ ਸ਼ੁਰੂਆਤ ਤੋਂ ਬਾਅਦ ਪੁਲਿਸ ਅਤੇ ਫਲਸਤੀਨੀਆਂ ਵਿਚਾਲੇ ਰਾਤਾਂ ਨੂੰ ਹੋਈਆਂ ਝੜਪਾਂ ਨਾਲ ਹਾਲਾਤ ਵਿਗੜਦੇ ਜਾ ਰਹੇ ਹਨ। ਪੂਰਬੀ ਯੋਰੋਸ਼ਲਮ ਵਿਚ ਕੁਝ ਫਲਸਤੀਨੀ ਪਰਿਵਾਰਾਂ ਨੂੰ ਧਮਕੀਆਂ ਦੇ ਕੇ ਕੱਢਣ ਨੇ ਵੀ ਗੁੱਸੇ ਨੂੰ ਵਧਾ ਦਿੱਤਾ ਹੈ। ਇੱਥੇ ਕਈ ਮੁੱਦੇ ਹਨ ਜਿਨ੍ਹਾਂ 'ਤੇ ਇਜ਼ਰਾਈਲ ਅਤੇ ਫਲਸਤੀਨ ਸਹਿਮਤ ਨਹੀਂ ਹੋ ਸਕਦੇ। ਇਨ੍ਹਾਂ ਵਿਚ ਫਲਸਤੀਨੀ ਸ਼ਰਨਾਰਥੀਆਂ ਦਾ ਕੀ ਹੋਣਾ ਚਾਹੀਦਾ ਹੈ, ਕੀ ਕਬਜ਼ੇ ਵਾਲੇ ਵੈਸਟ ਬੈਂਕ ਵਿਚ ਯਹੂਦੀ ਬਸਤੀਆਂ ਰਹਿਣ ਜਾਂ ਹਟਾਉਣੀਆਂ ਚਾਹੀਦੀਆਂ ਹਨ, ਕੀ ਦੋਵਾਂ ਧਿਰਾਂ ਨੂੰ ਯੋਰੋਸ਼ਲਮ ਨੂੰ ਸਾਂਝਾ ਕਰਨਾ ਚਾਹੀਦਾ ਹੈ, ਤੇ - ਸ਼ਾਇਦ ਸਭ ਤੋਂ ਮੁਸ਼ਕਲ - ਕੀ ਇਜ਼ਰਾਈਲ ਦੇ ਨਾਲ-ਨਾਲ ਫਲਸਤੀਨੀ ਦੇਸ਼ ਬਣਾਇਆ ਜਾਣਾ ਚਾਹੀਦਾ ਹੈ। ਸ਼ਾਂਤੀ ਵਾਰਤਾ ਪਿਛਲੇ 25 ਸਾਲਾਂ ਤੋਂ ਵੱਧ ਸਮੇਂ ਤੋਂ ਚੱਲ ਰਹੀ ਹੈ ਪਰ ਅਜੇ ਤੱਕ ਇਸ ਟਕਰਾਅ ਦਾ ਹੱਲ ਨਹੀਂ ਹੋਇਆ ਹੈ।

ਸਥਿਤੀ ਜਲਦੀ ਹੱਲ ਨਹੀਂ ਹੋਣ ਵਾਲੀ। ਸਭ ਤੋਂ ਤਾਜ਼ਾ ਸ਼ਾਂਤੀ ਯੋਜਨਾ ਜੋ ਅਮਰੀਕਾ ਦੁਆਰਾ ਤਿਆਰ ਕੀਤੀ ਗਈ ਸੀ, ਜਦੋਂ ਡੋਨਲਡ ਟਰੰਪ ਰਾਸ਼ਟਰਪਤੀ ਸਨ - ਇਸ ਨੂੰ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਵੱਲੋਂ 'ਸਦੀ ਦਾ ਸੌਦਾ' ਕਿਹਾ ਗਿਆ ਸੀ - ਨੂੰ ਫਲਸਤੀਨੀ ਲੋਕਾਂ ਨੇ ਇੱਕਪਾਸੜ ਕਹਿ ਕੇ ਖਾਰਜ ਕਰ ਦਿੱਤਾ ਸੀ ਅਤੇ ਕਦੇ ਵੀ ਇਸ ਨੂੰ ਜ਼ਮੀਨੀ ਪੱਧਰ 'ਤੇ ਨਹੀਂ ਉਤਾਰਿਆ ਗਿਆ। ਆਉਣ ਵਾਲੇ ਕਿਸੇ ਵੀ ਸ਼ਾਂਤੀ ਸਮਝੌਤੇ ਲਈ ਗੁੰਝਲਦਾਰ ਮਸਲਿਆਂ ਦੇ ਹੱਲ ਲਈ ਦੋਵਾਂ ਧਿਰਾਂ ਦੇ ਸਹਿਮਤ ਹੋਣ ਦੀ ਜ਼ਰੂਰਤ ਹੋਵੇਗੀ। ਜਦੋਂ ਤੱਕ ਅਜਿਹਾ ਨਹੀਂ ਹੁੰਦਾ, ਵਿਵਾਦ ਜਾਰੀ ਰਹੇਗਾ।

***(ਬੀ.ਬੀ.ਸੀ. ਦੇ ਧੰਨਵਾਦ ਸਹਿਤ)***

# ਹਮਾਸ ਕਿੰਨਾ ਤਾਕਤਵਰ

**ਜੋਨਾਥਨ ਮਾਰਕਸ**

ਗਾਜ਼ਾ ਪੱਟੀ ਵਿਚ ਇਜ਼ਰਾਈਲ ਅਤੇ ਫਲਸਤੀਨ ਵਿਚਾਲੇ ਜੋ ਸੰਘਰਸ਼ ਚੱਲ ਰਿਹਾ ਹੈ, ਉਸ ਦਾ ਖਾਮਿਆਜ਼ਾ ਦੋਵੇਂ ਹੀ ਪੱਖਾਂ ਨੂੰ ਭੁਗਤਣਾ ਪੈ ਰਿਹਾ ਹੈ। ਇਸ ਸੰਘਰਸ਼ ਵਿਚ ਦੋਵੇਂ ਹੀ ਪਾਸੇ ਲੋਕਾਂ ਦੀਆਂ ਜਾਨਾਂ ਗਈਆਂ ਹਨ, ਨੁਕਸਾਨ ਹੋਇਆ ਹੈ ਅਤੇ ਲੋਕ ਤਕਲੀਫ ਵਿਚ ਹਨ; ਹਾਲਾਂਕਿ, ਸੱਚ ਇਹ ਵੀ ਹੈ ਕਿ ਇਹ ਸੰਘਰਸ਼ ਬਿਲਕੁਲ ਗੈਰ-ਬਰਾਬਰੀ ਵਾਲਾ ਮੁਕਾਬਲਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਇਜ਼ਰਾਈਲ ਤਾਕਤਵਰ ਮੁਲਕ ਹੈ। ਉਸ ਕੋਲ ਏਅਰ ਫੋਰਸ ਹੈ, ਏਅਰ ਡਿਫੈਂਸ ਸਿਸਟਮ ਹੈ, ਡਰੋਨ ਹਨ ਅਤੇ ਖੁਫੀਆ ਜਾਣਕਾਰੀ ਇਕੱਠਾ ਕਰਨ ਲਈ ਵੱਡਾ ਸਿਸਟਮ ਹੈ ਜਿਸ ਵਿਚ ਜਦੋਂ ਉਹ ਚਾਹੁਣ ਗਜ਼ਾ ਪੱਟੀ ਵਿਚ ਆਪਣੇ ਟਾਰਗੇਟ ਨੂੰ ਨਿਸ਼ਾਨਾ ਬਣਾ ਸਕਦੇ ਹਨ। ਇਜ਼ਰਾਈਲ ਬੇਸ਼ੱਕ ਇਸ ਗੱਲ 'ਤੇ ਜ਼ੋਰ ਦੇ ਰਿਹਾ ਹੈ ਕਿ ਉਹ ਸਿਰਫ ਉਨ੍ਹਾਂ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਰਿਹਾ ਹੈ ਜਿਨ੍ਹਾਂ ਦੀ ਵਰਤੋਂ ਸੈਨਿਕ ਗਤੀਵਿਧੀਆਂ ਲਈ ਕੀਤਾ ਜਾ ਰਹੀ ਹੈ ਪਰ ਜਿਨ੍ਹਾਂ ਇਲਾਕਿਆਂ ਵਿਚ ਹਵਾਈ ਹਮਲੇ ਹੋਏ ਹਨ, ਫਲਸਤੀਨੀਆਂ ਦੀ ਉੱਥੇ ਇੰਨੀ ਸੰਘਣੀ ਆਬਾਦੀ ਹੈ ਕਿ ਹਮਾਸ ਅਤੇ ਇਸਲਾਮਿਕ ਜਿਹਾਦ ਵਰਗੇ ਸੰਗਠਨਾਂ ਦੇ ਟਿਕਾਣਿਆਂ ਤੋਂ ਉਨ੍ਹਾਂ ਨੂੰ ਵੱਖ ਕਰ ਸਕਣਾ ਬਹੁਤ ਮੁਸ਼ਕਿਲ ਹੈ।

ਕਈ ਵਾਰ ਇਹ ਟਿਕਾਣੇ ਆਮ ਲੋਕਾਂ ਦੀ ਰਿਹਾਇਸ਼ ਵਾਲੀ ਇਮਾਰਤਾਂ ਵਿਚ ਲੁਕਾ ਕੇ ਚਲਾਏ ਜਾਂਦੇ ਹਨ। ਅਜਿਹੇ ਵਿਚ ਆਮ ਲੋਕਾਂ ਦੀ ਜਾਨ ਬਚਾਉਣਾ ਲਗਭਗ ਅਸੰਭਵ ਹੋ ਜਾਂਦਾ ਹੈ। ਹਮਾਸ ਅਤੇ ਇਸਲਾਮਿਕ ਜਹਾਦ ਵਰਗੇ ਸੰਗਠ ਭਲੇ ਹੀ ਇਸ ਸੰਘਰਸ਼ ਵਿਚ ਕਮਜ਼ੋਰ ਪੱਖ ਲਗਦੇ ਹੋਵੇ ਪਰ ਉਨ੍ਹਾਂ ਕੋਲ ਇੰਨੇ ਹਥਿਆਰ ਤਾਂ ਜ਼ਰੂਰ ਹੈ ਕਿ ਉਹ ਇਜ਼ਰਾਈਲ 'ਤੇ ਹਮਲਾ ਕਰ ਸਕਦੇ ਹਨ। ਇਜ਼ਰਾਈਲ 'ਤੇ ਹਮਲਾ ਕਰਨ ਲਈ ਉਹ ਪਹਿਲਾ ਵੀ ਕਈ ਤਰੀਕੇ ਅਜ਼ਮਾ ਚੁੱਕੇ ਹਨ। ਇਜ਼ਰਾਈਲ ਸੈਨਿਕਾਂ ਨੇ ਪਿਛਲੇ ਦਿਨੀਂ ਗਜ਼ਾ ਤੋਂ ਉਸ ਦੀ ਸੀਮਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਇੱਕ ਡਰੋਨ ਨੂੰ ਮਾਰ ਸੁੱਟਿਆ ਸੀ, ਮੰਨਿਆ ਜਾਂਦਾ ਹੈ ਕਿ ਉਹ ਡਰੋਨ ਹਥਿਆਰਾਂ ਨਾਲ ਲੈਸ ਸੀ। ਇਜ਼ਰਾਈਲ ਸੈਨਾ ਦੇ ਇੱਕ ਬੁਲਾਰੇ ਨੇ ਦੱਸਿਆ ਹੈ ਕਿ ਇੱਕ 'ਏਲੀਟ ਹਮਾਸ ਯੂਨਿਟ' ਨੇ ਗਜ਼ਾ ਪੱਟੀ ਦੇ ਦੱਖਣੀ ਇਲਾਕੇ ਤੋਂ ਇੱਕ ਸੁਰੰਗ ਰਾਹੀਂ ਇਜ਼ਰਾਈਲ ਵਿਚ ਘੁਸਪੈਠ ਕਰਨ ਦੀ ਕੋਸ਼ਿਸ਼ ਕੀਤੀ ਸੀ।

ਅਜਿਹਾ ਲਗਦਾ ਹੈ ਕਿ ਇਜ਼ਰਾਈਲ ਦੀ ਸੈਨਾ ਨੂੰ ਪਹਿਲਾਂ ਤੋਂ ਹਮਾਸ ਦਾ ਇਸ ਕੋਸ਼ਿਸ਼ ਦੀ ਭਿਣਕ ਪੈ ਗਈ ਸੀ। ਇਜ਼ਰਾਈਲ ਸੈਨਾ ਦੇ ਬੁਲਾਰੇ ਨੇ ਦੱਸਿਆ ਸੀ ਕਿ ਉਨ੍ਹਾਂ ਨੇ 'ਉਸ ਸੁਰੰਗ ਨੂੰ ਨਸ਼ਟ ਕਰ ਦਿੱਤਾ'। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਫਲਸਤੀਨ ਦੇ ਹਥਿਆਰਾਂ ਦੇ ਜ਼ਖੀਰੇ ਵਿਚ ਜੋ ਅਸਲ੍ਹਾ ਸਭ ਤੋਂ ਮਹੱਤਵਪੂਰਨ ਹੈ, ਉਹ ਜ਼ਮੀਨ ਤੋਂ ਜ਼ਮੀਨ 'ਤੇ ਮਾਰ ਕਰਨ ਵਾਲੀਆਂ ਉਸ ਦੀਆਂ ਮਿਜ਼ਾਈਲਾਂ ਹਨ। ਉਨ੍ਹਾਂ ਕੋਲ ਅਜਿਹੀਆਂ ਮਿਜ਼ਾਈਲਾਂ ਵੀ ਵੱਖ-ਵੱਖ ਤਰ੍ਹਾਂ ਦੀਆਂ ਹਨ। ਫਲਸਤੀਨੀ ਖੇਮੇ ਵੱਲ ਪਿਛਲੇ ਦਿਨੀਂ ਕੋਰਨੇਟ ਗਾਈਡੈਡ ਐਂਟੀ ਮਿਜ਼ਾਈਲਾਂ ਦੀ ਵਰਤੋਂ ਵੀ ਦੇਖੀ ਗਈ ਹੈ। ਮੰਨਿਆ ਜਾ ਰਿਹਾ ਹੈ ਕਿ ਇਹ ਮਿਜ਼ਾਈਲਾਂ ਮਿਸਰ ਦੇ ਸਿਨਾਈ ਦੀਪ ਤੋਂ ਸੁਰੰਗਾਂ ਰਾਹੀਂ ਉਸ ਨੂੰ ਹਾਸਿਲ ਹੋਈਆਂ ਹਨ ਪਰ ਹਮਾਸ ਅਤੇ ਇਸਲਾਮਿਕ ਜਹਾਦ ਕੋਲ ਹਥਿਆਰਾਂ ਦਾ ਜੋ ਜਖੀਰਾ ਹੈ, ਉਸ ਦੇ ਇੱਕ ਵੱਡੇ ਹਿੱਸੇ ਦਾ ਨਿਰਮਾਣ ਗਜ਼ਾ ਪੱਟੀ ਦੇ ਇਲਾਕੇ ਵਿਚ ਹੋ ਰਿਹਾ ਹੈ।

ਗਾਜ਼ਾ ਪੱਟੀ ਵਿਚ ਵਿਭਿੰਨਤਾ ਅਤੇ ਵੱਖਰੇ ਕਿਸਮ ਦੇ ਹਥਿਆਰਾਂ ਨੂੰ ਬਣਾਉਣ ਦੀ ਸਮਰਥਾ ਕਿਥੋਂ ਆਈ, ਇਸ ਨੂੰ ਲੈ ਕੇ ਇਜ਼ਰਾਈਲ ਅਤੇ ਬਾਹਰ ਦੇ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਦੀ ਤਕਨੀਕ ਉਨ੍ਹਾਂ ਕੋਲ ਇਰਾਨ ਤੋਂ ਪਹੁੰਚੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਗਜ਼ਾ ਪੱਟੀ ਵਿਚ ਇਸ ਦੀ ਇੰਡਸਟਰੀ ਇਰਾਨ ਦੀ ਮਦਦ ਨਾਲ ਹੀ ਖੜ੍ਹੀ ਹੋਈ ਹੈ। ਇਹੀ ਕਾਰਨ ਹੈ ਕਿ ਇਜ਼ਰਾਈਲੀ ਹਮਲਿਆਂ ਦਾ ਮੁੱਖ ਨਿਸ਼ਾਨਾ ਹਥਿਆਰਾਂ ਦੀ ਇਹ ਫੈਕਟਰੀਆਂ ਅਤੇ ਉਨ੍ਹਾਂ ਦੇ ਭੰਡਾਰ ਹਨ। ਹਮਾਸ ਕੋਲ ਕਿੰਨੀਆਂ ਮਿਜ਼ਾਈਲਾਂ ਦਾ ਸਟੋਕ ਹੈ, ਇਸ ਦਾ ਅਨੁਮਾਨ ਲਗਾਉਣਾ ਅਸੰਭਵ ਹੈ। ਇਹ ਗੱਲ ਪੱਕੇ ਤੌਰ 'ਤੇ ਕਹੀ ਜਾ ਸਕਦੀ ਹੈ ਕਿ ਹਮਾਸ ਕੋਲ ਹਜ਼ਾਰਾਂ ਦੀ ਗਿਣਤੀ ਵਿਚ ਵੱਖ-ਵੱਖ ਤਰ੍ਹਾਂ ਦੇ ਹਥਿਆਰ ਹੈ।

ਹਾਲਾਂਕਿ ਇਜ਼ਰਾਈਲ ਦੀ ਸੈਨਾ ਕੋਲ ਇਸ ਨੂੰ ਲੈ ਕੇ ਜ਼ਰੂਰ ਅਨੁਮਾਨ ਹੋਣਗੇ ਪਰ ਉਨ੍ਹਾਂ ਨੇ ਇਸ ਨੂੰ ਜਨਤਕ ਤੌਰ 'ਤੇ ਕਦੇ ਸਾਂਝਾ ਨਹੀਂ ਕੀਤਾ ਹੈ। ਹਮਾਸ ਦੀ ਸਮਰੱਥਾ ਨੂੰ ਲੈ ਕੇ ਇਜ਼ਰਾਈਲੀ ਬੁਲਾਰੇ ਨੇ ਕੇਵਲ ਇੰਨਾ ਹੀ ਕਿਹਾ ਹੈ ਕਿ "ਹਮਾਸ ਇਸ ਤਰ੍ਹਾਂ ਦੇ ਹਮਲਿਆਂ ਦਾ ਸਾਹਮਣਾ ਕਾਫੀ



ਲੰਮੇ ਸਮੇਂ ਤੱਕ ਕਰ ਸਕਦਾ ਹੈ"। ਇੱਧਰ ਫਲਸਤੀਨੀ ਪੱਖ ਵੱਲੋਂ ਅਜੇ ਤੱਕ ਕਈ ਤਰ੍ਹਾਂ ਦੀਆਂ ਮਿਜ਼ਾਈਲਾਂ ਦਾਗੀਆਂ ਗਈਆਂ ਹਨ ਪਰ ਇਨ੍ਹਾਂ ਵਿਚੋਂ ਕੋਈ ਵੀ ਅਜਿਹਾ ਨਹੀ ਹੈ ਜਿਸ ਨੂੰ ਡਿਜ਼ਾਈਨ ਦੇ ਮਾਮਲੇ 'ਚ ਨਵਾਂ ਕਿਹਾ ਜਾ ਸਕੇ ਪਰ ਜੋ ਗੱਲ ਅਜੇ ਤੱਕ ਸਾਹਮਣੇ ਆਈ ਹੈ, ਉਹ ਇਹ ਹੈ ਕਿ ਫਲਸਤੀਨ ਵੱਲੋਂ ਦਾਗੀਆਂ ਜਾ ਰਹੀਆਂ ਮਿਜ਼ਾਈਲਾਂ ਪਹਿਲਾਂ ਨਾਲੋਂ ਜ਼ਿਆਦਾ ਦੂਰੀ ਤੱਕ ਮਾਰ ਕਰ ਸਕਦੀ ਹੈ ਅਤੇ ਉਹ ਵਧੇਰੇ ਵਿਸਫੋਟਕਾਂ ਨਾਲ ਲੈਸ ਹਨ।

ਹਮਾਸ ਦੀਆਂ ਇਨ੍ਹਾਂ ਮਿਜ਼ਾਈਲਾਂ ਦੇ ਨਾਮ ਨੂੰ ਲੈ ਕੇ ਕਨਫਿਊਜ਼ਨ ਵਾਲੀ ਸਥਿਤੀ ਹੈ ਪਰ ਅਜਿਹਾ ਲਗਦਾ ਹੈ ਕਿ ਉਸ ਕੋਲ ਘੱਟ ਦੂਰੀ ਤੱਕ ਮਾਰ ਕਰਨ ਸਕਣ ਵਾਲੀਆਂ 'ਕਾਸਮਸ' ਮਿਜ਼ਾਈਲਾਂ ਦਾ ਵੱਡਾ ਸਟੋਕ ਹੈ। ਇਹ ਮਿਜ਼ਾਈਲਾਂ 10 ਕਿਲੋਮੀਟਰ ਤੱਕ ਮਾਰ ਕਰ ਸਕਦੀਆਂ ਹਨ। ਇਸ ਤੋਂ ਇਲਾਵਾ ਹਮਾਸ ਕੋਲ 'ਕੁਦਸ 101' ਮਿਜ਼ਾਈਲਾਂ ਵੀ ਵੱਡੀਆਂ ਗਿਣਤੀ ਵਿਚ ਹਨ ਜੋ 16 ਕਿਲੋਮੀਟਰ ਦੀ ਦੂਰੀ ਤੱਕ ਮਾਰ ਕਰ ਸਕਦੀਆਂ ਹਨ। ਉਨ੍ਹਾਂ ਕੋਲ 55 ਕਿਲੋਮੀਟਰ ਦੀ ਦੂਰੀ ਤੱਕ ਮਾਰ ਕਰਨ ਵਿਚ ਸਮਰੱਥ 'ਗਰੈਡ ਸਿਸਟਮ' ਅਤੇ 'ਸੇਜਿਲ 55' ਮਿਜ਼ਾਈਲਾਂ ਵੀ ਹਨ।

ਹਮਾਸ ਕੋਲ ਛੋਟੀ ਦੂਰੀ ਤੱਕ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਤੋਂ ਇਲਾਵਾ ਮੋਰਟਾਰ ਹਮਲੇ ਦੀ ਵੀ ਤਾਕਤ ਹੈ ਪਰ ਹਮਾਸ ਦੀ ਤਾਕਤ ਕੇਵਲ ਘੱਟ ਦੂਰੀ ਤੱਕ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਹੀ ਨਹੀਂ ਹਨ, ਉਸ ਦੇ ਨਿਸ਼ਾਨੇ ਦੀ ਜਦ ਵਿਚ ਇਜ਼ਰਾਈਲ ਦੇ ਅੰਦਰ 200 ਕਿਲੋਮੀਟਰ ਦੂਰ ਤੱਕ ਦੇ ਟਿਕਾਣੇ ਆ ਸਕਦੇ ਹਨ। ਇਨ੍ਹਾਂ ਮਿਜ਼ਾਈਲਾਂ ਵਿਚ ਐਮ-75 (ਮਾਰਕ ਮਸਰੱਥਾ: 75 ਕਿਲੋਮੀਟਰ), ਫਜਰ (100 ਕਿਲੋਮੀਟਰ), ਆਰ-160 (120 ਕਿਲੋਮੀਟਰ) ਅਤੇ ਕੁਝ ਐਮ-302 ਮਿਜ਼ਾਇਲ ਵੀ ਹੈ। ਇਜ਼ਰਾਈਲ ਸੈਨਿਕਾਂ ਨੇ ਪਿਛਲੇ ਦਿਨੀਂ ਗਾਜ਼ਾ ਤੋਂ ਉਸ ਦੀ ਸੀਮਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਇੱਕ ਡਰੋਨ ਨੂੰ ਮਾਰ ਸੁੱਟਿਆ ਸੀ।

ਇਸ ਲਈ ਇਹ ਸਾਫ ਹੈ ਕਿ ਹਮਾਸ ਕੋਲ ਅਜਿਹੇ ਹਥਿਆਰ ਹੈ ਜੋ ਯੋਰੋਸ਼ਲਮ ਅਤੇ ਤਲ-ਅਵੀਵ ਦੋਵਾਂ ਨੂੰ ਹੀ ਟਾਰਗੇਟ ਬਣਾ ਸਕਦੇ ਹਨ। ਇੰਨਾ ਹੀ ਨਹੀਂ ਇਜ਼ਰਾਈਲ ਦਾ ਪੂਰਾ ਤਟਵਰਤੀ ਇਲਾਕਾ ਜਿੱਥੇ ਇਜ਼ਰਾਈਲੀ ਲੋਕਾਂ ਦੀ ਵੱਡੀ ਆਬਾਦੀ ਰਹਿੰਦੀ ਹੈ ਅਤੇ ਉਸ ਦੇ ਮੁੱਖ ਟਿਕਾਣੇ ਮੌਜੂਦ ਹਨ, ਉਹ ਵੀ ਹਮਾਸ ਦੇ ਹਮਲਿਆਂ ਦੀ ਜਦ ਵਿਚ ਆ ਸਕਦੇ ਹਨ।

ਇਜ਼ਰਾਈਲ ਸੈਨਾ ਨੇ ਦੱਸਿਆ ਹੈ ਕਿ ਪਿਛਲੇ ਤਿੰਨ ਦਿਨਾਂ ਵਿਚ ਇੱਕ ਹਜ਼ਾਰ ਤੋਂ ਵੱਧ ਮਿਜ਼ਾਈਲਾਂ ਜਾਂ ਰਾਕੇਟ ਇਜ਼ਰਾਈਲ 'ਤੇ ਦਾਗੇ ਗਏ ਹਨ। ਇਨ੍ਹਾਂ ਵਿਚ ਤਕਰੀਬਨ 200 ਮਿਜ਼ਾਈਲਾਂ ਗਾਜ਼ਾ ਪੱਟੀ ਦੇ ਇਲਾਕਿਆਂ ਵਿਚ ਹੀ ਡਿੱਗ ਗਈਆਂ। ਇਸ ਤੋਂ ਪਤਾ ਲਗਦਾ ਹੈ ਕਿ ਗਜ਼ਾ ਪੱਟੀ ਵਿਚ ਜਿਨ੍ਹਾਂ ਹਥਿਆਰਾਂ ਦਾ ਨਿਰਮਾਣ ਹੋ ਰਿਹਾ ਹੈ, ਉਸ ਦੀ ਗੁਣਵੱਤਾ ਕੀ ਹੈ ਅਤੇ ਕੀ ਸਮੱਸਿਆਵਾਂ ਹਨ। ਇਜ਼ਰਾਈਲੀ ਸੈਨਾ ਦਾ ਕਹਿਣਾ ਹੈ ਕਿ ਇਜ਼ਰਾਈਲ ਵੱਲ ਆਉਣ ਵਾਲੀਆਂ 90 ਫੀਸਦ ਮਿਜ਼ਾਈਲਾਂ ਦਾ ਰਸਤਾ ਉਸ ਦਾ 'ਆਇਰਨ ਡੋਮ ਐਂਟੀ ਮਿਜ਼ਾਇਲ ਸਿਸਟਮ' ਰੋਕ ਲੈਂਦਾ ਹੈ। ਹਾਲਾਂਕਿ, ਇੱਕ ਵਾਰ ਅਜਿਹਾ ਵੀ ਹੋਇਆ ਹੈ ਕਿ ਅਸ਼ਕਲੋਨ ਸ਼ਹਿਰ ਦੀ ਰੱਖਿਆ ਲਈ ਤਇਨਾਤ ਇਹ ਐਂਟੀ ਮਿਜ਼ਾਇਲ ਸਿਸਟਮ ਤਕਨੀਕੀ ਖਰਾਬੀ ਕਾਰਨ ਕੰਮ ਨਹੀਂ ਕਰ ਰਿਹਾ ਸੀ; ਭਾਵ ਜਿਸ ਐਂਟੀ ਮਿਜ਼ਾਇਲ ਸਿਸਟਮ ਦੀ ਤਕਨੀਕੀ ਸਫਲਤਾ ਦੀ ਮਿਸਾਲ ਦਿੱਤੀ ਜਾਂਦੀ ਹੈ, ਉਹ ਵੀ ਫੂਲ-ਪਰੂਫ ਨਹੀਂ ਹੈ।

ਮਿਜ਼ਾਇਲ ਨਾਲ ਹੋਣ ਵਾਲੇ ਹਮਲਿਆਂ ਦਾ ਸਾਹਮਣਾ ਕਰਨ ਲਈ ਤੁਹਾਡੇ ਕੋਲ ਬੇਹੱਦ ਸੀਮਤ ਬਦਲ ਹੁੰਦੇ ਹਨ। ਤੁਸੀਂ ਮਿਜ਼ਾਇਲ ਰੋਧੀ ਰੱਖਿਆ ਪ੍ਰਣਾਲੀ (ਏਅਰ ਡਿਫੈਂਸ ਸਿਸਟਮ) ਤਾਇਨਾਤ ਕਰ ਸਕਦੇ ਹਨ। ਤੁਸੀਂ ਇਸ ਭੰਡਾਰ ਅਤੇ ਨਿਰਮਾਣ ਕੇਂਦਰਾਂ ਨੂੰ ਵੀ ਨਿਸ਼ਾਨਾ ਬਣਾ ਸਕਦੇ ਹੋ। ਜ਼ਮੀਨ 'ਤੇ ਸੈਨਿਕ ਮੁਹਿੰਮ ਰਾਹੀਂ ਮਿਜ਼ਾਇਲ ਲਾਂਚ ਕਰਨ ਵਾਲਿਆਂ ਨੂੰ ਇੰਨਾ ਪਿੱਛੇ ਧੱਕਿਆ ਜਾ ਸਕਦਾ ਹੈ ਕਿ, ਜਿੱਥੋਂ ਇਹ ਅਸਰਦਾਰ ਢੰਗ ਨਾਲ ਨਿਸ਼ਾਨਾ ਲੈਣ ਦੀ ਸਥਿਤੀ ਵਿਚ ਨਾ ਹੋਣ ਪਰ ਇਸ ਮਾਮਲੇ ਵਿਚ ਇਹ ਹੁੰਦਾ ਨਹੀਂ ਜਾਪ ਰਿਹਾ।

ਫਲਸਤੀਨੀਆਂ ਦੇ ਨਾਲ ਦਿੱਕਤ ਹੈ ਕਿ ਉਨ੍ਹਾਂ ਕੋਲ ਰਣਨੀਤਕ ਗਹਿਰਾਈ ਦੀ ਘਾਟ ਹੈ ਅਤੇ ਬਚਣ ਲਈ ਕੋਈ ਟਿਕਾਣਾ ਨਹੀਂ ਹੈ, ਇੱਥੇ ਉਹ ਜੋਖਮ ਦੀ ਹਾਲਤ ਵਿਚ ਹਨ। ਮਿਜ਼ਾਇਲ ਹਮਲਿਆਂ ਨੂੰ ਰੋਕਣ ਲਈ ਇਜ਼ਰਾਈਲ ਵੱਲੋਂ ਜ਼ਮੀਨੀ ਸੈਨਿਕ ਕਾਰਵਾਈ ਸੰਭਵ ਹੈ ਪਰ 2014 ਵਿਚ ਜਦੋਂ ਇਜ਼ਰਾਇਲ ਨੇ ਆਖਰੀ ਵਾਰ ਗਾਜ਼ਾ ਵਿਚ ਵੱਡੀ ਸੈਨਿਕ ਕਾਰਵਾਈ ਕੀਤੀ ਸੀ ਤਾਂ ਜਾਨ ਮਾਲ ਦਾ ਬਹੁਤ ਨੁਕਸਾਨ ਹੋਇਆ ਸੀ ਅਤੇ ਇਸ ਵਾਰ ਵੀ ਇਸ ਦਾ ਖਦਸ਼ਾ ਹੈ। ਉਸ ਸੈਨਿਕ ਮੁਹਿੰਮ ਵਿਚ 2251 ਫਲਸਤੀਨੀ ਲੋਕ ਮਾਰੇ ਗਏ ਸਨ ਜਿਨ੍ਹਾਂ ਵਿਚ 1462 ਆਮ ਸ਼ਹਿਰੀ ਸਨ। ਇਜ਼ਰਾਈਲ ਵੱਲੋਂ ਉਸ ਦੇ 67 ਸੈਨਿਕ ਅਤੇ 6 ਆਮ ਲੋਕ ਮਾਰੇ ਗਏ ਸਨ।

# ਰਤਨ ਸਿੰਘ ਦੀ ਜ਼ਿੰਦਾ-ਦਿਲੀ

**ਉਰਦੂ ਅਦਬ ਵਿਚ ਰਤਨ ਸਿੰਘ ਦਾ ਆਪਣਾ ਮੁਕਾਮ ਹੈ। ਬਾਅਦ ਵਿਚ ਉਨ੍ਹਾਂ ਭਾਵੇਂ ਪੰਜਾਬੀ ਵਿਚ ਵੀ ਕਹਾਣੀ ਲਿਖੀਆਂ ਪਰ ਅਦਬ ਦੇ ਖੇਤਰ ਵਿਚ ਉਨ੍ਹਾਂ ਦੀ ਪਛਾਣ ਬਤੌਰ ਉਰਦੂ ਲਿਖਾਰੀ ਹੀ ਹੋਈ। ਉਨ੍ਹਾਂ ਦੇ ਆਪਣੇ ਜੀਵਨ ਉਤੇ ਆਧਾਰਿਤ ਨਾਵਲ 'ਦਰਬਦਰੀ' ਵਾਹਵਾ ਚਰਚਾ ਦਾ ਵਿਸ਼ਾ ਬਣਿਆ। ਪਿਛਲੇ ਦਿਨੀਂ ਉਹ ਇਸ ਫਾਨੀ ਸੰਸਾਰ ਤੋਂ ਰੁਖਸਤ ਹੋ ਗਏ। ਉਘੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਨੇ ਉਨ੍ਹਾਂ ਦੇ ਸਾਹਿਤ ਅਤੇ ਜੀਵਨ ਬਾਰੇ ਟਿੱਪਣੀਆਂ ਆਪਣੇ ਇਸ ਲੇਖ ਵਿਚ ਕੀਤੀਆਂ ਹਨ।**

ਪੰਜਾਬੀ ਅਤੇ ਉਰਦੂ ਦੇ ਮਾਣਜੋਗ ਬਜ਼ੁਰਗ ਲੇਖਕ ਰਤਨ ਸਿੰਘ ਲੰਮੀ, ਤੰਦਰੁਸਤ ਤੇ ਸਰਗਰਮ ਆਯੂ ਬਿਤਾ ਕੇ 3 ਮਈ ਨੂੰ ਚਲਾਣਾ ਕਰ ਗਏ। ਪਿਛਲੇ 16 ਨਵੰਬਰ ਨੂੰ ਉਹਨਾਂ ਨੇ 93 ਵਰ੍ਹੇ ਪਾਰ ਕਰ ਕੇ 94ਵੇਂ ਵਿਚ ਪੈਰ ਰੱਖਿਆ ਸੀ। ਉਹ ਦਿੱਲੀ ਦੇ ਗੁਆਂਢ ਵਿਚ ਬਣੇ ਹੋਏ ਗਰੇਟਰ ਨੋਇਡਾ ਰਹਿੰਦੇ ਸਨ। ਕਈ ਸਾਲਾਂ ਤੋਂ ਫੋਨ ਰਾਹੀਂ ਜਿਸ ਲੇਖਕ ਨਾਲ ਮੇਰਾ ਸਭ ਤੋਂ ਬਹੁਤਾ ਸੰਪਰਕ ਰਿਹਾ, ਉਹ ਰਤਨ ਸਿੰਘ ਹੀ ਸਨ। ਕੁਦਰਤੀ ਸੀ, ਫੋਨ ਮਿਲਾ ਕੇ ਮੇਰਾ ਪਹਿਲਾ ਸਵਾਲ ਹੁੰਦਾ, "ਕੀ ਹਾਲ ਹੈ?" ਉਹਨਾਂ ਦਾ ਉੱਤਰ ਵੀ ਹਰ ਵਾਰ ਇਕੋ ਹੁੰਦਾ, ਦਮਦਾਰ ਤੇ ਟੁਣਕਦਾ, "ਜਿਉਂਦੀ ਪਈ ਹੈ ਅਜੇ ਜਵਾਨੀ, ਸੱਲ ਬਿਰਹੋਂ ਦਾ ਸਹਿ ਕੇ!" ਚਲਾਣੇ ਤੋਂ ਪੰਜ-ਚਾਰ ਦਿਨ ਪਹਿਲਾਂ ਉਹਨਾਂ ਨਾਲ ਗੱਲ ਹੋਈ ਤਾਂ ਵੀ ਉਹਨਾਂ ਨੇ ਇਹੋ ਜਵਾਬ ਹੀ ਦਿੱਤਾ ਸੀ। ਜੇ ਮੈਂ ਕੁਝ ਦਿਨ ਫੋਨ ਕਰਨ ਤੋਂ ਖੁੰਝ ਜਾਂਦਾ, ਉਹਨਾਂ ਦਾ ਫੋਨ ਆਉਂਦਾ ਤੇ ਇਸ ਸੂਰਤ ਵਿਚ ਵੀ ਉਹ ਇਕੋ ਗੱਲ ਆਖਦੇ, "ਉਰਦੂ ਦੀ ਕਿਸੇ ਅਦੀਬਾ ਨੂੰ ਫੋਨ ਮਿਲਾਉਣਾ ਚਾਹੁੰਦਾ ਸੀ, ਕਿਸੇ ਨਾਲ ਮਿਲਿਆ ਨਹੀਂ। ਸੋਚਿਆ, ਤੁਹਾਨੂੰ ਹੀ ਮਿਲਾ

**ਗੁਰਬਚਨ ਸਿੰਘ ਭੁੱਲਰ**
ਫੋਨ: +91-80763-63058

ਲਵਾਂ!" ਮੈਂ ਹਸਦਾ, "ਰਤਨ ਸਿੰਘ ਜੀ, ਮੈਨੂੰ ਉਰਦੂ ਲੇਖਿਕਾਵਾਂ ਵਾਲੇ ਖਾਨੇ ਵਿਚ ਰੱਖ ਕੇ ਗ਼ਜ਼ਬ ਕਰਦੇ ਹੋ ਤੁਸੀਂ!" ਉਹ ਹੱਸ ਪੈਂਦੇ ਤੇ ਅਸਲ ਸਾਹਿਤਕ ਮੁੱਦੇ ਉੱਤੇ ਆ ਜਾਂਦੇ। ਹੀਰ ਨੇ ਆਖਿਆ ਸੀ, ਰਾਂਝਾ-ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ! ਸਾਹਿਤ ਰਚਦੇ-ਰਚਦੇ ਰਤਨ ਸਿੰਘ ਆਪ ਹੀ ਸਾਹਿਤ ਹੋ ਗਏ ਸਨ। ਗੱਲ ਉਹਨਾਂ ਦੀ ਕਿਸੇ ਨਵੀਂ ਰਚਨਾ ਤੋਂ ਹੀ ਸ਼ੁਰੂ ਹੁੰਦੀ ਜੋ ਉਹਨਾਂ ਨੇ ਆਰੰਭੀ ਹੋਈ ਹੁੰਦੀ ਜਾਂ ਸਮਾਪਤ ਕਰ ਲਈ ਹੁੰਦੀ।

ਉਹਨਾਂ ਨੇ ਬਜ਼ੁਰਗੀ ਨੂੰ ਬਾਹਰਲੇ ਦਿਖਾਵੇ ਤੱਕ ਰੋਕ ਕੇ ਦਿਲ ਨੂੰ ਜਵਾਨ ਤੇ ਕਲਮ ਨੂੰ ਮੁਟਿਆਰ ਰੱਖਿਆ ਹੋਇਆ ਸੀ। ਪੰਜ-ਛੇ ਸਾਲ ਪਹਿਲਾਂ ਦੀ ਗੱਲ ਹੈ, ਪੰਜਾਬੀ ਸਾਹਿਤ ਸਭਾ ਵਿਚ ਉਹਨਾਂ ਨੇ ਇਸ਼ਕ ਦੀ ਚਾਸ਼ਨੀ ਵਿਚ ਡੁੱਬੀ ਹੋਈ ਕਹਾਣੀ ਪੜ੍ਹੀ। ਮੈਂ ਪ੍ਰਧਾਨਗੀ ਸ਼ਬਦ ਬੋਲਦਿਆਂ ਸਰੋਤਿਆਂ ਵਿਚ ਬੈਠੀ ਇਹਨਾਂ ਦੀ ਸਾਥਣ ਨੂੰ ਕਿਹਾ, "ਬੀਬੀ, ਇਹਨਾਂ ਨੂੰ ਸਮਝਾਉ, ਆਪਣੀ ਉਮਰ ਦੇਖਣ।" ਉਹ ਹੱਸੇ, "ਇਹਨਾਂ ਨੂੰ ਨਹੀਂ ਕੋਈ ਸਮਝਾ ਸਕਦਾ। ਮਾਸ਼ੂਕਾ ਦਾ ਕੋਈ ਵਜੂਦ ਹੋਵੇ ਨਾ ਹੋਵੇ, ਇਹਨਾਂ ਨੇ ਇਸ਼ਕ ਕਰਦੇ ਹੀ ਰਹਿਣਾ ਹੈ! ਇਹ ਉਮਰ-ਭਰ ਦੇ ਬੇਮਾਸ਼ੂਕੇ ਆਸ਼ਕ ਨੇ।" ਸਭਾ ਸਮਾਪਤ ਹੋਈ ਤਾਂ ਬੇਟੀ ਕੋਲ ਆ ਕੇ ਬੋਲੀ, "ਅੰਕਲ, ਇਹ ਤਾਂ ਫੁੱਲ-ਪੱਤਿਆਂ ਨੂੰ, ਚਿੜੀ-ਜਨੌਰ ਨੂੰ, ਸਭ ਨੂੰ ਇਸ਼ਕ ਕਰਦੇ ਨੇ। ਬੰਦਿਆਂ ਨੂੰ ਤਾਂ ਕਰਨਾ ਹੀ ਹੋਇਆ। ਜਿਸ ਦਿਨ ਇਹਨਾਂ ਨੇ ਇਸ਼ਕ ਕਰਨਾ ਬੰਦ ਕਰ ਦਿੱਤਾ, ਲਿਖਣਾ ਵੀ ਬੰਦ ਕਰ ਦੇਣਗੇ!"

ਵਧਦੀ ਉਮਰ ਨਾਲ ਕਦੀ ਕੋਈ ਨਾ ਕੋਈ ਚੂਲ ਮਾੜੀ-ਮੋਟੀ ਢਿੱਲੀ ਹੋ ਜਾਂਦੀ ਤਾਂ ਦੋ-ਚਾਰ ਦਿਨ ਹਸਪਤਾਲ ਰਹਿਣਾ ਪੈਂਦਾ। ਇਕ ਵਾਰ ਪਰਤੇ ਤਾਂ ਮੈਂ ਸਿਹਤ ਬਾਰੇ ਜਾਣਨ ਲਈ ਫੋਨ ਕੀਤਾ। ਜਵਾਬ ਉਹੋ ਟਕਸਾਲੀ ਮਿਲਿਆ ਤੇ ਬੀਮਾਰੀ ਦੀ ਗੱਲ ਉਸੇ ਵਿਚ ਹੀ ਮੁਕਾ ਕੇ ਕਹਿੰਦੇ, "ਇਕ ਸਲਾਹ ਦਿਉ। ਮੈਂ ਕਾਫੀ ਦੋਹੇ ਲਿਖੇ ਹੋਏ ਨੇ। ਕੁਝ ਹੋਰ ਲਿਖ ਕੇ ਸਿਰਫ਼ ਦੋਹਿਆਂ ਦੀ ਕਿਤਾਬ ਛਪਵਾ ਦਿਆਂ ਤਾਂ ਠੀਕ ਰਹੇਗੀ?" ਛੇਤੀ ਹੀ ਇਹ ਕਿਤਾਬ ਛਪ ਵੀ ਗਈ। ਕੁਝ ਚਿਰ ਮਗਰੋਂ ਫੇਰ ਹਸਪਤਾਲ ਜਾਣਾ ਪਿਆ। ਇਸ ਵਾਰ ਵੀ ਬੀਮਾਰੀ ਦੀ ਗੱਲ ਪਹਿਲਾਂ ਵਾਂਗ ਹੀ ਫਟਾਫਟ ਨਿਬੇੜ ਕੇ ਉਹਨਾਂ ਨੇ ਆਪਣੀ ਵਿਉਂਤ ਦੱਸੀ, "ਉਹ ਜਿਹੜੀ ਮੈਂ ਪੰਜਾਬ ਦੇ ਉਰਦੂ ਲੇਖਕਾਂ ਦੀ ਲੜੀ ਲਿਖੀ ਸੀ, ਹੁਣ ਨਜ਼ਰ ਮਾਰੀ ਤਾਂ ਕਈ ਹੋਰ ਨਾਂ ਯਾਦ ਆ ਗਏ। ਮੈਂ ਸੋਚਦਾ ਹਾਂ, ਉਹਨਾਂ ਬਾਰੇ ਵੀ ਉਹੋ ਜਿਹੇ ਲੇਖ ਲਿਖ ਕੇ ਕਿਤਾਬ ਛਪਵਾ ਦਿਆਂ। ਲੇਖਕਾਂ-ਪਾਠਕਾਂ ਦੀਆਂ ਅਗਲੀਆਂ ਪੀੜ੍ਹੀਆਂ ਵਾਸਤੇ ਇਕ ਤਰ੍ਹਾਂ ਦੀ ਹਵਾਲਾ-ਪੁਸਤਕ ਬਣ ਜਾਵੇਗੀ।"

ਰਤਨ ਸਿੰਘ ਨਾਲ ਮੇਰੀ ਜਾਣ-ਪਛਾਣ ਇਸੇ ਲੇਖ-ਲੜੀ ਸਦਕਾ ਹੋਈ ਸੀ। ਰਾਮ ਸਰੂਪ ਅਣਖੀ ਉਹਨਾਂ ਨੂੰ ਪਹਿਲਾਂ ਤੋਂ ਜਾਣਦਾ ਸੀ। ਜਦੋਂ ਉਹਨੇ ਤ੍ਰੈਮਾਸਕ 'ਕਹਾਣੀ ਪੰਜਾਬ' ਕੱਢਿਆ, ਇਕ ਦਿਨ ਸਲਾਹਾਂ ਕਰਦਿਆਂ ਕਹਿੰਦਾ, "ਪੰਜਾਬੀ ਮੂਲ ਦੇ ਉਰਦੂ ਲੇਖਕ ਰਤਨ ਸਿੰਘ ਮੇਰੇ ਵਾਕਿਫ਼ ਹਨ। ਉਹ ਆਪਣੇ ਲਈ ਕੋਈ ਕਾਲਮ ਲਿਖ ਸਕਦੇ ਹਨ। ਉਹਨਾਂ ਨੂੰ ਕੀ ਸੁਝਾਅ ਦੇਈਏ?" ਮੈਂ ਕਿਹਾ, "ਪੰਜਾਬ ਦੇ ਜੰਮ-ਪਲ ਉਰਦੂ ਲੇਖਕਾਂ ਬਾਰੇ ਆਮ ਜਾਣਕਾਰੀ ਦਿੰਦੀ ਹੋਈ ਲੜੀ ਲਿਖਣ ਲਈ ਕਹਿ।" ਰਤਨ ਸਿੰਘ ਜੀ ਨੇ ਉਹ ਲੜੀ ਛੋਟੇ-ਛੋਟੇ ਲੇਖਾਂ ਦੇ ਰੂਪ ਵਿਚ ਸ਼ੁਰੂ ਕੀਤੀ ਜਿਨ੍ਹਾਂ ਵਿਚ ਉਹਨਾਂ ਦੇ ਜੀਵਨ ਤੇ ਰਚਨਾਵਾਂ ਦੀ ਜਾਣਕਾਰੀ ਤੋਂ ਇਲਾਵਾ ਦਿਲਚਸਪ ਟੋਟਕਿਆਂ ਦਾ ਰਸ ਵੀ ਭਰਿਆ ਹੋਇਆ ਹੁੰਦਾ ਸੀ। ਪਾਠਕਾਂ ਵਿਚ ਉਹ ਲੇਖ ਬੜੇ ਹਰਮਨਪਿਆਰੇ ਸਿੱਧ ਹੋਏ। ਮੈਂ ਵੀ ਉਹਨਾਂ ਨਾਲ ਅਕਸਰ ਛਪਦਾ ਰਹਿੰਦਾ ਸੀ। ਇਉਂ ਅਸੀਂ ਫੋਨ ਰਾਹੀਂ ਜੁੜ ਗਏ। ਪਰ ਇਸ ਸੰਪਰਕ ਤੋਂ ਇਲਾਵਾ ਮੈਂ ਉਹਨਾਂ ਨੂੰ ਮਿਲਣਾ ਤਾਂ ਦੂਰ, ਅਜੇ ਤੱਕ ਉਹਨਾਂ ਦੀ ਤਸਵੀਰ ਵੀ ਨਹੀਂ ਸੀ ਦੇਖੀ।

ਇਕ ਦਿਨ ਘੰਟੀ ਵੱਜੀ। ਬਾਹਰ ਇਕ ਬਜ਼ੁਰਗ ਖਲੋਤੇ ਹੋਏ ਸਨ। ਉੱਚਾ-ਲੰਮਾ ਕੱਦ, ਸਿੱਧਾ ਸਰੂ ਸਰੀਰ, ਪੱਗ ਸਮੇਤ ਦੁੱਧ-ਚਿੱਟੇ ਕਮੀਜ਼-ਪੈਂਟ ਨਾਲ ਮੇਲ ਖਾਂਦੀਆਂ ਦਾੜ੍ਹੀ-ਮੁੱਛਾਂ, ਜਿਨ੍ਹਾਂ ਦੀ ਨਿਰਮਲ ਸਫ਼ੈਦੀ ਨੂੰ ਭਰਵੱਟੇ ਵੀ ਕਾਲੇ ਰਹਿ ਕੇ ਭੰਗ ਕਰਨ ਦੀ ਗੁਸਤਾਖ਼ੀ ਨਹੀਂ ਸਨ ਕਰ ਰਹੇ। ਆਪਣੀਆਂ ਲਿਖਤਾਂ ਵਾਂਗ ਸੰਖੇਪ ਵਿਚ ਬੋਲੇ, "ਰਤਨ ਸਿੰਘ।" ਹੁਣ ਵੀ ਉਹ ਫੋਨ ਕਰਦੇ ਤਾਂ ਪਹਿਲੇ ਬੋਲ ਹੁੰਦੇ, "ਰਤਨ ਸਿੰਘ।" ਪਤਾ ਲਗਿਆ, ਉਹਨਾਂ ਦੀ ਬੇਟੀ ਸਾਡੇ ਨਾਲ ਦੇ ਬਲਾਕ ਵਿਚ ਰਹਿੰਦੀ ਸੀ। ਇਉਂ ਸਾਡੀਆਂ ਮੁਲਾਕਾਤਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ।

ਜਦੋਂ ਇਹ ਦੋ ਸ਼ਬਦ ਉਹਨਾਂ ਦੀ ਪੂਰੀ



ਉਰਦੂ ਲਿਖਾਰੀ ਰਤਨ ਸਿੰਘ ਅਤੇ ਗੁਰਬਚਨ ਸਿੰਘ ਭੁੱਲਰ: ਇਕ ਯਾਦ

ਸਿਆਣ ਦੇ ਸਕਦੇ ਸਨ, ਉਹ ਹੋਰ ਵਾਧੂ ਸ਼ਬਦ ਕਿਉਂ ਖ਼ਰਚਣ!

ਭਾਸ਼ਾ ਦਾ ਉਹਨਾਂ ਦਾ ਇਹੋ ਨੇਮ ਰਚਨਾ ਕਰਨ ਸਮੇਂ ਬਣਿਆ ਰਹਿੰਦਾ ਸੀ। ਉਹ ਕਹਾਣੀ ਵੀ ਲਿਖਦੇ ਸਨ, ਨਾਵਲ ਵੀ ਤੇ ਕਵਿਤਾ ਵੀ। ਜੇ ਕਦੀ ਲੇਖ ਲਿਖਣਾ ਹੋਵੇ, ਉਹ ਵੀ ਓਪਰਾ ਨਹੀਂ ਸੀ ਲਗਦਾ। ਪਰ ਹਰ ਵਿਧਾ ਵਿਚ ਉਹਨਾਂ ਦੀ ਰਚਨਾ ਦਾ ਆਕਾਰ ਉਸ ਵਿਧਾ ਦੀਆਂ ਸਮਕਾਲੀ ਰਚਨਾਵਾਂ ਨਾਲੋਂ ਛੋਟਾ ਹੀ ਹੁੰਦਾ ਸੀ। ਉਹ ਵਾਧੂ ਭਾਸ਼ਾਈ ਖਿਲਾਰਾ ਪਾਏ ਬਿਨਾਂ ਉਹਨਾਂ ਥੋੜ੍ਹੇ ਸਫ਼ਿਆਂ ਵਿਚ ਹੀ ਆਪਣੀ ਗੱਲ ਸੰਪੂਰਨਤਾ ਤੱਕ ਕਹਿਣ ਵਿਚ ਮੁਕੰਮਲ ਕਾਮਯਾਬੀ ਹਾਸਲ ਕਰਨ ਦੀ ਕਲਾ ਉਜਾਗਰ ਕਰਦੇ ਸਨ।

ਪੰਜਾਬੀ ਸਾਹਿਤ ਦੇ ਆਧੁਨਿਕ ਦੌਰ ਦੇ ਸ਼ੁਰੂ ਵਿਚ ਕਹਾਣੀ ਨੂੰ, ਸ਼ਾਇਦ ਨਾਵਲਿਟ ਦੇ ਨੇੜੇ ਜਾ ਢੁੱਕਣ ਵਾਲੀ ਲੰਮੀ ਕਹਾਣੀ ਤੋਂ ਵਖਰਾਉਣ ਲਈ, ਨਿੱਕੀ ਕਹਾਣੀ ਕਿਹਾ ਜਾਂਦਾ ਸੀ ਤੇ ਇਹਦੀ ਧਰਤੀ ਸੱਤ-ਅੱਠ ਤੋਂ ਦਸ-ਬਾਰਾਂ ਪੰਨੇ ਮੰਨੀ ਜਾਂਦੀ ਸੀ। ਰਤਨ ਸਿੰਘ ਨਿੱਕੀ ਕਹਾਣੀ ਵਿਚੋਂ ਵੀ ਨਿੱਕੀ ਲਿਖਣ ਵਾਲੇ ਕਹਾਣੀਕਾਰ ਸਨ। ਪਰ ਉਹਨਾਂ ਦੀ ਨਿੱਕੀ ਕਹਾਣੀ "ਜਿੰਨੀ ਨਿੱਕੀ, ਓਨੀ ਤਿੱਖੀ" ਦੀ ਕਸਵੱਟੀ ਉੱਤੇ ਖਰੀ ਉੱਤਰਨ ਦਾ ਗੁਣ ਲੈ ਕੇ ਜਨਮਦੀ ਸੀ। ਅੱਜ-ਕੱਲ੍ਹ ਲੋਕ ਮਿੰਨੀ ਕਹਿ ਕੇ ਦੋ-ਦੋ ਸਫ਼ਿਆਂ ਦੀਆਂ ਕਹਾਣੀਆਂ ਲਿਖ ਦਿੰਦੇ ਹਨ, ਰਤਨ ਸਿੰਘ ਛੋਟੀ ਕਹਾਣੀ ਮੰਟੋ ਵਾਂਗ ਲਿਖਦੇ। ਉਹਨਾਂ ਦਾ ਕਹਿਣਾ ਸੀ, ਛੋਟੀ ਕਹਾਣੀ ਸਫਲ ਰਹਿੰਦੀ ਹੈ ਕਿਉਂਕਿ ਹਰ ਕਹਾਣੀ ਦੇ ਪਾਠਕ ਨੂੰ ਇਹ ਉਤਾਵਲਤਾ ਰਹਿੰਦੀ ਹੈ, ਅੱਗੇ ਕੀ ਹੋਇਆ? ਛੋਟੀ ਕਹਾਣੀ ਇਹ ਉਤਾਵਲਤਾ ਛੇਤੀ ਹੀ ਪੂਰੀ ਕਰ ਦਿੰਦੀ ਹੈ। ਉਹਨਾਂ ਦੀ ਇਕ ਖ਼ੂਬਸੂਰਤ ਉਰਦੂ ਕਹਾਣੀ ਸਿਰਫ਼ ਬਾਰਾਂ ਲਫ਼ਜ਼ਾਂ ਦੀ ਹੈ: "ਰੇਸਕੋਰਸ ਮੇਂ ਦੌੜ ਘੋੜੇ ਰਹੇ ਥੇ, ਸਾਂਸ ਆਦਮੀਉਂ ਕੀ ਫੂਲ ਰਹੀ ਥੀ।"

ਪੰਜਾਬੀ ਮੂਲ ਦੇ ਬਹੁਤੇ ਉਰਦੂ ਲੇਖਕਾਂ ਨਾਲ ਇਹਨਾਂ ਨੇ ਕਰੀਬੀ ਨਾਤਾ ਬਣਾਇਆ ਹੋਇਆ ਸੀ ਜਿਨ੍ਹਾਂ ਵਿਚੋਂ ਕਈਆਂ ਦੇ ਨਾਂ ਵੀ ਸਾਨੂੰ ਪਤਾ ਨਹੀਂ। ਰਾਜਿੰਦਰ ਸਿੰਘ ਬੇਦੀ, ਕ੍ਰਿਸ਼ਨ ਚੰਦਰ ਤੇ ਬਲਵੰਤ ਸਿੰਘ ਵਰਗਿਆਂ ਨਾਲ ਤਾਂ ਇਹਨਾਂ ਦੀ ਬਹੁਤ ਨੇੜਲੀ ਸਾਂਝ ਰਹੀ। ਬੇਦੀ ਜੀ ਨਾਲ ਸਾਹਿਤਕ ਮਹਿਫ਼ਲਾਂ ਤੇ ਇਕੱਠਾਂ ਵਿਚ ਇਹਨਾਂ ਦੀ ਮੇਲ-ਮੁਲਾਕਾਤ ਅਕਸਰ ਹੁੰਦੀ। ਇਕ ਦਿਨ ਉਹਨਾਂ ਨਾਲ ਮੇਲ ਹੋਇਆ ਤਾਂ ਇਹਨਾਂ ਦੀ ਸਾਥਣ ਵੀ ਨਾਲ ਸੀ। ਜਿਥੇ ਇਹਨਾਂ ਦਾ ਕੱਦ ਔਸਤ ਨਾਲੋਂ ਕਾਫ਼ੀ ਵੱਧ ਸੀ, ਬੀਬੀ ਦਾ ਕੱਦ ਔਸਤ ਨਾਲੋਂ ਕਾਫ਼ੀ ਘੱਟ ਸੀ।

ਬੇਦੀ ਜੀ ਹੱਸੇ, "ਅੱਜ ਸਮਝ ਆਇਆ ਹੈ, ਤੇਰੀ ਰਚਨਾ ਦਾ ਆਕਾਰ ਛੋਟਾ ਕਿਉਂ ਹੁੰਦਾ ਹੈ!" ਰਤਨ ਸਿੰਘ ਦੇ ਉਰਦੂ ਕਹਾਣੀ-ਸੰਗ੍ਰਹਿ 'ਮਾਨਕ ਮੋਤੀ' ਵਿਚ ਆਮ ਨਾਲੋਂ ਅੱਧੇ ਜਾਂ ਤੀਜੇ ਹਿੱਸੇ ਆਕਾਰ ਦੀਆਂ ਇਕ ਸੌ ਕਹਾਣੀਆਂ ਸ਼ਾਮਲ ਹਨ। ਪੰਜਾਬੀ ਵਿਚ ਵੀ ਉਹਨਾਂ ਦੇ ਅਜਿਹੇ ਕਈ ਸੰਗ੍ਰਹਿ ਹਨ।

ਦੁਨੀਆ ਦੇ ਬਹੁਗਿਣਤੀ ਲੇਖਕ ਇਕ ਭਾਸ਼ਾ ਵਿਚ ਤੇ ਬਹੁਤੇ ਅੱਗੋਂ ਇਕ ਵਿਧਾ ਵਿਚ ਸਾਹਿਤ ਰਚਦੇ ਹਨ। ਰਤਨ ਸਿੰਘ ਇਕ ਤੋਂ ਵੱਧ ਭਾਸ਼ਾਵਾਂ ਵਿਚ ਤੇ ਇਕ ਤੋਂ ਵੱਧ ਵਿਧਾਵਾਂ ਵਿਚ ਰਚਨਾ ਕਰਨ ਵਾਲੇ ਲੇਖਕ ਸਨ। ਲਿਖਣਾ ਸ਼ੁਰੂ ਤਾਂ ਮਾਂ-ਬੋਲੀ ਤੋਂ ਹੀ ਕੀਤਾ ਸੀ ਪਰ ਨੌਕਰੀ ਨੇ ਦੋ-ਭਾਸ਼ਾਈ ਲੇਖਕ ਬਣਾ ਦਿੱਤੇ। ਰੇਡੀਓ ਦਾ ਪਸਾਰਾ ਹੀ ਅਜਿਹਾ ਸੀ ਕਿ ਅੰਨ-ਜਲ ਨੇ ਪੰਜਾਬ ਤੋਂ ਬਾਹਰ ਕਈ ਟਿਕਾਣੇ ਬਣਵਾਏ। ਰੇਡੀਓ ਦੇ ਅਧਿਕਾਰੀ ਹੁੰਦਿਆਂ ਹਰ ਥਾਂ ਪਹਿਲਾ ਵਾਹ ਲੇਖਕਾਂ ਨਾਲ ਹੀ ਪੈਂਦਾ ਸੀ। ਸਬੱਬ ਨਾਲ ਉਥੇ ਸਥਾਨਕ ਉਰਦੂ ਲੇਖਕਾਂ ਦੇ ਨਾਲ ਹੀ ਪੰਜਾਬ ਦੇ ਜੰਮ-ਪਲ ਦੋ-ਚਾਰ ਉਰਦੂ ਲੇਖਕ ਵੀ ਮਿਲ ਜਾਂਦੇ ਜੋ ਸੰਤਾਲੀ ਦੇ ਤੂਫ਼ਾਨ ਦੇ ਉਥੇ ਸੁੱਟੇ ਹੋਏ ਹੁੰਦੇ। 'ਅੰਗਰੇਜ਼ ਦੇ ਜ਼ਮਾਨੇ ਦੇ' ਉਰਦੂ ਮਾਧਿਅਮੀ ਵਿਦਿਆਰਥੀ ਰਹੇ ਹੋਣ ਕਰਕੇ ਜਦੋਂ ਅੰਨ-ਜਲ ਪੰਜਾਬ ਤੋਂ ਬਾਹਰ ਇਸ ਉਰਦੂ ਵਾਲੇ ਮਾਹੌਲ ਵਿਚ ਲੈ ਪਹੁੰਚਿਆ, ਉਰਦੂ ਅਦਬ ਵੱਲ ਪਲਟਣਾ ਔਖਾ ਸਾਬਤ ਨਾ ਹੋਇਆ। ਇਉਂ ਪੰਜਾਬੀ ਲੇਖਕ ਬਣਦੇ-ਬਣਦੇ ਰਤਨ ਸਿੰਘ ਪ੍ਰਸਿੱਧ ਉਰਦੂ ਲੇਖਕ ਹੋ ਨਿੱਬੜੇ। ਇਕ ਦਿਨ ਕਹਿਣ ਲੱਗੇ, "ਮੈਂ ਲੰਮਾ ਸਮਾਂ ਪੰਜਾਬੀ ਦੇ ਸਾਹਿਤਕ ਦ੍ਰਿਸ਼ ਤੋਂ ਦੂਰ ਰਿਹਾ ਹਾਂ, 20-25 ਪੰਜਾਬੀ ਕਹਾਣੀਕਾਰਾਂ ਦੀ ਸੂਚੀ ਬਣਾਓ ਤੇ ਉਹਨਾਂ ਦੀ ਇਕ-ਇਕ ਕਹਾਣੀ ਵੀ ਦੇ ਦਿਉ। ਇਉਂ ਉਹਨਾਂ ਨੇ 26 ਪੰਜਾਬੀ ਕਹਾਣੀਆਂ ਅਨੁਵਾਦ ਕੇ ਪੁਸਤਕ 'ਨੁਮਾਇੰਦਾ ਪੰਜਾਬੀ ਅਫ਼ਸਾਨੇ' ਤਿਆਰ ਕੀਤੀ ਜਿਸ ਨੂੰ ਉਰਦੂ ਅਕਾਦਮੀ ਦਿੱਲੀ ਨੇ ਪ੍ਰਕਾਸ਼ਿਤ ਕੀਤਾ। ਉਹਨਾਂ ਦਾ ਸਭ ਤੋਂ ਵੱਡਾ, ਮੁੱਲਵਾਨ ਤੇ ਯਾਦਗਾਰੀ ਕਾਰਜ ਸੰਪੂਰਨ ਗੁਰੂ ਗ੍ਰੰਥ ਸਾਹਿਬ ਨੂੰ ਉਰਦੂ ਵਿਚ ਅਨੁਵਾਦਣਾ ਸੀ।


ਸੇਵਾ-ਮੁਕਤ ਹੋ ਕੇ ਉਹਨਾਂ ਨੇ ਆਪਣਾ ਪੱਕਾ ਟਿਕਾਣਾ ਦਿੱਲੀ ਆ ਬਣਾਇਆ। ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ ਤੇ ਆਂਢ-ਗੁਆਂਢ ਦਾ ਪੰਜਾਬੀ ਮਾਹੌਲ ਮਿਲਿਆ ਤਾਂ ਦਿਲ ਦੇ ਕਿਸੇ ਕੰਧ-ਕੌਲੇ ਨਾਲ ਚਿੰਬੜੀ ਹੋਈ ਪੰਜਾਬੀ ਰਚਨਾਕਾਰੀ ਦੀ ਚਿਰ-ਸੁੱਕੀ ਵੇਲ ਨੇ ਲਗਰਾਂ ਛੱਡ ਦਿੱਤੀਆਂ। ਮਾਂ-ਬੋਲੀ ਸੁਤੇਸਿਧ ਹੀ ਕਲਮ ਵਿਚੋਂ ਧਾਰਾ ਬਣ ਵਗ ਤੁਰੀ। ਪੰਜਾਬੀ ਸਾਹਿਤ ਸਭਾ ਵਿਚ ਹਰ ਵਾਰ ਆਉਣ ਲੱਗੇ। ਉਰਦੂ ਰਹਿੰਦਾ-ਰਹਿੰਦਾ ਪਿੱਛੇ ਰਹਿ ਗਿਆ ਤੇ ਉਹ ਪੂਰੀ ਤਰ੍ਹਾਂ ਪੰਜਾਬੀ ਲੇਖਕ ਬਣ ਗਏ। ਕਦੀ ਕਾਵਿ-ਸੰਗ੍ਰਹਿ, ਕਦੀ ਕਹਾਣੀ-ਸੰਗ੍ਰਹਿ ਤੇ ਕਦੀ ਨਾਵਲ, ਸਾਨੂੰ ਪੰਜਾਬੀ ਵਿਚ ਲਗਾਤਾਰ ਸੁਗਾਤਾਂ ਮਿਲਣ ਲੱਗੀਆਂ ਜਿਨ੍ਹਾਂ ਨੂੰ ਨਵਯੁਗ ਮਾਣ ਨਾਲ ਛਾਪਦਾ। ਉਹਨਾਂ ਨੇ ਸਵੈਜੀਵਨੀ ਵੀ ਪੰਜਾਬੀ ਕਵਿਤਾ ਵਿਚ ਲਿਖੀ। ਹੋਰ ਬਜ਼ੁਰਗ ਜਿਨ੍ਹਾਂ ਉਂਗਲਾਂ ਨਾਲ ਮਾਲਾ ਫੇਰਦੇ ਹਨ, ਇਹ ਉਹਨਾਂ ਉਂਗਲਾਂ ਵਿਚ ਮਜ਼ਬੂਤੀ ਨਾਲ ਫੜੀ ਕਲਮ ਵਿਚੋਂ ਸਾਨੂੰ ਅੰਤ ਤੱਕ ਖ਼ੂਬਸੂਰਤ ਰਚਨਾਵਾਂ ਦਿੰਦੇ ਰਹੇ।

ਇਕ ਗੱਲੋਂ ਉਹਨਾਂ ਦੇ ਚਲਾਣੇ ਦਾ ਦੁੱਖ ਨਹੀਂ ਕਿਉਂਕਿ ਉਹ ਸੰਤੁਸ਼ਟ ਜ਼ਿੰਦਗੀ ਜਿਉਂ ਕੇ ਤੇ ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਵਾਲਾ ਭਰਪੂਰ ਪਰਿਵਾਰ ਛੱਡ ਕੇ ਠੀਕ ਵੇਲੇ ਗਏ ਹਨ। ਇਸ ਤੋਂ ਅੱਗੇ ਉਹਨਾਂ ਦਾ ਸਰੀਰਕ ਕਸ਼ਟਾਂ ਦਾ ਸਮਾਂ ਹੀ ਆਉਣਾ ਸੀ। ਦਿਲ ਵਿਚ ਚੀਸ ਇਹ ਸੋਚ ਕੇ ਪੈਂਦੀ ਹੈ, ਹੁਣ ਘੰਟੀ ਸੁਣ ਕੇ ਫੋਨ ਚੁੱਕਿਆਂ ਕਦੀ ਨਹੀਂ ਸੁਣਨਾ "ਰਤਨ ਸਿੰਘ" ਤੇ ਫੋਨ ਕੀਤਿਆਂ ਕਦੀ ਕਿਸੇ ਨੇ ਅੱਗੋਂ ਨਹੀਂ ਕਹਿਣਾ, "ਜਿਉਂਦੀ ਪਈ ਹੈ ਅਜੇ ਜਵਾਨੀ...!"

# ਬੇਅਦਬੀ ਮਾਮਲੇ ਬਾਰੇ ਸੁਖਬੀਰ ਬਾਦਲ ਦੀਆਂ ਸਿਆਸੀ ਤੁਹਮਤਬਾਜ਼ੀਆਂ

**ਸੈਨ ਹੋਜ਼ੇ (ਬਿਊਰੋ):** "ਕੈਪਟਨ ਸਰਕਾਰ ਵਲੋਂ ਗਠਿਤ ਨਵੀਂ 'ਸਿਟ' ਵਲੋਂ ਕਾਰਵਾਈ ਅਰੰਭ ਹੋਣ ਮੌਕੇ ਸੁਖਬੀਰ ਸਿੰਘ ਬਾਦਲ ਨੇ ਬੀਤੇ ਦਿਨੀਂ ਜੋ ਇਹ ਬਿਆਨ ਦਿੱਤਾ ਹੈ ਕਿ ਕਾਂਗਰਸ, ਨਵਜੋਤ ਸਿੰਘ ਸਿੱਧੂ ਅਤੇ 'ਆਪ' ਵਾਲੇ ਬਾਦਲ ਪਰਿਵਾਰ ਵਿਰੁੱਧ ਬੇਅਦਬੀ ਮਾਮਲੇ ਬਾਰੇ ਸਬੂਤ ਦੇਣ, ਉਨ੍ਹਾਂ ਦੇ ਇਸ ਬਿਆਨ ਦੀ ਸ਼ਬਦਾਵਲੀ 'ਨਾਲੇ ਚੋਰ ਨਾਲੇ ਚਤਰ' ਵਾਲੀ ਕਹਾਵਤ ਚੇਤੇ ਕਰਵਾਉਂਦੀ ਜਾਪਦੀ ਹੈ।"

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੀ ਸਿਆਸਤ ਵਿਚ ਬਣੇ ਅਜੋਕੇ ਹਾਲਾਤ ਬਾਰੇ ਇਕ ਲਿਖਤੀ ਬਿਆਨ ਜਾਰੀ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਅਤੇ ਪਰਵਾਸੀ ਲੇਖਕ ਸ. ਤਰਲੋਚਨ ਸਿੰਘ ਦੁਪਾਲਪੁਰ ਨੇ ਕੀਤਾ ਹੈ। ਉਨ੍ਹਾਂ ਕਿਹਾ ਕਿ ਦੋ ਸਾਬਕਾ ਜੱਜ ਸਾਹਿਬਾਨ ਦੀਆਂ ਜਾਂਚ ਰਿਪੋਰਟਾਂ ਅਤੇ ਕੁੰਵਰ ਵਿਜੈ ਪ੍ਰਤਾਪ ਸਿੰਘ ਵਾਲੀ 'ਸਿਟ' ਦੀ ਰਿਪੋਰਟ ਵਿਚ ਬਾਦਲ ਰਾਜ ਵਿਰੁੱਧ ਸਬੂਤ ਹੀ ਤਾਂ ਭਰੇ ਪਏ ਹਨ! ਇਹ ਵੱਖਰੀ ਗੱਲ ਹੈ ਕਿ ਧਨ ਦੇ ਅੰਬਾਰਾਂ ਅਤੇ ਸਿਆਸੀ ਗੁਪਤੀ ਸਾਂਝਾਂ ਦੀ ਬਦੌਲਤ ਦੋਵੇਂ ਬਾਦਲ ਅਦਾਲਤੀ ਕਟਹਿਰੇ ਤੋਂ ਬਚਦੇ ਆ ਰਹੇ ਹਨ।



ਤਰਲੋਚਨ ਸਿੰਘ ਦੁਪਾਲਪੁਰ

ਸ. ਦੁਪਾਲਪੁਰ ਨੇ ਕਿਹਾ ਕਿ ਪੰਜਾਬ ਵਿਚ ਕੀੜੀ ਵੀ ਤੁਰੀ ਜਾਂਦੀ ਦਿਸਣ ਦੇ ਦਾਅਵੇ ਕਰਨ ਵਾਲੇ ਬਜ਼ੁਰਗ ਆਗੂ ਪ੍ਰਕਾਸ਼ ਸਿੰਘ ਬਾਦਲ ਨੂੰ ਪਿੰਡ ਬੁਰਜ ਜਵਾਹਰ ਸਿੰਘ ਵਾਲੇ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਕਰਨ ਵਾਲੇ ਅਤੇ ਮਗਰੋਂ ਗੁਰਬਾਣੀ ਦੇ ਅੰਗ ਖਿਲਾਰਨ ਵਾਲੇ ਨਜ਼ਰ ਨਾ ਆਉਣੇ, ਕੀ ਇਹ ਸਬੂਤ ਨਹੀਂ ਹੈ? ਉਨ੍ਹਾਂ ਸੁਖਬੀਰ ਸਿੰਘ ਬਾਦਲ ਨੂੰ ਪੁੱਛਿਆ ਕਿ ਤੁਸੀਂ ਗ੍ਰਹਿ ਮੰਤਰੀ ਹੁੰਦਿਆਂ ਪੁਲਿਸ ਨੂੰ ਆਪ ਕੋਟਕਪੂਰੇ ਅਤੇ ਬਹਿਬਲ ਕਲਾਂ ਭੇਜ ਕੇ ਨਿਰਦੋਸ਼ ਸੰਗਤ ਉਤੇ ਗੋਲੀ ਚਲਾਉਣ ਦਾ ਹੁਕਮ ਦਿੰਦੇ ਹੋ, ਪਰ ਬਾਅਦ ਵਿਚ ਗੋਲੀ ਚਲਾਉਣ ਵਾਲਿਆਂ ਨੂੰ ਗਿਣ-ਮਿੱਥ ਕੇ 'ਅਣਪਛਾਤੇ' ਲਿਖਵਾਉਂਦੇ ਹੋ! ਕੀ ਇਹ ਤੁਹਾਡੇ ਖਿਲਾਫ ਸਬੂਤ ਨਹੀਂ? ਇਸ ਤੋਂ ਇਲਾਵਾ ਪੰਥਕ ਕੇਂਦਰ ਉਤੇ ਤੁਹਾਡੇ ਪਰਿਵਾਰ ਦਾ ਕਬਜ਼ਾ ਹੋਣ ਕਰਕੇ ਤੁਸੀਂ ਸ੍ਰੀ ਅੰਮ੍ਰਿਤਸਰ ਵਿਖੇ ਸੌਦੇ ਸਾਧ ਦੇ ਪੈਰੋਕਾਰਾਂ ਦੀਆਂ ਵੋਟਾਂ ਲੈਣ ਲਈ ਕੀ ਕੁਝ ਨਹੀਂ ਕੀਤਾ? ਇਹ ਸੱਚਾਈ ਜੱਗ ਜ਼ਾਹਰ ਹੋ ਚੁਕੀ ਹੈ। ਕਦੇ ਸੌਦੇ ਸਾਧ ਦੇ ਹੱਕ ਵਿਚ ਹੁਕਮਨਾਮੇ ਜਾਰੀ ਕਰਵਾਏ, ਕਦੇ ਹੁਕਮਨਾਮਿਆਂ ਨੂੰ ਜਾਇਜ਼ ਠਹਿਰਾਉਣ ਲਈ ਗੁਰੂ ਕੀ ਗੋਲਕ ਵਿਚੋਂ ਲੱਖਾਂ ਰੁਪਏ ਕਢਾ ਕੇ ਇਸ਼ਤਿਹਾਰ ਛਪਵਾਏ। ਅਕਾਲ ਤਖਤ ਸਾਹਿਬ ਤੋਂ ਕਦੇ ਮੁਆਫੀਨਾਮੇ ਪ੍ਰਵਾਨ ਕਰਵਾਏ, ਕਦੇ ਰੱਦ ਕਰਵਾਏ। ਇਹ ਸਾਰਾ ਕੁਝ ਬਾਦਲ ਪਰਿਵਾਰ ਦੇ ਹੁਕਮਾਂ ਅਧੀਨ ਹੀ ਕੀਤਾ-ਕਰਵਾਇਆ ਗਿਆ।

ਸ. ਦੁਪਾਲਪੁਰ ਨੇ ਬਾਦਲਾਂ ਉਤੇ ਵਿਅੰਗ ਕੱਸਦਿਆਂ ਕਿਹਾ ਕਿ ਪੱਚੀ ਸਾਲ ਰਾਜ ਕਰਨ ਦੇ ਆਪਣੇ ਸੁਪਨੇ ਸਾਕਾਰ ਕਰਨ ਲਈ ਉਨ੍ਹਾਂ ਬੇਕਿਰਕ ਹੋ ਕੇ ਧਰਮ, ਸਿਧਾਂਤਾਂ, ਰਵਾਇਤਾਂ ਦੀਆਂ ਧੱਜੀਆਂ ਉਡਾਈਆਂ, ਉਹ ਸਭ ਤੋਂ ਵੱਡੇ ਸਬੂਤ ਹੀ ਹਨ, ਬੇਅਦਬੀ ਅਤੇ ਉਸ ਉਪਰੰਤ ਹੋਏ ਗੋਲੀ ਕਾਂਡ ਵਿਚ ਉਨ੍ਹਾਂ ਦੀ ਸ਼ਮੂਲੀਅਤ ਦੇ। ਉਨ੍ਹਾਂ ਕਿਹਾ ਕਿ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਰਿਪੋਰਟ ਰੱਦ ਹੋਣ ਵਾਲੇ ਅਦਾਲਤ ਦੇ ਅਭਾਗੇ ਫੈਸਲੇ 'ਤੇ ਸਾਰੇ ਸਿੱਖ ਜਗਤ ਵਿਚ ਸੋਗ ਛਾਅ ਗਿਆ ਸੀ, ਪਰ ਬਾਦਲ ਪਰਿਵਾਰ ਜਸ਼ਨ ਮਨਾ ਰਿਹਾ ਸੀ। ਉਨ੍ਹਾਂ ਬਾਦਲਾਂ ਨੂੰ ਸਿੱਧਾ ਸਵਾਲ ਕੀਤਾ ਕਿ ਜਿਸ ਮੱਕਾਰੀ ਅਤੇ ਢੀਠਤਾਈ ਨਾਲ ਤੁਸੀਂ ਹੁਣ ਸਫਾਈਆਂ ਦੇ ਕੇ ਬੇਗੁਨਾਹ ਬਣ ਬਣ ਕੇ ਦੱਸਦੇ ਹੋ, ਇੰਜ ਤਾਂ ਗਾਂਧੀ ਪਰਿਵਾਰ ਵੀ ਕਹਿ ਸਕਦਾ ਹੈ ਕਿ ਦਿੱਲੀ ਦੇ ਨਵੰਬਰ ਚੁਰਾਸੀ ਵਾਲੇ ਸਿੱਖ ਕਤਲੇਆਮ ਵਿਚ ਸਾਡੇ ਗਾਂਧੀ ਪਰਿਵਾਰ ਦੀ ਸ਼ਮੂਲੀਅਤ ਦੇ ਸਾਨੂੰ ਸਬੂਤ ਦਿਖਾਲੋ? ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦਾ ਟੱਬਰ ਵੀ ਕਹੇਗਾ ਕਿ ਖਾੜਕੂਵਾਦ ਵੇਲੇ ਸਿੱਖ ਨੌਜਵਾਨ ਮਾਰੇ ਜਾਣ ਪਿਛੇ ਸਾਡੇ ਬਜ਼ੁਰਗ ਦਾ ਕੋਈ ਹੱਥ ਨਹੀਂ ਸੀ?

ਅੰਤ ਵਿਚ ਸ. ਦੁਪਾਲਪੁਰ ਨੇ ਕਿਹਾ ਕਿ ਹੋ ਸਕਦਾ ਹੈ ਕਿ ਕੈਪਟਨ ਸਰਕਾਰ ਨਾਲ ਤੁਹਾਡੀ ਕਿਸੇ ਗੁਪਤ ਸੌਦੇਬਾਜ਼ੀ ਕਾਰਨ ਨਵ-ਗਠਿਤ 'ਸਿਟ' ਵੀ ਤੁਹਾਨੂੰ ਸਜ਼ਾ ਦੇ ਭਾਗੀ ਨਾ ਬਣਾਵੇ, ਪਰ ਇਤਿਹਾਸ ਅਤੇ ਗੁਰੂ ਨਾਨਕ ਨਾਮ ਲੇਵਾ ਜਨ-ਸਮੂਹ ਦੇ ਦਿਲਾਂ ਵਿਚ ਤੁਸੀਂ ਬੱਜਰ ਪਾਪ ਦੇ ਗੁਨਾਹਗਾਰ ਵਜੋਂ ਲਿਖੇ ਜਾ ਚੁਕੇ ਹੋ!

# ਕਰੋਨਾ ਨਾਲ ਹੁੰਦੀਆਂ ਮੌਤਾਂ ਦਾ ਸੱਚ ਦਬਾਉਣ ਦੀਆਂ ਕੋਸ਼ਿਸ਼ਾਂ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਰੂਸ ਵਿਚ ਚੱਲਦੇ ਸੋਵੀਅਤ ਯੂਨੀਅਨ ਦੇ ਅੰਤਲੇ ਦਿਨਾਂ ਵਿਚ ਉੱਭਰੇ ਆਗੂ ਮਿਖਾਈਲ ਗੋਰਬਾਚੇਵ ਨੂੰ ਮੈਂ ਕਦੀ ਨੇਕ ਬੰਦਾ ਨਹੀਂ ਸੀ ਮੰਨਿਆ, ਅੱਜ ਵੀ ਨਹੀਂ ਮੰਨ ਸਕਦਾ; ਇਹ ਮੇਰੀ ਨਿੱਜੀ ਸੋਚ ਹੈ, ਪਰ ਉਸ ਦੀ ਇੱਕ ਗੱਲ ਮੈਂ ਸਦਾ ਠੀਕ ਮੰਨਦਾ ਰਿਹਾ ਹਾਂ। ਉਹ ਕਹਿੰਦਾ ਹੁੰਦਾ ਸੀ ਕਿ ਆਪਣੇ ਘਰ ਦਾ ਕੂੜਾ ਲੋਕਾਂ ਦੀ ਨਜ਼ਰ ਪੈਣ ਤੋਂ ਬਚਾਉਣ ਲਈ ਜਦੋਂ ਕੋਈ ਬੰਦਾ ਉਸ ਨੂੰ ਦਰੀ ਹੇਠ ਲੁਕਾਉਂਦਾ ਰਹੇਗਾ ਤਾਂ ਇੱਕ ਦਿਨ ਦਰੀ ਹੇਠ ਦੱਬਿਆ ਕੂੜਾ ਏਨੀ ਸੜ੍ਹਿਆਂਦ ਛੱਡੇਗਾ ਕਿ ਉਸ ਦੇ ਗਵਾਂਢੀ ਤੰਗ ਹੋ ਜਾਣਗੇ ਤੇ ਲੁਕਾਇਆ ਹੋਇਆ ਸਾਰਾ ਸੱਚ ਦੁਨੀਆਂ ਸਾਹਮਣੇ ਆ ਜਾਵੇਗਾ। ਕਰੋਨਾ ਵਾਇਰਸ ਕਾਰਨ ਭਾਰਤ ਦੀ ਜੋ ਹਾਲਤ ਹੈ, ਉਸ ਨੂੰ ਭਾਰਤ ਦੀ ਨਰਿੰਦਰ ਮੋਦੀ ਸਰਕਾਰ ਅਤੇ ਉਸ ਦੇ ਪੱਖ ਵਾਲੀਆਂ ਰਾਜ ਸਰਕਾਰਾਂ ਹੀ ਨਹੀਂ ਲੁਕਾ ਰਹੀਆਂ, ਦੇਸ਼ ਦੇ ਬਹੁਤ ਸਾਰੇ ਰਾਜਾਂ ਵਿਚ ਇਹੋ ਕੁਝ ਹੁੰਦਾ ਦਿੱਸਦਾ ਹੈ। ਇਹ ਚਾਲਾਕੀ ਕਰਨ ਤੋਂ ਸ਼ਾਇਦ ਹੀ ਕੋਈ ਰਾਜ ਬਚਿਆ ਰਿਹਾ ਹੋਵੇ, ਬਾਕੀ ਸਭ ਥਾਂ ਹਾਕਮ ਆਪੋ-ਆਪਣੇ ਰਾਜ ਨੂੰ 'ਮਹਾਮਾਰੀ ਤੋਂ ਬਚਾ ਲਿਆ' ਦੱਸਣ ਤੇ ਰਾਜਾਂ ਦੇ ਅਫਸਰ ਆਪੋ ਆਪਣੀ ਸਰਕਾਰ ਦਾ ਵਫਾਦਾਰ ਬਣਨ ਦੀ ਕੋਸ਼ਿਸ਼ ਵਿਚ ਕਰੋਨਾ ਦਾ ਕੌੜਾ ਸੱਚ ਦਰੀ ਹੇਠ ਦੱਬਣ ਵਾਸਤੇ ਸਿਰ ਪਰਨੇ ਹੋਏ ਦਿਖਾਈ ਦਿੰਦੇ ਹਨ। ਪੰਜਾਬ ਵੀ ਇਸ ਤੋਂ ਬਚਿਆ ਨਹੀਂ ਰਿਹਾ।

ਸੰਸਾਰ ਭਰ ਵਿਚ ਭਾਰਤ ਸਰਕਾਰ ਅਤੇ ਇਸ ਦੇ 'ਪ੍ਰਧਾਨ ਸੇਵਕ' ਕਹਾਉਣ ਵਾਲੇ, ਪਰ ਰਾਜਿਆਂ ਤੋਂ ਅੱਗੇ ਵਧ ਕੇ 'ਇਲਾਹੀ ਦੂਤ' ਜਾਂ 'ਯੁੱਗ ਪੁਰਸ਼' ਬਣਨ ਦੇ ਚਾਹਵਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇਸ ਗੱਲੋਂ ਨਿੰਦਾ ਹੁੰਦੀ ਹੈ ਕਿ ਚੋਣਾਂ ਜਿੱਤਣ ਦੇ ਚੱਕਰ ਵਿਚ ਮਰਦੇ ਲੋਕਾਂ ਦੀ ਚਿੰਤਾ ਕਰਨੀ ਭੁੱਲ ਗਿਆ ਸੀ। ਇਹ ਨਿੰਦਾ ਸਿਰਫ ਉਨ੍ਹਾਂ ਮੌਤਾਂ ਅਤੇ ਕੇਸਾਂ ਦੀ ਗਿਣਤੀ ਨਾਲ ਕੀਤੀ ਜਾ ਰਹੀ ਹੈ, ਜਿਨ੍ਹਾਂ ਦੀ ਤਸਦੀਕ ਭਾਰਤ ਸਰਕਾਰ ਤੇ ਇਸ ਦੀਆਂ ਰਾਜ ਸਰਕਾਰਾਂ ਕਰਨ ਨੂੰ ਤਿਆਰ ਹਨ, ਅਸਲ ਸਥਿਤੀ ਪਤਾ ਲੱਗਦੀ ਹੈ ਤਾਂ ਦੰਦ ਜੁੜੇ ਰਹਿ ਜਾਂਦੇ ਹਨ। ਇਸ ਹਫਤੇ ਇੱਕ ਦਿਨ ਇੰਗਲੈਂਡ ਦੇ ਇੱਕ ਸੰਸਾਰ ਪ੍ਰਸਿੱਧ ਮੀਡੀਆ ਚੈਨਲ ਨੇ ਗੁਜਰਾਤ ਦੀ ਕਹਾਣੀ ਪੇਸ਼ ਕੀਤੀ, ਜਿਹੜੀ ਗੁਜਰਾਤ ਰਾਜ ਦੇ ਇੱਕ ਅਖਬਾਰ ਦੇ ਸੰਪਾਦਕ ਤੇ ਉਸ ਦੇ ਪੱਤਰਕਾਰਾਂ ਨੇ ਸਾਹਮਣੇ ਲਿਆਂਦੀ ਸੀ। ਉਨ੍ਹਾਂ ਨੇ ਸਰਕਾਰੀ ਅੰਕੜੇ ਪਾਸੇ ਰੱਖ ਕੇ ਸ਼ਮਸ਼ਾਨਘਾਟਾਂ ਵਿਚ ਸਾੜੀਆਂ ਗਈਆਂ ਲਾਸ਼ਾਂ ਦੇ ਅੰਕੜੇ ਪੜ੍ਹੇ ਅਤੇ ਦੱਸਿਆ ਸੀ ਕਿ ਜਿੰਨੇ ਲੋਕ ਗੁਜਰਾਤ ਦੀ ਸਰਕਾਰ ਮਰੇ ਦੱਸਦੀ ਹੈ, ਉਸ ਤੋਂ ਕਈ ਗੁਣਾਂ ਵੱਧ ਲੋਕਾਂ ਦਾ ਅੰਤਿਮ ਸਸਕਾਰ ਕੀਤਾ ਗਿਆ ਹੈ। ਫਿਰ ਇੰਗਲੈਂਡ ਦੇ ਉਸ ਮੀਡੀਆ ਚੈਨਲ ਨੇ ਆਪਣੇ ਪੱਤਰਕਾਰਾਂ ਰਾਹੀਂ ਪਤਾ ਕਰਾਇਆ ਤੇ ਹੈਰਾਨੀ ਵਾਲਾ ਸੱਚ ਦੁਨੀਆਂ ਸਾਹਮਣੇ ਰੱਖਿਆ ਸੀ। ਅਸੀਂ ਭਾਰਤ ਵਿਚ ਬੈਠੇ ਹੋਏ ਲੋਕ ਵੀ ਉਹ ਸੱਚ ਪੂਰਾ ਨਹੀਂ ਸਾਂ ਜਾਣਦੇ ਅਤੇ ਪੜ੍ਹ ਕੇ ਹੱਕੇ-ਬੱਕੇ ਰਹਿ ਗਏ ਸਾਂ, ਪਰ ਇਸ ਦੇ ਸਿਰਫ ਦੋ ਦਿਨ ਬਾਅਦ ਭਾਰਤ ਦੇ ਇੱਕ ਕੌਮੀ ਅਖਬਾਰ ਨੇ ਹੋਰ ਵੀ ਕੁਸੈਲੀ ਤਸਵੀਰ ਸਭ ਦੇ ਸਾਹਮਣੇ ਰੱਖ ਦਿੱਤੀ ਹੈ।

ਹਿੰਦੀ ਭਾਸ਼ਾ ਦੇ ਸਿਖਰਲੇ ਤਿੰਨ ਅਖਬਾਰਾਂ ਵਿਚੋਂ ਇੱਕ ਦੀ ਖਬਰ ਕਹਿੰਦੀ ਹੈ ਕਿ ਗੁਜਰਾਤ ਵਿਚ ਬੀਤੇ 71 ਦਿਨਾਂ ਵਿਚ ਇੱਕ ਲੱਖ ਤੇਈ ਹਜ਼ਾਰ



ਅੱਠ ਸੌ ਚੁਤੱਤਰ ਲੋਕਾਂ ਦੀ ਮੌਤ ਹੋਈ ਅਤੇ ਮੌਤ ਦੇ ਸਰਟੀਫਿਕੇਟ ਜਾਰੀ ਕੀਤੇ ਜਾਣ ਪਿੱਛੋਂ ਰਾਜ ਸਰਕਾਰ ਨੇ ਇਨ੍ਹਾਂ 71 ਦਿਨਾਂ ਵਿਚ ਬਤਾਲੀ ਸੌ ਅਠਾਰਾਂ ਮੌਤਾਂ ਕਰੋਨਾ ਦੀਆਂ ਮੰਨੀਆਂ ਹਨ। ਬਾਕੀ ਮੌਤਾਂ ਬਾਰੇ ਏਨਾ ਲਿਖ ਦਿੱਤਾ ਕਿ 'ਮੌਤ ਦਾ ਕਾਰਨ: ਬਿਮਾਰੀ', ਪਰ ਬਿਮਾਰੀ ਦਾ ਨਾਂ ਨਹੀਂ ਲਿਖਿਆ। ਹਾਲਤ ਇਥੋਂ ਪਤਾ ਲੱਗਦੀ ਹੈ ਕਿ ਬੀਤੇ ਮਾਰਚ ਵਿਚ ਗੁਜਰਾਤ ਵਿਚ ਕੁੱਲ 26,026 ਲੋਕਾਂ ਦੀ ਮੌਤ ਹੋਈ ਅਤੇ ਫਿਰ ਅਪਰੈਲ ਵਿਚ ਮੌਤਾਂ ਦੀ ਲੜੀ ਲੰਗ ਕੇ 57,796 ਲੋਕ ਮੌਤ ਦੀ ਝੋਲੀ ਪੈ ਗਏ। ਅਪਰੈਲ ਮਹੀਨੇ ਦੀ ਇਸ ਗਿਣਤੀ ਦੇ ਬਾਅਦ ਮਈ ਦੇ ਪਹਿਲੇ ਸਿਰਫ ਦਸ ਦਿਨਾਂ ਵਿਚ ਉਸ ਰਾਜ ਵਿਚ 40,051 ਮੌਤਾਂ ਹੋ ਗਈਆਂ ਹਨ, ਜਿਸ ਦਾ ਅਰਥ ਹੈ ਕਿ ਮਈ ਦੇ ਮੁੱਕਣ ਤੱਕ ਇਹੋ ਰਫਤਾਰ ਰਹੀ ਤਾਂ ਉਸ ਰਾਜ ਵਿਚ ਇੱਕ ਲੱਖ ਤੋਂ ਵੱਧ ਮੌਤਾਂ ਹੋਣਗੀਆਂ।

ਇਸ ਗਿਣਤੀ ਦਾ ਮੁਕਾਬਲਾ ਪਿਛਲੇ ਸਾਲ ਨਾਲ ਕਰੀਏ ਤਾਂ ਅਪਰੈਲ 2020 ਵਿਚ ਉਥੇ 21,591 ਮੌਤਾਂ ਹੋਈਆਂ ਸਨ, ਮੌਜੂਦਾ ਸਾਲ ਉਸੇ ਅਪਰੈਲ ਵਿਚ 57,796 ਹੋ ਗਈਆਂ। ਮਈ 2020 ਦੇ ਸਾਰੇ ਮਹੀਨੇ ਵਿਚ 13,125 ਮੌਤਾਂ ਹੋਈਆਂ ਸਨ, ਇਸ ਵਾਰ ਉਸੇ ਮਈ ਦੇ ਦਸ ਦਿਨਾਂ ਵਿਚ ਮੌਤਾਂ ਦੀ ਗਿਣਤੀ 40,051 ਤੱਕ ਜਾ ਪਹੁੰਚੀ ਹੈ। ਸਰਕਾਰ ਦੇ ਅਧਿਕਾਰੀਆਂ ਨੇ ਰਿਕਾਰਡ ਵਿਚ ਮੌਤਾਂ ਦਾ ਕਾਰਨ ਕਰੋਨਾ ਨਹੀਂ ਲਿਖਿਆ ਤਾਂ ਨਾ ਸਹੀ, ਪਰ ਮਰਨ ਵਾਲਿਆਂ ਦੀ ਗਿਣਤੀ ਏਨੀ ਵਧ ਕਿਉਂ ਗਈ, ਇਹ ਗੱਲ ਜਾਣਨ ਦੀ ਕੋਸ਼ਿਸ਼ ਕਿਸੇ ਨੇ ਕਿਉਂ ਨਾ ਕੀਤੀ, ਇਸ ਬਾਰੇ ਸਭ ਚੁੱਪ ਵੱਟੀ ਬੈਠੇ ਹਨ।

ਲੋਕ ਕਹਿੰਦੇ ਹਨ ਕਿ ਇਸ ਕਹਿਰ ਦੌਰਾਨ ਆਈ. ਪੀ. ਐਲ ਕ੍ਰਿਕਟ ਦੇ ਕਾਰਨ ਸੰਸਾਰ ਦੇ ਸਭ ਤੋਂ ਵੱਡੇ ਕ੍ਰਿਕਟ ਸਟੇਡੀਅਮ ਦਾ ਮਾਣ ਹਾਸਲ ਕਰਨ ਵਾਲੇ ਅਹਿਮਦਾਬਾਦ ਵਿਚ ਕਰੋਨਾ ਦੇ ਕੇਸ ਵਧ ਗਏ ਸਨ, ਪਰ ਰਾਜ ਸਰਕਾਰ ਮੁਤਾਬਕ ਉਸ ਸ਼ਹਿਰ ਵਿਚ 71 ਦਿਨ ਵਿਚ 13,593 ਲੋਕਾਂ ਦੀ ਮੌਤ ਹੋਈ, ਜਿਨ੍ਹਾਂ ਵਿਚੋਂ ਕਰੋਨਾ ਨਾਲ ਸਿਰਫ 2126 ਮਰੇ ਹਨ। ਬਾਕੀ ਲੋਕ ਕਿਹੜੇ ਰੋਗ ਨਾਲ ਮਰ ਗਏ, ਕੋਈ ਦੱਸਣ ਵਾਲਾ ਨਹੀਂ। ਇਸ ਸੱਚ ਦਾ ਸਾਹਮਣਾ ਕਰਨਾ ਕਿਸੇ ਲਈ ਵੀ ਔਖਾ ਹੈ। ਰਾਜ ਸਰਕਾਰ ਅੱਗੋਂ ਕੇਂਦਰੀ ਹਾਕਮਾਂ ਕੋਲ ਪੇਸ਼ ਕਰਨ ਲਈ ਅੰਕੜਿਆਂ ਦੀ ਜਾਦੂਗਰੀ ਕਰਨ ਰੁੱਝੀ ਹੋਈ ਹੈ, ਪਰ ਅਸਲੀ ਕੰਮ ਘੱਟ ਹੋ ਰਿਹਾ ਹੈ।

ਗੋਆ ਵਿਚ ਨਰਿੰਦਰ ਮੋਦੀ ਦੀ ਆਪਣੀ ਪਾਰਟੀ ਦੀ ਸਰਕਾਰ ਹੈ, ਜਿਸ ਵਿਚ ਆਕਸੀਜਨ ਦੀ ਸਪਲਾਈ ਰੁਕਣ ਨਾਲ 11 ਮਈ ਨੂੰ 26 ਲੋਕ ਮਰ ਗਏ, 12 ਮਈ ਨੂੰ ਹੋਰ 20 ਮੌਤਾਂ ਹੋਣ ਦੀ ਖਬਰ ਮਿਲੀ ਅਤੇ 13 ਮਈ ਨੂੰ 15 ਮਰੀਜ਼ਾਂ ਦੀ ਮੌਤ ਹੋ ਗਈ। ਚੌਦਾਂ ਮਈ ਦੇ ਦਿਨ 13 ਜਣੇ ਹੋਰ ਪ੍ਰਾਣ ਤਿਆਗ ਗਏ। ਆਕਸੀਜਨ ਦਾ ਇਹ ਨੁਕਸ ਚਾਰ ਦਿਨ ਠੀਕ ਨਹੀਂ ਹੋ ਸਕਿਆ ਤਾਂ ਜ਼ਿੰਮੇਵਾਰੀ ਕਿਸ ਦੀ ਹੈ? ਕੋਈ ਇਸ ਦਾ ਜਵਾਬ ਨਹੀਂ ਦੇਵੇਗਾ।

ਕਰਨਾਟਕਾ 'ਚ ਸਰਕਾਰ ਭਾਜਪਾ ਦੀ ਹੈ। ਉਥੇ ਆਕਸੀਜਨ ਸਪਲਾਈ ਪੂਰੀ ਨਾ ਮਿਲ ਸਕੀ ਤਾਂ ਉਸ ਨੇ ਕੇਂਦਰ ਦੀ ਆਪਣੀ ਪਾਰਟੀ ਦੀ ਸਰਕਾਰ ਦੀ ਘੇਸਲ ਵੇਖ ਕੇ ਹਾਈ ਕੋਰਟ ਨੂੰ ਅਰਜ਼ੀ ਦੇ ਦਿੱਤੀ। ਹਾਈ ਕੋਰਟ ਨੇ ਕੇਂਦਰ ਦੇ ਹਾਕਮਾਂ ਨੂੰ ਝਾੜ ਪਾਈ ਤਾਂ ਕੇਂਦਰ ਦੀ ਭਾਜਪਾ ਸਰਕਾਰ ਨੇ ਕਰਨਾਟਕਾ ਦੀ ਭਾਜਪਾ ਸਰਕਾਰ ਦੀ ਬਾਂਹ ਫੜਨ ਤੇ ਹਾਈ ਕੋਰਟ ਦਾ ਹੁਕਮ ਮੰਨਣ ਦੀ ਥਾਂ ਇਸ ਦੇ ਵਿਰੁੱਧ ਸੁਪਰੀਮ ਕੋਰਟ ਵਿਚ ਅਰਜ਼ੀ ਪਾ ਦਿੱਤੀ। ਅੱਗੋਂ ਸੁਪਰੀਮ ਕੋਰਟ ਦੇ ਜੱਜਾਂ ਨੇ ਝਾੜ ਪਾਈ ਕਿ ਸਾਨੂੰ ਆਪਣੇ ਖਿਲਾਫ ਹੋਰ ਸਖਤੀ ਕਰਨ ਲਈ ਮਜਬੂਰ ਨਾ ਕਰੋ, ਕਰਨਾਟਕ ਦੀ ਹਾਈ ਕੋਰਟ ਦਾ ਹੁਕਮ ਮੰਨ ਕੇ ਉਸ ਰਾਜ ਦੀ ਸਰਕਾਰ ਦੀ ਮਦਦ ਕਰੋ; ਫਿਰ ਕੇਂਦਰ ਸਰਕਾਰ ਥੋੜ੍ਹਾ ਕੁ ਹਿੱਲੀ। ਦਿੱਲੀ ਸਰਕਾਰ ਨਾਲ ਉਸ ਦੇ ਮੋਦੀ ਸਾਹਿਬ ਦੇ ਸਿਆਸੀ ਮੱਤਭੇਦ ਹੋਣ ਕਰ ਕੇ ਕੇਸ ਅਦਾਲਤ ਤੱਕ ਗਿਆ, ਪੰਜਾਬ ਨਾਲ ਵੀ ਮੱਤਭੇਦ ਹਨ, ਪਰ ਕਰਨਾਟਕ ਵਿਚ ਜੇ ਉਸ ਦੀ ਆਪਣੀ ਸਰਕਾਰ ਦੀ ਮਦਦ ਵੀ ਮੋਦੀ ਸਰਕਾਰ ਨਾ ਕਰੇ ਤਾਂ ਸੰਸਾਰ ਵਿਚ ਭੰਡੀ ਹੋਵੇਗੀ ਹੀ।

ਜਿਸ ਅਖਬਾਰ ਨੇ ਗੁਜਰਾਤ ਦਾ ਸੱਚ ਸਾਹਮਣੇ ਲਿਆਂਦਾ ਹੈ, ਉਸ ਨੇ ਆਪਣੀ ਟੀਮ ਲਾ ਕੇ ਉੱਤਰ ਪ੍ਰਦੇਸ਼ ਵਿਚ ਜੋ ਕੁਝ ਹੁੰਦਾ ਸੁਣੀਂਦਾ ਸੀ, ਉਸ ਸੱਚ ਤੋਂ ਵੀ ਪਰਦਾ ਚੁੱਕਿਆ ਹੈ। ਇਨ੍ਹਾਂ ਪੱਤਰਕਾਰਾਂ ਨੂੰ ਕਨੌਜ ਦੇ ਮਹਾਦੇਵੀ ਗੰਗਾ ਘਾਟ ਵਿਚ ਸਾਢੇ ਤਿੰਨ ਸੌ ਲਾਸ਼ਾਂ ਦੱਬੀਆਂ ਹੋਈਆਂ ਪਤਾ ਲੱਗੀਆਂ। ਕਾਨਪੁਰ ਦੇ ਸ਼ੇਰੇਸ਼ਵਰ ਘਾਟ ਉੱਤੇ ਘੁੰਮਦਿਆਂ ਕਰੀਬ ਚਾਰ ਸੌ ਲਾਸ਼ਾਂ ਦੱਬੀਆਂ ਵੇਖੀਆਂ ਅਤੇ ਉਨ੍ਹਾਂ ਨੂੰ ਪੁੱਟ-ਪੁੱਟ ਕੇ ਕੁੱਤੇ ਖਾਂਦੇ ਦਿੱਸ ਪਏ ਤਾਂ ਪੁਲਿਸ ਆ ਗਈ ਅਤੇ ਛੇਤੀ-ਛੇਤੀ ਲਾਸ਼ਾਂ ਨੂੰ ਢਕਣ ਲਈ ਮਿੱਟੀ ਪਵਾਉਣ ਦਾ ਕੰਮ ਸ਼ੁਰੂ ਕਰ ਦਿੱਤਾ। ਵਾਰ-ਵਾਰ ਬਦਨਾਮੀ ਦਾ ਕਾਰਨ ਬਣਨ ਵਾਲੇ ਉਨਾਵ ਹਲਕੇ ਵਿਚ ਪੱਤਰਕਾਰਾਂ ਨੂੰ ਨੌਂ ਸੌ ਲਾਸ਼ਾਂ ਦੱਬੀਆਂ ਹੋਣ ਦਾ ਪਤਾ ਲੱਗਾ ਤਾਂ ਪੱਤਰਕਾਰਾਂ ਦੀ ਟੀਮ ਪਹੁੰਚਦੇ ਸਾਰ ਪ੍ਰਸ਼ਾਸਨ ਵੱਲੋਂ ਆਏ ਅਧਿਕਾਰੀਆਂ ਨੇ ਲਾਸ਼ਾਂ ਉੱਤੇ ਰੇਤ ਅਤੇ ਮਿੱਟੀ ਪਾਉਣ ਦਾ ਕੰਮ ਸ਼ੁਰੂ ਕਰਵਾ ਦਿੱਤਾ। ਫਤਹਿਪੁਰ ਵਿਚ ਵੀਹ ਲਾਸ਼ਾਂ ਮਿਲੀਆਂ ਤਾਂ ਫਤਹਿਪੁਰ ਅਤੇ ਉਨਾਵ-ਦੋਹਾਂ ਥਾਂਵਾਂ ਦੇ ਅਧਿਕਾਰੀ ਇਸ ਨੂੰ ਇੱਕ ਦੂਸਰੇ ਦੇ ਖੇਤਰ ਦਾ ਮਾਮਲਾ ਦੱਸਣ ਤੇ ਗਲੋਂ-ਗਲਾਵਾਂ ਲਾਹੁਣ ਲੱਗ ਪਏ।

ਬਿਹਾਰ ਦੇ ਬਕਸਰ ਜ਼ਿਲੇ ਅਤੇ ਉੱਤਰ ਪ੍ਰਦੇਸ਼ ਦੇ ਨਾਲ ਲੱਗਦੇ ਗਾਜ਼ੀਪੁਰ ਦੇ ਕਰੀਬ ਗੰਗਾ ਨਦੀ ਕੰਢੇ ਲਾਸ਼ਾਂ ਮਿਲਣ ਦਾ ਰੌਲਾ ਪਿਆ ਸੀ, ਜ਼ਿਲਾ ਮੈਜਿਸਟਰੇਟ ਨੇ ਚਾਲੀ ਕੁ ਲਾਸ਼ਾਂ ਦੱਸੀਆਂ ਸਨ, ਦੱਬਣ ਵਾਲੇ ਮਜ਼ਦੂਰਾਂ ਨੇ 71 ਦੱਸੀਆਂ, ਪਰ ਪੱਤਰਕਾਰਾਂ ਦੀ ਟੀਮ ਨੂੰ ਦੋ ਸੌ ਲਾਸ਼ਾਂ ਦੇ ਸਬੂਤ ਮਿਲੇ ਅਤੇ ਅਜੇ ਹੋਰ ਲਾਸ਼ਾਂ ਹੋਣ ਦੀ ਚਰਚਾ ਚੱਲ ਰਹੀ ਹੈ। ਸਥਾਨਕ ਲੋਕਾਂ ਨਾਲ ਗੱਲ ਕੀਤੀ ਤਾਂ ਪਤਾ ਲੱਗਾ ਕਿ ਲਾਸ਼ਾਂ ਢਕ ਕੇ ਹਰ ਜ਼ਿਲੇ ਦੇ ਅਫਸਰ ਖੁਦ ਮੁੱਖ ਮੰਤਰੀ ਅਤੇ ਰਾਜ ਸਰਕਾਰ ਦੇ ਕੋਲ 'ਬੀਬਾ ਰਾਣਾ' ਬਣੇ ਰਹਿਣ ਦੇ ਚੱਕਰ ਵਿਚ ਅਣਮਨੁੱਖੀ ਵਿਹਾਰ ਏਦਾਂ ਦਾ ਕਰਦੇ ਹਨ ਕਿ ਉਨ੍ਹਾਂ ਦੇ ਮਨਾਂ ਉੱਤੇ ਕਿਸੇ ਤਰ੍ਹਾਂ ਦੀ ਚਿੰਤਾ ਦੀ ਕੋਈ ਲਕੀਰ ਤੱਕ ਦਿਖਾਈ ਨਹੀਂ ਦਿੰਦੀ।

ਗੱਲ ਗੁਜਰਾਤ ਜਾਂ ਉੱਤਰ ਪ੍ਰਦੇਸ਼ ਦੀ ਨਹੀਂ, ਸਾਰੇ ਭਾਰਤ ਦੀ ਹੈ, ਪਰ ਅਸੀਂ ਇਨ੍ਹਾਂ ਦੋਂਹ ਰਾਜਾਂ ਦਾ ਜ਼ਿਕਰ ਇਸ ਕਰ ਕੇ ਕੀਤਾ ਹੈ ਕਿ ਦੇਸ਼ ਦਾ 'ਪ੍ਰਧਾਨ ਸੇਵਕ' ਅਖਵਾਉਣ ਵਾਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਗੁਜਰਾਤ ਦੇ ਸਿਆਸੀ ਪੜੁੱਲ ਤੋਂ ਛਾਲ ਮਾਰ ਕੇ ਦਿੱਲੀ ਪੁੱਜਾ ਤੇ ਉੱਤਰ ਪ੍ਰਦੇਸ਼ ਦੇ ਵਾਰਾਣਸੀ ਹਲਕੇ ਦਾ ਪ੍ਰਤੀਨਿਧ ਹੈ। ਅਸੀਂ ਇਸ ਵਕਤ ਬਾਕੀ ਰਾਜਾਂ ਦੀ ਗੱਲ ਨਹੀਂ ਛੇੜ ਰਹੇ ਤਾਂ ਇਸ ਦਾ ਮਤਲਬ ਨਹੀਂ ਕਿ ਉਥੇ ਹਾਲਤ ਚੰਗੀ ਹੈ!

ਸੱਚ ਇਹ ਹੈ ਕਿ ਰਾਜ ਕਿਸੇ ਵੀ ਪਾਰਟੀ ਦਾ ਹੋਵੇ, ਬਹੁਤੇ ਥਾਂ ਆਮ ਇਨਸਾਨ ਦੀ ਬਦਨਸੀਬੀ ਇੱਕੋ ਜਿਹੀ ਹੈ, ਜਿਸ ਵਿਚ ਪੰਜਾਬ ਵੀ ਸ਼ਾਮਲ ਹੈ। ਇਸ ਦੇ ਅੰਕੜੇ ਵੀ ਸਰਕਾਰੀ ਹੋਰ ਤੇ ਹਕੀਕੀ ਹੋਰ ਮਿਲਦੇ ਹਨ। ਜਦੋਂ ਧੁਰ ਉਤਲੀ ਛਤਰੀ ਦੀ ਮਿਹਰ ਵਾਲੇ ਰਾਜਾਂ ਦੇ ਹਾਕਮ ਕਰੋਨਾ ਵਾਇਰਸ ਦੇ ਕੇਸ ਅਤੇ ਮੌਤਾਂ ਘਟਾ ਕੇ ਦੱਸਦੇ ਹੋਣ, ਦੂਸਰੇ ਰਾਜਾਂ ਦੇ ਹਰ ਹਾਕਮ ਨੂੰ ਵੀ ਆਪਣਾ ਅਕਸ ਕਾਇਮ ਰੱਖਣ ਲਈ ਸੱਚਾਈ ਲੁਕਾਉਣ ਤੇ ਕੌੜੀਆਂ ਹਕੀਕਤਾਂ ਦਾ ਕੂੜਾ ਦਰੀ ਹੇਠ ਦੱਬ ਦੇਣ ਦਾ ਫਾਰਮੂਲਾ ਚੰਗਾ ਲੱਗਣ ਲੱਗਦਾ ਹੈ। ਇਸ ਦਾ ਨਤੀਜਾ ਸਾਡੇ ਸਾਹਮਣੇ ਹੈ। ਭਾਰਤ ਆਪਣੀ ਬਦਕਿਸਮਤੀ ਨੂੰ ਹੰਢਾ ਰਿਹਾ ਹੈ, ਹਾਕਮ ਰਾਜ-ਸੁਖ ਮਾਣ ਰਹੇ ਹਨ ਅਤੇ ਲੋਕ ਉਨ੍ਹਾਂ ਦਾ ਕੀਤਾ ਭੁਗਤ ਰਹੇ ਹਨ। ਦਰੀ ਹੇਠ ਸੱਚਾਈ ਨੂੰ ਦਬਾਉਣ ਅਤੇ ਸੱਚਾਈ ਵੀ ਕਰੋਨਾ ਨਾਲ ਮਰਦੇ ਲੋਕਾਂ ਦੀਆਂ ਲਾਸ਼ਾਂ ਵਾਲੀ ਹੋਵੇ, ਉਸ ਨੂੰ ਲੁਕਾਉਣ ਦੇ ਬਾਅਦ ਇਸ ਦੇਸ਼ ਦੇ ਹਾਕਮਾਂ ਦੀ ਇਹ ਚੁਸਤ-ਚਲਾਕੀ ਇਸ ਦੇਸ਼ ਨੂੰ ਜਿਹੋ ਜਿਹੀ ਜਿੱਲ੍ਹਣ ਵਿਚ ਫਸਾ ਦੇਵੇਗੀ, ਉਸ ਵਿਚੋਂ ਫਿਰ ਕਦੀ ਨਿਕਲਿਆ ਨਹੀਂ ਜਾਣਾ।

# ਲਾਲਚੀ ਹਕੂਮਤ ਨੇ ਦੇਸ ਕਰੋਨਾ ਮਹਾਮਾਰੀ ਦੇ ਮੂੰਹ ਵਿਚ ਧੱਕਿਆ

ਦੇਸ ਵਿਚ ਅਜਿਹਾ ਪ੍ਰਧਾਨ ਮੰਤਰੀ ਕਦੇ ਨਹੀਂ ਦੇਖਿਆ ਹੋਵੇਗਾ, ਜੋ ਦੇਸ ਨੂੰ ਹਨੇਰੀ ਗੁਫਾ ਵਿਚ ਧੱਕ ਕੇ ਮੌਜ ਕਰ ਰਿਹਾ ਹੋਵੇ। ਲੋਕਾਂ ਦੀਆਂ ਲਾਸ਼ਾਂ ਵਿਛਦੀਆਂ ਜਾ ਰਹੀਆਂ ਸਨ/ਹਨ ਅਤੇ ਮਰਨ ਵਾਲਿਆਂ ਦੀ ਗਿਣਤੀ ਵਧਦੀ ਜਾ ਰਹੀ ਸੀ/ਹੈ, ਪਰ ਉਸੀ ਰਵਾਨੀ ਨਾਲ ਉਹ ਚੋਣ ਰੈਲੀਆਂ ਵਿਚ ਵਧ-ਚੜ੍ਹ ਕੇ ਸ਼ਾਮਲ ਹੁੰਦਾ ਰਿਹਾ। ਜਰਾ ਜਿੰਨੀ ਵੀ ਸ਼ਿਕਨ ਉਹਦੇ ਚਿਹਰੇ 'ਤੇ ਨਹੀਂ



ਸੁਕੰਨਿਆਂ ਭਾਰਦਵਾਜ ਨਾਭਾ
ਫੋਨ: 815-307-3112

ਆਈ, ਲਾਸ਼ਾਂ ਨੂੰ ਦਰੜਦਾ ਉਹ ਪੱਛਮੀ ਬੰਗਾਲ ਦੇ ਚੋਣ ਕਿਲੇ ਨੂੰ ਸਰ ਕਰਨ ਲਈ ਲਗਾਤਾਰ ਵਧਦਾ ਚਲਾ ਗਿਆ। ਪਿਛਲੇ ਡੇਢ ਮਹੀਨੇ ਤੋਂ ਜਿਸ ਤਰ੍ਹਾਂ ਦੇਸ ਵਾਸੀਆਂ ਨੇ ਸੰਤਾਪ ਭੋਗਿਆ ਹੈ, ਉਹ ਕਹਿਣ-ਸੁਣਨ ਤੋਂ ਪਰੇ ਹੈ। ਕਦੇ ਦੇਖਿਆ-ਸੁਣਿਆ ਹੈ ਕਿ ਇਕ ਦੇਸ ਦਾ ਪ੍ਰਧਾਨ ਮੰਤਰੀ ਸੱਤਾ ਦੀ ਲਾਲਸਾ ਵਿਚ ਆਪਣੇ ਦੇਸ ਦੇ ਨਾਗਰਿਕਾਂ ਨੂੰ ਮਰਦਿਆਂ ਛੱਡ ਕੇ ਲਾਸ਼ਾਂ ਦੇ ਉਤੋਂ ਦੀ ਲੰਘ ਕੇ ਹਰ ਹਾਲਤ ਵਿਚ ਚੋਣਾਂ ਜਿੱਤਣ ਨੂੰ ਤਰਜੀਹ ਦਿੰਦਾ ਹੋਵੇ!

ਕਿਸੇ ਗ੍ਰਹਿ ਮੰਤਰੀ, ਮੰਤਰੀ, ਮੁੱਖ ਮੰਤਰੀਆਂ ਤੇ ਆਪਣੇ ਆਪ ਨੂੰ ਵੱਡੀ ਦੇਸ ਭਗਤ, ਸਮਾਜਿਕ ਸੰਸਕ੍ਰਿਤੀ ਦੀ ਝੰਡਾਬਰਦਾਰ ਕਹਾਉਣ ਵਾਲੀ ਆਰ. ਐਸ. ਐਸ. ਨੂੰ ਵੀ ਕੋਈ ਫਿਕਰ ਨਹੀਂ, ਜੋ ਪੂਰੇ ਸੰਗਠਨ ਨੂੰ ਪੱਛਮੀ ਬੰਗਾਲ ਵਿਚ ਝੋਕ ਚੁਕੀ ਸੀ। ਝਾਰਖੰਡ, ਬਿਹਾਰ, ਉਤਰ ਪ੍ਰਦੇਸ਼ ਦੇ 10 ਹਜ਼ਾਰ ਸੰਘੀਆਂ ਨੂੰ ਤਾਇਨਾਤ ਕਰ ਦਿੱਤਾ ਗਿਆ, ਤਾਂ ਕਿ ਇਸ ਲਾਲਸਾ ਦੀ ਪੂਰਤੀ ਲਈ ਮੋਦੀ-ਸ਼ਾਹ ਤੇ ਇਨ੍ਹਾਂ ਦੇ ਹਿੰਦੂਤਵ ਦਾ ਪਰਚਮ ਲਹਿਰਾਉਂਦਾ ਰਹੇ। ਆਜ਼ਾਦੀ ਤੋਂ ਬਾਅਦ ਕਿਸੇ ਵੀ ਪ੍ਰਧਾਨ ਮੰਤਰੀ ਨੇ ਅਜਿਹੇ ਮਾੜੇ ਹਾਲਤ ਨਹੀਂ ਪੈਦਾ ਹੋਣ ਦਿੱਤੇ, ਜਦੋਂ ਦੇਸ ਨੂੰ ਭਿਆਨਕ ਤ੍ਰਾਸਦੀ ਦਾ ਸਾਹਮਣਾ ਕਰਨਾ ਪਿਆ ਹੋਵੇ।

ਇੰਨੇ ਗੰਭੀਰ ਹਾਲਤ ਇਕ ਦਮ ਨਹੀਂ ਹੋਏ, ਸਗੋਂ ਇਹ ਸਿਲਸਿਲਾ ਤਾਂ 'ਨਮਸਤੇ ਟਰੰਪ' ਤੋਂ ਸ਼ੁਰੂ ਹੋ ਕੇ, ਫਿਰ ਮੱਧ ਪ੍ਰਦੇਸ਼ ਸਰਕਾਰ ਬਣਾਉਣ ਲਈ ਭੰਨ-ਤੋੜ ਤੇ ਫਿਰ ਬਿਹਾਰ ਦੀਆਂ ਚੋਣਾਂ ਜਿੱਤਣ ਤੋਂ ਅੱਜ ਇਹ ਪੰਜ ਰਾਜਾਂ ਦੀਆਂ ਚੋਣਾਂ ਤਕ ਬਾਦਸਤੂਰ ਜਾਰੀ ਰਿਹਾ। ਜ਼ਿਲਾ ਪੱਧਰ 'ਤੇ 12 ਤੋਂ 16 ਸੌ ਆਰ. ਐਸ. ਐਸ. ਕਾਰਕੁਨ ਤੇ ਇੰਨੀ ਹੀ ਤਾਦਾਦ ਵਿਚ ਪਾਰਟੀ ਹਮਦਰਦ/ਵਰਕਰ ਵੀ ਫੈਲੇ ਹੋਏ ਸਨ। ਕਰੋਨਾ ਮਹਾਮਾਰੀ ਵੀ ਬਰਾਬਰ ਕਹਿਰ ਵਰਤਾਉਂਦੀ ਰਹੀ। ਪ੍ਰਧਾਨ ਮੰਤਰੀ ਨੇ 23 ਅਪਰੈਲ ਦੀ ਵਰਚੂਅਲ ਰੈਲੀ ਵਿਚ ਕਲਕੱਤਾ, ਵੀਰਭੂੰਮ,



ਮਾਲਦਾ, ਪੱਛਮੀ ਵਰਦਾਨ (ਵਰਧਮਾਨ) ਵਿਚ ਸੈਂਕੜੇ ਐਲ. ਈ. ਡੀ. ਲਾ ਕੇ ਲੋਕਾਂ ਨੂੰ ਸੰਬੋਧਨ ਕਰਦੇ ਹਨ। ਇਸ ਦਿਨ ਕਰੀਬ 23,600 ਲੋਕਾਂ ਦੀ ਮੌਤ ਹੋ ਚੁਕੀ ਸੀ। 27 ਅਪਰੈਲ ਨੂੰ ਚੋਣ ਪ੍ਰਚਾਰ ਦੇ ਆਖਰੀ ਦਿਨ ਪ੍ਰਦੇਸ਼ ਵਿਚ 3293 ਲੋਕਾਂ ਦੀ ਮੌਤ ਹੋਈ। ਕਰੋਨਾ ਨਾਲ ਮਰ ਰਹੇ ਲੋਕਾਂ ਪ੍ਰਤੀ ਸੰਵੇਦਨਾ, ਅਫਸੋਸ ਜਾਂ ਦੁੱਖ ਦਾ ਕੋਈ ਸ਼ਿਕਨ ਤਕ ਪ੍ਰਧਾਨ ਮੰਤਰੀ ਦੇ ਚਿਹਰੇ 'ਤੇ ਨਹੀਂ ਸੀ। ਦੂਜੇ ਪਾਸੇ ਦੇਸ ਦੇ ਗ੍ਰਹਿ ਮੰਤਰੀ ਆਪਣਾ ਗ੍ਰਹਿ ਦੇਖਣ ਦੀ ਥਾਂ ਰੈਲੀ, ਰੋਡ ਸ਼ੋਅ, ਗਰੀਬਾਂ ਨੂੰ ਭੁਚਲਾਉਣ ਲਈ ਉਨ੍ਹਾਂ ਦੇ ਘਰਾਂ ਵਿਚ ਭੋਜਨ ਕਰਨਾ ਆਦਿ ਚੋਣ ਲੁਭਾਉਣੇ ਕਾਰਜਾਂ ਵਿਚ ਮਸਰੂਫ ਸਨ। ਇਹ ਉਦੋਂ ਹੋ ਰਿਹਾ ਸੀ, ਜਦੋਂ ਦੇਸ ਦੀ ਜਨਤਾ ਆਕਸੀਜਨ, ਦਵਾਈਆਂ, ਵੈਂਟੀਲੇਟਰ ਦੀ ਘਾਟ ਨਾਲ ਹਸਪਤਾਲਾਂ, ਸੜਕਾਂ 'ਤੇ ਦਮ ਤੋੜ ਰਹੀ ਸੀ ਤੇ ਵਾਰਸ ਆਪਣਿਆਂ ਨੂੰ ਤੜਫ ਤੜਫ ਕੇ ਮੌਤ ਦੇ ਮੂੰਹ ਵਿਚ ਜਾਂਦਾ ਦੇਖ ਰਹੇ ਸਨ।

2019 ਵਿਚ ਲੋਕਾਂ ਨੂੰ ਲਗਦਾ ਸੀ ਕਿ ਉਹ ਦੇਸ ਦੇ ਪ੍ਰਧਾਨ ਮੰਤਰੀ ਨੂੰ ਚੁਣ ਰਹੇ ਹਨ, ਲੋਕਾਂ ਨੂੰ ਕੀ ਪਤਾ ਸੀ ਕਿ ਉਹੋ ਹੀ ਪ੍ਰਧਾਨ ਮੰਤਰੀ ਦੇਸ ਦੀ ਰਿਆਇਆ ਦੇ ਭਲੇ ਦੀ ਥਾਂ ਆਪਣੀ ਸੱਤਾ ਦੀ ਭੁੱਖ ਪੂਰਤੀ ਲਈ ਰਾਜ ਦਰ ਰਾਜ ਚੋਣ ਲੜਦਾ ਜਾਵੇਗਾ। ਦੇਸ ਦੇ ਲੋਕਾਂ ਦੇ ਖੂਨ ਪਸੀਨੇ ਦੀ ਕਮਾਈ ਦੇ ਟੈਕਸਾਂ ਦਾ ਪੈਸਾ ਤੇ ਬਹੁਤ ਸਾਰਾ ਕੀਮਤੀ ਸਮਾਂ ਸਿਰਫ ਸੱਤਾ ਹਾਸਲ ਕਰਨ 'ਤੇ ਜ਼ਾਇਆ ਕਰੇਗਾ।

2 ਜੂਨ 1975 ਵਿਚ ਅਲਾਹਾਬਾਦ ਹਾਈਕੋਰਟ ਨੇ ਇੰਦਰਾ ਗਾਂਧੀ ਦੀ ਦੀ ਰਾਏਬਰੇਲੀ ਚੋਣ ਇਸ ਕਰਕੇ ਰੱਦ ਕਰ ਦਿੱਤੀ ਸੀ ਕਿ ਇੱਕ ਸਰਕਾਰੀ ਅਧਿਕਾਰੀ ਯਸ਼ਪਾਲ ਕਪੂਰ ਉਸ ਦਾ ਚੋਣ ਏਜੰਟ ਸੀ। ਮਰਹੂਮ ਪ੍ਰਧਾਨ ਮੰਤਰੀ ਤੋਂ ਹਾਰਨ ਵਾਲੇ ਸਮਾਜਵਾਦੀ ਨੇਤਾ ਰਾਜ ਨਰਾਇਣ ਸਿੰਘ ਨੇ ਉਕਤ ਕਾਰਨ ਨੂੰ ਆਧਾਰ ਬਣਾ ਕੇ ਇਲਾਹਾਬਾਦ ਹਾਈਕੋਰਟ ਵਿਚ ਇੰਦਰਾ ਗਾਂਧੀ ਦੀ ਜਿੱਤ ਦਾ ਵਿਰੋਧ ਕੀਤਾ ਸੀ। ਅਦਾਲਤ ਨੇ ਕਾਰਵਾਈ ਕਰਦਿਆਂ ਇਸ ਚੋਣ ਨੂੰ ਰੱਦ ਕਰਨ ਦੇ ਆਦੇਸ਼ ਦਿੱਤੇ ਸਨ। ਇਹ ਗੱਲ 1971 ਦੀ ਸੰਸਦੀ ਚੋਣਾਂ ਦੀ ਹੈ। ਭਾਵੇਂ 25 ਜੂਨ 1975 ਨੂੰ ਇੰਦਰਾ ਨੇ ਦੇਸ ਵਿਚ ਐਮਰਜੈਂਸੀ ਲਾ ਦਿੱਤੀ ਸੀ, ਜਿਸ ਦਾ ਆਧਾਰ ਇਸ ਕੋਰਟ ਦਾ ਫੈਸਲਾ ਬਣਿਆ ਦੱਸਿਆ ਜਾਂਦਾ ਹੈ। ਜੱਜ ਜਗਮੋਹਣ ਲਾਲ ਸਿਨਹਾ ਨੂੰ ਸੁਪਰੀਮ ਕੋਰਟ ਦਾ ਜੱਜ ਬਣਾਉਣ ਦਾ ਲਾਲਚ ਤਕ ਦਿੱਤਾ ਗਿਆ, ਪਰ ਉਸ ਨੇ ਕਿਸੇ ਵੀ ਲਾਲਚ ਦੀ ਥਾਂ ਅਦਾਲਤ ਦੇ ਸਨਮਾਨ ਨੂੰ ਤਰਜੀਹ ਦਿੱਤੀ ਤੇ ਉਸ ਦਾ ਇਹ ਫੈਸਲਾ ਇਤਿਹਾਸਕ ਹੋ ਨਿਬੜਿਆ। ਮੌਜੂਦਾ ਭਾਜਪਾ ਰਾਜ ਦੌਰਾਨ ਚੋਣ ਅਧਿਕਾਰੀ ਪੂਰੀ ਚੋਣ ਰੈਲੀ ਨੂੰ ਆਯੋਜਿਤ, ਭੀੜ ਇਕੱਠੀ ਕਰਨ, ਸਾਊਂਡ, ਸਿਆਸੀ ਜੋੜ-ਤੋੜ ਸਮੇਤ ਬਾਕੀ ਸਾਰੇ ਪ੍ਰਬੰਧ ਦੇਖ ਰਹੇ ਸਨ। ਨੌਕਰਸ਼ਾਹਾਂ ਦੀ ਵੱਡੀ ਗਿਣਤੀ ਸਮੇਤ ਚੋਣ ਕਮੀਸ਼ਨ ਦੇ ਪੱਛਮੀ ਬੰਗਾਲ ਦੇ ਚੋਣ ਦੰਗਲ ਵਿਚ

(ਬਾਕੀ ਸਫਾ 19 ਉਤੇ)

*ਅਰੁੰਧਤੀ ਰਾਏ ਭਾਰਤ ਵਿਚ ਰਹਿਣ ਵਾਲੀ ਐਸੀ ਲਿਖਾਰੀ ਹੈ ਜਿਸ ਨੂੰ ਪੜ੍ਹ ਕੇ ਪਾਠਕ ਆਪਣਾ ਵਿਚਾਰ ਬਣਾਉਂਦੇ ਹਨ, ਚਾਹੇ ਉਹ ਭਾਰਤ ਦੀ ਸਿਆਸਤ ਹੋਵੇ, ਸੰਸਾਰੀਕਰਨ ਹੋਵੇ ਜਾਂ ਕਰੋਨਾ ਵਾਇਰਸ ਦੀ ਮਹਾਮਾਰੀ ਹੋਵੇ। ਅਰੁੰਧਤੀ ਰਾਏ ਨੇ ਇਨ੍ਹਾਂ ਤਮਾਮ ਵਿਸ਼ਿਆਂ ਉਪਰ ਨੈਤਿਕ ਸਪਸ਼ਟਤਾ ਅਤੇ ਮਨੋਰਥ ਤਹਿਤ ਲਿਖਿਆ ਹੈ। ਸ਼ਾਇਦ ਇਹ ਕਹਿਣਾ ਵਧੇਰੇ ਢੁੱਕਵਾਂ ਹੋਵੇਗਾ ਕਿ ਉਹ ਅਜਿਹੀ ਦਮਦਾਰ ਲਿਖਾਰੀ ਹੈ ਜੋ ਬਹੁਤ ਬੇਬਾਕੀ ਨਾਲ ਆਪਣੇ ਆਲੇ-ਦੁਆਲੇ ਵਾਪਰ ਰਹੀਆਂ ਘਟਨਾਵਾਂ ਨੂੰ ਵੰਨ-ਸਵੰਨੇ ਰੂਪਾਂ ਵਿਚ ਪੇਸ਼ ਕਰਨ ਦੀ ਕੋਸ਼ਿਸ਼ ਕਰਦੀ ਹੈ। ਹਾਲ ਹੀ ਵਿਚ 'ਨਿਊ ਸਟੇਟਸਮੈਨ' (ਅਮਰੀਕਾ) ਰਸਾਲੇ ਦੀ ਸੰਪਾਦਕ ਐਮਿਲੀ ਟੈਮਕਿਨ ਨੇ ਅਰੁੰਧਤੀ ਰਾਏ ਨਾਲ ਈਮੇਲ ਜ਼ਰੀਏ ਲੰਮੀ ਇੰਟਰਵਿਊ ਕੀਤੀ। ਉਹ ਹਫਤਾਵਾਰ 'ਗਲੋਬਲ ਅਫੇਅਰਜ਼ ਪੌਡਕਾਸ ਵਰਲਡ ਵਿਊ' ਦੀ ਸਹਿ-ਪੇਸ਼ਕਾਰ ਵੀ ਹੈ। 'ਨਿਊ ਸਟੇਟਸਮੈਨ' ਨੇ ਅਰੁੰਧਤੀ ਰਾਏ ਤੋਂ ਭਾਰਤ, ਸਰਮਾਏਦਾਰੀ, ਰਾਸ਼ਟਰਵਾਦ, ਸਾਹਿਤ ਅਤੇ ਸਿਆਸਤ ਉਪਰ ਸੱਤ ਸਵਾਲ ਪੁੱਛੇ ਸਨ। ਇਸ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। ਇਸ ਮੁਲਾਕਾਤ ਵਿਚ ਉਸ ਨੇ ਇਨ੍ਹਾਂ ਮੁੱਦਿਆਂ ਅਤੇ ਮਸਲਿਆਂ ਬਾਰੇ ਖੁੱਲ੍ਹ ਕੇ ਆਪਣੇ ਵਿਚਾਰ ਰੱਖੇ ਹਨ। ਅਸੀਂ ਆਪਣੇ ਪਾਠਕਾਂ ਲਈ ਇਹ ਮੁਲਾਕਾਤ ਪੇਸ਼ ਕਰ ਰਹੇ ਹਾਂ।*

# ਸਰਮਾਏਦਾਰੀ ਕਤਲੇਆਮ ਦਾ ਹਥਿਆਰ ਬਣੀ: ਅਰੁੰਧਤੀ ਰਾਏ

**ਐਮਿਲੀ ਟੈਮਕਿਨ:** ਕੁਝ ਸਮਾਂ ਪਹਿਲਾਂ (ਸ਼ਾਇਦ 2019 ਵਿਚ) ਤੁਹਾਡੀ 'ਅਲਜਬਰਾ ਆਫ ਇਨਫਾਈਨਾਈਟ ਜਸਟਿਸ' ਕਿਤਾਬ ਪੜ੍ਹ ਰਹੀ ਸੀ। ਤੁਸੀਂ ਉਸ ਵਿਚ ਜੋ ਲਿਖਿਆ ਹੈ, ਉਹ ਹਾਲਾਂਕਿ ਕੋਈ ਦੋ ਦਹਾਕੇ ਪਹਿਲਾਂ ਦੀ ਗੱਲ ਹੈ, ਲੇਕਿਨ ਮੈਨੂੰ ਇਉਂ ਲੱਗਾ ਕਿ ਤੁਸੀਂ ਉਦੋਂ ਜੋ ਕਿਹਾ ਅਤੇ ਜਿਸ ਬਾਰੇ ਚਿਤਾਵਨੀ ਦਿੱਤੀ ਸੀ, ਖਾਸ ਕਰ ਕੇ ਭਾਰਤ ਦੀ ਸਿਆਸਤ ਦੇ ਪ੍ਰਸੰਗ ਵਿਚ, ਉਹੀ ਅੱਜ ਵਾਪਰ ਰਿਹਾ ਹੈ। ਕੀ ਭਾਰਤੀ ਸਮਾਜ ਦੇ ਕੋਈ ਐਸੇ ਪਹਿਲੂ ਹਨ ਜਿਨ੍ਹਾਂ ਬਾਰੇ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਉਸ ਵਕਤ ਖਾਸ ਤੌਰ 'ਤੇ ਭਵਿੱਖਬਾਣੀ ਕਰ ਰਹੇ ਸੀ?

**ਅਰੁੰਧਤੀ ਰਾਏ:** ਆਪਣੇ ਆਪ ਨੂੰ ਨਜੂਮੀ ਕਹਿਣਾ ਨਾ ਸਿਰਫ ਆਪਣੀ ਪਿੱਠ ਥਾਪੜਨਾ ਹੋਵੇਗਾ ਸਗੋਂ ਬਹੁਤ ਸਾਰੇ ਹੋਰ ਲੋਕਾਂ ਨੂੰ ਸੌਖਿਆਂ ਹੀ ਬਖਸ਼ ਦੇਣਾ ਵੀ ਹੋਵੇਗਾ; ਖਾਸ ਕਰ ਕੇ ਜਿਨ੍ਹਾਂ ਚੀਜ਼ਾਂ ਬਾਰੇ ਮੈਂ ਲਿਖ ਰਹੀ ਸੀ, ਉਨ੍ਹਾਂ ਵਿਚੋਂ ਜ਼ਿਆਦਾਤਰ ਸਾਡੀਆਂ ਅੱਖਾਂ ਸਾਹਮਣੇ ਵਾਪਰ ਰਹੀਆਂ ਸਨ ਅਤੇ ਇਸ ਤੋਂ

**ਮੁਲਾਕਾਤ**

**ਅਰੁੰਧਤੀ ਰਾਏ**
**ਐਮਿਲੀ ਟੈਮਕਿਨ**

**ਅਨੁਵਾਦ: ਬੂਟਾ ਸਿੰਘ**

ਵੀ ਮਹੱਤਵਪੂਰਨ ਗੱਲ ਇਹ ਕਿ ਸਾਡੇ ਵਿਚੋਂ ਲੱਖਾਂ-ਕਰੋੜਾਂ ਲੋਕ ਨੇ ਇਸ ਨੂੰ ਹੱਡੀਂ ਹੰਡਾਇਆ ਹੈ, ਮਹਿਸੂਸ ਕੀਤਾ ਹੈ।

ਤੁਸੀਂ ਜਿਸ ਕਿਤਾਬ ਦਾ ਜ਼ਿਕਰ ਕੀਤਾ ਹੈ, ਉਸ ਵਿਚ ਵੱਖ-ਵੱਖ ਵਿਸ਼ਿਆਂ ਉਪਰ ਲੇਖ ਹਨ, ਉਸ ਵਿਚ ਭਾਰਤ ਦੇ ਪਰਮਾਣੂ ਤਜਰਬੇ ਉਪਰ ਲੇਖ ਹੈ, ਵੱਡੇ ਡੈਮਾਂ ਅਤੇ ਉਨ੍ਹਾਂ ਖਿਲਾਫ ਨਰਮਦਾ ਘਾਟੀ ਦੇ ਲੋਕ ਅੰਦੋਲਨ ਉਪਰ ਲੇਖ ਹੈ, ਪਾਣੀ-ਬਿਜਲੀ ਅਤੇ ਹੋਰ ਬੁਨਿਆਦੀ ਢਾਂਚੇ ਦੇ ਨਿੱਜੀਕਰਨ, ਨਿਆਂਇਕ ਸੁਤੰਤਰਤਾ, ਮੀਡੀਆ ਅਤੇ ਲੋਕਤੰਤਰ ਨੂੰ ਬਚਾਉਣ ਵਾਲੀਆਂ ਹੋਰ ਸੰਸਥਾਵਾਂ ਨੂੰ ਲਗਾਤਾਰ ਲੱਗ ਰਹੇ ਖੋਰੇ ਉਪਰ ਲੇਖ ਹਨ।

ਇਸ ਕਿਤਾਬ ਵਿਚ 'ਲੋਕਤੰਤਰ ਕਿਸ ਬਲਾ ਦਾ ਨਾਮ ਹੈ' ਸਿਰਲੇਖ ਵਾਲਾ ਲੇਖ ਵੀ ਹੈ। ਇਹ ਲੇਖ ਗੁਜਰਾਤ ਵਿਚ 2002 ਵਿਚ ਦੰਗਈ ਹਿੰਦੂ ਹਜੂਮ ਵੱਲੋਂ ਮੁਸਲਮਾਨਾਂ ਦੇ ਕਤਲੇਆਮ ਬਾਰੇ ਹੈ, ਜਦ ਨਰਿੰਦਰ ਮੋਦੀ ਉਥੋਂ ਦਾ ਮੁੱਖ ਮੰਤਰੀ ਸੀ। ਉਹ ਅਜਿਹੀ ਘਟਨਾ ਸੀ ਜਿਸ ਨੇ ਉਸ ਨੂੰ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.), ਜੋ ਲੱਗਭੱਗ ਸੌ ਸਾਲ ਦੇ ਆਪਣੇ ਕਾਲ 'ਚ ਮੁਲਕ ਦੀ ਸਭ ਤੋਂ ਤਾਕਤਵਰ ਜਥੇਬੰਦੀ ਬਣ ਚੁੱਕਾ ਹੈ - ਦੇ ਅਦਨੇ ਪ੍ਰਚਾਰਕ ਤੋਂ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਪਹੁੰਚਾ ਦਿੱਤਾ। ਉਹ ਇਸੇ ਕਾਂਡ ਕਾਰਨ ਪ੍ਰਧਾਨ ਮੰਤਰੀ ਬਣਿਆ ਹੈ।

2002 ਦਾ ਗੁਜਰਾਤ ਕਤਲੇਆਮ ਭਵਿੱਖਬਾਣੀ ਕਰਨ ਵਾਲੇ ਸਵਾਲ ਨੂੰ ਘੋਖਣ-ਪਰਖਣ ਦਾ ਵਧੀਆ ਤਰੀਕਾ ਹੈ। ਉਸ ਸਾਲ ਫਰਵਰੀ ਅਤੇ ਮਾਰਚ ਦੇ ਵਿਚਕਾਰਲੇ ਹਫਤੇ 'ਚ ਟਰੇਨ ਦੇ ਇਕ ਡੱਬੇ ਅੰਦਰ ਹੋਈ ਅੱਗਜ਼ਨੀ 'ਚ 59 ਹਿੰਦੂ ਤੀਰਥ ਯਾਤਰੀ ਮਾਰੇ ਗਏ ਸਨ। ਇਸ ਦੇ ਬਦਲੇ ਗੁਜਰਾਤ ਦੇ ਪਿੰਡਾਂ ਅਤੇ ਸ਼ਹਿਰਾਂ ਵਿਚ ਹਜ਼ਾਰ ਤੋਂ ਵਧੇਰੇ ਮੁਸਲਮਾਨਾਂ ਨੂੰ ਜਥੇਬੰਦ ਹਜੂਮ ਨੇ ਮਾਰ ਦਿੱਤਾ ਸੀ। ਔਰਤਾਂ ਨਾਲ ਸਮੂਹਿਕ ਜਬਰ-ਜਨਾਹ ਕੀਤਾ ਗਿਆ ਅਤੇ ਉਨ੍ਹਾਂ ਨੂੰ ਜ਼ਿੰਦਾ ਜਲਾ ਦਿੱਤਾ ਗਿਆ, ਇਕ ਲੱਖ ਤੋਂ ਵਧੇਰੇ ਲੋਕਾਂ ਨੂੰ ਬੇਘਰ ਕਰ ਦਿੱਤਾ ਗਿਆ। ਕਤਲੇਆਮ ਨੂੰ ਰਾਸ਼ਟਰੀ ਚੈਨਲਾਂ ਉਪਰ ਸਿੱਧਾ ਪ੍ਰਸਾਰਿਤ ਕੀਤਾ ਗਿਆ। ਅਸੀਂ ਸਾਰਿਆਂ ਨੇ ਮੁੱਖ ਮੰਤਰੀ ਮੋਦੀ ਦੇ ਕਰੂਰ ਅਤੇ ਭੜਕਾਊ ਭਾਸ਼ਣ ਸੁਣੇ ਹਨ। ਇਸ ਤੋਂ ਬਾਅਦ 'ਤਹਿਲਕਾ' ਰਸਾਲੇ ਲਈ ਕੰਮ ਕਰਨ ਵਾਲੇ ਪੱਤਰਕਾਰ ਆਸ਼ੀਸ਼ ਖੇਤਾਨ ਨੇ ਅੰਡਰ-ਕਵਰ ਰਹਿ ਕੇ ਸਟਿੰਗ ਅਪਰੇਸ਼ਨ ਕੀਤਾ



ਐਮਿਲੀ ਟੈਮਕਿਨ

***ਬੁਨਿਆਦੀ ਗੱਲ ਇਹ ਹੈ ਕਿ ਅਸੀਂ ਕੀ ਦੇਖਣਾ ਚਾਹੁੰਦੇ ਹਾਂ ਅਤੇ ਕਿਸ ਨੂੰ ਅਸੀਂ ਨਜ਼ਰਅੰਦਾਜ਼ ਕਰ ਦੇਣਾ ਚਾਹੁੰਦੇ ਹਾਂ। ਸਾਨੂੰ ਆਪਣੇ ਆਪ ਤੋਂ ਕੁਝ ਗੰਭੀਰ ਸਵਾਲ ਪੁੱਛਣੇ ਚਾਹੀਦੇ ਹਨ - ਇਸ ਲਈ ਨਹੀਂ ਕਿ ਅਸੀਂ ਵਿਚਾਰਧਾਰਕ ਸ਼ੁੱਧਤਾ ਖੋਜ ਲੈਣੀ ਹੈ ਜਾਂ ਦੋਸ਼ਰਹਿਤ ਹੋ ਕੇ ਕੰਮ ਕਰਨਾ ਹੈ ਜਾਂ ਫਿਰ ਅਸੀਂ ਕੋਈ ਐਸੀ ਆਲਮੀ ਦ੍ਰਿਸ਼ਟੀ ਅਖਤਿਆਰ ਕਰ ਲੈਣੀ ਹੈ ਜਿੱਥੇ ਲੋਕ ਜਾਂ ਤਾਂ ਸ਼ੁੱਧ ਲੋਟੂ ਹਨ ਜਾਂ ਸ਼ੁੱਧ ਲੁੱਟੇ ਜਾਣ ਵਾਲੇ।***



ਅਰੁੰਧਤੀ ਰਾਏ

ਜਿਸ ਵਿਚ ਕੁਝ ਕਾਤਲਾਂ ਅਤੇ ਬਲਾਤਕਾਰੀਆਂ ਨੇ ਆਪਣਾ ਜੁਰਮ ਗੱਜ-ਵੱਜ ਕੇ ਕਬੂਲ ਕੀਤਾ। ਉਸ ਭਿਆਨਕ ਟੇਪ ਨੂੰ ਟੀ.ਵੀ. ਚੈਨਲਾਂ ਉਪਰ ਦਿਖਾਇਆ ਗਿਆ ਜਿਸ ਨੂੰ ਅਸੀਂ ਸਾਰਿਆਂ ਨੇ ਦੇਖਿਆ। ਉਨ੍ਹਾਂ ਵਿਚੋਂ ਬਹੁਤ ਸਾਰੇ ਕਾਤਲਾਂ ਨੇ ਸ਼ਰੇਆਮ ਆਪਣੇ ਨਵੇਂ ਦਲੇਰ ਮੁੱਖ ਮੰਤਰੀ ਦੀ ਤਾਰੀਫ ਕਰਦੇ ਹੋਏ ਉਸ ਦਾ ਸ਼ੁਕਰਾਨਾ ਕੀਤਾ ਸੀ। ਆਪਣੀ ਹਾਲੀਆ ਕਿਤਾਬ 'ਅੰਡਰ ਕਵਰ: ਮਾਈ ਜਰਨੀ ਇਨ ਦਾ ਡਾਰਕਨੈੱਸ ਆਫ ਹਿੰਦੂਤਵ' ਵਿਚ ਆਸ਼ੀਸ਼ ਖੇਤਾਨ ਨੇ ਬਹੁਤ ਹੀ ਤਹੱਮਲ ਨਾਲ ਵਿਸਤਾਰ ਵਿਚ ਇਸ ਦਾ ਜ਼ਿਕਰ ਕੀਤਾ ਹੈ ਕਿ ਕਿਸ ਤਰ੍ਹਾਂ ਉਪਰ ਤੋਂ ਲੈ ਕੇ ਹੇਠਾਂ ਤੱਕ ਪੁਲਿਸ ਮਹਿਕਮੇ ਅਤੇ ਕਾਨੂੰਨੀ ਅਮਲ ਨੂੰ ਮੁਜਰਿਮਾਂ ਦੀ ਰੱਖਿਆ ਲਈ ਮਜਬੂਰ ਕਰ ਦਿੱਤਾ ਗਿਆ ਸੀ।

ਇਹੀ ਵਜ੍ਹਾ ਹੈ ਕਿ ਅੱਜ ਭਾਰਤ ਵਿਚ ਨਾ ਸਿਰਫ ਕਾਤਲ ਅਤੇ ਬਲਾਤਕਾਰੀ ਬੜੇ ਪੈਮਾਨੇ 'ਤੇ ਸ਼ਰੇਆਮ ਘੁੰਮ ਰਹੇ ਹਨ ਸਗੋਂ ਉਚੇ ਅਹੁਦਿਆਂ ਉਪਰ ਵੀ ਬਿਰਾਜਮਾਨ ਹਨ ਜਦਕਿ ਬਿਹਤਰੀਨ ਕਾਰਕੁਨ, ਵਕੀਲ, ਵਿਦਿਆਰਥੀ, ਟਰੇਡ ਯੂਨੀਅਨ ਦੇ ਆਗੂ ਅਤੇ ਦਹਿ-ਹਜ਼ਾਰਾਂ ਆਮ ਲੋਕ, ਮੁਸਲਮਾਨ, ਦਲਿਤ ਅਤੇ ਬੜੀ ਤਾਦਾਦ 'ਚ ਆਦਿਵਾਸੀ ਕਈ ਸਾਲਾਂ ਤੋਂ ਜੇਲ੍ਹ ਦੀ ਸਜ਼ਾ ਕੱਟ ਰਹੇ ਹਨ। ਬਿਨਾਂ ਕਿਸੇ ਕਾਰਨ।

ਮੇਰੇ ਕਹਿਣ ਦਾ ਭਾਵ ਇਹੀ ਹੈ ਕਿ 2002 ਦੇ ਗੁਜਰਾਤ ਕਾਂਡ ਤੋਂ ਬਾਅਦ ਇਹ ਸਮਝਣ ਲਈ ਨਜੂਮੀ ਹੋਣ ਦੀ ਜ਼ਰੂਰਤ ਨਹੀਂ ਸੀ ਕਿ ਮੋਦੀ ਕਿਸ ਮਿੱਟੀ ਦਾ ਬਣਿਆ ਹੋਇਆ ਹੈ, ਆਰ.ਐਸ.ਐਸ. ਕਿਸ ਦੀ ਨੁਮਾਇੰਦਗੀ ਕਰਦਾ ਹੈ ਅਤੇ ਜੇ ਮੌਕਾ ਮਿਲਿਆ ਤਾਂ ਭਾਰਤੀ ਜਨਤਾ ਪਾਰਟੀ ਮੁਲਕ ਨਾਲ ਕੀ ਕੁਝ ਕਰ ਸਕਦੀ ਹੈ। ਇਨ੍ਹਾਂ ਵਿਚੋਂ ਕਿਸੇ ਨੂੰ ਵੀ ਆਪਣੀ ਮਨਸ਼ਾ ਜ਼ਾਹਿਰ ਕਰਨ 'ਚ ਕੋਈ ਸ਼ਰਮ ਨਹੀਂ ਸੀ, ਮੋਦੀ ਨੂੰ ਤਾਂ ਬਿਲਕੁਲ ਵੀ ਨਹੀਂ। ਇਸ ਦੇ ਬਾਵਜੂਦ, ਕਤਲੇਆਮ ਤੋਂ ਬਾਅਦ ਭਾਰਤ ਦੇ ਸਭ ਤੋਂ ਵੱਡੇ ਕਾਰੋਬਾਰੀਆਂ ਨੇ ਪ੍ਰਧਾਨ ਮੰਤਰੀ ਦੇ ਉਮੀਦਵਾਰ ਦੇ ਰੂਪ ਵਿਚ ਉਸ ਦੀ ਹਮਾਇਤ ਕੀਤੀ। ਮੀਡੀਆ ਨੇ ਤੁਰੰਤ ਉਸ ਨੂੰ 'ਵਿਕਾਸ ਪੁਰਸ਼ ਪ੍ਰਧਾਨ ਮੰਤਰੀ' ਦੇ ਰੂਪ 'ਚ ਪੇਸ਼ ਕਰਨਾ ਸ਼ੁਰੂ ਕਰ ਦਿੱਤਾ। ਕਈ ਉਦਾਰਵਾਦੀ ਬੁੱਧੀਜੀਵੀ ਸਿਰਫ ਇਸ ਕਰ ਕੇ ਮੇਰੇ ਵਰਗਿਆਂ ਦੇ ਖਿਲਾਫ ਹੋ ਗਏ ਕਿ ਅਸੀਂ ਉਸ ਦੀ ਆਲੋਚਨਾ ਬੰਦ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਜਦ ਉਨ੍ਹਾਂ ਦੇ ਵਿਛਾਏ ਲਾਲ ਗਲੀਚੇ 'ਤੇ ਤੁਰਦਿਆਂ ਮੋਦੀ ਦਿੱਲੀ ਦੇ ਤਖਤ 'ਤੇ ਬਿਰਾਜਮਾਨ ਹੋਇਆ, ਤਾਂ ਵੱਡੇ-ਵੱਡੇ ਸੰਪਾਦਕ, ਪੱਤਰਕਾਰ ਅਤੇ ਬੁੱਧੀਜੀਵੀ ਝੂਮ ਉਠੇ। ਹੁਣ ਉਨ੍ਹਾਂ ਵਿਚੋਂ ਕਈਆਂ ਦਾ ਉਸ ਤੋਂ ਮੋਹਭੰਗ ਹੋ ਚੁੱਕਾ ਹੈ ਅਤੇ ਉਹ ਉਸ ਦੇ ਆਲੋਚਕ ਬਣ ਗਏ ਹਨ, ਲੇਕਿਨ ਇਸ ਨਾਲ ਇਹ ਗੱਲ ਲੁਕੀ-ਛਿਪੀ ਨਹੀਂ ਰਹਿੰਦੀ ਕਿ ਕਿਵੇਂ ਇਨ੍ਹਾਂ ਲੋਕਾਂ ਨੇ ਗੁਜਰਾਤ ਕਤਲੇਆਮ ਅਤੇ ਉਸ ਵਿਚ ਮੋਦੀ ਵੱਲੋਂ ਨਿਭਾਈ ਭੂਮਿਕਾ ਨੂੰ ਉਦੋਂ ਸਹਿਜੇ ਹੀ ਹਜ਼ਮ ਕਰ ਲਿਆ ਸੀ।

ਇਸ ਲਈ ਮੈਂ ਇਸ ਨੂੰ ਆਪਣੀ ਭਵਿੱਖਬਾਣੀ ਨਹੀਂ ਕਹਾਂਗੀ। ਇਹ ਤਾਂ ਸਿਆਸਤ ਹੈ। ਬੁਨਿਆਦੀ ਗੱਲ ਇਹ ਹੈ ਕਿ ਅਸੀਂ ਕੀ ਦੇਖਣਾ ਚਾਹੁੰਦੇ ਹਾਂ ਅਤੇ ਕਿਸ ਨੂੰ ਅਸੀਂ ਨਜ਼ਰਅੰਦਾਜ਼ ਕਰ ਦੇਣਾ ਚਾਹੁੰਦੇ ਹਾਂ। ਸਾਨੂੰ ਆਪਣੇ ਆਪ ਤੋਂ ਕੁਝ ਗੰਭੀਰ ਸਵਾਲ ਪੁੱਛਣੇ ਚਾਹੀਦੇ ਹਨ - ਇਸ ਲਈ ਨਹੀਂ ਕਿ ਅਸੀਂ ਵਿਚਾਰਧਾਰਕ ਸ਼ੁੱਧਤਾ ਖੋਜ ਲੈਣੀ ਹੈ ਜਾਂ ਦੋਸ਼ਰਹਿਤ ਹੋ ਕੇ ਕੰਮ ਕਰਨਾ ਹੈ ਜਾਂ ਫਿਰ ਅਸੀਂ ਕੋਈ ਐਸੀ ਆਲਮੀ ਦ੍ਰਿਸ਼ਟੀ ਅਖਤਿਆਰ ਕਰ ਲੈਣੀ ਹੈ ਜਿੱਥੇ ਲੋਕ ਜਾਂ ਤਾਂ ਸ਼ੁੱਧ ਲੋਟੂ ਹਨ ਜਾਂ ਸ਼ੁੱਧ ਲੁੱਟੇ ਜਾਣ ਵਾਲੇ। ਗੱਲ ਇਸ ਤੋਂ ਐਨ ਉਲਟ ਹੈ, ਕਿਉਂਕਿ ਹਕੀਕੀ ਜ਼ਿੰਦਗੀ ਇਸ ਸਥਿਤੀ ਦੀ ਇਜਾਜ਼ਤ ਨਹੀਂ ਦਿੰਦੀ। ਲੇਕਿਨ ਘੱਟੋ-ਘੱਟ ਅਸੀਂ ਉਨ੍ਹਾਂ ਪੇਚੀਦਗੀਆਂ, ਉਨ੍ਹਾਂ ਵਿਰੋਧਤਾਈਆਂ ਦੇ ਪ੍ਰਤੀ ਤਾਂ ਇਮਾਨਦਾਰ ਹੋ ਹੀ ਸਕਦੇ ਹਾਂ ਜਿਨ੍ਹਾਂ ਦੇ ਅੰਦਰ ਅਸੀਂ ਜਿਊਂਦੇ ਹਾਂ, ਕੰਮ ਕਰਦੇ ਹਾਂ ਅਤੇ ਸੋਚਦੇ ਹਾਂ। ਜਿਵੇਂ ਕਿ ਜਾਨ ਬਰਜਰ ਨੇ ਲਿਖਿਆ ਹੈ - ਕੋਈ ਵੀ ਕਹਾਣੀ ਦੁਬਾਰਾ ਇਸ ਤਰ੍ਹਾਂ ਨਹੀਂ ਸੁਣਾਈ ਜਾ ਸਕਦੀ, ਜਿਵੇਂ ਉਹ ਇਕਲੌਤੀ ਹੋਵੇ। ਇਸ ਲਈ ਹੁਣ ਕੁਝ ਗੰਭੀਰ ਸਵਾਲ ਹਨ।

ਮਿਸਾਲ ਵਜੋਂ, ਕੀ ਮੈਂ ਤੁਕਬੰਦੀ ਕਰਨ ਵਾਲੀ ਉਹ ਨਾਵਲਕਾਰ ਹਾਂ ਜਿਸ ਨੇ ਕਦੇ ਇਸ ਗੱਲ ਉਪਰ ਧਿਆਨ ਹੀ ਨਹੀਂ ਦਿੱਤਾ ਕਿ ਜਿਸ ਮੁਲਕ 'ਚ ਉਹ ਰਹਿੰਦਾ ਹੈ ਉਥੇ ਸਮਾਜੀ ਭੇਦਭਾਵ ਦੀ ਸਭ ਤੋਂ ਕਰੂਰ ਵਿਵਸਥਾ ਕੰਮ ਕਰਦੀ ਹੈ, ਜਿਸ ਦਾ ਨਾਮ ਜਾਤੀ ਹੈ? ਕੀ ਮੈਂ ਭਾਰਤ ਦੀ ਉਹ ਮਨੁੱਖੀ ਹੱਕਾਂ ਦੀ ਕਾਰਕੁੰਨ ਹਾਂ ਜੋ ਕਸ਼ਮੀਰ ਦੇ ਫੌਜੀ ਕਬਜ਼ੇ, ਉਥੇ ਬੇਨਾਮ ਕਬਰਾਂ ਦੀ ਮੌਜੂਦਗੀ ਅਤੇ ਦਹਿ-ਹਜ਼ਾਰਾਂ ਜ਼ਿੰਦਗੀਆਂ ਨੂੰ ਖਤਮ ਕਰ ਦਿੱਤੇ ਜਾਣ ਉਪਰ ਖਾਮੋਸ਼ ਰਹਿੰਦੀ ਹਾਂ? ਜਾਂ ਫਿਰ ਇੰਞ ਹੈ ਕਿ ਮੈਂ ਕਸ਼ਮੀਰ ਲਈ ਤਾਂ ਬੋਲਦੀ ਹਾਂ ਲੇਕਿਨ ਇੰਤੇਫਾਦਾ ਦੀ ਸ਼ੁਰੂਆਤ 'ਚ ਉਥੇ ਮਾਰੇ ਗਏ ਹਜ਼ਾਰਾਂ ਕਸ਼ਮੀਰੀ ਪੰਡਤਾਂ ਤੋਂ ਮੂੰਹ ਮੋੜ ਲੈਂਦੀ ਹਾਂ ਜਾਂ ਫਿਰ ਬੰਗਲਾਦੇਸ਼ ਦੇ ਮੁਕਤੀ ਸੰਗਰਾਮ 'ਚ ਪਾਕਿਸਤਾਨੀ ਫੌਜ ਵੱਲੋਂ ਕੀਤੇ ਗਏ ਕਤਲੇਆਮ ਉਪਰ ਮੌਨ ਧਾਰ ਲੈਂਦੀ ਹਾਂ? ਕੀ ਮੈਂ ਉਹ ਮਾਰਕਸਵਾਦੀ ਹਾਂ ਜੋ ਗੁਲਾਗ ਨੂੰ ਖਾਰਿਜ ਕਰਦੀ ਹਾਂ? ਜਾਂ ਫਿਰ ਉਹ ਮੁਸਲਮਾਨ, ਜੋ ਮਹਾਂਨਾਸ ਤੋਂ ਇਨਕਾਰ ਕਰਦੀ ਹਾਂ? ਕੀ ਮੈਂ ਉਹ ਗਾਂਧੀਵਾਦੀ ਹਾਂ ਜੋ ਨਸਲ ਅਤੇ ਜਾਤੀ ਬਾਰੇ ਗਾਂਧੀ ਦੇ ਵਿਚਾਰਾਂ ਉਪਰ ਪਰਦਾ ਪਾਉਂਦੀ ਹਾਂ? ਜਾਂ ਫਿਰ ਮੈਂ ਉਨ੍ਹਾਂ ਲੋਕਾਂ 'ਚ ਸ਼ਾਮਿਲ ਹਾਂ ਜੋ ਜਮਾਤ ਨੂੰ ਤਾਂ ਦੇਖਦੇ ਹਨ ਲੇਕਿਨ ਜਾਤ ਨੂੰ ਨਹੀਂ ਦੇਖਦੇ ਜਾਂ ਫਿਰ ਇਸ ਤੋਂ ਉਲਟ?

ਕੀ ਮੈਂ ਉਹ ਪੱਤਰਕਾਰ ਜਾਂ ਜੱਜ ਹਾਂ ਜੋ ਸੱਤਾ ਦੇ ਤਲੇ ਚੱਟਦਾ ਹੈ ਅਤੇ ਅਵਾਮ ਨੂੰ ਕੀੜੇ-ਮਕੌੜੇ ਸਮਝਦਾ ਹੈ? ਕੀ ਮੈਂ ਜੰਗਲਾਂ 'ਚ ਆਦਿਵਾਸੀਆਂ ਦੇ ਕਤਲਾਂ 'ਚ ਸ਼ਾਮਲ ਖਣਨ ਕੰਪਨੀਆਂ ਦੀ ਪੁਸ਼ਤ-ਪਨਾਹੀ ਵਾਲੇ ਸਾਹਿਤ ਮਹਾ-ਉਤਸਵਾਂ ਦੀ ਬਾਕਾਇਦਾ ਵਕਤਾ ਹਾਂ ਜੋ ਉਨ੍ਹਾਂ ਦੇ ਮੰਚ ਉਪਰ ਜਾ ਕੇ ਵਿਚਾਰ-ਪ੍ਰਗਟਾਵੇ ਦੀ ਆਜ਼ਾਦੀ ਦਾ ਰਾਗ ਅਲਾਪਦੀ ਹਾਂ? ਜਾਂ ਫਿਰ ਮੈਂ ਸੰਤੁਲਨ ਬਣਾਉਣ ਵਾਲੇ ਉਨ੍ਹਾਂ ਉਦਾਰਵਾਦੀਆਂ ਦੀ ਤਰ੍ਹਾਂ ਹਾਂ ਜੋ ਬਹੁਗਿਣਤੀਵਾਦੀ ਫਾਸ਼ਿਸਟ ਰਾਜ ਸੱਤਾ ਵੱਲੋਂ ਕੀਤੇ ਗਏ ਕਤਲੇਆਮ ਅਤੇ ਟਾਕਰਾ ਅੰਦੋਲਨਾਂ 'ਚ ਗਾਹੇ-ਬਗਾਹੇ ਹੋਣ ਵਾਲੀ ਹਿੰਸਾ ਦਰਮਿਆਨ ਸਮਾਨਤਾ ਲੱਭਣ ਦੀ ਕੋਸ਼ਿਸ਼ ਕਰਦੇ ਹਨ? ਕੀ ਮੈਂ ਹਾਲੀਆ ਕਿਸਾਨ ਅੰਦੋਲਨ ਦੌਰਾਨ ਉਪਜੇ ਉਨ੍ਹਾਂ ਭੋਲੇਭਾਲੇ ਹਮਾਇਤੀਆਂ ਦੀ ਤਰ੍ਹਾਂ ਹਾਂ ਜੋ ਭੂ-ਜਲ ਸੰਕਟ, ਇਕ ਫਸਲੀ ਖੇਤੀ (ਮੋਨੋ-ਕਲਚਰ) ਦੇ ਖਤਰਿਆਂ ਅਤੇ ਖੇਤੀ 'ਚ ਅਖਾਉਤੀ ਹਰੇ ਇਨਕਲਾਬ ਦੇ ਨਤੀਜਿਆਂ ਬਾਰੇ ਕੁਝ ਜਾਨਣਾ ਨਹੀਂ ਚਾਹੁੰਦੇ? ਕੀ ਮੈਂ ਉਨ੍ਹਾਂ ਨਾਰੀਵਾਦੀਆਂ ਦੀ ਤਰ੍ਹਾਂ ਹਾਂ ਜੋ ਮੰਨਦੇ ਹਨ ਕਿ ਅਫਗਾਨਿਸਤਾਨ 'ਚ ਬੰਬਾਰੀ ਕਰਕੇ ਨਾਰੀਵਾਦ ਨੂੰ ਖਤਮ ਕੀਤਾ ਜਾ ਸਕਦਾ ਸੀ?

ਇਕੱਲੇ ਸਾਡੇ ਰਾਜ ਨੇਤਾ ਅਤੇ ਸਿਆਸੀ ਪਾਰਟੀਆਂ ਗੁਨਾਹਗਾਰ ਨਹੀਂ ਹਨ। ਗੁਨਾਹ ਇਕੱਲੇ ਸਾਡੇ ਮਸੀਹਾ ਬਣੇ ਆਗੂਆਂ ਅਤੇ ਉਨ੍ਹਾਂ ਦੇ ਗੁੰਡਿਆਂ ਦਾ ਵੀ ਨਹੀਂ ਹੈ। ਇਹ ਤਾਂ ਸਰਲੀਕਰਨ ਹੋਵੇਗਾ। ਲਿਹਾਜ਼ਾ, ਤੁਹਾਡੇ ਸਵਾਲ ਉਪਰ ਮੇਰਾ ਲੰਮਾ ਜਵਾਬ ਹੈ ਕਿ ਨਹੀਂ, ਮੈਂ ਨਹੀਂ ਮੰਨਦੀ ਕਿ ਮੈਂ ਨਜੂਮੀ ਸੀ।

**ਐਮਿਲੀ ਟੈਮਕਿਨ:** ਕੀ ਕੁਝ ਐਸੀਆਂ ਚੀਜ਼ਾਂ ਵੀ ਸਨ ਜਿਨ੍ਹਾਂ ਨੇ ਤੁਹਾਨੂੰ ਅਚੰਭਿਤ ਕੀਤਾ? ਮਤਲਬ ਤੁਸੀਂ ਜਿਵੇਂ ਸੋਚਿਆ, ਉਸ ਦੇ ਮੁਕਾਬਲੇ ਕਿਤੇ ਜ਼ਿਆਦਾ ਤੇਜ਼ੀ ਅਤੇ ਤੀਬਰਤਾ ਨਾਲ ਉਹ ਚੀਜ਼ਾਂ ਬਦਤਰ (ਜਾਂ ਬਿਹਤਰ) ਹੁੰਦੀਆਂ ਗਈਆਂ?

**ਅਰੁੰਧਤੀ ਰਾਏ:** ਹਾਂ, ਇਹ ਲੋਕ ਸਨ। ਲੋਕਾਂ ਨੇ ਦੋ ਬਿਲਕੁਲ ਅਲਹਿਦਾ ਤਰੀਕਿਆਂ ਨਾਲ ਮੈਨੂੰ ਅਚੰਭਿਤ ਕੀਤਾ ਹੈ। ਇਕ ਪਾਸੇ, ਮੈਨੂੰ ਇਸ ਗੱਲ ਨੂੰ ਲੈ ਕੇ ਹੈਰਾਨੀ ਹੁੰਦੀ ਹੈ ਜਦ ਨਫਰਤ ਦੇ ਬੀਜ ਬੀਜੇ ਜਾ ਰਹੇ ਸਨ ਤਾਂ ਸਾਡੀ ਜ਼ਮੀਨ ਕਿੰਨੀ ਜ਼ਰਖੇਜ਼ ਅਤੇ ਗ੍ਰਹਿਣਸ਼ੀਲ ਸੀ ਕਿ ਦੇਖਦੇ ਹੀ ਦੇਖਦੇ ਸਾਡੇ ਆਲੇ-ਦੁਆਲੇ ਏਨੀ ਤੇਜ਼ੀ ਨਾਲ ਸੰਘਣੇ ਜੰਗਲ ਉਗ ਆਏ। ਐਸੇ ਹਾਲਾਤ 'ਚ ਸਾਡਾ ਸਹਿਜ ਅਹਿਸਾਸ ਤਾਂ ਇਹੀ ਹੋਵੇਗਾ ਕਿ ਫਾਸ਼ੀਵਾਦ ਦਾ ਇਹ ਖਾਸ ਰੂਪ ਭਾਰਤੀ ਰਾਜ ਸੱਤਾ ਅਤੇ 'ਅਵਾਮ' ਦੀ ਦੁਵੱਲੀ ਭਾਈਵਾਲੀ ਦਾ ਨਤੀਜਾ ਹੈ। ਇਹ ਸਮਝਦਾਰੀ ਹਾਲਾਂਕਿ ਟੈਕਸਸ ਵਿਚ 'ਹਾਓਡੀ ਮੋਦੀ' ਸ਼ੋਅ ਵਿਚ ਜੈ-ਜੈਕਾਰ ਕਰਨ ਵਾਲੇ ਹਜੂਮ, ਮੋਦੀ/ਆਰ.ਐਸ.ਐਸ. ਦੇ ਤੰਤਰ ਵੱਲੋਂ ਤਕਰੀਬਨ ਆਪਣੀ ਇੱਛਾ ਅਨੁਸਾਰ ਢਾਲ ਲਏ ਮੁੱਖਧਾਰਾ ਭਾਰਤੀ ਮੀਡੀਆ, ਨੌਕਰਸ਼ਾਹੀ, ਨਿਆਂਪਾਲਿਕਾ, ਸੁਰੱਖਿਆ ਤਾਕਤਾਂ ਅਤੇ ਚੋਣ ਮਸ਼ੀਨਰੀ ਨੂੰ ਆਪਣੇ ਵੱਲੋਂ ਨੋਟਿਸ ਲੈਣ ਦੇ ਦਾਇਰੇ ਤੋਂ ਬਾਹਰ ਕਰ ਦਿੰਦੀ ਹੈ, ਜਦਕਿ ਇਹ ਸਾਰੇ ਮਿਲ ਕੇ ਸੱਤਾ ਦੀ ਸੇਵਾ 'ਚ ਉਸ ਦੇ ਪੈਰਾਂ 'ਚ ਵਿਛ ਚੁੱਕੇ ਹਨ। ਲਿਹਾਜ਼ਾ, ਹੁਣ ਅਸੀਂ ਇਸ ਸਥਿਤੀ 'ਚ ਨਹੀਂ ਰਹਿ ਗਏ ਜਿੱਥੇ ਕਿਸੇ ਵਿਅਕਤੀ ਵਿਸ਼ੇਸ਼ ਜਾਂ ਸਿਆਸੀ ਪਾਰਟੀ ਦੀ ਆਲੋਚਨਾ ਹਾਲਾਤ ਨੂੰ ਸਮਝਣ ਜਾਂ ਉਸ ਨੂੰ ਬਦਲਣ ਲਈ ਕਾਫੀ ਹੋਵੇ।

ਦੂਜੇ ਪਾਸੇ, ਜਦ ਵਿਰੋਧੀ-ਧਿਰ ਦੀਆਂ ਸਿਆਸੀ ਪਾਰਟੀਆਂ ਅਤੇ ਵੱਖ-ਵੱਖ ਜਥੇਬੰਦੀਆਂ ਨੇ ਲੋਕਤੰਤਰ 'ਚ ਨਿਗਰਾਨ ਅਤੇ ਸੰਤੁਲਨ ਦੀ ਭੂਮਿਕਾ ਨਿਭਾਉਣ ਦੀ ਆਪਣੀ ਜ਼ਿੰਮੇਵਾਰੀ ਤੋਂ ਪੱਲਾ ਝਾੜ ਲਿਆ ਹੋਵੇ, ਉਨ੍ਹਾਂ ਹਾਲਾਤ 'ਚ ਲੋਕਾਂ ਨੇ ਉਸ ਦੀ ਖਾਲੀ ਹੋਈ ਜਗ੍ਹਾ ਭਰਨ ਦਾ ਕੰਮ ਕੀਤਾ ਹੈ। ਐਨ ਉਸ ਵਕਤ ਜਦ ਲੱਗ ਰਿਹਾ ਸੀ ਕਿ ਹੁਣ ਕੋਈ ਉਮੀਦ ਨਹੀਂ ਰਹਿ ਗਈ, ਪ੍ਰਦਰਸ਼ਨਕਾਰੀਆਂ ਦੇ ਹੌਸਲੇ ਅਤੇ ਸੋਚ-ਉਡਾਰੀ ਨੇ ਮੈਨੂੰ ਹੈਰਾਨ ਕਰ ਦਿੱਤਾ। ਮੁਸਲਿਮ ਵਿਰੋਧੀ ਨਾਗਰਿਕਤਾ ਕਾਨੂੰਨ ਅਤੇ ਇਕੱਲੇ ਅਸਾਮ 'ਚ ਹੀ 20 ਲੱਖ ਲੋਕਾਂ ਨੂੰ ਨਾਗਰਿਕਤਾ ਤੋਂ ਵਿਰਵੇ ਕਰ ਦੇਣ ਵਾਲੇ ਕੌਮੀ ਨਾਗਰਿਕ ਰਜਿਸਟਰ (ਐਨ.ਆਰ.ਸੀ.) ਦੇ ਖਿਲਾਫ ਜਿਵੇਂ ਵਿਆਪਕ ਵਿਰੋਧ ਪ੍ਰਦਰਸ਼ਨ ਹੋਏ ਅਤੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਜੋ ਵਿਰੋਧ ਪ੍ਰਦਰਸ਼ਨ ਹੁਣ ਚੱਲ ਰਹੇ ਹਨ, ਉਹ ਉਠ ਰਹੀ ਬਗ਼ਾਵਤ ਵੱਲ ਸੈਨਤ ਕਰਦੇ ਹਨ।

ਇਨ੍ਹਾਂ ਦੋਨਾਂ ਵਿਰੋਧ ਪ੍ਰਦਰਸ਼ਨਾਂ ਨੂੰ ਰੋਕਣ ਲਈ ਸਰਕਾਰ ਨੇ ਪੂਰੀ ਤਾਕਤ ਝੋਕ ਦਿੱਤੀ। ਨਾਗਰਿਕਤਾ ਕਾਨੂੰਨ ਵਿਰੋਧੀ ਪ੍ਰਦਰਸ਼ਨਾਂ ਦਾ ਨਤੀਜਾ ਉਤਰ-ਪੂਰਬੀ ਦਿੱਲੀ ਦੇ ਮਜ਼ਦੂਰਾਂ ਦੀ ਬਹੁਤਾਤ ਵਾਲੇ ਇਲਾਕਿਆਂ 'ਚ ਮੁਸਲਮਾਨਾਂ ਦੇ ਕਤਲੇਆਮ ਦੇ ਰੂਪ 'ਚ ਹੋਇਆ ਜਿਸ ਲਈ ਹੁਣ ਖੁਦ ਮੁਸਲਮਾਨਾਂ, ਵਿਦਿਆਰਥੀਆਂ ਅਤੇ ਸਮਾਜੀ ਕਾਰਕੁੰਨਾਂ ਨੂੰ ਹੀ ਦੋਸ਼ੀ ਠਹਿਰਾਇਆ ਜਾ ਰਿਹਾ ਹੈ। ਸੈਂਕੜੇ ਲੋਕ ਜੇਲ੍ਹਾਂ 'ਚ ਬੰਦ ਹਨ। ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਦੇ ਸੈਂਕੜੇ ਵਿਦਿਆਰਥੀ-ਵਿਦਿਆਰਥਣਾਂ ਤੋਂ ਪੁਲਿਸ ਨੇ ਤਫਤੀਸ਼ ਕੀਤੀ ਹੈ, ਜਿਨ੍ਹਾਂ ਵਿਚ ਜ਼ਿਆਦਾਤਰ ਮੁਸਲਮਾਨ ਹਨ। ਬੀਜੇਪੀ ਦੇ ਜਿਨ੍ਹਾਂ ਆਗੂਆਂ ਨੇ ਸਰੇਆਮ ਹਿੰਸਾ ਦੇ ਸੱਦੇ ਦਿੱਤੇ ਉਨ੍ਹਾਂ ਨੂੰ ਇਨਾਮ-ਸਨਮਾਨ ਮਿਲ ਰਹੇ ਹਨ। ਇਹ ਲੋਕ ਆਪਣੀ ਪਾਟਕ ਪਾਊ ਮੁਹਿੰਮ ਨੂੰ ਅਸਾਮ, ਪੱਛਮੀ ਬੰਗਾਲ, ਤਾਮਿਲਨਾਡੂ ਅਤੇ ਕੇਰਲਾ ਵਰਗੇ ਰਾਜਾਂ ਵਿਚ ਲੈ ਗਏ ਹਨ ਜਿੱਥੇ ਰਵਾਇਤੀ ਤੌਰ 'ਤੇ ਇਨ੍ਹਾਂ ਦੀ ਪਕੜ ਨਹੀਂ ਸੀ। ਅੱਗੇ ਕੀ ਹੁੰਦਾ ਹੈ ਇਹ ਤਾਂ ਵਕਤ ਦੱਸੇਗਾ ਲੇਕਿਨ ਚਾਹੇ ਕੁਝ ਵੀ ਹੋਵੇ, ਭਾਰਤ ਹੁਣ ਜਿਸ ਖਤਰਨਾਕ ਹਾਲਤ 'ਚ ਪਹੁੰਚ ਚੁੱਕਾ ਹੈ, ਮੈਨੂੰ ਨਹੀਂ ਲੱਗਦਾ ਕਿ ਉਸ ਨੂੰ ਹੋਰ ਵਧਾ-ਚੜ੍ਹਾ ਕੇ ਪੇਸ਼ ਕਰਨਾ ਸੰਭਵ ਹੋਵੇਗਾ। ਕਿਸੇ ਨਦੀ ਨੂੰ ਤੁਸੀਂ ਜ਼ਹਿਰ ਮੁਕਤ ਕਿਵੇਂ ਕਰਦੇ ਹੋ? ਮੇਰੇ ਖਿਆਲ 'ਚ, ਉਸ ਵਿਚੋਂ ਜ਼ਹਿਰ ਆਪਣੇ ਆਪ ਨਿੱਕਲ ਜਾਂਦੀ ਹੈ। ਬਸ, ਵਗਦੀ ਹੋਈ ਧਾਰਾ ਆਪਣੇ ਆਪ ਐਸਾ ਕਰ ਦਿੰਦੀ ਹੈ। ਸਾਨੂੰ ਉਸ ਧਾਰਾ ਦਾ ਹਿੱਸਾ ਬਣੇ ਰਹਿਣਾ ਹੋਵੇਗਾ।

**ਐਮਿਲੀ ਟੈਮਕਿਨ:** ਅਮਰੀਕਾ ਜਿੱਥੇ

***(ਬਾਕੀ ਅਗਲੇ ਸਫੇ 'ਤੇ)***

# ਸਰਮਾਏਦਾਰੀ ਕਤਲੇਆਮ ਦਾ ਹਥਿਆਰ ਬਣੀ: ਅਰੁੰਧਤੀ ਰਾਏ

*(ਪਿਛਲੇ ਸਫੇ ਦੀ ਬਾਕੀ)*

ਮੈਂ ਰਹਿੰਦੀ ਹਾਂ ਅਤੇ ਬਰਤਾਨੀਆ ਜਿੱਥੋਂ 'ਨਿਊ ਸਟੇਟਸਮੈਨ' ਕੱਢਿਆ ਜਾਂਦਾ ਹੈ, ਇਨ੍ਹਾਂ ਦੋਹਾਂ ਥਾਂਵਾਂ ਦੇ ਕੁਝ ਲੋਕਾਂ ਦਾ ਕਹਿਣਾ ਹੈ ਕਿ ਦੋਹਾਂ ਮੁਲਕਾਂ ਨੂੰ ਭਾਜਪਾ ਅਤੇ ਭਾਰਤ ਵਿਚ ਹੱਕਾਂ ਦੇ ਘਾਣ ਖਿਲਾਫ ਬੋਲਣਾ ਚਾਹੀਦਾ ਹੈ। ਕੁਝ ਐਸੇ ਲੋਕ ਵੀ ਹਨ ਜਿਨ੍ਹਾਂ ਦਾ ਮੰਨਣਾ ਹੈ ਕਿ ਅਮਰੀਕਾ ਅਤੇ ਬਰਤਾਨੀਆ ਸਿਰਫ ਪਾਖੰਡ ਕਰ ਸਕਦੇ ਹਨ, ਲਿਹਾਜ਼ਾ ਕਿਸੇ ਵੀ ਹਾਲਤ 'ਚ ਜਵਾਬ ਤਾਂ ਭਾਰਤ ਦੇ ਅੰਦਰੋਂ ਹੀ ਆਵੇਗਾ। ਤੁਸੀਂ ਕਿਵੇਂ ਸੋਚਦੇ ਹੋ?

**ਅਰੁੰਧਤੀ ਰਾਏ:** ਮੈਨੂੰ ਨਹੀਂ ਲੱਗਦਾ ਕਿ ਮੈਂ ਤੁਹਾਡਾ ਸਵਾਲ ਸਹੀ ਸਹੀ ਸਮਝ ਸਕੀ ਹਾਂ। ਜਦ ਤੁਸੀਂ ਕਹਿੰਦੇ ਹੋ ਕਿ ਅਮਰੀਕਾ ਅਤੇ ਇੰਗਲੈਂਡ ਨੂੰ ਬੋਲਣਾ ਚਾਹੀਦਾ ਹੈ ਤਾਂ ਕੀ ਤੁਸੀਂ ਇਹ ਕਹਿਣਾ ਚਾਹੁੰਦੇ ਹੋ ਕਿ ਅਮਰੀਕਾ ਦੀ ਸਰਕਾਰ ਅਤੇ ਇੰਗਲੈਂਡ ਦੀ ਸਰਕਾਰ ਨੂੰ ਬੋਲਣਾ ਚਾਹੀਦਾ ਹੈ? ਯਕੀਨਨ ਹੀ, ਜੇ ਉਹ ਬੋਲਦੇ ਹਨ ਤਾਂ ਉਨ੍ਹਾਂ ਉਪਰ ਪਾਖੰਡੀ ਹੋਣ ਦਾ ਇਲਜ਼ਾਮ ਤਾਂ ਲੱਗੇਗਾ ਹੀ, ਲੇਕਿਨ ਉਸ ਨਾਲ ਕੀ? ਇਹ ਘੱਟੋ-ਘੱਟ ਅੰਤਰਰਾਸ਼ਟਰੀ ਮਾਮਲਿਆਂ 'ਚ ਭਾਰਤ ਸਰਕਾਰ ਦੀ ਬਿਆਨਬਾਜ਼ੀ 'ਚ ਜ਼ਾਹਿਰ ਹੁੰਦੇ ਪਾਖੰਡ ਦੇ ਬਰਾਬਰ ਹੀ ਤਾਂ ਹੋਵੇਗਾ! ਹਰ ਸਰਕਾਰ ਦੀ ਕਹਿਣੀ ਅਤੇ ਕਰਨੀ ਦਰਮਿਆਨ ਪਾਖੰਡ ਹੁੰਦਾ ਹੈ। ਅਮਰੀਕਾ ਦੇ ਸਭ ਤੋਂ ਮਾਣਯੋਗ ਮੀਡੀਆ ਵੱਲੋਂ ਪ੍ਰਸਾਰਿਤ ਫਰਜ਼ੀ ਖਬਰਾਂ ਦੇ ਆਧਾਰ 'ਤੇ ਇਰਾਕ ਉਪਰ ਕੀਤਾ ਗਿਆ ਹਮਲਾ ਜਾਨਲੇਵਾ ਪਾਖੰਡ ਨਹੀਂ ਤਾਂ ਹੋਰ ਕੀ ਸੀ? ਇਹ ਤਾਂ ਬਹੁਤ ਹੀ ਚੰਗਾ ਹੋਵੇਗਾ ਜੇ ਯੂ.ਕੇ. ਅਤੇ ਯੂ.ਐਸ. ਦੀਆਂ ਸਰਕਾਰਾਂ ਇਸ ਉਪਰ ਬੋਲਣ, ਲੇਕਿਨ ਉਹ ਬੋਲਣਗੀਆਂ ਨਹੀਂ। ਘੱਟੋ-ਘੱਟ ਸਪਸ਼ਟ ਤੌਰ 'ਤੇ ਬਿਲਕੁਲ ਨਹੀਂ ਬੋਲਣਗੀਆਂ ਕਿਉਂਕਿ ਚੀਜ਼ਾਂ ਇਸ ਤਰ੍ਹਾਂ ਚੱਲਦੀਆਂ ਨਹੀਂ ਹਨ। ਐਸੇ ਰਿਸ਼ਤੇ ਆਰਥਕ, ਭੂ-ਰਾਜਨੀਤਕ ਅਤੇ ਫਾਇਦਿਆਂ ਅਨੁਸਾਰ ਚੱਲਣ ਦਾ ਇਕ ਪੇਚੀਦਾ ਜਾਲ ਹੁੰਦੇ ਹਨ। ਮਾਲ ਅਤੇ ਹਥਿਆਰਾਂ ਦੀ ਖਰੀਦੋ-ਫਰੋਖਤ ਤੋਂ ਲੈ ਕੇ ਅੰਤਰਰਾਸ਼ਟਰੀ ਮੰਡੀ 'ਚ ਨੈਤਿਕ ਬੁਰਕੇ ਵਾਲਾ ਵਪਾਰ - ਇਹ ਸਭ ਕੁਝ ਆਪਸ 'ਚ ਗੁੰਦਿਆ ਹੋਇਆ ਹੈ। ਇਸ ਸਭ ਕਾਸੇ ਦਰਮਿਆਨ ਪਾਖੰਡ ਤਾਂ ਬਹੁਤ ਮਾਮੂਲੀ ਚੀਜ਼ ਹੈ। ਉਸ ਦੀ ਪ੍ਰਵਾਹ ਕਿਸ ਨੂੰ ਹੈ।

ਇਸ ਸਭ ਦੇ ਬਾਵਜੂਦ ਇਹ ਜ਼ਰੂਰੀ ਹੈ ਕਿ ਦੁਨੀਆ ਭਰ ਦੀਆਂ ਸਰਕਾਰਾਂ ਘੱਟੋਘੱਟ ਐਨਾ ਕੁ ਇਸ਼ਾਰਾ ਲਾਜ਼ਮੀ ਕਰਨ ਕਿ ਉਹ ਜਾਣਦੀਆਂ ਹਨ ਕਿ ਇੱਥੇ ਕੀ ਹੋ ਰਿਹਾ ਹੈ। ਉਮੀਦ ਕੀਤੀ ਜਾ ਸਕਦੀ ਹੈ ਕਿ ਇਸ ਨਾਲ ਉਨ੍ਹਾਂ ਪੱਤਰਕਾਰਾਂ ਨੂੰ ਥੋੜ੍ਹੀ ਮਜ਼ਬੂਤੀ ਅਤੇ ਸੁਰੱਖਿਆ ਮਿਲੇਗੀ ਜੋ ਕੁਝ ਆਨਲਾਈਨ ਮੀਡੀਆ ਮੰਚਾਂ ਦੇ ਲਈ ਖਤਰਾ ਮੁੱਲ ਲੈ ਕੇ ਲਿਖ ਰਹੇ ਹਨ; ਉਨ੍ਹਾਂ ਕਾਰਕੁਨਾਂ, ਫਿਲਮਸਾਜ਼ਾਂ, ਵਕੀਲਾਂ ਅਤੇ ਪ੍ਰਦਰਸ਼ਨਕਾਰੀਆਂ ਨੂੰ ਰਾਹਤ ਮਿਲੇਗੀ ਜਿਨ੍ਹਾਂ ਨੇ ਇਸ ਹਕੂਮਤ ਦੇ ਖਿਲਾਫ ਡੱਟ ਕੇ ਸਭ ਕੁਝ ਦਾਅ 'ਤੇ ਲਾਇਆ ਹੋਇਆ ਹੈ। ਜਿਵੇਂ ਕਿ ਮੈਂ ਕਿਹਾ, ਅਸੀਂ ਨਦੀ ਦੇ ਜਿਸ ਕੰਢੇ 'ਤੇ ਖੜ੍ਹੇ ਹਾਂ, ਜਿਸ ਜ਼ਮੀਨ ਉਪਰ ਖੜ੍ਹੇ ਹਾਂ, ਉਹ ਬਹੁਤ ਤੇਜ਼ੀ ਨਾਲ ਧਸ ਰਹੀ ਹੈ। ਅਸੀਂ ਉਸ ਵਿਚ ਹੜ੍ਹ ਜਾਣ ਦੇ ਕੰਢੇ 'ਤੇ ਖੜ੍ਹੇ ਹਾਂ।

**ਐਮਿਲੀ ਟੈਮਕਿਨ:** ਤੁਸੀਂ ਲੰਮੇ ਸਮੇਂ ਤੋਂ ਸੰਸਾਰੀਕਰਨ, ਸਰਮਾਏਦਾਰੀ, ਵਾਤਾਵਰਨ ਦੀ ਮਨੁੱਖੀ ਦੁਰਵਰਤੋਂ ਅਤੇ ਰਾਸ਼ਟਰਵਾਦ ਦੇ ਆਲੋਚਕ ਰਹੇ ਹੋ। ਕੀ ਤੁਹਾਨੂੰ ਲੱਗਦਾ ਹੈ ਕਿ ਆਖਿਰਕਾਰ ਇਸ ਨੂੰ ਸਵੀਕਾਰਿਆ ਗਿਆ ਹੈ ਇਹ ਚੀਜ਼ਾਂ ਆਪਸ ਵਿਚ ਜੁੜੀਆਂ ਹੋਈਆਂ ਹਨ? ਜਾਂ ਹੁਣ ਵੀ ਅਸੀਂ ਚੀਜ਼ਾਂ ਨੂੰ ਇਕ ਦੂਜੇ ਨਾਲ ਜੋੜੇ ਬਿਨਾਂ ਮੁਖਾਤਿਬ ਹੋਣ ਦੀ ਕੋਸ਼ਿਸ਼ ਕਰ ਰਹੇ ਹਾਂ?

**ਅਰੁੰਧਤੀ ਰਾਏ:** ਹਾਂ, ਕੁਝ ਹਲਕਿਆਂ 'ਚ ਇਹ ਸਮਝਦਾਰੀ ਵਿਕਸਿਤ ਤਾਂ ਹੋਈ ਹੈ। ਅਤੇ ਇਹ ਕਈ ਵਿਅਕਤੀਆਂ ਦੀਆਂ ਕਈ ਵਰ੍ਹਿਆਂ ਦੀਆਂ ਅਣਥੱਕ ਕੋਸ਼ਿਸ਼ਾਂ ਦੀ ਬਦੌਲਤ ਸੰਭਵ ਹੋਈ ਹੈ। ਲੇਕਿਨ ਇਹ ਕਹਿਣਾ ਪਵੇਗਾ ਕਿ ਵਾਤਾਵਰਨ ਦੀ ਤਬਾਹੀ ਸੋਵੀਅਤ ਸੰਘ ਅਤੇ ਚੀਨ ਦੀ ਸਰਕਾਰ ਨੇ ਵੀ ਬੜੇ ਪੈਮਾਨੇ 'ਤੇ ਕੀਤੀ ਹੈ। ਜਦ ਵਾਤਾਵਰਨ ਦੀ ਤਬਾਹੀ ਦੀ ਗੱਲ ਆਉਂਦੀ ਹੈ ਤਾਂ ਰਾਜਕੀ ਸਰਮਾਏਦਾਰੀ ਅਤੇ ਮੰਡੀ 'ਤੇ ਆਧਾਰਿਤ ਸਰਮਾਏਦਾਰੀ ਦੋਨਾਂ ਦਾ ਸੰਚਾਲਨ ਇੱਕੋ ਕਲਪਨਾ ਕਰਦੀ ਹੈ - ਉਹ ਧਰਤੀ ਨੂੰ ਇਕ ਐਸੇ ਵਸੀਲੇ ਦੇ ਰੂਪ 'ਚ ਦੇਖਦੇ ਹਾਂ ਜਿਸ ਨੂੰ ਮਨੁੱਖੀ ਸਮਾਜ ਆਪਣੀਆਂ ਗਲਬੇ ਦੀਆਂ ਲੜਾਈਆਂ 'ਚ ਰੱਜ ਕੇ ਲੁੱਟਦਾ ਹੈ, ਆਪਣੇ ਆਪ ਨੂੰ ਅਤੇ ਜਿੱਥੇ ਇਹ ਰਹਿ ਰਿਹਾ ਹੈ ਉਸ ਨੂੰ ਤਬਾਹ ਕਰ ਦੇਣ ਦੀ ਕੀਮਤ 'ਤੇ ਵੀ - ਇਹ ਵਿਆਪਕ ਤਬਾਹੀ ਦੇ ਹਥਿਆਰਾਂ ਦੇ ਮੂਲ ਤਰਕ ਨਾਲ ਮਿਲਦੀ-ਜੁਲਦੀ ਗੱਲ ਹੈ।

ਹੁਣ ਸਰਮਾਏਦਾਰੀ ਖੁਦ ਕਤਲੇਆਮ/ਤਬਾਹੀ ਦਾ ਹਥਿਆਰ ਬਣ ਚੁੱਕੀ ਹੈ। ਅਸੀਂ ਇਹ ਗੱਲ ਜਾਣਦੇ ਹਾਂ, ਲੇਕਿਨ ਇਹ ਤਕਰੀਬਨ ਇਕ ਸਰਵਵਿਆਪਕ ਧਰਮ ਦਾ ਰੂਪ ਅਖਤਿਆਰ ਕਰ ਚੁੱਕਾ ਹੈ, ਦੇਵਤਿਆਂ ਦੇ ਮਹਾ ਦੇਵਤੇ ਦੀ ਤਰ੍ਹਾਂ। ਅਸੀਂ ਨਹੀਂ ਜਾਣਦੇ ਕਿ ਇਸ ਦੀ ਵੇਦੀ ਉਪਰ ਮੱਥਾ ਟੇਕਣ ਤੋਂ ਆਪਣੇ ਆਪ ਨੂੰ ਕਿਵੇਂ ਰੋਕਿਆ ਜਾਵੇ। ਮਿਸਾਲ ਵਜੋਂ, ਭਾਰਤ ਇਕ ਪ੍ਰਯੋਗਸ਼ਾਲਾ ਬਣ ਚੁੱਕਾ ਹੈ ਜਿੱਥੇ ਸਾਫ ਨਜ਼ਰ ਆਉਂਦਾ ਹੈ ਕਿ ਇਕ ਪ੍ਰਯੋਗ ਦੇ ਤਹਿਤ ਧਰਮ, ਰਾਸ਼ਟਰਵਾਦ ਅਤੇ ਸਰਮਾਏਦਾਰੀ ਨੂੰ ਮਿਲਾ ਕੇ ਇਕ ਮਦਹੋਸ਼ ਕਰਨ ਵਾਲਾ ਅਰਕ ਬਣਾ ਲਿਆ ਗਿਆ ਹੈ। ਇਤਿਹਾਸ ਗਵਾਹ ਹੈ ਕਿ ਇਹ ਮੰਨਣਾ ਹਮੇਸ਼ਾ ਸਹੀ ਨਹੀਂ ਹੁੰਦਾ ਕਿ ਲੋਕ ਤਰਕ ਨਾਲ ਸੋਚਣ ਵਾਲੇ ਬਣ ਜਾਣਗੇ ਅਤੇ ਖੁਦ ਆਪਣੇ ਪਦਾਰਥਕ ਹਿਤਾਂ ਅਤੇ ਹੋਂਦ ਦੀ ਤਲਾਸ਼ ਕਰਨਗੇ। ਮੈਂ ਆਪਣੇ ਗੁਆਂਢ 'ਚ ਰਹਿਣ ਵਾਲੇ ਇਕ ਵਿਅਕਤੀ ਨੂੰ ਹੁਣ ਤੱਕ ਸਮਝਣ ਦੀ ਕੋਸ਼ਿਸ਼ ਕਰਦੀ ਰਹੀ ਹਾਂ, ਜੋ ਮੇਰੇ ਇਕ ਦੋਸਤ ਦੇ ਦੋਸਤ ਸਨ। ਮੋਦੀ ਵੱਲੋਂ ਲਿਆਂਦੀ ਨੋਟਬੰਦੀ ਦੌਰਾਨ



*ਗੁਜਰਾਤ ਕਤਲੇਆਮ ਦੌਰਾਨ ਹਿੰਸਾ ਦਾ ਮੰਜ਼ਰ।*

ਆਪਣੀ ਨੌਕਰੀ ਗੁਆ ਲੈਣ ਤੋਂ ਬਾਦ ਅਤੇ ਫਿਰ ਕੋਵਿਡ ਦੌਰਾਨ ਥੋਪੇ ਅਣਮਨੁੱਖੀ ਲਾਕਡਾਊਨ ਦੇ ਬਾਵਜੂਦ ਉਹ ਮੋਦੀ ਦਾ ਵਫਾਦਾਰ ਪ੍ਰਸ਼ੰਸਕ ਬਣਿਆ ਰਿਹਾ। ਪਿਛਲੇ ਹਫਤੇ ਜਦ ਉਸ ਨੇ ਫਾਹਾ ਲਿਆ, ਉਸ ਤੋਂ ਇਕ ਦਿਨ ਪਹਿਲਾਂ ਤੱਕ ਉਹ ਆਪਣੇ ਨਾਇਕ ਮੋਦੀ ਦੀਆਂ ਤਾਰੀਫਾਂ ਕਰ ਰਿਹਾ ਸੀ। ਵਾਕਈ, ਮਰਦੇ ਦਮ ਤੱਕ ਉਹ ਭਗਤ ਬਣਿਆ ਰਿਹਾ।

**ਐਮਿਲੀ ਟੈਮਕਿਨ:** ਕੀ ਸਾਹਿਤ ਨੂੰ 'ਸਿਆਸੀ' ਹੋਣਾ ਚਾਹੀਦਾ ਹੈ, ਇਸ ਵਿਸ਼ੇ 'ਤੇ ਅਮਰੀਕਾ 'ਚ ਪਿਛਲੇ ਸਾਲ ਸੰਵਾਦ ਚੱਲਿਆ ਸੀ। ਤੁਸੀਂ ਇਸ ਬਾਰੇ ਕੀ ਸੋਚਦੇ ਹੋ? ਕਿਉਂਕਿ ਤੁਸੀਂ ਗਲਪ ਅਤੇ ਵਾਰਤਕ ਦੋਨੋਂ ਲਿਖਦੇ ਹੋ, ਤਾਂ ਕੀ ਤੁਹਾਨੂੰ ਲੱਗਦਾ ਹੈ ਕਿ ਦੋਨਾਂ ਨੂੰ ਇੱਕੋ ਸਿਆਸੀ ਸਥਾਨ ਉਪਰ ਰੱਖਿਆ ਜਾ ਸਕਦਾ ਹੈ ਜਾਂ ਫਿਰ ਗਲਪ ਅਤੇ ਵਾਰਤਕ ਦੇ ਲਈ ਵੱਖੋ-ਵੱਖਰੇ ਨਿਯਮ ਹਨ?

**ਅਰੁੰਧਤੀ ਰਾਏ:** ਇਸ ਬਹਿਸ 'ਚ ਕੁਝ ਵੀ ਨਵਾਂ ਨਹੀਂ ਹੈ। ਘੁੰਮ-ਫਿਰ ਕੇ ਉਹੀ ਬਹਿਸ ਮੁੜ-ਮੁੜ ਆਉਂਦੀ ਹੈ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਤੁਸੀਂ 'ਰਾਜਨੀਤਕ' ਨੂੰ ਕੋਟ ਮਾਰਕ 'ਚ ਹੋਣ ਵੱਲ ਸੈਨਤ ਕੀਤੀ ਹੈ, ਕਿਉਂਕਿ ਇਹ ਦੱਸਣ ਵਾਲਾ ਕੌਣ ਹੈ ਕਿ ਕੀ ਰਾਜਨੀਤਕ ਹੈ ਅਤੇ ਕੀ ਨਹੀਂ ਹੈ? ਆਖਿਰਕਾਰ, ਅਸੀਂ ਜੋ ਲਿਖਦੇ ਹਾਂ ਉਸ ਵਿਚ ਆਪਣੇ ਹਿਸਾਬ ਨਾਲ ਚੀਜ਼ਾਂ ਚੁਣਦੇ ਹਾਂ - ਮਿਸਾਲ ਵਜੋਂ, ਸਾਨੂੰ ਕੀ ਪ੍ਰੇਰਿਤ ਕਰਦਾ ਹੈ ਅਤੇ ਕੀ ਨਹੀਂ ਕਰਦਾ ਹੈ, ਕੀ ਮਹੱਤਵਪੂਰਨ ਹੈ ਅਤੇ ਕੀ ਨਹੀਂ ਹੈ, ਅਸੀਂ ਕਿਨ੍ਹਾਂ ਚੀਜ਼ਾਂ ਨੂੰ ਸ਼ਾਮਲ ਕਰਨਾ ਹੈ ਅਤੇ ਕਿਨ੍ਹਾਂ ਨੂੰ ਛੱਡ ਦੇਣਾ ਹੈ? ... ਇਨ੍ਹਾਂ ਚੀਜ਼ਾਂ ਦੇ ਮਿਸ਼ਰਨ 'ਚੋਂ ਹੀ ਸਾਡੀ ਰਾਜਨੀਤੀ ਨਿਕਲਦੀ ਹੈ। ਇਹੀ ਗੱਲ ਪ੍ਰਕਾਸ਼ਕਾਂ ਉਪਰ ਵੀ ਲਾਗੂ ਹੁੰਦੀ ਹੈ। ਇਸ ਸਵਾਲ ਉਪਰ ਵਿਚਾਰ ਕਰਨਾ ਤਾਂ ਬਾਦ ਦੀ ਗੱਲ ਹੈ, ਇਸ ਨੂੰ ਜਾਇਜ਼ ਮੰਨਣ ਦੀ ਸਹੂਲਤ ਦਾ ਬੋਝ ਵੀ ਅੱਯਾਸ਼ੀ ਦੀ ਸੋਚ ਵਾਲੇ ਤਬਕਿਆਂ, ਜਾਤੀਆਂ, ਨਸਲਾਂ ਅਤੇ ਲਿੰਗ ਵਾਲੇ ਲੋਕ ਹੀ ਚੁੱਕ ਸਕਦੇ ਹਨ, ਜਦਕਿ ਬਾਕੀਆਂ ਲਈ ਤਾਂ ਕੋਈ ਬਦਲ ਹੀ ਨਹੀਂ ਹੈ - ਕਿਉਂਕਿ ਰਾਜਨੀਤੀ ਸਾਡੀ ਜ਼ਿੰਦਗੀ 'ਚ, ਸਾਡੇ ਘਰਾਂ 'ਚ, ਇੱਥੋਂ ਤੱਕ ਸਾਡੇ ਬਿਸਤਰ 'ਚ ਅਤੇ ਸਾਡੀ ਦੇਹ ਵਿਚ ਵੀ ਘੁਸਪੈਠ ਕਰ ਚੁੱਕੀ ਹੈ।

ਇਸ ਉਪਰ ਡੂੰਘਾਈ 'ਚ ਸੋਚਣ ਵਾਲੇ ਕਿਸੇ ਵੀ ਵਿਅਕਤੀ ਨੂੰ ਇਮਾਨੀ ਪੇਰੀ ਦੀ ਜੀਵਨੀ 'ਲੁਕਿੰਗ ਫਾਰ ਲਾਰੇਨ: ਦੀ ਰੇਡੀਐਂਟ ਐਂਡ ਰੈਡੀਕਲ ਲਾਈਫ ਆਫ ਲੋਰੇਨ ਹੈਂਸਬੇਰੀ' ਜ਼ਰੂਰ ਪੜ੍ਹਨੀ ਚਾਹੀਦੀ ਹੈ। ਲਾਰੇਨ ਹੈਂਸਬੇਰੀ ਲੇਖਕਾ ਸੀ, ਵਧੀਆ ਦੋਸਤ ਸੀ ਅਤੇ ਜੇਮਸ ਬਾਲਡਿਨ ਦੀ ਸਰਪ੍ਰਸਤ ਰਹੀ ਸੀ। ਜਿੱਥੋਂ ਤੱਕ ਤੁਹਾਡਾ ਇਹ ਸਵਾਲ ਹੈ ਕਿ ਗਲਪ ਅਤੇ ਵਾਰਤਕ ਦੇ ਲਈ ਵੱਖ-ਵੱਖ ਵਿਧਾਨ ਹੋਣੇ ਚਾਹੀਦੇ ਹਨ ਜਾਂ ਨਹੀਂ - ਇਸ ਬਾਰੇ ਮੈਂ ਆਪਣੀ ਹਾਲੀਆ ਕਿਤਾਬ 'ਆਜ਼ਾਦੀ' 'ਚ ਥੋੜ੍ਹਾ ਤਫਸੀਲ ਨਾਲ ਲਿਖਿਆ ਹੈ। ਕੁਲ ਮਿਲਾ ਕੇ ਮੈਂ ਸਿਰਫ ਇਹੀ ਕਹਿ ਸਕਦੀ ਹਾਂ ਕਿ ਇਕ ਹੀ ਨਿਯਮ ਹੈ: ਦੋਨੋਂ ਜਿੰਨੇ ਬਿਹਤਰ ਹੋਣ ਉਨਾ ਹੀ ਵਧੀਆ ਹੈ। ਮਾੜੀ ਕਲਾ ਲਈ ਕੋਈ ਬਹਾਨਾ ਨਹੀਂ ਹੋ ਸਕਦਾ - ਸਹੀ ਰਾਜਨੀਤੀ ਵੀ ਨਹੀਂ।

**ਐਮਿਲੀ ਟੈਮਕਿਨ:** ਪਿਛਲੇ ਸਾਲ ਇਸੇ ਵਕਤ ਤੁਸੀਂ ਲਿਖਿਆ ਸੀ ਕਿ ਮਹਾਮਾਰੀ ਇਕ ਲਾਂਘਾ ਹੈ ਅਤੇ ਇਹ ਕਿ "ਚੋਣ ਅਸੀਂ ਕਰਨੀ ਹੈ ਕਿ ਅਸੀਂ ਆਪਣੇ ਮੁਤਅੱਸਬਾਂ ਅਤੇ ਨਫਰਤਾਂ, ਆਪਣੇ ਲੋਭ, ਆਪਣੇ ਡੇਟਾ ਬੈਂਕਾਂ ਅਤੇ ਮੁਰਦਾ ਵਿਚਾਰਾਂ, ਆਪਣੀਆਂ ਮ੍ਰਿਤਕ ਨਦੀਆਂ ਅਤੇ ਧੂੰਏਂ ਭਰੇ ਅੰਬਰਾਂ ਦੀਆਂ ਲਾਸ਼ਾਂ ਨੂੰ ਢੋਂਦੇ ਹੋਏ ਇਸ ਵਿਚ ਪ੍ਰਵੇਸ਼ ਕਰਨਾ ਹੈ। ਜਾਂ ਫਿਰ ਅਸੀਂ ਅਤੀਤ ਦਾ ਬੋਝ ਢੋਏ ਬਗ਼ੈਰ ਹੌਲੇ ਫੁੱਲ ਹੋ ਕੇ ਇਕ ਨਵੀਂ ਦੁਨੀਆ ਤਸੱਵਰ ਕਰਨੀ ਹੈ, ਉਸ ਦੇ ਲਈ ਸੰਘਰਸ਼ ਲਈ ਤਿਆਰ ਹੋਣਾ ਹੈ।" ਮੈਂ ਇਸ ਗੱਲ ਨੂੰ ਲੈ ਕੇ ਥੋੜ੍ਹੀ ਉਤਸੁਕ ਹਾਂ ਕਿ ਅਸੀਂ (ਚਾਹੇ ਤੁਸੀਂ 'ਆਪ' ਨੂੰ ਜਿਵੇਂ ਵੀ ਪ੍ਰਭਾਸ਼ਿਤ ਕਰੋ) ਆਪਣੇ ਲਈ ਇਸ ਵਿਚ ਕੀ ਚੁਣਿਆ ਹੈ? ਦੂਜੇ ਤਰੀਕੇ ਨਾਲ ਕਹੀਏ ਤਾਂ, ਕੀ ਤੁਹਾਨੂੰ ਲੱਗਦਾ ਹੈ ਕਿ ਅਸੀਂ ਮਹਾਮਾਰੀ ਤੋਂ ਕੁਝ ਸਿੱਖਿਆ ਹੈ?

**ਅਰੁੰਧਤੀ ਰਾਏ:** ਅਸੀਂ ਹੁਣ ਵੀ ਉਸੇ ਲਾਂਘੇ ਉਪਰ ਅੱਗੇ ਵਧ ਰਹੇ ਹਾਂ। ਅਸੀਂ ਉਥੋਂ ਬਾਹਰ ਨਹੀਂ ਨਿਕਲੇ ਹਾਂ। ਅਸੀਂ ਹੁਣ ਤੱਕ ਇਹ ਨਹੀਂ ਜਾਣਦੇ ਕਿ ਇਸ ਕਹਿਰ ਦਾ ਨਤੀਜਾ ਕੀ ਹੋਵੇਗਾ। ਇਸ ਲਈ ਮੈਂ ਆਪਣੇ ਲੇਖ 'ਚ 'ਅਸੀਂ' ਸ਼ਬਦ ਦਾ ਇਸਤੇਮਾਲ ਇਕ ਅਲੰਕਾਰ ਦੇ ਰੂਪ 'ਚ ਕੀਤਾ ਸੀ - 'ਅਸੀਂ' ਭਾਵ ਮਨੁੱਖੀ ਨਸਲ। ਇਹ ਮਹਾਮਾਰੀ ਇਕ ਐਕਸਰੇ ਦੀ ਤਰ੍ਹਾਂ ਹੈ ਜਿਸ ਨੇ ਸਾਡੀ ਘਣਘੋਰ ਅਨਿਆਂਪੂਰਨ ਦੁਨੀਆ ਦੀ ਭਿਆਨਕਤਾ, ਸਰਵਵਿਆਪਕਤਾ, ਸੰਸਥਾਗਤ ਦਰਾੜਾਂ ਨੂੰ ਉਘਾੜ ਕੇ ਸਾਹਮਣੇ ਲੈ ਆਂਦਾ। ਮੈਂ ਨਿਸ਼ਚੇ ਹੀ ਮੰਨਦੀ ਹਾਂ ਕਿ ਉਮੀਦ ਹੁਣ ਵੀ ਬਾਕੀ ਹੈ ਕਿਉਂਕਿ ਕੋਵਿਡ-19 ਦੇ ਚੱਲਦਿਆਂ ਮਨੁੱਖ ਨੂੰ ਜੋ ਸਰੀਰਿਕ ਅਤੇ ਮਨੋਵਿਗਿਆਨ ਪੀੜਾ ਝੱਲਣੀ ਪਈ ਹੈ ਉਹ ਉਸ ਨੂੰ ਆਪਣੀ ਜ਼ਿੰਦਗੀ, ਮੁੱਲਾਂ, ਖਵਾਇਸ਼ਾਂ ਅਤੇ ਇੱਛਾਵਾਂ ਦਾ ਪੁਨਰ-ਮੁਲਾਂਕਣ ਕਰਨ ਲਈ ਮਜਬੂਰ ਕਰੇਗੀ। ਸਰਕਾਰਾਂ, ਬਾਇਓਟੈਕ ਕੰਪਨੀਆਂ ਜਾਂ ਬੈਂਕਾਂ ਬਾਰੇ ਮੈਂ ਇਹ ਗੱਲ ਕਹਿ ਨਹੀਂ ਸਕਦੀ, ਲੇਕਿਨ ਖਪਤਵਾਦ ਨਾਲ ਹੁਣ ਤੱਕ ਸੰਚਾਲਿਤ ਹੁੰਦਾ ਆਇਆ ਮਨੁੱਖੀ ਸਮਾਜ ਜੇ ਅਚਾਨਕ ਰੁਕ ਕੇ ਪਲ ਭਰ ਲਈ ਵੀ ਕੁਝ ਸੋਚਦਾ ਹੈ, ਤਾਂ ਇਹ ਹਕੀਕੀ ਬਦਲਾਓ ਨੂੰ ਪ੍ਰੇਰਿਤ ਕਰ ਸਕਦਾ ਹੈ। ਦੂਜਾ ਰਸਤਾ ਇਹ ਹੋਵੇਗਾ ਕਿ ਅਸੀਂ ਐਮਾਜ਼ਾਨ-ਟਵਿੱਟਰ ਵਾਲੇ ਨਿਗਰਾਨ ਸਟੇਟ ਦੀ ਦੁਨੀਆ 'ਚ ਜ਼ਾਂਬੀ ਦੀ ਤਰ੍ਹਾਂ ਟਹਿਲਦੇ ਹੋਏ ਚੁੱਪਚਾਪ ਪ੍ਰਵੇਸ਼ ਕਰ ਜਾਈਏ।

**ਐਮਿਲੀ ਟੈਮਕਿਨ:** ਭਾਰਤ 'ਚ ਰਹਿੰਦਿਆਂ (ਜਾਂ ਕਿਤੇ ਹੋਰ ਵੀ) ਇਕ ਹੋਰ ਦੁਨੀਆ ਦੀ ਕਲਪਨਾ ਕਿਵੇਂ ਨਜ਼ਰ ਆਉਂਦੀ ਹੈ?

**ਅਰੁੰਧਤੀ ਰਾਏ:** ਸਾਨੂੰ ਉਸ ਦੀ ਕਲਪਨਾ ਕਰਨ ਦੀ ਜ਼ਰੂਰਤ ਨਹੀਂ ਹੈ। ਸਾਨੂੰ ਉਸ ਦੀ ਤਲਾਸ਼ ਕਰਨੀ ਹੋਵੇਗੀ ਕਿਉਂਕਿ ਉਹ ਦੁਨੀਆ ਤਾਂ ਪਹਿਲਾਂ ਹੀ ਮੌਜੂਦ ਹੈ।

*('ਦਿ ਨਿਊ ਸਟੇਟਸਮੈਨ' ਦੇ ਧੰਨਵਾਦ ਸਹਿਤ)*

# ਲਾਲਚੀ ਹਕੂਮਤ ਨੇ ਦੇਸ ਕਰੋਨਾ ਮਹਾਮਾਰੀ ਦੇ ਮੂੰਹ ਵਿਚ ਧੱਕਿਆ

*(ਸਫਾ 17 ਦੀ ਬਾਕੀ)*

ਸ਼ਾਮਲ ਸੀ।

ਜਿਵੇਂ ਜਿਵੇਂ ਚੋਣ ਭਲਵਾਨ ਇਨ੍ਹਾਂ ਮਾੜੇ ਹਾਲਾਤ ਨੂੰ ਅਣਗੌਲਿਆਂ ਕਰਦੇ ਰਹੇ, ਕੌਮਾਂਤਰੀ ਮਹਾਮਾਰੀ ਵਿਚ ਆਪਣੇ ਲੋਕਾਂ ਨਾਲ ਖੜ੍ਹਨ ਦੀ ਥਾਂ ਹਰ ਹੀਲੇ ਪੱਛਮੀ ਬੰਗਾਲ ਦਾ ਕਿਲਾ ਫਤਿਹ ਕਰਨ ਲਈ ਸਾਰੀ ਸਮਰੱਥਾ ਉਥੇ ਝੋਕਦੇ ਰਹੇ, ਓਵੇਂ ਹੀ ਮਹਾਮਾਰੀ ਜੋਰ ਫੜਦੀ ਰਹੀ ਤੇ ਵੱਸ ਤੋਂ ਬਾਹਰੀ ਹੁੰਦੀ ਗਈ। ਗੱਲ ਕੀ, ਸਾਰੇ ਦੇਸ ਨੂੰ ਮੌਤ ਦੇ ਮੂੰਹ ਵਿਚ ਧੱਕ ਦਿੱਤਾ ਗਿਆ ਤੇ ਕੋਈ ਮੁਢਲੀ ਸਹਾਇਤਾ ਦਾ ਢਾਂਚਾ ਤਿਆਰ ਨਾ ਕੀਤਾ ਗਿਆ। ਦਿੱਲੀ ਦੇ 10 ਕਿਲੋਮੀਟਰ ਦੇ ਘੇਰੇ ਵਿਚ 55 ਹਸਪਤਾਲ ਹਨ, ਜਿਨ੍ਹਾਂ ਵਿਚੋਂ 42 ਹਸਪਤਾਲ ਅਜਿਹੇ ਹਨ, ਜਿਨਾਂ ਵਿਚ ਆਕਸੀਜਨ ਦੀ ਕਮੀ ਦੀ ਮਾਰਾ-ਮਾਰੀ ਅਜਿਹੀ ਚਲ ਰਹੀ ਸੀ ਕਿ ਲੋਕ ਅੰਦਰ ਵੀ ਤੇ ਬਾਹਰ ਵੀ ਮਰ ਰਹੇ ਸਨ।

ਦੂਜੇ ਪਾਸੇ ਕੇਰਲ ਦੀ ਮਿਸਾਲ ਹੈ, ਜਿਥੇ ਖੱਬੇ ਪੱਖੀਆਂ ਨੇ ਚੋਣ ਵੀ ਜਿੱਤੀ ਤੇ ਕੋਵਿਡ ਦਾ ਟਾਕਰਾ ਵੀ ਸੂਝ ਸਿਆਣਪ ਨਾਲ ਕੀਤਾ। ਫਿਰੇ ਵੀ ਪ੍ਰਧਾਨ ਮੰਤਰੀ ਦਫਤਰ ਦਾ ਕਹਿਣਾ ਹੈ ਕਿ ਕੌਮਾਂਤਰੀ ਪੱਧਰ 'ਤੇ ਉਨ੍ਹਾਂ ਦੇ ਅਕਸ ਨੂੰ ਖਰਾਬ ਕੀਤਾ ਜਾ ਰਿਹਾ ਹੈ। ਕੀ ਸ਼ਮਸ਼ਾਨਘਾਟਾਂ ਵਿਚ ਲਾਸ਼ਾਂ ਦੀਆਂ ਕਤਾਰਾਂ ਨਹੀਂ ਲੱਗੀਆਂ? ਕੀ ਸੜਕਾਂ ਕਿਨਾਰੇ ਮੁਰਦੇ ਦਫਨ ਨਹੀਂ ਕੀਤੇ ਗਏ? ਕੀ ਆਕਸੀਜਨ ਲੈਣ ਲਈ ਲੋਕ ਦੌੜ-ਭੱਜ ਨਹੀਂ ਕਰ ਰਹੇ ਸਨ? ਜਦੋਂ ਕਿ ਉਨ੍ਹਾਂ ਦੇ ਪਿਆਰੇ ਉਨ੍ਹਾਂ ਦੇ ਸਾਹਮਣੇ ਆਕਸੀਜਨ ਤੇ ਦਵਾਈਆਂ ਦੀ ਥੁੜ੍ਹ ਨਾਲ ਦਮ ਤੋੜ ਰਹੇ ਸਨ।

ਇਸ ਚੋਣ ਪ੍ਰਕ੍ਰਿਆ ਵਿਚ ਲੱਗੇ 42 ਅਧਿਕਾਰੀ ਦੇਸ ਦੇ ਚੋਣ ਅਧਿਕਾਰੀ ਨੂੰ ਪਲ ਪਲ ਦੀ ਖਬਰ ਦੇ ਰਹੇ ਸਨ। ਗਵਰਨਰ ਹਾਊਸ ਭਾਜਪਾ ਆਗੂਆਂ ਦਾ ਸਿਆਸੀ ਅੱਡਾ ਸੀ। 1947 ਵਿਚ ਜਦੋਂ ਦੇਸ ਵਿਚ ਨੈਸ਼ਨਲ ਗੌਰਮਿੰਟ ਬਣੀ ਸੀ, ਹਰ ਜਗ੍ਹਾ, ਹਰ ਖੇਤਰ ਦੇ ਨੁਮਾਇੰਦੇ ਜੋ ਆਪਣੇ ਆਪਣੇ ਖੇਤਰ ਦੇ ਕਾਬਲ ਸਨ, ਨੂੰ ਅਸੈਂਬਲੀ ਵਿਚ ਲਿਆ ਗਿਆ। ਇਨ੍ਹਾਂ ਵਿਚ ਮੁੱਖ ਤੌਰ 'ਤੇ ਡਾ. ਅੰਬੇਦਕਰ, ਸ਼ਿਆਮਾ ਪ੍ਰਸ਼ਾਦ ਮੁਖਰਜੀ, ਸਰਦਾਰ ਪਟੇਲ ਸ਼ਾਮਲ ਸਨ। ਜੇ ਇਨ੍ਹਾਂ ਨੂੰ ਗਲੀਆਂ ਦੀਆਂ ਚੋਣਾਂ 'ਚ ਝੋਕ ਦਿੱਤਾ ਜਾਂਦਾ, ਕੀ ਉਨ੍ਹਾਂ ਦਾ ਅੱਜ ਵਾਲਾ ਰੁਤਬਾ ਬਰਕਰਾਰ ਰਹਿੰਦਾ?

ਦੇਸ਼ ਦੀ ਜਨਤਾ ਮਹਾਮਾਰੀ ਦੇ ਨਾਲ ਨਾਲ ਆਕਸੀਜਨ, ਦਵਾਈਆਂ, ਵੈਂਟੀਲੇਟਰਾਂ ਤੇ ਮਾਹਰ ਡਾਕਟਰਾਂ ਦੀ ਘਾਟ ਨਾਲ ਦਮ ਤੋੜ ਰਹੀ ਹੈ। ਉਸ ਲਈ ਯਤਨ ਹਾਲੇ ਵੀ ਸੰਜੀਦਾ ਨਹੀਂ। ਟੀਕਾਕਰਨ ਮੁਹਿੰਮ ਅਰੰਭ ਹੋਣ ਤੋਂ ਪਹਿਲਾਂ ਹੀ ਦਮ ਤੋੜ ਗਈ। ਰਾਜ ਸਰਕਾਰਾਂ ਨੂੰ ਟੀਕਾਕਰਨ ਦਾ ਪ੍ਰਬੰਧ ਆਪਣੇ ਵਲੋਂ ਕਰਨ ਦੇ ਅਦੇਸ਼ ਦਿੱਤੇ ਗਏ। ਕਿਤੇ ਵੀ ਦੇਸ ਦੀ ਪ੍ਰਮੁਖ ਸਰਕਾਰ ਦੀ ਸੰਜੀਦਗੀ ਨਾ ਵਿਖਾਈ ਦਿੱਤੀ। ਉਂਜ ਜੇ ਰਾਜ ਸਰਕਾਰਾਂ ਦੇ ਅਧਿਕਾਰਾਂ ਦੇ ਕਾਨੂੰਨ ਵੀ ਆਪ ਹੀ ਬਣਾ ਕੇ ਉਨ੍ਹਾਂ 'ਤੇ ਥੋਪ ਦਿੱਤੇ ਜਾਂਦੇ ਹਨ, ਉਨ੍ਹਾਂ ਨੂੰ ਪੁੱਛਣ ਦੀ ਜਹਿਮਤ ਨਹੀਂ ਰਹਿ ਜਾਂਦੀ। ਆਕਸੀਜਨ ਦੀ ਬਲੈਕ ਸ਼ੁਰੂ ਹੋ ਗਈ ਤੇ ਹਜ਼ਾਰ ਪੰਜ ਸੌ ਦੇ ਆਕਸੀਜਨ ਸਿਲੰਡਰ ਦੀ ਬਲੈਕ ਲੱਖਾਂ ਨੂੰ ਪਾਰ ਕਰ ਗਈ। ਲਾਸ਼ਾਂ ਲਿਜਾਣ ਵਾਲੀਆਂ ਐਂਬੂਲੈਂਸਾਂ ਅਤੇ ਮੁਰਦਾਘਾਟ ਵਿਚ ਕਫਨ ਤੇ ਲੱਕੜਾਂ ਦੀ ਵੀ ਬਲੈਕ ਚੱਲ ਪਈ। ਪੈਰਾਸਿਟਾਮੋਲ ਵਰਗੀਆਂ ਆਮ ਦਵਾਈਆਂ ਦੀ ਜਾਣ-ਬੁੱਝ ਕੇ ਕਿੱਲਤ ਪੈਦਾ ਕੀਤੀ ਗਈ। ਰਾਤੋ ਰਾਤ ਦਿੱਲੀ ਵਿਚ ਨਕਲੀ ਦਵਾਈਆਂ ਦੀ ਫੈਕਟਰੀ ਹੋਂਦ ਵਿਚ ਆ ਗਈ, ਜਿਸ ਨੇ ਲੱਖਾਂ ਲੋਕਾਂ ਦੀ ਜਾਨ ਲੈ ਲਈ। ਦਿੱਲੀ ਵਿਚ ਦੋ-ਦੋ ਸਰਕਾਰਾਂ ਹੁੰਦਿਆਂ ਫੈਕਟਰੀ ਮਾਲਕ ਅਰਾਮ ਨਾਲ ਫਰਾਰ ਹੋ ਗਿਆ। ਲਾਸ਼ਾਂ ਦਾ ਸਸਕਾਰ ਕਰਨ ਲਈ ਵੱਡੀਆਂ ਵੱਡੀਆਂ ਕਤਾਰਾਂ ਲੱਗ ਗਈਆਂ। ਲੋਕਾਂ ਨੇ ਸੜਕਾਂ, ਦਰਿਆਵਾਂ ਦੇ ਕੰਢੇ ਵੀ ਸਸਕਾਰ ਕਰਨੇ ਸ਼ੁਰੂ ਕਰ ਦਿੱਤੇ। ਗੰਗਾ ਵਿਚ ਵਹਿ ਰਹੀਆਂ ਦੋ ਹਜ਼ਾਰ ਦੇ ਕਰੀਬ ਲਾਸ਼ਾਂ ਚਰਚਾ ਦਾ ਵਿਸ਼ਾ ਹਨ, ਜਿਸ ਦੀ ਜ਼ਿੰਮੇਵਾਰੀ ਕੋਈ ਵੀ ਲੈਣ ਨੂੰ ਤਿਆਰ ਨਹੀਂ-ਨਾ ਯੂ. ਪੀ., ਬਿਹਾਰ ਦੀ ਸਰਕਾਰ ਅਤੇ ਨਾ ਹੀ ਕੇਂਦਰ ਸਰਕਾਰ।

ਗੋਆ ਦੇ ਸਭ ਤੋਂ ਵੱਡੇ ਹਸਪਤਾਲ ਵਿਚ ਹਰ ਰੋਜ ਸੈਂਕੜੇ ਕਰੋਨਾ ਪੀੜਤ ਆਕਸੀਜਨ ਬੰਦ ਹੋਣ ਕਾਰਨ ਤੜਫ ਤੜਫ ਮਰ ਗਏ, ਪਰ ਨਾ ਗੋਆ ਤੇ ਨਾ ਕੇਂਦਰ ਸਰਕਾਰ ਆਕਸੀਜਨ ਬੰਦ ਹੋਣ ਦਾ ਕਾਰਨ ਲੱਭ ਸਕੀ। ਹੋਰ ਤਾਂ ਹੋਰ ਪ੍ਰਧਾਨ ਮੰਤਰੀ ਕੇਅਰ ਫੰਡ ਵਿਚੋਂ ਭੇਜੇ ਵੈਂਟੀਲੇਟਰ ਜ਼ਿਆਦਾਤਰ ਖਰਾਬ ਨਿਕਲੇ ਹਨ। ਹਰਿਆਣਾ ਦੇ ਕੁਝ ਪਿੰਡ ਵਾਸੀਆਂ ਨੇ ਦੋਸ਼ ਲਾਇਆ ਹੈ ਕਿ ਉਨ੍ਹਾਂ ਦੇ ਪਿੰਡਾਂ ਵਿਚ 'ਫਾਈਵ ਜੀ' ਦੇ ਲਾਂਚਿੰਗ ਰੈਡੀਏਸ਼ਨ ਨਾਲ 67 ਦੇ ਕਰੀਬ ਲੋਕ ਮਾਰੇ ਗਏ ਹਨ, ਜਦੋਂ ਉਨ੍ਹਾਂ ਇਹਦੇ ਕੁਨੈਕਸ਼ਨ ਕੱਟ ਦਿੱਤੇ ਤਾਂ ਮੌਤਾਂ ਦਾ ਸਿਲਸਿਲਾ ਬੰਦ ਹੋ ਗਿਆ। ਭਾਵੇਂ ਇਸ ਪ੍ਰਕ੍ਰਿਆ ਦਾ ਕੋਈ ਤਕਨੀਕੀ/ਵਿਗਿਆਨਕ ਪ੍ਰਮਾਣ ਨਹੀਂ, ਪਰ ਲੋਕਾਂ ਵਿਚ ਡਰ ਦਾ ਮਾਹੌਲ ਹੈ। ਮਹਾਮਾਰੀ ਦੇ ਨਾਲ ਨਾਲ ਲੋਕ ਭੁਖਮਰੀ ਦਾ ਵੀ ਸ਼ਿਕਾਰ ਹਨ। ਲੱਖਾਂ ਦੇ ਕਰੀਬ ਨੌਕਰੀਆਂ ਚਲੀਆਂ ਗਈਆਂ ਹਨ। ਸਰਕਾਰ ਉਨ੍ਹਾਂ ਨੂੰ ਕੋਈ ਬੇਕਾਰੀ ਭੱਤਾ ਜਾਂ ਕਰੋਨਾ ਸਹਾਇਤਾ ਵੀ ਨਹੀਂ ਦੇ ਰਹੀ। ਵਿਦੇਸ਼ਾਂ ਤੋਂ ਅਰਬਾਂ ਡਾਲਰ ਮਾਇਕ ਮਦਦ ਇਕੱਠੀ ਹੋ ਚੁਕੀ ਹੈ, ਪਰ ਦੇਸ ਦੀ ਜਨਤਾ ਲਈ ਕੁਝ ਨਹੀਂ। ਉਲਟਾ ਟੀਕੇ ਤੋਂ ਵੀ ਜੀ. ਐਸ. ਟੀ. ਲਿਆ ਜਾ ਰਿਹਾ ਹੈ।

ਆਲ ਇੰਡੀਆ ਯੂਥ ਕਾਂਗਰਸ ਦੇ ਨਵ-ਨਿਯੁਕਤ ਪ੍ਰਧਾਨ ਸ੍ਰੀਨਿਵਾਸ ਬੀ. ਵੀ., ਆਪ ਵਿਧਾਇਕ ਦਲੀਪ ਪਾਂਡੇ, ਸਾਬਕਾ ਕਾਂਗਰਸੀ ਵਿਧਾਇਕ ਮੁਕੇਸ਼ ਸ਼ਰਮਾ, ਜੋ ਇਸ ਮਹਾਮਾਰੀ ਕਾਲ ਵਿਚ ਲੋੜਵੰਦਾਂ ਦੀ ਮਦਦ ਕਰ ਰਹੇ ਹਨ, ਦੇ ਘਰ/ਦਫਤਰ ਵਿਖੇ ਦਿੱਲੀ ਪੁਲਿਸ ਨੇ ਛਾਪੇ ਮਾਰੇ ਤੇ ਘੰਟਿਆਂ ਤਕ ਪੁੱਛਗਿੱਛ ਕੀਤੀ ਕਿ ਉਹ ਇਹ ਦਵਾਈਆਂ, ਆਕਸੀਜਨ ਸਿਲੰਡਰ ਤੇ ਕਰੋਨਾ ਪੀੜਤਾਂ ਨੂੰ ਲੋੜੀਂਦਾ ਸਾਜ਼ੋ-ਸਾਮਾਨ ਕਿਵੇਂ ਜੁਟਾ ਰਹੇ ਹਨ; ਉਨ੍ਹਾਂ ਦੇ ਆਰਥਿਕ ਸਾਧਨ ਕੀ ਹਨ? ਇਤਿਆਦਿ।

ਇਕ ਸਾਬਕਾ ਪੱਤਰਕਾਰ ਤੇ ਰਾਜ ਸਭਾ ਮੈਂਬਰ ਦੀ ਪਤਨੀ ਡੈਥ ਬੈਡ 'ਤੇ ਸੀ, ਉਸ ਲਈ ਉਹਨੇ ਕਿਸੇ ਤਰ੍ਹਾਂ ਆਕਸੀਜਨ ਸਿਲੰਡਰ ਤੇ ਕਰੋਨਾ ਦਵਾਈ ਦਾ ਪ੍ਰਬੰਧ ਕੀਤਾ ਤਾਂ ਦਿੱਲੀ ਪੁਲਿਸ ਨੇ ਉਸ ਦੀ ਵੀ ਪੁੱਛਗਿੱਛ ਕੀਤੀ ਕਿ ਉਸ ਨੇ ਇਹ ਸਭ ਕੁਝ ਕਿਥੋਂ ਤੇ ਕਿਵੇਂ ਜੁਟਾਇਆ? ਦਿੱਲੀ ਪੁਲਿਸ ਨੇ 'ਆਪ' ਮੰਤਰੀ ਇਮਰਾਨ ਹੁਸੈਨ ਦੇ ਘਰ 'ਤੇ ਛਾਪਾ ਮਾਰ ਕੇ ਆਕਸੀਜਨ ਸਿਲੰਡਰ ਬਰਾਮਦ ਕਰ ਦਿੱਲੀ ਹਾਈ ਕੋਰਟ ਵਿਚ ਪੇਸ਼ ਕਰਕੇ ਦੋਸ਼ ਲਾਇਆ ਕਿ ਉਕਤ ਮੰਤਰੀ ਵਲੋਂ ਆਕਸੀਜਨ ਦੀ ਕਾਲਾਬਜ਼ਾਰੀ ਕੀਤੀ ਜਾ ਰਹੀ ਸੀ, ਪਰ ਉਸ ਕੋਲ ਹਰਿਆਣਾ ਤੋਂ ਆਕਸੀਜਨ ਮੰਗਵਾਉਣ ਤੇ ਲੋੜਵੰਦਾਂ ਨੂੰ ਮੁਫਤ ਦੇਣ ਦਾ ਸਾਰਾ ਰਿਕਾਰਡ ਹੋਣ ਕਾਰਨ ਦਿੱਲੀ ਪੁਲਿਸ ਨੂੰ ਮੂੰਹ ਦੀ ਖਾਣੀ ਪਈ।

ਇਸ ਬਲਦੀ ਅੱਗ ਵਿਚ ਕਿਤੇ ਸੀਤ ਹਵਾ ਦਾ ਬੁੱਲਾ ਆਉਂਦਾ ਹੈ ਤਾਂ ਰਤਾ ਮਨ ਨੂੰ ਸਕੂਨ ਮਿਲਦਾ ਹੈ। ਉਕਤ ਸਮਾਜ ਸੇਵੀਆਂ ਤੋਂ ਇਲਾਵਾ ਸਾਬਕਾ ਵਿਧਾਇਕ ਤੇ ਪਦਮਸ਼੍ਰੀ ਐਵਾਰਡੀ ਜਤਿੰਦਰ ਸਿੰਘ ਸ਼ੈਂਟੀ ਤੇ ਉਨ੍ਹਾਂ ਦਾ ਜਵਾਨ ਬੇਟਾ ਜੋਧਵੀਰ ਸਿੰਘ ਆਪਣੀਆਂ 18 ਐਂਬੂਲੈਂਸਾਂ ਰਾਹੀਂ ਸ਼ਹੀਦ ਭਗਤ ਸਿੰਘ ਸੇਵਾ ਦਲ ਦੀ ਅਗਵਾਈ ਵਿਚ ਲਾਸ਼ਾਂ ਨੂੰ ਹਸਪਤਾਲਾਂ ਤੋਂ ਸ਼ਮਸ਼ਾਨਘਾਟ ਤਕ ਲਿਜਾਣ, ਬਹੁਤਿਆਂ ਦਾ ਦਾਹ ਸਸਕਾਰ ਕਰਨ ਸਮੇਤ ਸਾਰੀਆਂ ਅੰਤਿਮ ਕ੍ਰਿਆਵਾਂ ਵੀ ਆਪਣੇ ਵਲੋਂ ਮੁਫਤ ਕਰਨ ਜਿਹੇ ਕਾਰਜ ਨਿਭਾ ਰਹੇ ਹਨ। ਕੇਂਦਰ ਸਰਕਾਰ ਨੇ ਤਾਂ ਲੱਕੜਾਂ ਦੀ ਕਾਲਾਬਾਜਾਰੀ, ਐਂਬੂਲੈਂਸ ਡਰਾਈਵਰਾਂ ਤੇ ਮੁਰਦਘਾਟ ਦੇ ਇੰਚਾਰਜਾਂ ਵਲੋਂ ਮ੍ਰਿਤਕਾਂ ਦੇ ਵਾਰਸਾਂ ਦੀ ਹੁੰਦੀ ਲੁੱਟ ਨੂੰ ਰੋਕਣ ਲਈ ਕੋਈ ਯਤਨ ਨਹੀਂ ਕੀਤਾ, ਜਦੋਂ ਕਿ ਸ. ਸ਼ੈਂਟੀ ਨੇ ਸ਼ਮਸ਼ਾਨਘਾਟਾਂ 'ਤੇ ਮੁਫਤ ਲੱਕੜੀ ਦੇ ਢੇਰ ਲਾ ਦਿੱਤੇ। ਸੋ ਇਸ ਮਹਾਮਾਰੀ ਨੇ ਜਿਥੇ ਵੱਡੇ ਵੱਡਿਆਂ ਦੇ ਮੁਖੌਟੇ ਲਾਹ ਦਿੱਤੇ ਹਨ, ਉਥੇ ਦਾਨੀ ਤੇ ਫਰਾਖਦਿਲ ਨੌਜਵਾਨ ਮਨੁੱਖਤਾ ਦੀ ਪੁਕਾਰ ਸੁਣ ਕੇ ਅੱਗੇ ਆਏ ਤੇ ਪੀੜਤਾਂ ਲੋੜਵੰਦਾਂ ਦੇ ਤਪਦੇ ਹਿਰਦਿਆਂ ਨੂੰ ਕੁਝ ਠੰਢਕ ਪਹੁੰਚਾਈ।

# ਪਾਪੀ ਕੇ ਮਾਰਨੇ ਕੋ ਪਾਪ ਮਹਾਂ ਬਲੀ ਹੈ

ਨਿੱਕੇ ਹੁੰਦਿਆਂ ਮਾਂ ਨੇ ਇਕ ਰਾਜੇ ਦੀ ਕਹਾਣੀ ਸੁਣਾਈ ਸੀ, ਜੋ ਮੈਂ ਤੁਹਾਡੇ ਨਾਲ ਸਾਂਝੀ ਕਰਨ ਜਾ ਰਹੀ ਹਾਂ। ਅੱਜ ਅਤੀਤ ਨੂੰ ਵਰਤਮਾਨ ਵਿਚ ਸਾਹਮਣੇ ਪ੍ਰਤੱਖ ਖੜ੍ਹਾ ਦੇਖ ਕੇ ਉਹ ਗੱਲ ਵੀ ਯਾਦ ਆਈ ਕਿ ਸਮਾਂ ਆਪਣੇ ਆਪ ਨੂੰ ਦੁਹਰਾਉਂਦਾ ਰਹਿੰਦਾ ਹੈ ਤਾਂ ਕਿ ਅਸੀਂ ਕਿਤੇ ਗਫਲਤਾ ਦੀ ਨੀਂਦ ਵਿਚ ਸੌਂ ਨਾ ਜਾਈਏ।

ਮਾਂ ਨੇ ਕਹਾਣੀ ਸੁਣਾਈ ਸੀ ਕਿ ਕਿਸੇ ਦੇਸ 'ਤੇ ਇਕ ਰਾਜਾ ਰਾਜ ਕਰਦਾ ਸੀ, ਪਰਜਾ ਵੀ ਆਪਣੇ ਰਾਜੇ 'ਤੇ ਅੰਨਾ ਵਿਸ਼ਵਾਸ ਕਰਦੀ ਅਤੇ ਉਹਦਾ ਹਰ ਹੁਕਮ ਮੰਨਦੀ। ਰਾਜ ਵਿਚ ਕਈ ਵਾਰੀ ਛੋਟੇ-ਵੱਡੇ ਜ਼ੁਲਮ ਅਤੇ ਅੱਤਿਆਚਾਰ ਵੀ ਵੇਖਣ-ਸੁਣਨ ਨੂੰ ਮਿਲਦੇ, ਪਰ ਗੱਲ ਆਈ-ਗਈ ਹੋ ਠੰਢੀ ਪੈ ਜਾਂਦੀ; ਬੇਚਾਰੀ ਪਰਜਾ ਹੋਰ ਕਰ ਵੀ ਕੀ ਸਕਦੀ ਸੀ! ਹੌਲੀ ਹੌਲੀ ਰਾਜੇ ਦੇ ਮਨ ਵਿਚ ਸ਼ੈਤਾਨੀਅਤ ਪਨਪਣੀ ਸ਼ੁਰੂ ਹੋ ਗਈ ਤਾਂ ਰਾਜ ਵਿਚ ਜ਼ੁਲਮ ਵਧਣ ਲੱਗੇ, ਜਦ



**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**
**ਫੋਨ: 916-687-3536**

ਰਾਜਾ ਸ਼ੈਤਾਨ ਹੋ ਗਿਆ ਤਾਂ ਉਸ ਦੇ ਵਜ਼ੀਰ ਸਾਥੀ ਰਾਜੇ ਤੋਂ ਵੀ ਕਈ ਕਦਮ ਅੱਗੇ ਹੋ ਕੇ ਲੱਗੇ ਤਾਂਡਵ ਨਾਚ ਕਰਨ। ਸ਼ੱਰੇਆਮ ਜਨਤਾ 'ਤੇ ਅੱਤਿਆਚਾਰ ਹੋਣ ਲੱਗ ਪਏ; ਮਾਂਵਾਂ, ਭੈਣਾਂ, ਧੀਆਂ ਦੀਆਂ ਦਿਨੇ-ਦਿਹਾੜੇ ਇੱਜ਼ਤਾਂ ਲੁੱਟੀਆਂ ਜਾਣ ਲੱਗੀਆਂ; ਗਰੀਬ ਜਨਤਾ ਕੋਲੋਂ ਪਹਿਲਾ ਨਾਲੋਂ ਕਈ ਗੁਣਾਂ ਜ਼ਿਆਦਾ ਕਰ (ਟੈਕਸ) ਵਸੂਲ ਹੋਣ ਲੱਗ ਪਿਆ। ਜੇ ਕੋਈ ਗਰੀਬ ਕਰ ਨਾ ਚੁਕਾ ਸਕਦਾ ਤਾਂ ਚੁਰਾਹੇ ਵਿਚ ਬੰਨ ਕੇ ਉਸ ਦੀ ਮਾਰ-ਕੁਟਾਈ ਕੀਤੀ ਜਾਂਦੀ। ਮੁਲਕ ਵਿਚ ਥਾਂ ਥਾਂ ਹਾਹਾਕਾਰ ਮੱਚਣ ਲੱਗ ਪਈ, ਜਿਸ ਨਾਲ ਹੌਲੀ ਹੌਲੀ ਜਨਤਾ ਵਿਚੋਂ ਬਗਾਵਤ ਦੀ ਆਵਾਜ਼ ਵੀ ਉਠਣ ਲੱਗ ਪਈ, ਪਰ ਰਾਜੇ ਨੂੰ ਕੋਈ ਫਰਕ ਨਾ ਪੈਣ ਵਾਲਾ ਸੀ। ਰੱਬ ਦੀ ਮਰਜ਼ੀ ਰਾਜੇ ਦਾ ਇਕ ਵਜ਼ੀਰ ਬੜੇ ਚੰਗੇ ਸੁਭਾਅ ਵਾਲਾ ਸੀ, ਜੋ ਸਮੇਂ ਸਮੇਂ ਰਾਜੇ ਨੂੰ ਦੱਸਦਾ ਰਹਿੰਦਾ ਕਿ ਪਰਜਾ ਬਹੁਤ ਦੁਖੀ ਹੈ ਅਤੇ ਜ਼ੁਲਮਾਂ ਵਿਚ ਹਰ ਰੋਜ਼ ਵਾਧਾ ਹੋ ਰਿਹਾ ਹੈ; ਪਰਜਾ ਵਿਚੋਂ ਤੇਰੇ ਖਿਲਾਫ ਆਵਾਜ਼ਾਂ ਉਠਣੀਆਂ ਜ਼ੋਰ ਫੜ ਰਹੀਆ ਹਨ, ਇਸ ਜ਼ੁਲਮ 'ਤੇ ਰੋਕ ਲਾਈ ਜਾਵੇ।



ਸ਼ੈਤਾਨ ਰਾਜੇ ਨੇ ਉਸ ਚੰਗੇ ਵਜ਼ੀਰ ਨੂੰ ਕਿਹਾ, ਤੂੰ ਪਰਜਾ ਦੇ ਦੁੱਖ ਮੈਨੂੰ ਦੱਸ ਕੇ ਬਹੁਤ ਚੰਗਾ ਕੀਤਾ ਹੈ, ਮੈਂ ਇਸ 'ਤੇ ਅਮਲ ਕਰਾਂਗਾ। ਚੰਗਾ ਵਜ਼ੀਰ ਬਹੁਤ ਖੁਸ਼ ਹੋਇਆ ਕਿ ਹੁਣ ਪਰਜਾ ਸੁਖੀ ਹੋ ਜਾਵੇਗੀ। ਉਧਰ ਰਾਜੇ ਨੇ ਆਪਣੇ ਕੁਝ ਬੇਈਮਾਨ ਅਹਿਲਕਾਰਾਂ ਨੂੰ ਬੁਲਾ ਕੇ ਕੋਈ ਗੁਪਤ ਹੁਕਮ ਦਿੱਤਾ ਤੇ ਅਰਾਮ ਨਾਲ ਬੈਠ ਗਿਆ। ਜ਼ੁਲਮ ਵੀ ਲਗਾਤਾਰ ਵਧ ਰਹੇ ਸਨ ਅਤੇ ਪਰਜਾ ਵੀ ਆਪ ਮੁਹਾਰੀ ਹੋ ਬਗਾਵਤ 'ਤੇ ਉਤਰ ਰਹੀ ਸੀ, ਪਰ ਰਾਜਾ ਨਿਸ਼ਚਿੰਤ ਬੈਠਾ ਸੀ।

ਅਚਾਨਕ ਹੀ ਰਾਜ ਵਿਚ ਹਫੜਾ-ਦਫੜੀ ਮੱਚ ਗਈ ਅਤੇ ਲੋਕ ਮਰਨ ਲੱਗ ਪਏ। ਹੌਲੀ ਹੌਲੀ ਸਾਰੇ ਰਾਜ ਵਿਚ ਮੌਤਾਂ ਦੀ ਗਿਣਤੀ ਅਸਮਾਨ ਨੂੰ ਛੋਹਣ ਲੱਗੀ। ਹਰ ਕੋਈ ਤ੍ਰਾਹ ਤ੍ਰਾਹ ਕਰ ਰਿਹਾ ਸੀ, ਪਰਜਾ ਤੜਪ ਰਹੀ ਸੀ, ਕੋਈ ਪੁੱਛਣ ਅਤੇ ਬਚਾਉਣ ਵਾਲਾ ਨਹੀਂ ਸੀ। ਸਾਰੀ ਪਰਜਾ ਇਸ ਨੂੰ ਰੱਬ ਦਾ ਭਾਣਾ ਮੰਨ ਰਹੀ ਸੀ। ਇਹ ਦੇਖ ਉਹ ਚੰਗਾ ਵਜੀਰ ਰਾਜੇ ਕੋਲ ਪੁਕਾਰ ਕਰਨ ਆਇਆ ਕਿ ਰੱਬੀ ਕਹਿਰ ਟੁੱਟ ਪਿਆ ਹੈ, ਪਰਜਾ ਮਰ ਰਹੀ ਹੈ ਅਤੇ ਪਰਜਾ ਨੂੰ ਬਚਾਉਣ ਲਈ ਉਪਰਾਲੇ ਕੀਤੇ ਜਾਣ। ਹੁਕਮ ਦਿਓ ਕਿ ਪੜਤਾਲ ਕੀਤੀ ਜਾਵੇ, ਇਹ ਸਭ ਕਿਉਂ ਅਤੇ ਕਿਵੇਂ ਹੋ ਰਿਹਾ ਹੈ ਤਾਂ ਜੋ ਪਰਜਾ ਨੂੰ ਬਚਾਇਆ ਜਾ ਸਕੇ।

ਰਾਜਾ ਬੋਲਿਆ, ਮੈਨੂੰ ਵੀ ਆਪਣੀ ਪਰਜਾ ਦਾ ਬਹੁਤ ਫਿਕਰ ਹੈ, ਪਰ ਮੈਨੂੰ ਸੋਚਣ ਲਈ ਕੁਝ ਸਮਾਂ ਦੇਹ, ਮੈਂ ਤੈਨੂੰ ਆਪੇ ਬੁਲਾ ਕੇ ਦੱਸਾਂਗਾ। ਪੰਜ-ਸੱਤ ਦਿਨ ਗੁਜ਼ਰ ਗਏ ਤਾਂ ਮੰਤਰੀ ਆਪੇ ਹੀ ਆ ਗਿਆ ਤੇ ਲੱਗਾ ਪਿੱਟਣ ਕਿ ਦੇਸ਼ ਵਿਚ ਤਾਂ ਲਾਸ਼ਾਂ ਹੀ ਲਾਸ਼ਾਂ ਪਈਆਂ ਰੁਲਦੀਆਂ ਹਨ, ਕੋਈ ਉਪਾਉ ਕਰੋ। ਰਾਜਾ ਮੀਸਣਾ ਜਿਹਾ ਮੂੰਹ ਬਣਾ ਕੇ ਬੋਲਿਆ, ਤੂੰ ਕੱਲ੍ਹ ਆ ਜਾ, ਮੈਂ ਇਲਾਜ ਲੱਭ ਲਿਆ ਹੈ।

ਜਦ ਦੂਜੇ ਦਿਨ ਮੰਤਰੀ ਆਇਆ ਤਾਂ ਰਾਜਾ ਕਹਿਣ ਲੱਗਾ, ਮੈਂ ਹੁਕਮ ਜਾਰੀ ਕਰ ਰਿਹਾ ਹਾਂ, ਤੁਸੀਂ ਪੜਤਾਲ ਕਰਾਓ ਕਿ ਇਹ ਬੀਮਾਰੀ ਸ਼ੁਰੂ ਕਿਵੇਂ ਹੋਈ ਹੈ? ਪੜਤਾਲ ਕਰਦਿਆਂ ਬਹੁਤ ਦਿਨ ਲੰਘ ਗਏ ਅਤੇ ਇਕ ਦਿਨ ਪਤਾ ਚੱਲਿਆ ਕਿ ਰਾਜ ਦੇ ਸਾਰੇ ਖੂਹਾਂ ਦਾ ਪਾਣੀ ਜ਼ਹਿਰ ਬਣ ਚੁਕਾ ਹੈ, ਜਿਸ ਨਾਲ ਪਰਜਾ ਧੜਾ ਧੜ ਮਰ ਰਹੀ ਹੈ। ਰਾਜਾ ਬੋਲਿਆ, ਇਹ ਤਾਂ ਰੱਬੀ ਕਹਿਰ ਹੈ, ਪਰ ਜਾਉ ਪਾਣੀ ਨੂੰ ਸਾਫ ਕਰਨ ਦੀ ਕੋਸ਼ਿਸ਼ ਕਰੋ ਤੇ ਜਿੰਨੇ ਕੁ ਲੋਕ ਬਚਦੇ ਹਨ, ਬਚਾ ਲਵੋ। ਚੰਗੇ ਵਜ਼ੀਰ ਦੇ ਅੰਦਰ ਚਾਨਣ ਹੋਇਆ ਅਤੇ ਉਹ ਸਭ ਜਾਣ ਗਿਆ ਕਿ ਇਹ ਪਾਣੀ ਵਿਚ ਜ਼ਹਿਰ ਰੱਬ ਨੇ ਨਹੀਂ, ਰਾਜੇ ਨੇ ਪਰਜਾ ਦੀ ਬਗਾਵਤ ਨੂੰ ਖਤਮ ਕਰਨ ਲਈ ਮਿਲਾਇਆ ਹੈ।

ਰਾਜ ਦੀ ਅੱਧੀ ਪਰਜਾ ਮਰ ਚੁਕੀ ਸੀ, ਉਧਰ ਪਾਣੀ ਸਾਫ ਕੀਤਾ ਜਾ ਰਿਹਾ ਸੀ, ਪਰ ਰਾਜਾ ਆਪਣੀ ਕਾਮਯਾਬੀ 'ਤੇ ਮੁਸਕਰਾ ਰਿਹਾ ਸੀ।

ਅੱਜ ਡੇਡ ਸਾਲ ਤੋਂ ਵੀ ਉਪਰ ਦਾ ਸਮਾਂ ਹੋ ਚੁਕਾ ਹੈ, ਵਿਸ਼ਵ ਵਿਚ ਭਿਆਨਕ ਮਹਾਮਾਰੀ ਦਾ ਭਿਆਨਕ ਦੌਰ ਚੱਲ ਰਿਹਾ ਹੈ। ਕਿਸ ਨੇ ਇਹ ਭਿਆਨਕ ਖੇਡ ਖੇਡੀ ਹੈ, ਸਭ ਨੂੰ ਪਤਾ ਹੈ। ਅਮਰੀਕਾ-ਕੈਨੇਡਾ ਅਤੇ ਯੂਰਪ ਦੇ ਮੁਲਕਾਂ ਵਿਚ ਉਹ ਬਰਬਾਦੀ ਹੋਈ ਕਿ ਸੰਸਾਰ ਹਿੱਲ ਗਿਆ। ਭਾਰਤ ਵਿਚ ਵੀ ਇਸ ਮਹਾਮਾਰੀ ਨੇ ਪਹੁੰਚ ਕੀਤੀ, ਪਰ ਉਥੋਂ ਦੇ ਧਰਮੀ ਰਾਜੇ ਨੇ ਮੋਮਬੱਤੀਆਂ ਬਾਲ ਕੇ ਅਤੇ ਥਾਲੀਆਂ ਵਜਾ ਕੇ ਕਰੋਨੇ ਨੂੰ ਐਸਾ ਡਰਾਇਆ ਕਿ ਜਨਤਾ ਬਾਗੋ ਬਾਗ ਹੋ ਗਈ। ਉਧਰ ਜਦ ਸਾਰਾ ਸੰਸਾਰ ਕਰੋਨਾ ਨਾਲ ਜੂਝ ਰਿਹਾ ਸੀ ਤਾਂ ਰਾਜੇ ਨੇ ਵੀ ਖੁੱਲ੍ਹ ਖੇਡਣ ਦਾ ਮਨ ਬਣਾ ਲਿਆ। ਉਹਨੇ ਆਪਣਾ ਅਸਲੀ ਰੂਪ ਦਿਖਾਉਣ ਦੀ ਠਾਣ ਲਈ ਅਤੇ ਪੂੰਜੀਪਤੀਆਂ ਨਾਲ ਮਿਲ ਕੇ ਸਮੁੱਚੇ ਮੁਲਕ ਦੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਮਾਰ ਮੁਕਾਉਣ ਲਈ ਤਿੰਨ ਕਾਲੇ ਬਿੱਲ ਪਾਸ ਕਰਕੇ ਤਹਿਲਕਾ ਮਚਾ ਦਿੱਤਾ। ਇਨ੍ਹਾਂ ਬਿਲਾਂ ਦੇ ਖਿਲਾਫ ਪੰਜਾਬ ਤੋਂ ਆਵਾਜ਼ ਉਠੀ ਅਤੇ ਦੇਖਦੇ ਹੀ ਦੇਖਦੇ ਪੂਰੇ ਮੁਲਕ ਭਰ ਵਿਚੋਂ ਲੱਖਾਂ ਦੀ ਗਿਣਤੀ ਵਿਚ ਕਿਸਾਨ ਆਪਣੇ ਹੱਕ ਲੈਣ ਲਈ ਦਿੱਲੀ ਨੂੰ ਘੇਰਾ ਪਾ ਕੇ ਬੈਠ ਗਏ। ਅੱਗੇ ਜੋ ਹੋਇਆ ਅਤੇ ਹੋ ਰਿਹਾ ਹੈ, ਉਹ ਸਾਰੀ ਦੁਨੀਆਂ ਜਾਣਦੀ ਹੈ।

ਕਿਸਾਨਾਂ ਨੂੰ ਖਦੇੜਨ ਲਈ ਮੋਦੀ 'ਕਰੋਨਾ ਕਰੋਨਾ' ਦੀ ਦੁਹਾਈ ਵੀ ਪਾਉਣ ਲੱਗ ਪਿਆ। ਕਿਸਾਨਾਂ ਨੂੰ ਮਾਤ ਦੇਣ ਲਈ ਉਸ ਨੇ ਪੱਛਮੀ ਬੰਗਾਲ ਦੀਆਂ ਚੋਣਾਂ ਦਾ ਸਹਾਰਾ ਲਿਆ। ਇਕ ਪੰਥ ਤਿੰਨ ਕਾਜ: ਬੰਗਾਲ ਵਿਚ ਭਾਜਪਾ ਰਾਜ ਦੀ ਸਥਾਪਨਾ, ਮਮਤਾ ਬੈਨਰਜੀ ਦਾ ਸਦਾ ਲਈ ਖਾਤਮਾ ਅਤੇ ਕਿਸਾਨ ਮੋਰਚੇ ਨੂੰ ਮਾਤ ਦੇਣੀ। ਇਸ ਲਈ ਉਹਨੇ ਅਪਣੀ ਸਾਰੀ ਸਿਆਸਤ ਨੂੰ ਦਾਅ 'ਤੇ ਲਾ ਕੇ ਕੰਮ ਕੀਤਾ, ਜਿਸ ਵਿਚ ਉਸ ਦੇ ਗੁੰਡਾ ਰਾਜ ਦੇ ਅਧਿਕਾਰੀਆਂ ਨੇ ਪੂਰਾ ਪੂਰਾ ਸਾਥ ਦਿੱਤਾ। ਉਧਰ ਕਰੋਨਾ ਦਾ ਪ੍ਰਚਾਰ ਹੋ ਰਿਹਾ ਸੀ, ਲਾਕਡਾਊਨ ਲੱਗ ਰਹੇ ਸਨ ਅਤੇ ਦੂਜੇ ਪਾਸੇ ਮੋਦੀ ਦੀਆਂ ਰੈਲੀਆਂ ਤੇ ਰੋਡ ਸ਼ੋਅ ਪੂਰੇ ਜੋਬਨ 'ਤੇ ਸਨ। ਲੱਖਾਂ ਲੋਕ ਮੋਦੀ ਦੀਆਂ ਰੈਲੀਆਂ ਵਿਚ ਬਿਨਾ ਮਾਸਕ, ਬਿਨਾ ਸਮਾਜਿਕ ਦੂਰੀ ਦੇ ਜੈ-ਜੈਕਾਰ ਕਰ ਰਹੇ ਸਨ।

ਰੱਬ ਦੀ ਮਿਹਰ ਹੋਈ ਕਿ ਮਮਤਾ ਬੈਨਰਜੀ ਪੂਰੀ ਸ਼ਾਨੋ-ਸ਼ੌਕਤ ਨਾਲ ਜਿੱਤੀ ਅਤੇ ਮੋਦੀ ਚਾਰੇ ਖਾਨੇ ਚਿੱਤ ਹੋਇਆ।

ਨਾਲ ਹੀ ਮੋਦੀ ਦੇ ਸਾਧ ਮੁੱਖ ਮੰਤਰੀ ਨੇ ਕੁੰਭ ਮੇਲੇ ਵਿਚ ਲੱਖਾਂ ਨੰਗ-ਧੜੰਗੇ ਇਕੱਠੇ ਕਰਕੇ ਸਰੀਰ ਧੋਣ ਦਾ ਡਰਾਮਾ ਕੀਤਾ ਅਤੇ ਕਰੋਨੇ ਨੂੰ ਮੁਲਕ ਦੇ ਆਵਾਮ ਨਾਲ ਖਿਲਵਾੜ ਕਰਨ ਦਾ ਖੁੱਲ੍ਹਾ ਸੱਦਾ ਦਿੱਤਾ। ਅੱਜ ਦੇਸ਼ ਭਰ ਦੇ ਨਿਰਦੋਸ਼ ਲੋਕ ਮੌਤ ਨਾਲ ਲੜਾਈ ਲੜ ਰਹੇ ਹਨ। ਕਰੋਨਾ ਪੂਰੇ ਦੇਸ ਨੂੰ ਲਲਕਾਰ ਰਿਹਾ ਹੈ ਕਿ ਮੋਦੀ ਨੂੰ ਆਖੋ ਥਾਲੀਆਂ ਵਜਾਵੇ, ਪਰ ਮੋਦੀ ਮੀਸਣਾ ਬਣ ਆਸਾ ਰਾਮ ਤੇ ਸਿਰਸਾ ਸਾਧ ਵਾਂਗ ਦੁਨੀਆਂ ਨੂੰ ਰਾਹ ਤੋਂ ਭਟਕਾ ਰਿਹਾ ਹੈ। ਦੇਸ ਵਿਚੋਂ ਵੈਕਸੀਨ ਗਾਇਬ ਹੈ, ਦੇਸ ਵਿਚੋਂ ਆਕਸੀਜਨ ਗਾਇਬ ਹੈ। ਆਕਸੀਜਨ ਅਤੇ ਵੈਕਸੀਨ ਬਲੈਕ ਵਿਚ ਧੜਾ ਧੜ ਵਿਕ ਰਹੀ ਹੈ, ਪਰ ਮੋਦੀ ਦਾ ਮੂੰਹ ਬੰਦ ਹੈ। ਦੇਸ਼ ਦੇ ਅੰਨਦਾਤਾ 'ਤੇ ਹੋਏ ਜ਼ੁਲਮ ਅਤੇ ਹੋ ਰਹੀਆਂ ਲੱਖਾਂ ਮੌਤਾਂ ਦਾ ਕਾਤਲ ਮੋਦੀ ਹੈ, ਜਿਸ ਦਾ ਹਿਸਾਬ ਉਸ ਨੂੰ ਦੇਣਾ ਪੈਣਾ ਹੈ, ਉਸ ਦੇ ਰਾਜ ਭਾਗ ਦਾ ਸਮਾਂ ਸਮਾਪਤੀ ਵੱਲ ਵਧ ਰਿਹਾ ਹੈ ਅਤੇ ਇਹ ਹੋ ਰਹੀਆਂ ਅਣਗਿਣਤ ਮੌਤਾਂ ਇਸ ਨੂੰ ਵੀ ਮਾਰ ਜਾਣਗੀਆਂ।

ਇਤਿਹਾਸ ਦਾ ਇਕ ਕਾਲਾ ਪੰਨਾ ਹੋਰ ਲਿਖਿਆ ਜਾਵੇਗਾ ਜਾਲਮ ਮੋਦੀ,

ਪਾਪੀ ਕੇ ਮਾਰਨੇ ਕੋ ਪਾਪ ਮਹਾਂ ਬਲੀ ਹੈ॥

## ਰੁੜ੍ਹਦੀਆਂ ਲਾਸ਼ਾਂ...

ਐ ਗੰਗਾ
ਤੇਰੇ ਪਵਿਤਰ ਪਾਣੀਆਂ ਨੂੰ
ਪਲੀਤ ਕਰਦੀਆਂ
ਤਰਦੀਆਂ ਫਿਰਦੀਆਂ
ਗਲੀਆਂ ਸੜੀਆਂ ਲਾਸ਼ਾਂ
ਕਿਨ੍ਹਾਂ ਦੀਆਂ ਹਨ
ਅਤੇ ਕਿਧਰੋਂ ਆਈਆਂ ਹਨ।
ਕੋਈ ਕਹਿੰਦਾ, ਏਧਰੋਂ ਆਈਆਂ
ਕੋਈ ਕਹਿੰਦਾ, ਓਧਰੋਂ ਆਈਆਂ
ਗੱਲ ਕੀ
ਜਿੱਧਰੋਂ ਵੀ ਆਈਆਂ
ਤੇਰੇ ਆਪਣੇ ਦੇਸ਼ ਦੇ
ਉਨ੍ਹਾਂ ਲੋਕਾਂ ਦੀਆਂ ਹਨ
ਜੋ ਤੈਨੂੰ ਮਾਂ ਕਹਿੰਦੇ ਹਨ
ਤੇਰੀ ਪੂਜਾ ਕਰਦੇ ਹਨ
ਫੁੱਲ ਚੜ੍ਹਾਉਂਦੇ ਹਨ
ਪਵਿਤਰ ਹੋਣ ਲਈ
ਪਾਪਾਂ ਤੋਂ ਮੁਕਤ ਹੋਣ ਲਈ
ਤੇਰੇ ਪਾਣੀਆਂ ਵਿਚ
ਡੁਬਕਣੀਆਂ ਲਾਉਂਦੇ ਹਨ।

ਬਹੁਤ ਮੁਸ਼ਕਿਲ ਹੈ
ਤਰਦੀਆਂ ਲਾਸ਼ਾਂ ਨੂੰ ਦੇਖਣਾ
ਜੋ ਦੇਖ ਲੈਂਦਾ ਹੈ
ਸੌਂ ਨਹੀਂ ਸਕਦਾ
ਬਸ ਆਪਣੇ ਆਪ ਨੂੰ
ਭਾਰਤ ਮਹਾਨ ਦਾ ਬਾਸ਼ਿੰਦਾ ਹੋਣ ਤੇ
ਕੋਸ ਹੈ ਸਕਦਾ।

ਇਕ ਲਾਸ਼ ਕਿਨਾਰੇ ਆ ਲੱਗੀ ਹੈ
ਮੈਂ ਲਾਸ਼ਾਂ ਨਾਲ ਗੱਲਾਂ ਕਰਨਾ ਚਾਹੁੰਦੀ ਹਾਂ
ਲਾਸ਼ਾਂ ਦੀ ਚੁੱਪ ਦੀ ਭਾਸ਼ਾ
ਸਮਝ ਸਕਦੀ ਹਾਂ
ਕਿਉਂਕਿ ਮੇਰੇ ਅੰਦਰ
ਲਾਸ਼ਾਂ ਦੀ ਪੀੜ ਵਸਦੀ ਹੈ।

ਲਾਸ਼ ਆਖ ਰਹੀ ਹੈ
ਮੈਂ ਬੇਰੁਜ਼ਗਾਰ ਪੁੱਤ ਦੀ ਮਾਂ ਹਾਂ
ਚੰਦਰੇ ਕਰੋਨੇ ਨੇ ਘੇਰ ਲਿਆ
ਮੇਰਾ ਅੰਤਿਮ ਸੰਸਕਾਰ ਕਰਨ ਲਈ
ਮੇਰਾ ਪੁੱਤ
ਵੀਹ ਹਜ਼ਾਰ ਦੇ ਨਾ ਸਕਿਆ
ਜੋ ਕੁਝ ਉਸ ਕੋਲ ਸੀ
ਬਲੈਕ 'ਚ ਆਕਸੀਜਨ
ਖਰੀਦਣ 'ਤੇ ਲੱਗ ਗਿਆ
ਸਿਲੰਡਰ ਖਾਲੀ ਨਿਕਲਿਆ
ਮੇਰਾ ਸਾਹ ਟੁੱਟ ਗਿਆ।

ਮੇਰਾ ਪੁੱਤ
ਮੈਨੂੰ ਮੋਢਿਆਂ 'ਤੇ ਚੁੱਕ
ਰਾਤ ਦੇ ਹਨੇਰੇ 'ਚ
ਗੰਗਾ ਦੇ ਪਾਣੀ ਵਿਚ ਪ੍ਰਵਾਹ ਕਰ
ਭੱਜ ਗਿਆ।
ਮੈਨੂੰ ਪੁਲ ਤੋਂ ਹੇਠਾਂ ਸੁੱਟਣ ਲੱਗਾ
ਮੇਰਾ ਪੁੱਤ ਕੰਬ ਰਿਹਾ ਸੀ
ਰੋ ਰਿਹਾ ਸੀ ਆਪਣੇ ਆਪ ਨੂੰ
ਤੇ ਆਪਣੀ ਗਰੀਬੀ ਨੂੰ ਕੋਸ ਰਿਹਾ ਸੀ।

ਤੇ ਲੈ
ਇਕ ਹੋਰ ਲਾਸ਼ ਆਈ ਹੈ
ਇਹ ਕਿਸੇ
ਜਵਾਨ ਸਰੀਰ ਦੀ ਲਾਸ਼ ਹੈ
ਕੁਝ ਖਾਸ ਹੈ
ਮੈਂ ਗਲੀ ਸੜੀ ਲਾਸ਼ ਦੀਆਂ
ਖੁੱਲ੍ਹੀਆਂ ਫੁੱਲੀਆਂ ਅੱਖਾਂ 'ਚ ਤੱਕਿਆ
ਲਾਸ਼ ਜਿਵੇਂ ਆਖ ਰਹੀ ਸੀ
ਮੈਨੂੰ ਕਰੋਨਾ ਹੋ ਗਿਆ
ਕਿਸੇ ਹਸਪਤਾਲ ਬੈਡ ਨਾ ਮਿਲਿਆ
ਹਸਪਤਾਲ ਦੇ ਬਾਹਰ
ਫੁੱਟਪਾਥ 'ਤੇ ਮੈਂ ਦਮ ਤੋੜ ਦਿੱਤਾ
ਬਾਪ ਦੀ ਜੇਬ 'ਚ ਪਿਆ ਸੌ ਦਾ ਨੋਟ
ਮੈਨੂੰ ਪਾਣੀ ਪਿਲਾਉਣ ਲਈ
ਟੁੱਟਦਾ ਦਮ ਬਚਾਉਣ ਲਈ
ਪਾਣੀ ਦੀ ਬੋਤਲ 'ਤੇ ਲੱਗ ਗਿਆ।

ਮੇਰਾ ਬੁੱਢਾ ਬਾਪ
ਰੇੜ੍ਹੇ 'ਤੇ ਲੱਦ
ਮੈਨੂੰ ਨਿੱਕ-ਸੁੱਕ ਹੇਠ ਲਕੋ
ਹਨੇਰੇ ਦਾ ਆਸਰਾ ਲੈ
ਅੱਖ ਬਚਾ
ਪਾਣੀ 'ਚ ਰੋੜ੍ਹ ਗਿਆ।
ਮੈਂ ਭਾਰਾ ਸਾਂ
ਬਾਪ ਬੁੱਢਾ ਸੀ
ਭਾਰ ਢੋਣ ਵਾਲਾ ਰੇੜ੍ਹਾ
ਜਿਸ 'ਤੇ ਮੈਂ ਰੋਜ਼ ਭਾਰ ਢੋਂਦਾ ਸਾਂ
ਅੱਜ ਮੇਰੀ ਲਾਸ਼ ਢੋਣ ਦੇ
ਕੰਮ ਆ ਗਿਆ
ਤੇ ਬੁੱਢਾ ਬਾਪ
ਖਾਲੀ ਰੇੜ੍ਹਾ ਘਰ ਵੱਲ
ਰੋੜ੍ਹੀ ਲਿਜਾ ਰਿਹਾ ਸੀ
ਤੇ ਰੋਈ ਜਾ ਰਿਹਾ ਸੀ।

ਪਤਾ ਨਹੀਂ
ਮੇਰੇ ਮਾਂ-ਬਾਪ ਕੀ ਖਾਂਦੇ ਹਨ
ਘਰ ਵਿਚ ਤਾਂ ਕੁਝ ਵੀ ਨਹੀਂ ਸੀ
ਸ਼ਾਇਦ ਉਹ ਵੀ ਲਾਸ਼ਾਂ ਬਣ ਗਏ ਹੋਣ
ਤੇ ਕੋਈ ਰਿਸ਼ਤੇਦਾਰ
ਏਸੇ ਪਾਣੀ 'ਚ ਰੋੜ੍ਹ ਗਿਆ ਹੋਵੇ
ਤੇ ਉਹ ਰੁੜ੍ਹੇ ਆ ਰਹੇ ਹੋਣ।

ਇਨ੍ਹਾਂ ਲਾਸ਼ਾਂ ਦੀ
ਰਲਦੀ-ਮਿਲਦੀ ਕਹਾਣੀ ਹੈ
ਬੇਰੁਜ਼ਗਾਰੀ, ਗਰੀਬੀ
ਕਰੋਨਾ ਦੀ ਬੀਮਾਰੀ
ਨਾ ਦਵਾ, ਨਾ ਦਾਰੂ
ਭ੍ਰਿਸ਼ਟਾਚਾਰੀ
ਬੇਵਸੀ ਤੇ ਲਾਚਾਰੀ
ਤੇ ਸਭ ਤੋਂ ਵੱਧ
ਰਾਜਨੀਤੀ ਦੀ ਮੱਕਾਰੀ।

ਜਦੋਂ ਲੋਕ ਲਾਸ਼ਾਂ ਬਣ ਰਹੇ ਸਨ
ਰਾਜਨੀਤੀ ਵੋਟਾਂ ਗਿਣਦੀ ਸੀ
ਉਹ ਭੁੱਲ ਗਏ ਕਿ
ਦੇਸ਼ ਜ਼ਮੀਨ ਦਾ ਟੋਟਾ ਨਹੀਂ
ਸਗੋਂ ਜ਼ਮੀਨ ਦੇ ਟੋਟੇ 'ਤੇ ਵਸਦੇ
ਲੋਕ ਹਨ
ਜਿਨ੍ਹਾਂ ਨੂੰ ਉਹ ਵੋਟਾਂ ਕਹਿੰਦੇ ਹਨ
ਜਿਨ੍ਹਾਂ ਦੀਆਂ ਹਿੱਕਾਂ ਵਿਚ
ਆਪਣੇ ਤਖਤਾਂ ਦੇ ਪਾਵੇ
ਗੱਡਦੇ ਹਨ।

ਲਾਸ਼ਾਂ ਨੋਚਣ ਆਏ ਕੁੱਤੇ
ਤੇ ਮੰਡਰਾਉਂਦੀਆਂ ਗਿਰਝਾਂ
ਕਹਾਣੀਆਂ ਸੁਣ-ਸੁਣ ਰੋ ਰਹੇ ਨੇ।

ਸਰਕਾਰੀ ਬੰਦੇ ਆਏ
ਮਸ਼ੀਨਾਂ ਨਾਲ ਟੋਏ ਪੁੱਟ
ਲਾਸ਼ਾਂ ਇਕੱਠੀਆਂ ਕਰ
ਟੋਏ ਵਿਚ ਸੁੱਟ
ਮਿੱਟੀ ਪਾ ਚਲੇ ਗਏ।

ਕੱਲ੍ਹ ਨੂੰ ਹੋਰ ਲਾਸ਼ਾਂ ਆਉਣਗੀਆਂ
ਇਹ ਫਿਰ ਆਉਣਗੇ
ਮਨੁੱਖਤਾ ਨੂੰ ਦਫਨਾਉਣ
ਤੇ ਵਿਸ਼ਵ ਗੁਰੂ ਦਾ ਸੰਖ ਵਜਾਉਣ।

*-ਸੁਰਿੰਦਰ ਗੀਤ*

---

## ਤੇ ਮੇਰੀ ਮੌਤ ਹੋ ਗਈ

ਮੈਂ ਹਾਲੇ ਉਦੋਂ ਜ਼ਿੰਦਾ ਸਾਂ
ਜਦੋਂ ਮੇਰੇ ਬੇਟੇ ਨੇ
ਮੇਰੇ ਨੱਕ ਤੋਂ
ਆਕਸੀਜਨ ਦੀ ਨਾਲੀ ਉਤਾਰ
ਕਾਹਲੀ ਨਾਲ
ਜਦੋਂ ਆਪਣੀ ਮਾਂ ਦੇ
ਮੂੰਹ ਉਤੇ ਲਗਾਈ ਸੀ...
ਮੇਰੇ ਵਾਰਡ ਵਿਚ
ਹਰ ਤਰਫ ਹਫੜਾ ਦਫੜੀ ਸੀ
ਹੱਥ ਪੈਰ ਮਾਰ ਰਹੇ
ਵਾਰਡ ਬੁਆਏ, ਨਰਸਾਂ,
ਮਰੀਜ਼ਾਂ ਦੇ ਘਰ ਦੇ ਜੀਅ...
ਲਗਾ ਰਹੇ ਸਨ ਸਾਹੋਂ ਸਹਿਕਦੇ
ਮਰੀਜ਼ਾਂ ਨੂੰ ਆਕਸੀਜਨ।
ਲਾਸ਼ਾਂ ਦੇ ਮੂੰਹਾਂ ਤੋਂ ਲਾਹ
ਇਸ ਉਮੀਦ ਨਾਲ
ਕਿ ਸ਼ਾਇਦ ਕੋਈ ਬਚ ਹੀ ਜਾਏ
ਮਾਂ ਦਾ ਜਾਇਆ।
ਮੌਤ ਤੇ ਜੀਵਨ ਦੀ
ਇਸ ਜੰਗ ਵਿਚ
ਮੈਂ ਥੋੜ੍ਹਾ ਬਹੁਤ ਬਚਿਆ ਸਾਂ।
ਪਤਨੀ ਦੇ ਉਖੜੇ ਸਾਹ
ਟਿਕ ਰਹੇ ਸਨ।
ਪਰ ਨਾਲ ਦੇ ਬਿਸਤਰਿਆਂ ਤੇ
ਪਏ ਹੋਰ ਮਰੀਜ਼
ਏਨੇ ਖੁਸ਼ਕਿਸਮਤ ਨਹੀਂ ਸਨ...
ਮੇਰੇ ਦੇਖਦਿਆਂ ਹੀ
'ਅੱਛਾ ਤੋ ਹਮ ਚਲਤੇ ਹੈਂ'
ਕਹਿੰਦੇ ਆਪਣੀਆਂ ਦੇਹਾਂ ਤੋਂ
ਉਪਰ ਉਠ ਰਹੇ ਸਨ।
ਮੈਂ ਹਾਲੇ ਮਰਿਆ ਨਹੀਂ ਸਾਂ।
ਪਤਾ ਨਹੀਂ
ਮੇਰੀ ਬੇਟੀ ਕਿਉਂ?
ਮੇਰੇ ਨਾਲ ਲਿਪਟ ਕੇ
ਰੋਣ ਲੱਗ ਪਈ ਸੀ।
ਪੀ. ਪੀ. ਕਿੱਟ ਵਿਚ ਮੇਰੀ ਧੀ...
ਤੇ ਚਿੱਟੇ ਮਰੀਜ਼ਾਂ ਵਾਲੇ
ਲਿਬਾਸ ਵਿਚ ਮੈਂ
ਦੋਵੇਂ ਕੱਫਣ ਦਾ ਸਮਾਨ
ਲੱਗ ਰਹੇ ਸਾਂ...
ਉਹਦੇ ਗਲ ਦਾ ਹਾਰ
ਆਕਸੀਜ਼ਨ ਸਿਲੰਡਰ ਦਾ
ਇੰਤਜ਼ਾਮ ਕਰਦਿਆਂ
ਚਲਾ ਗਿਆ ਸੀ।
ਉਹ ਮੇਰੇ ਨਾਲ ਲਿਪਟ ਕੇ
ਹੋਰ ਰੋਣਾ ਚਾਹੁੰਦੀ ਸੀ
ਪਿਛੋਂ ਵਾਰਡ ਬੁਆਏ ਕੜਕਿਆ
"ਇਹਨੂੰ ਸ਼ਮਸ਼ਾਨ ਲੈ ਜਾ"
ਮੈਡਮ ਪਿਛੇ ਹੋਰ ਵੀ ਕਤਾਰ
ਉਹ ਸਟਰੈਚਰ ਧੱਕਦੀ
ਬਾਹਰ ਆਈ
ਐਂਬੂਲੈਂਸ ਵਾਲੇ ਨੇ
ਕਿਰਾਇਆ ਬਾਰਾਂ ਹਜ਼ਾਰ ਮੰਗਿਆ।

ਸਾਨੂੰ ਆਪਣੇ ਕੰਨਾਂ 'ਤੇ
ਯਕੀਨ ਨਹੀਂ ਸੀ ਹੋ ਰਿਹਾ
ਭਲਾ ਆਹ ਚਾਰ ਕਿਲੋਮੀਟਰ
ਤੱਕ ਜਾਣ ਦੇ ਐਨੇ ਪੈਸੇ।
"ਚਲਣਾ ਹੈ ਤਾਂ ਦੱਸ...
ਨਹੀਂ ਤਾਂ ਆਪਣੇ ਮੋਢੇ 'ਤੇ
ਲੈ ਜਾ ਆਪਣੇ ਪਿਓ ਨੂੰ।
ਜੀਅ ਤਾਂ ਕਰਦਾ ਸੀ
ਸਟਰੈਚਰ ਤੋਂ ਉਠ
ਫੜਾਂ ਗਲਮੇ ਤੋਂ ਇਹ ਬਦਤਮੀਜ਼।
ਪਰ ਇਹ
ਮੇਰੀ ਪਹੁੰਚ ਤੋਂ ਦੂਰ ਸੀ...
ਮੇਰੀ ਧੀ ਨੇ ਆਪਣੇ
ਕੰਗਣ ਉਤਾਰ ਦਿੱਤੇ ਸਨ
ਮੈਨੂੰ ਆਖਰੀ ਮੰਜ਼ਿਲ 'ਤੇ
ਜੁ ਪਹੁੰਚਾਉਣਾ ਸੀ।
ਸ਼ਮਸ਼ਾਨ ਦੀ ਚਿਮਨੀ ਦਾ
ਧੂੰਆਂ ਬਹੁਤ ਗਾੜ੍ਹਾ ਸੀ।
ਬੇਟੀ ਨੂੰ ਇਕ ਟੋਕਨ ਫੜਾ
ਮੈਨੂੰ ਹੋਰ ਲਾਸ਼ਾਂ ਵਿਚ
ਧੱਕ ਦਿੱਤਾ ਗਿਆ।
ਮੈਂ ਤਦ ਤੱਕ ਜ਼ਿੰਦਾ ਸੀ...
ਸ਼ਮਸ਼ਾਨ ਵਾਲਿਆਂ ਨੇ
ਲੱਕੜੀ ਦਾ ਸੱਤ ਹਜ਼ਾਰ ਮੰਗਿਆ
ਜਿਵੇਂ ਲਾਸ਼ ਉਤਸਵ ਮਨਾ ਰਹੇ।
ਬੇਟੀ ਨੇ ਆਪਣਾ ਆਖਰੀ ਗਹਿਣਾ
ਮੁੰਦਰੀ ਵੀ ਉਤਾਰ ਦਿੱਤੀ।
ਜਦ ਮੇਰੇ 'ਤੇ
ਲੱਕੜਾਂ ਚਿਣ ਰਹੇ ਸਨ...
ਤੇ ਜਦੋਂ ਲਾਂਬੂ ਲਾਇਆ ਗਿਆ
ਉਦੋਂ ਵੀ...
ਮੈਂ ਜ਼ਿੰਦਾ ਹੀ ਸਾਂ।
ਲਪਟਾਂ 'ਚੋਂ ਝਾਕ ਦੇਖਦਾ ਹਾਂ
ਪੰਡਿਤ ਬੇਟੀ ਨੂੰ
ਉਪਦੇਸ਼ ਦੇ ਰਿਹਾ ਸੀ।
'ਇਹਦੀ ਮੁਕਤੀ ਲਈ
ਪੂਜਾ ਜ਼ਰੂਰੀ ਹੈ...
ਦੋ ਹਜ਼ਾਰ ਦਕਸ਼ਣਾ ਦੇਣੀ ਪਏਗੀ।
ਮੈਂ ਬੇਟੀ ਵੱਲ ਤੱਕਿਆ...
ਉਸ ਕੋਲ ਉਤਾਰਨ ਲਈ
ਤਨ ਦੇ ਕੱਪੜੇ ਹੀ ਬਚੇ ਸਨ...
ਤੇ ਹੁਣ ਮੇਰੀ ਮੌਤ ਹੋ ਗਈ ਸੀ।

*-ਡਾ. ਰਵੇਲ ਸਿੰਘ*
*ਦਿੱਲੀ ਯੂਨੀਵਰਸਿਟੀ।*

# ਸਰਬੱਤ ਦੇ ਭਲੇ ਵਾਸਤੇ ਜੂਝਦੇ ਕਿਸਾਨ

ਪਿਛਲੇ ਸਾਲ ਤੋਂ ਕਰੋਨਾ ਮਹਾਂਮਾਰੀ ਕਾਰਨ ਸਮੁੱਚੀ ਲੋਕਾਈ ਘਰਾਂ ਵਿਚ ਬੰਦ ਭੁੱਖਾਂ, ਦੁੱਖਾਂ ਦੀ ਸਤਾਈ ਅਤੇ ਸਹਿਮੀ ਪਈ ਸੀ। ਅਜਿਹੇ ਸਮੇਂ ਲੋਕ ਪੱਖੀ ਹਾਕਮ ਆਪਣੇ ਨਾਗਰਿਕਾਂ ਦੀ ਮਦਦ ਵਿਚ ਅੱਗੇ ਆਉਂਦੇ ਹਨ, ਪਰ ਸਾਡੇ ਹਾਕਮਾਂ ਨੇ ਇਸ ਮੁਸੀਬਤ ਦੇ ਸਮੇਂ ਨੂੰ ਆਪਣੀਆਂ ਤੇ ਆਪਣੇ ਕਾਰਪੋਰੇਟ ਆਕਾਵਾਂ ਦੀਆਂ ਕੋਝੀਆਂ ਤੇ ਲਾਲਚੀ ਇੱਛਾਵਾਂ ਪੂਰੀਆਂ ਕਰਨ ਵਾਸਤੇ ਸੁਨਹਿਰੀ ਮੌਕਾ ਸਮਝਿਆ। ਇਸੇ ਵਾਸਤੇ ਇਨ੍ਹਾਂ ਔਕੜਾਂ ਭਰੇ ਦਿਨਾਂ ਦੌਰਾਨ ਉਨ੍ਹਾਂ ਨੇ ਅਨੇਕਾਂ ਮਜ਼ਦੂਰ ਵਿਰੋਧੀ ਤੇ ਲੋਕ ਵਿਰੋਧੀ ਕਾਨੂੰਨ ਪਿਛਲੇ ਦਰਵਾਜਿਓਂ (ਆਰਡੀਨੈਂਸ ਜਾਰੀ ਕਰਕੇ) ਪਾਰਲੀਮੈਂਟ ਤੋਂ ਪਾਸ ਕਰਵਾ ਲਏ। ਲੋਕ ਇਨ੍ਹਾਂ ਕਾਨੂੰਨਾਂ ਦਾ ਵਿਰੋਧ ਨਾ ਕਰ ਸਕੇ।

**ਨੰਦ ਸਿੰਘ ਬਰਾੜ**
ਫੋਨ: 916-501-3974
nandsbrar@gmail.com

ਇਸ  ਦੀ ਢਾਲ ਨਾਲ ਹੋਈਆਂ ਕਾਮਯਾਬੀਆਂ ਨੇ ਇਨ੍ਹਾਂ ਦੇ ਹੌਸਲੇ ਹੋਰ ਬੁਲੰਦ ਕਰ ਦਿੱਤੇ। ਲੱਗਦਾ ਹੈ, ਜਿਵੇਂ ਇਹ ਮਹਾਂਮਾਰੀ ਇਨ੍ਹਾਂ ਦੇ ਪਾਪਾਂ ਦਾ ਘੜਾ ਨੱਕੋ ਨੱਕ ਭਰਨ ਦਾ ਮਾਹੌਲ ਬਣਾ ਰਹੀ ਹੋਵੇ। ਇਸ ਮਹਾਂਮਾਰੀ ਕਾਰਨ ਜਨਤਾ ਵਿਚ ਫੈਲੇ ਸਹਿਮ ਨੇ ਸਾਡੇ ਹਾਕਮਾਂ ਨੂੰ ਐਨਾ ਬੇਪਰਵਾਹ ਕਰ ਦਿੱਤਾ ਕਿ ਉਨ੍ਹਾਂ ਨੇ ਨੱਬੇ ਪ੍ਰਤੀਸ਼ਤ ਤੋਂ ਵੱਧ ਜਨਤਾ ਨੂੰ ਨੁਕਸਾਨ ਕਰਨ ਵਾਲਾ ਤਿੰਨ ਮਦਾਂ ਵਾਲਾ ਆਰਡੀਨੈਂਸ ਜਾਰੀ ਕਰਕੇ ਅਤੇ ਹਰੇਕ ਜਾਇਜ਼-ਨਾਜਾਇਜ਼ ਤਰੀਕਾ ਵਰਤ ਕੇ ਜਲਦੀ ਜਲਦੀ ਕਾਨੂੰਨੀ ਦਰਜ ਵੀ ਦਿਵਾ ਦਿੱਤਾ। ਅੱਜ ਕੱਲ੍ਹ ਇਹ ਤਿੰਨ ਕਾਲੇ ਕਾਨੂੰਨਾਂ ਦੇ ਨਾਂ ਨਾਲ ਮਸ਼ਹੂਰ ਹਨ।

ਇਹ ਕਾਲੇ ਕਾਨੂੰਨ ਕੁਝ ਸਾਲਾਂ ਵਿਚ ਹੀ ਭਾਰਤ ਦੀ ਸਮੁੱਚੀ ਜਨਤਾ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਨਗੇ, ਪਰ ਕਿਸਾਨਾਂ ਲਈ ਆਮ ਕਰਕੇ ਅਤੇ ਪੰਜਾਬ, ਹਰਿਆਣਾ ਤੇ ਪੱਛਮੀ ਯੂ. ਪੀ. ਦੇ ਕੁਝ ਹਿੱਸੇ ਦੇ ਕਿਸਾਨਾਂ ਵਾਸਤੇ ਖਾਸ ਕਰਕੇ ਇਹ ਕਾਨੂੰਨ ਜਲਦੀ ਘਾਤਕ ਹੋਣ ਵਾਲੇ ਹਨ, ਕਿਉਂਕਿ ਇਨ੍ਹਾਂ ਇਲਾਕਿਆਂ ਵਿਚ ਸਰਕਾਰੀ ਕਿਸਾਨ ਮੰਡੀਆਂ ਕਾਮਯਾਬੀ ਨਾਲ ਚੱਲ ਰਹੀਆਂ ਹਨ ਤੇ ਉਥੇ ਕਣਕ ਤੇ ਝੋਨੇ ਦੀਆਂ ਦੋ ਫਸਲਾਂ 'ਤੇ ਘੱਟੋ ਘੱਟ ਸਮਰਥਨ ਮੁੱਲ ਵੀ ਮਿਲਦਾ ਹੈ, ਜਿਨ੍ਹਾਂ ਕਰਕੇ ਇਥੋਂ ਦੇ ਕਿਸਾਨਾਂ ਦੀ ਹਾਲਤ ਕੁਝ ਕੁਝ ਚੰਗੀ ਹੈ। ਸਰਕਾਰੀ ਮੰਡੀਆਂ ਤੇ ਸਰਕਾਰੀ ਖਰੀਦ ਨੂੰ ਖਤਮ ਕਰਨ ਵਾਸਤੇ ਹੀ ਇਹ ਕਾਲੇ ਕਾਨੂੰਨ ਬਣਾਏ ਗਏ ਹਨ।

ਸਰਕਾਰ ਨੂੰ ਭਾਵੇਂ ਕਿਸਾਨਾਂ ਦੇ ਵਿਰੋਧ ਦਾ ਕੋਈ ਭੁਲੇਖਾ ਨਹੀਂ ਸੀ, ਪਰ ਉਸ ਨੂੰ ਆਪਣੇ ਯੂ. ਪੀ. ਅਤੇ ਹਰਿਆਣਾ ਦੇ ਲੱਠਮਾਰ ਮੁੱਖ ਮੰਤਰੀਆਂ (ਲਪਟੈਣਾਂ) 'ਤੇ ਪੂਰਾ ਭਰੋਸਾ ਸੀ ਕਿ ਉਹ ਕਿਸਾਨਾਂ ਨੂੰ ਕਿਸੇ ਤਰ੍ਹਾਂ ਵੀ ਕੁਸਕਣ ਨਹੀਂ ਦੇਣਗੇ। ਪੰਜਾਬੀ ਕਿਸਾਨਾਂ ਦੇ ਵਿਰੋਧ ਵਾਸਤੇ ਉਨ੍ਹਾਂ ਇੱਕ ਵੱਖਰੀ ਕਿਸਮ ਦੀ ਪਲਾਨਿੰਗ ਸੋਚ ਰੱਖੀ ਸੀ। ਉਨ੍ਹਾਂ ਨੇ ਪੰਜਾਹ ਕੁ ਸਾਲਾਂ ਤੋਂ ਵੀ ਘੱਟ ਸਮੇਂ ਦੇ ਇਤਿਹਾਸ ਦੌਰਾਨ ਵੇਖਿਆ ਕਿ ਇਥੇ ਕਿਸ ਤਰ੍ਹਾਂ ਕਿਸਾਨ ਅੰਦੋਲਨ ਧਾਰਮਿਕ ਰੰਗਤ ਵਿਚ ਬਦਲ ਕੇ ਠੁੱਸ ਕੀਤੇ ਜਾ ਚੁਕੇ ਹਨ। ਇੱਕ ਨਾਲ ਪੰਜਾਬ ਦੀ ਆਰਥਿਕਤਾ ਤਾਂ ਤਬਾਹ ਹੋਈ ਹੀ, ਨਾਲ ਹੀ ਇਹ ਅਲੱਗ-ਥਲੱਗ ਵੀ ਪੈ ਗਿਆ ਸੀ। ਇਸੇ ਤਰ੍ਹਾਂ ਹੁਣ ਵੀ ਉਨ੍ਹਾਂ ਨੂੰ ਲਗਦਾ ਸੀ ਕਿ ਪੰਜਾਬੀ ਲੋਕ ਜਜ਼ਬਾਤੀ ਹੋਣ ਕਾਰਨ ਲੀਡਰਾਂ ਦੁਆਰਾ ਇਨ੍ਹਾਂ ਕਾਨੂੰਨਾਂ ਨੂੰ ਸਿਰਫ ਪੰਜਾਬ ਵਿਰੋਧੀ ਤੇ ਖਾਸ ਕਰਕੇ ਸਿੱਖਾਂ ਵਿਰੋਧੀ ਪ੍ਰਚਾਰੇ ਜਾਣ 'ਤੇ ਛੇਤੀ ਹੀ ਭੜਕ ਪੈਣਗੇ। ਉਨ੍ਹਾਂ ਦੇ ਇਸ ਵਿਰੋਧ ਨੂੰ ਪੰਜਾਬੀਆਂ ਦੇ ਨਾਂ ਉਤੇ ਅਤੇ ਖਾਸ ਕਰਕੇ



ਖਾਲਿਸਤਾਨੀਆਂ ਦੇ ਨਾਂ ਉਤੇ ਦੇਸ਼ ਵਿਰੋਧੀ ਗਰਦਾਨ ਕੇ ਕਸ਼ਮੀਰੀਆਂ ਵਾਂਗ ਅਲੱਗ-ਥਲੱਗ ਕਰ ਦਿੱਤਾ ਜਾਵੇਗਾ। ਉਨ੍ਹਾਂ ਦਾ ਇਹ ਵੀ ਖਿਆਲ ਸੀ ਕਿ ਪੰਜਾਬ ਨੂੰ ਅਲੱਗ-ਥਲੱਗ ਕਰਨ ਨਾਲ ਬਾਕੀ ਦੇ ਦੇਸ਼ ਵਿਚੋਂ ਹੋਰ ਕਿਸੇ ਦੀ ਵਿਰੋਧਤਾ ਕਰਨ ਦੀ ਹਿੰਮਤ ਹੀ ਨਹੀਂ ਪਵੇਗੀ ਤੇ ਉਹ ਆਸਾਨੀ ਨਾਲ ਸਮੁੱਚੇ ਦੇਸ਼ ਨੂੰ ਰਾਸ਼ਟਰੀ ਤੇ ਅੰਤਰਰਾਸ਼ਟਰੀ ਕਾਰਪੋਰੇਟਰਾਂ ਦੇ ਹਵਾਲੇ ਕਰਕੇ ਗੱਦਾਰੀ ਦੇ ਗੱਫਿਆਂ ਨਾਲ ਪੁਸ਼ਤਾਂ ਤੱਕ ਐਸ਼ੋ-ਇਸ਼ਰਤ ਦਾ ਇੰਤਜ਼ਾਮ ਕਰ ਲੈਣਗੇ, ਪਰ ਪੰਜਾਬ ਦੇ ਚੇਤੰਨ ਕਿਸਾਨ ਮੁਖੀਆਂ ਨੇ ਉਨ੍ਹਾਂ ਦੇ ਇਨ੍ਹਾਂ ਕੋਝੇ ਮਨਸੂਬਿਆਂ 'ਤੇ ਪਾਣੀ ਫੇਰ ਦਿੱਤਾ।

ਸਾਲ 2017 ਤੋਂ ਹੀ ਇਨ੍ਹਾਂ ਹਾਕਮਾਂ ਵਲੋਂ ਦੇਸ਼ ਨੂੰ ਗੁਲਾਮ ਬਣਾਉਣ ਦੇ ਇਨ੍ਹਾਂ ਮਨਸੂਬਿਆਂ ਨੂੰ ਪੰਜਾਬ ਦੇ ਜਾਗ੍ਰਿਤ ਕਿਸਾਨ ਨੇਤਾ ਭਲੀਭਾਂਤ ਸਮਝ ਗਏ ਸਨ। ਉਹ ਉਦੋਂ ਤੋਂ ਹੀ ਆਪਣੇ ਆਪਣੇ ਕੇਡਰ ਨੂੰ ਸਿਖਿਅਤ ਕਰਨ ਦੇ ਨਾਲ ਨਾਲ ਹੋਰ ਭਰਾਤਰੀ ਜਥੇਬੰਦੀਆਂ ਤੇ ਇਥੋਂ ਦੀਆਂ ਸਿਆਸੀ ਪਾਰਟੀਆਂ ਦੇ ਨੇਤਾਵਾਂ ਨੂੰ ਵੀ ਸੁਚੇਤ ਕਰਦੇ ਰਹੇ ਹਨ। ਕਰੋਨਾ ਮਹਾਂਮਾਰੀ ਦੇ ਚਲਦਿਆਂ ਸਰਕਾਰ ਵਲੋਂ ਕਿਸਾਨ ਵਿਰੋਧੀ ਆਰਡੀਨੈਂਸ ਨੇ ਕਿਸਾਨ ਨੇਤਾਵਾਂ ਦੇ ਖਦਸ਼ਿਆਂ ਨੂੰ ਸਾਬਤ ਕਰ ਦਿੱਤਾ। ਇਸ ਆਰਡੀਨੈਂਸ ਦਾ ਵਿਰੋਧ ਕਰਨ ਵਾਸਤੇ ਪੰਜਾਬ ਦੀਆਂ ਢਾਈ ਦਰਜਨ ਤੋਂ ਵੱਧ ਵੱਖ ਵੱਖ ਕਿਸਾਨ ਜਥੇਬੰਦੀਆਂ ਨੇ ਆਪਸ ਵਿਚ ਏਕਾ ਕਰਕੇ ਆਪੋ ਆਪਣੇ ਵਾਲੰਟੀਅਰਾਂ ਰਾਹੀਂ ਪਿੰਡ ਪਿੰਡ ਦੇ ਕਿਸਾਨਾਂ ਨੂੰ ਇਨ੍ਹਾਂ ਅਰਡੀਨੈਂਸਾਂ ਦੇ ਕਿਸਾਨ ਅਤੇ ਲੋਕ ਮਾਰੂ ਨਤੀਜਿਆਂ ਤੋਂ ਪੂਰੀ ਤਰ੍ਹਾਂ ਜਾਗਰੂਕ ਕਰ ਦਿੱਤਾ। ਕਿਸਾਨਾਂ ਵਲੋਂ ਇਨ੍ਹਾਂ ਅਰਡੀਨੈਂਸਾਂ ਦੇ ਵਿਰੋਧ ਦੀ ਪ੍ਰਵਾਹ ਨਾ ਕਰਦਿਆਂ ਸਰਕਾਰ ਵਲੋਂ ਇਨ੍ਹਾਂ ਨੂੰ ਕਾਨੂੰਨੀ ਰੂਪ ਦਿੰਦਿਆਂ ਹੀ ਪੰਜਾਬ ਦਾ ਹਰ ਵਿਅਕਤੀ ਜਾਨ ਹੂਲ ਕੇ ਅੰਦੋਲਨ ਦਾ ਹਿੱਸਾ ਬਣਨ ਲਈ ਤਤਪਰ ਹੋ ਗਿਆ।

ਕਿਸਾਨ ਨੇਤਾਵਾਂ ਨੇ ਇਸ ਅੰਦੋਲਨ ਨੂੰ ਕਿਸੇ ਸਿਆਸੀ ਜਾਂ ਧਾਰਮਿਕ ਰੰਗਤ ਤੋਂ ਬਚਾ ਕੇ ਨਿਰੋਲ ਕਿਸਾਨਾਂ ਦਾ ਅੰਦੋਲਨ ਰੱਖਣ ਵਾਸਤੇ ਹਰ ਸਿਆਸੀ ਪਾਰਟੀ ਤੇ ਧਰਮ ਨੂੰ ਇਸ ਤੋਂ ਪਾਸੇ ਰੱਖਿਆ। ਉਨ੍ਹਾਂ ਇਸ ਅੰਦੋਲਨ ਨੂੰ ਦੇਸ਼ ਵਿਆਪੀ ਬਣਾਉਣ ਵਾਸਤੇ ਭਾਰਤ ਦੀਆਂ ਸਮੂਹ ਜਥੇਬੰਦੀਆਂ ਨਾਲ ਸੰਪਰਕ ਬਣਾਈ ਰੱਖਿਆ। ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦੇ ਸ਼ਾਂਤੀਪੂਰਨ ਤੇ ਸਫਲ ਅੰਦੋਲਨ ਨੂੰ ਵੇਖਦਿਆਂ ਗੁਆਂਢੀ ਸੂਬੇ ਅੰਦੋਲਨ ਵੱਲ ਵਧਣ ਲੱਗ ਪਏ ਅਤੇ ਇਸ ਦੇ ਦਿੱਲੀ ਵੱਲ ਆਉਣ ਵੇਲੇ ਹਰਿਆਣਾ ਤੇ ਯੂ. ਪੀ. ਦੀਆਂ ਸਰਕਾਰਾਂ ਦੀਆਂ ਗੈਰ-ਇਖਲਾਕੀ ਤੇ ਕੋਝੀਆਂ ਹਰਕਤਾਂ ਨੇ ਸਮੁੱਚੇ ਭਾਰਤ ਵਾਸੀਆਂ ਦਾ ਧਿਆਨ ਅੰਦੋਲਨ ਵੱਲ ਖਿਚਿਆ। ਇਸ ਦੇ ਨਾਲ ਹੀ ਜਿਵੇਂ ਜਿਵੇਂ ਉਨ੍ਹਾਂ ਨੂੰ ਇਨ੍ਹਾਂ ਕਾਨੂੰਨਾਂ ਦੇ ਲੋਕ ਮਾਰੂ ਹੋਣ ਦੀ ਸੋਝੀ ਹੁੰਦੀ ਗਈ, ਉਹ ਹੌਲੀ ਹੌਲੀ ਇਸ ਨਾਲ ਜੁੜਨ ਲੱਗ ਪਏ। ਇਹ ਅੰਦੋਲਨ ਦਿਨ ਪ੍ਰਤੀ ਦਿਨ ਵਿਸ਼ਾਲ ਹੋ ਕੇ ਸਮੁੱਚੇ ਭਾਰਤ ਵਿਚ ਫੈਲ ਗਿਆ ਹੈ। ਮਜ਼ਦੂਰਾਂ ਦੀਆਂ ਲਗਪਗ ਸਾਰੀਆਂ ਜਥੇਬੰਦੀਆਂ ਵੀ ਇਸ ਦੀ ਹਮਾਇਤ ਵਿਚ ਇਕੱਠੀਆਂ ਹੋ ਰਹੀਆਂ ਹਨ। ਇਹ ਪਹਿਲੀ ਵਾਰ ਹੋ ਰਿਹਾ ਹੈ, ਜਦੋਂ ਸਨਅਤੀ ਮਜ਼ਦੂਰ ਕਿਸਾਨਾਂ ਨਾਲ ਮਿਲ ਕੇ ਅੰਦੋਲਨ ਚਲਾਉਣਗੇ। ਹੁਣ ਇਸ ਅੰਦੋਲਨ ਨੂੰ ਕਾਮਯਾਬੀ ਪ੍ਰਾਪਤ ਕਰਨ ਤੋਂ ਕੋਈ ਰੋਕ ਨਹੀਂ ਸਕੇਗਾ।

ਭਾਰਤ ਵਰਗੇ ਖੇਤੀ ਪ੍ਰਧਾਨ ਦੇਸ਼ ਵਾਸਤੇ ਖੇਤੀ ਨੂੰ ਲਾਹੇਵੰਦਾ ਧੰਦਾ ਬਣਾ ਕੇ ਹੀ ਸਰਬੱਤ ਦਾ ਭਲਾ ਸੰਭਵ ਹੋ ਸਕਦਾ ਹੈ। ਕਾਲੇ ਕਾਨੂੰਨ ਖਤਮ ਕਰਕੇ ਅਤੇ ਸਵਾਮੀਨਾਥਨ ਦੀਆਂ ਸਿਫਾਰਸ਼ਾਂ ਅਨੁਸਾਰ ਖੇਤੀ ਦੀਆਂ ਉਪਜਾਂ ਦੀ ਕੀਮਤ ਮਿੱਥਣ ਨੂੰ ਕਾਨੂੰਨੀ ਮਾਨਤਾ ਮਿਲਣ ਨਾਲ ਕਿਸਾਨਾਂ ਦੇ ਨਾਲ ਨਾਲ ਸਮੁੱਚੇ ਸਮਾਜ ਦੀ ਭਲਾਈ ਵੀ ਨਿਸ਼ਚਿਤ ਹੁੰਦੀ ਹੈ। ਆਪਾਂ ਸਾਰੇ ਜਾਣਦੇ ਹਾਂ ਕਿ ਕਿਸਾਨੀ ਨਾਲ ਕੁਦਰਤ ਵਿਚੋਂ ਨਵਾਂ ਸਰਮਾਇਆ ਪੈਦਾ ਹੁੰਦਾ ਹੈ। ਕਿਸਾਨ ਇਸੇ ਸਰਮਾਏ ਵਿਚੋਂ ਆਪਣੇ ਨਾਲ ਕੰਮ ਅਤੇ ਸਹਾਇਤਾ ਕਰਨ ਵਾਲਿਆਂ ਨੂੰ ਉਨ੍ਹਾਂ ਦਾ ਬਣਦਾ ਹਿੱਸਾ ਦਿੰਦਾ ਹੈ। ਕਿਸਾਨ ਆਪਣੀਆਂ ਜ਼ਿੰਦਗੀ ਦੀਆਂ ਹੋਰ ਲੋੜਾਂ ਪੂਰੀਆਂ ਕਰਨ ਵਾਸਤੇ ਬਾਜ਼ਾਰ ਵਿਚੋਂ ਖਰੀਦ ਕਰਦਾ ਹੈ। ਬਾਜ਼ਾਰ ਦੀਆਂ ਅਨੇਕਾਂ ਵਸਤਾਂ ਉਦਯੋਗਾਂ ਵਿਚ ਪੈਦਾ ਹੁੰਦੀਆਂ ਹਨ, ਇਸ ਲਈ ਕਿਸਾਨ ਦੁਆਰਾ ਪੈਦਾ ਕੀਤੇ ਸਰਮਾਏ ਵਿਚੋਂ ਕੁਝ ਹਿੱਸਾ ਉਦਯੋਗਾਂ ਨੂੰ ਵੀ ਮਿਲਦਾ ਹੈ। ਇਸ ਤਰ੍ਹਾਂ ਖੇਤੀ ਦੁਆਰਾ ਪੈਦਾ ਹੋਇਆ ਸਰਮਾਇਆ ਕਿਸੇ ਇੱਕ ਦੇ ਹੱਥਾਂ ਵਿਚ ਇਕੱਠਾ ਹੋਣ ਦੀ ਥਾਂ ਇਸ ਦੀ ਸਮੁੱਚੇ ਸਮਾਜ ਵਿਚ ਸੁਯੋਗ ਵੰਡ ਹੁੰਦੀ ਹੈ ਅਤੇ ਸਮੁੱਚੇ ਸਮਾਜ ਦੀ ਖਰੀਦ ਸ਼ਕਤੀ ਵਧਦੀ ਹੈ। ਇਸ ਵੇਰਵੇ ਤੋਂ ਸਪਸ਼ਟ ਹੁੰਦਾ ਹੈ ਕਿ ਅਸਲ ਵਿਚ ਖੇਤੀ ਨੂੰ ਲਾਹੇਵੰਦਾ ਧੰਦਾ ਬਣਾ ਕੇ ਹੀ ਮਹਾਪੁਰਖਾਂ ਵਲੋਂ ਸੁਝਾਇਆ ਇੱਕ ਸਭਿਆ ਤੇ ਵਿਕਸਿਤ ਸਮਾਜ ਦਾ ਸਿਧਾਂਤ ਕਿਰਤ ਕਰੋ ਤੇ ਵੰਡ ਛਕੋ ਲਾਗੂ ਹੋ ਸਕਦਾ ਹੈ। ਇਸ ਲਈ ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਅਜੋਕਾ ਅੰਦੋਲਨ ਅਸਲ ਵਿਚ ਸਰਬੱਤ ਦੇ ਭਲੇ ਲਈ ਜੂਝਦਾ ਅੰਦੋਲਨ ਹੈ।

ਇਸ ਅੰਦੋਲਨ ਨੂੰ ਇਕ ਅਦਭੁਤ ਇਨਕਲਾਬ ਵੱਲ ਵਧਦਾ ਅੰਦੋਲਨ ਕਹਿ ਸਕਦੇ ਹਾਂ, ਕਿਉਂਕਿ ਇਸ ਇਨਕਲਾਬ ਦੁਆਰਾ ਕਿਸਾਨਾਂ, ਮਜ਼ਦੂਰਾਂ ਤੇ ਨੇਕ ਕਮਾਈ ਕਰਨ ਵਾਲੇ ਲੋਕਾਂ ਦੀ ਲੁੱਟ ਤਾਂ ਰੁਕੇਗੀ, ਪਰ ਪਹਿਲਾਂ ਹੋਏ ਕਮਿਊਨਿਸਟ ਇਨਕਲਾਬਾਂ ਵਾਂਗ ਕਿਸੇ ਤੋਂ ਕੁਝ ਖੋਹਿਆ ਨਹੀਂ ਜਾਵੇਗਾ। ਫਿਰ ਵੀ ਦੁੱਖ ਇਸ ਗੱਲ ਦਾ ਹੈ ਕਿ ਲੁੱਟ ਦੀ ਕਮਾਈ ਦਾ ਲਹੂ ਜਿਨ੍ਹਾਂ ਦੇ ਮੂੰਹ ਲੱਗ ਚੁਕਾ ਹੈ, ਉਹ ਅੰਦੋਲਨ ਦੇ ਰਾਹ ਵਿਚ ਵਾਰ ਵਾਰ ਅੜਿੱਕੇ ਡਾਹ ਰਹੇ ਹਨ। ਇਨ੍ਹਾਂ ਅੜਿੱਕੇ ਡਾਹੁਣ ਵਾਲਿਆਂ ਵਿਚ ਸਿਰੇ ਦੇ ਵੱਡੇ ਅੰਤਰਰਾਸ਼ਟਰੀ ਤੇ ਰਾਸ਼ਟਰੀ ਧਨਾਢ (ਕਾਰਪੋਰੇਟ) ਤਾਂ ਹਨ ਹੀ, ਜੋ ਹਿਟਲਰ ਵਾਂਗ ਸਾਰੀ ਦੁਨੀਆਂ ਨੂੰ ਆਪਣੀ ਮੁੱਠੀ ਵਿਚ ਕਰਕੇ ਜਨਤਾ ਦੇ ਲਹੂ ਦੀ ਆਖਰੀ ਬੂੰਦ ਤੱਕ ਨਿਚੋੜਨਾ ਲੋਚਦੇ ਐ, ਨਾਲ ਹੀ ਉਪਰਲੀ ਬਿਊਰੋਕ੍ਰੇਸੀ, ਸਿਆਸੀ ਪਾਰਟੀਆਂ ਦੇ ਬਹੁਤੇ ਵਿਧਾਨਕਾਰ, ਧਾਰਮਿਕ ਸਥਾਨਾਂ ਦੇ ਬਹੁਤੇ ਕਰਤਾ-ਧਰਤਾ, ਅਮੀਰ ਵਪਾਰੀ ਤੇ ਵੱਡੇ ਵੱਡੇ ਜਿਮੀਂਦਾਰ ਵੀ ਸ਼ਾਮਲ ਹਨ, ਇਨ੍ਹਾਂ ਕਾਨੂੰਨਾਂ ਨੂੰ ਆਪਣੇ ਹਿਤ ਵਿਚ ਸਮਝਦੇ ਹਨ, ਕਿਉਂਕਿ ਮਿਹਨਤਕਸ਼ਾਂ ਦੀ ਹੁੰਦੀ ਲੁੱਟ ਵਿਚੋਂ ਉਨ੍ਹਾਂ ਨੂੰ ਵੀ ਬਣਦਾ ਹਿੱਸਾ ਮਿਲਦਾ ਰਹਿੰਦਾ ਹੈ। ਸਮੁੱਚੀ ਤਾਕਤ ਤੇ ਸਰਕਾਰੀ ਪ੍ਰਭਾਵ ਵੀ ਇਨ੍ਹਾਂ ਕੋਲ ਹੀ ਹੁੰਦਾ ਹੈ।

ਗੁਰੂ ਨਾਨਕ ਦੇਵ ਜੀ ਦਾ ਇਹ ਸ਼ਬਦ ਅਜੋਕੇ ਭ੍ਰਿਸ਼ਟ ਪ੍ਰਬੰਧ 'ਤੇ ਪੂਰੀ ਤਰ੍ਹਾਂ ਢੁਕਦਾ ਹੈ,

ਰਾਜੇ ਸੀਹ ਮੁਕਦਮ ਕੁਤੇ॥
ਜਾਇ ਜਗਾਇਨ੍ਹਿ ਬੈਠੇ ਸੁਤੇ॥
ਚਾਕਰ ਨਹਦਾ ਪਾਇਨ੍ਹਿ ਘਾਉ॥
ਰਤੁ ਪਿਤੁ ਕੁਤਿਹੋ ਚਟਿ ਜਾਹੁ॥
ਜਿਥੈ ਜੀਆਂ ਹੋਸੀ ਸਾਰ॥
ਨਕੀ ਵਢੀ ਲਾਇਤਬਾਰ॥

ਇਨ੍ਹਾਂ ਵਿਚੋਂ ਕੁਝ ਇੱਕ ਲੋਕਾਂ ਦੀ ਹਮਦਰਦੀ ਜਿੱਤਣ ਵਾਸਤੇ ਦਿਖਾਵੇ ਵਾਸਤੇ ਤਾਂ ਕਾਨੂੰਨਾਂ ਦਾ ਵਿਰੋਧ ਕਰਦੇ ਹਨ, ਪਰ ਅੰਦਰੋਂ ਇਹ ਉਨ੍ਹਾਂ ਦੇ ਹਮਾਇਤੀ ਹੀ ਹਨ। ਇਨ੍ਹਾਂ 'ਤੇ ਭਰੋਸਾ ਕਰਕੇ ਇਨ੍ਹਾਂ ਤੋਂ ਉਮੀਦ ਰੱਖਣੀ ਕੋਈ ਸਿਆਣਪ ਨਹੀਂ ਹੈ। ਇਸੇ ਕਰਕੇ ਕਿਸਾਨ ਮੁਖੀਆਂ ਨੇ ਇਨ੍ਹਾਂ ਨੂੰ ਅਤੇ ਸਿਆਸੀ ਪਾਰਟੀਆਂ ਨੂੰ ਆਪਣੇ ਅੰਦੋਲਨ ਤੋਂ ਹਰ ਸੰਭਵ ਯਤਨ ਕਰਕੇ ਦੂਰ ਹੀ ਰੱਖਿਆ ਹੈ।

ਆਮ ਕਿਰਤੀ ਤੇ ਕਿਸਾਨ ਲੋਕਾਂ ਦੀ ਤਾਕਤ




ਏਕੇ ਵਿਚ ਹੁੰਦੀ ਹੈ। ਚਲ ਰਹੇ ਕਿਸਾਨ ਅੰਦੋਲਨ ਨੇ ਸਮਾਜ ਵਿਚ ਵੰਡੀਆਂ ਪਾਉਣ ਵਾਲੇ ਸਾਰੇ ਵਖਰੇਵਿਆਂ ਨੂੰ ਦੂਰ ਕਰਕੇ ਇਸ ਏਕੇ ਨੂੰ ਮਜਬੂਤ ਕੀਤਾ ਹੈ; ਪਰ ਇਹ ਏਕਾ ਇਨ੍ਹਾਂ ਲੁਟੇਰਿਆਂ ਵਾਸਤੇ ਸਭ ਤੋਂ ਵੱਡੀ ਬਿਪਤਾ ਹੁੰਦੀ ਹੈ। ਇਸ ਏਕੇ ਨੂੰ ਤੋੜਨ ਵਾਸਤੇ ਉਹ ਅਨੇਕਾਂ ਢੰਗ-ਤਰੀਕੇ ਵਰਤਦੇ ਹਨ ਜਿਵੇਂ ਜਾਤਾਂ, ਧਰਮਾਂ, ਇਲਾਕਿਆਂ ਆਦਿ ਦੇ ਨਾਂ 'ਤੇ ਲੋਕਾਂ ਨੂੰ ਨਿਖੇੜਿਆ ਜਾ ਸਕਦਾ ਹੈ। ਇਨ੍ਹਾਂ ਵਿਚੋਂ ਵੀ ਧਰਮ ਦੇ ਨਾਂ 'ਤੇ ਨਿਖੇੜਨਾਂ ਸਭ ਤੋਂ ਸੌਖਾ ਹੈ ਤੇ ਉਹ ਇਹ ਤਰੀਕਾ ਸਭ ਤੋਂ ਪਹਿਲਾ ਅਪਨਾਉਂਦੇ ਹਨ। ਅਸੀਂ ਘੱਟੋ ਘੱਟ ਦੋ ਮਿਸਾਲਾਂ ਲੈ ਸਕਦੇ ਹਾਂ, ਜਿਥੇ ਸਿਆਸੀ ਆਗੂਆਂ ਨੇ ਆਮ ਜਨਤਾ ਵਿਚ ਜਾਤਾਂ, ਧਰਮਾਂ, ਇਲਾਕਿਆਂ ਤੋਂ ਉੱਪਰ ਉੱਠ ਕੇ ਬਣ ਰਹੇ ਏਕੇ ਨੂੰ ਤੋੜਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਗਈ ਹੈ। ਪਹਿਲਾ ਸੀ. ਏ. ਏ. ਸਬੰਧੀ ਚੱਲ ਰਹੇ ਅੰਦੋਲਨ ਦੌਰਾਨ ਦਿੱਲੀ ਅਸੈਂਬਲੀ ਚੋਣਾਂ ਵੇਲੇ ਤੇ ਦੂਜਾ ਹੁਣੇ ਹੋਈਆਂ ਬੰਗਾਲ ਚੋਣਾਂ ਵੇਲੇ।

ਸੀ. ਏ. ਏ. ਦਾ ਸਬੰਧ ਭਾਵੇਂ ਮੁਸਲਮਾਨ ਭਾਈਚਾਰੇ ਨਾਲ ਹੈ ਤੇ ਅੰਦੋਲਨ ਵੀ ਉਨ੍ਹਾਂ ਵਲੋਂ ਹੀ ਸ਼ੁਰੂ ਕੀਤਾ ਗਿਆ ਸੀ, ਪਰ ਛੇਤੀ ਹੀ ਇਹ ਅੰਦੋਲਨ ਭਾਰਤੀ ਸਮਾਜ ਦੇ ਸਾਰੇ ਭਾਈਚਾਰਿਆਂ ਵਲੋਂ ਸਹਿਯੋਗ ਦੇਣ ਨਾਲ ਇੱਕ ਜਨ ਅੰਦੋਲਨ ਬਣ ਰਿਹਾ ਸੀ। ਇਸ ਅੰਦੋਲਨ ਦੇ ਬਿਨਾ ਕਿਸੇ ਪ੍ਰਾਪਤੀ ਦੇ ਖਤਮ ਹੋਣ ਦਾ ਕਾਰਨ ਕਰੋਨਾ ਨੂੰ ਗਿਣਿਆ ਜਾਂਦਾ ਹੈ, ਪਰ ਅਸਲ ਕਾਰਨ ਦਿੱਲੀ ਚੋਣਾਂ ਦੌਰਾਨ ਆਮ ਆਦਮੀ ਪਾਰਟੀ, ਜਿਸ ਨੂੰ ਇੱਕ ਧਰਮ ਨਿਰਪੱਖ ਪਾਰਟੀ ਮੰਨਿਆ ਜਾਂਦਾ ਹੈ, ਵਲੋਂ ਚੋਣਾਂ ਵੇਲੇ ਇੱਕ ਧਰਮ ਦੀ ਪੈਰੋਕਾਰ ਦਾ ਰੋਲ ਨਿਭਾਉਣ ਨਾਲ ਸਾਬਤ ਹੁੰਦਾ ਹੈ ਕਿ ਉਸ ਨੇ ਆਮ ਲੋਕਾਂ ਦੇ ਧਰਮਾਂ ਤੋਂ ਉੱਪਰ ਉੱਠ ਕੇ ਏਕੇ ਨੂੰ ਸਾਬੋਤਾਜ ਕਰਨ ਅਤੇ ਧਾਰਮਿਕ ਵੰਡੀਆਂ ਨੂੰ ਉਤਸ਼ਾਹਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਇਸ ਨਾਲ ਇੱਕ ਘੱਟ-ਗਿਣਤੀ ਧਰਮ ਵਾਲੇ ਤਾਂ ਨੁੱਕਰੇ ਲਾਏ ਹੀ ਗਏ, ਬਹੁਤ ਹੀ ਸ਼ਰਮਨਾਕ ਧਾਰਮਿਕ ਦੰਗੇ ਕਰਵਾ ਕੇ ਸਮੁੱਚੇ ਭਾਰਤ ਵਾਸੀਆਂ ਵਿਚ ਫਿਰ ਤੋਂ ਵੰਡੀਆਂ ਪਾਉਣ ਦੀ ਹਰ ਕੋਸ਼ਿਸ਼ ਕੀਤੀ ਗਈ।

ਦੂਸਰੀ ਮਿਸਾਲ ਆਪਾਂ ਹੁਣੇ ਹੋਈਆਂ ਬੰਗਾਲ ਚੋਣਾਂ ਦੀ ਲੈ ਸਕਦੇ ਹਾਂ। ਪਿਛਲੇ ਕਈ ਮਹੀਨਿਆਂ ਤੋਂ ਕਿਸਾਨ ਅੰਦੋਲਨ ਪੂਰਾ ਭਖਿਆ ਹੋਇਆ ਹੈ, ਪਰ ਸਰਕਾਰ ਇਸ ਪ੍ਰਤੀ ਬਿਲਕੁਲ ਬੇਪਰਵਾਹ ਹੋਈ ਪਈ ਹੈ। ਇਸ ਵੇਲੇ ਕੇਂਦਰ ਵਿਚ ਭਾਜਪਾ ਦੀ ਬਹੁਮੱਤ ਵਾਲੀ ਸਰਕਾਰ ਹੈ। ਕਿਸਾਨ ਮੁਖੀਆਂ ਨੇ ਸਰਕਾਰ ਨੂੰ ਝਟਕਾ ਦੇਣ ਵਾਸਤੇ ਚੋਣਾਂ ਵਾਲੇ ਸੂਬਿਆਂ ਵਿਚ ਜਾ ਕੇ ਉਥੋਂ ਦੇ ਲੋਕਾਂ ਨੂੰ ਜਾਤਾਂ, ਧਰਮਾਂ ਆਦਿ ਤੋਂ ਉੱਪਰ ਉਠ ਕੇ ਭਾਜਪਾ ਦੇ ਵਿਰੁੱਧ ਵੋਟਾਂ ਪਾਉਣ ਵਾਸਤੇ ਪ੍ਰੇਰਿਆ। ਹਰ ਖੇਤਰ ਦੇ ਲੋਕਾਂ ਨੇ ਕਿਸਾਨਾਂ ਨਾਲ ਹਰ ਤਰ੍ਹਾਂ ਸਹਿਮਤੀ ਪ੍ਰਗਟਾਈ। ਪੱਛਮੀ ਬੰਗਾਲ ਵਿਚ ਭਾਰੂ ਧਿਰ ਤ੍ਰਿਣਮੂਲ ਕਾਂਗਰਸ ਹੈ ਤੇ ਇਸ ਨੂੰ ਇੱਕ ਧਰਮ ਨਿਰਪੱਖ ਪਾਰਟੀ ਗਿਣਿਆ ਜਾਂਦਾ ਹੈ। ਭਾਜਪਾ ਦੇ ਵਿਰੋਧ ਦਾ ਫਾਇਦਾ ਵੀ ਉਸੇ ਨੂੰ ਹੋਣਾ ਸੀ, ਪਰ ਇਸ ਪਾਰਟੀ ਵਲੋਂ ਵੀ ਚੋਣਾਂ ਵੇਲੇ ਇੱਕ ਧਰਮ ਦੀ ਪੈਰੋਕਾਰ ਦਾ ਰੋਲ ਨਿਭਾਉਣ ਨਾਲ ਸਾਬਤ ਹੁੰਦਾ ਹੈ ਕਿ ਉਸ ਨੇ ਆਮ ਲੋਕਾਂ ਦੇ ਧਰਮਾਂ ਤੋਂ ਉੱਪਰ ਉੱਠ ਕੇ ਏਕੇ ਨੂੰ ਸਾਬੋਤਾਜ ਕਰਨ ਅਤੇ ਧਾਰਮਿਕ ਵੰਡੀਆਂ ਨੂੰ ਉਤਸ਼ਾਹਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ, ਜਿਸ ਦਾ ਨਤੀਜਾ ਅਖੀਰ ਖੂਨੀ ਦੰਗਿਆਂ ਵਿਚ ਵੀ ਨਿਕਲਿਆ ਹੈ।

ਇਸ ਤੋਂ ਵੀ ਅੱਗੇ ਭਾਜਪਾ ਨੂੰ, ਜੋ ਇੱਕ ਪੂਰੀ ਤਰ੍ਹਾਂ ਫਿਰਕੂ ਪਾਰਟੀ ਹੈ, ਸਮੁੱਚੇ ਦੇਸ਼ ਵਿਚ ਫਿਰਕੂਪੁਣਾ ਫੈਲਾਉਣ ਦਾ ਮੌਕਾ ਹੱਥ ਲੱਗ ਗਿਆ। ਉਨ੍ਹਾਂ ਇਸ ਤੋਂ ਭਰਪੂਰ ਫਾਇਦਾ ਉਠਾਉਣ ਦਾ ਹਰ ਸੰਭਵ ਯਤਨ ਕੀਤਾ, ਪਰ ਕਿਸਾਨ ਅੰਦੋਲਨ ਦੌਰਾਨ ਪੈਦਾ ਹੋਏ ਏਕਤਾ ਦੇ ਪੈਗਾਮ ਨੇ ਉਨ੍ਹਾਂ ਦੀ ਇਹ ਕੋਝੀ ਵਿਉਂਤ ਸਿਰੇ ਨਹੀਂ ਚੜ੍ਹਨ ਦਿੱਤੀ।

ਯਕੀਨਨ, ਜੇ ਤ੍ਰਿਣਮੂਲ ਕਾਂਗਰਸ ਧਰਮ ਨਿਰਪੱਖ ਰਹਿੰਦੀ ਤਾਂ ਇਸ ਦੀ ਜਿੱਤ ਏਦੂੰ ਵੀ ਵਧੀਆ ਹੋਣੀ ਸੀ ਤੇ ਦੰਗੇ ਵੀ ਨਹੀਂ ਸਨ ਹੋਣੇ। ਸਾਨੂੰ ਇਸ ਗੱਲ ਤੋਂ ਸੁਚੇਤ ਰਹਿਣਾ ਚਾਹੀਦਾ ਹੈ ਕਿ ਸਾਡੀਆਂ ਸਿਆਸੀ ਪਾਰਟੀਆਂ ਨੂੰ ਲੋਕਾਂ ਦਾ ਆਪਸੀ ਏਕਾ ਆਪਣੀ ਮੌਤ ਵਾਂਗ ਦਿਸਦਾ ਹੈ ਤੇ ਉਹ ਹਰ ਹੀਲੇ ਇਸ ਏਕੇ ਨੂੰ ਖਤਮ ਕਰਨ ਵਾਸਤੇ ਯਤਨਸ਼ੀਲ ਰਹਿਣਗੇ।

ਮੈਨੂੰ ਨਿਜੀ ਤੌਰ 'ਤੇ ਅਰਵਿੰਦ ਕੇਜਰੀਵਾਲ ਤੇ ਮਮਤਾ ਬੈਨਰਜੀ ਦੇ ਧਰਮ ਨਿਰਪੱਖ, ਇਮਾਨਦਾਰ ਤੇ ਸੱਚੇ ਸੁੱਚੇ ਹੋਣ 'ਤੇ ਕੋਈ ਸ਼ੱਕ ਨਹੀਂ ਹੈ। ਐਨੇ ਭ੍ਰਿਸ਼ਟ ਸਮਾਜ ਵਿਚ ਅਜਿਹੇ ਹੋਰ ਲੋਕ ਵੀ ਹਨ, ਜੋ ਹਰ ਤਰ੍ਹਾਂ ਨਾਲ ਇਮਾਨਦਾਰ, ਧਰਮ ਨਿਰਪੱਖ ਤੇ ਸਰਬੱਤ ਦਾ ਭਲਾ ਮੰਗਣ ਵਾਲੇ ਹਨ। ਅਜਿਹੇ ਲੋਕਾਂ ਵਾਸਤੇ ਗੁਰੂ ਸਾਹਿਬ ਨੇ ਬਾਣੀ ਵਿਚ ਵੀ ਲਿਖਿਆ ਹੈ,

ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ
ਕੋਈ ਹਰਿਆ ਬੂਟੁ ਰਹਿਓ ਰੀ॥

ਅਜਿਹੇ ਇਮਾਨਦਾਰ ਲੋਕਾਂ ਨੂੰ ਪੱਕੇ ਪੈਰੀਂ ਕਰਨ ਵਾਸਤੇ ਕਿਸਾਨਾਂ, ਮਜ਼ਦੂਰਾਂ ਤੇ ਹੋਰ ਨੇਕ ਕਮਾਈ ਕਰਨ ਵਾਲਿਆਂ ਦੀ ਏਕਤਾ ਬਹੁਤ ਜਰੂਰੀ ਹੈ। ਇਨ੍ਹਾਂ ਦਾ ਏਕਾ ਹੀ ਇਮਾਨਦਾਰ ਤੇ ਸੱਚੇ ਸੁੱਚੇ ਇਨਸਾਨਾਂ ਨੂੰ ਅੱਗੇ ਆਉਣ ਵਿਚ ਸਹਾਈ ਹੋ ਸਕਦਾ ਹੈ ਤੇ ਇਸ ਤਰ੍ਹਾਂ ਹੀ ਦੇਸ਼ ਦੀ ਆਜ਼ਾਦੀ ਨੂੰ ਕਾਇਮ ਰੱਖਿਆ ਤੇ ਕਿਰਤ ਦੇ ਲੁਟੇਰਿਆਂ ਤੋਂ ਛੁਟਕਾਰਾ ਮਿਲ ਸਕਦਾ ਹੈ।

###



# ਮਸ਼ਾਲਾਂ ਵਾਲਾ ਮਿਸਾਲੀ ਸ਼ਾਇਰ

ਕਲਾ ਪਰਿਕਰਮਾ

ਪਸੀਨੇ ਦੀ ਤਾਂ ਗੱਲ ਛੱਡੋ,
ਲਹੂ ਮਜ਼ਦੂਰ ਦਾ ਯਾਰੋ,
ਹੈ ਸਸਤਾ ਪਾਣੀਓਂ ਰਹਿਣਾ,
ਜਦੋਂ ਤੱਕ ਰਾਤ ਬਾਕੀ ਹੈ।

ਮਸ਼ਾਲਾਂ ਬਾਲ ਕੇ ਚੱਲਣਾ,
ਜਦੋਂ ਤੱਕ ਰਾਤ ਬਾਕੀ ਹੈ।

ਪੰਜਾਬ ਵਿਚ ਕੋਈ ਧਰਨਾ ਭਾਵੇਂ ਕਿਸੇ ਡੀ.ਸੀ. ਦਫਤਰ ਹੋਵੇ ਤੇ ਭਾਵੇਂ ਮਟਕਾ ਚੌਕ ਤੇ ਹੋਵੇ, ਪੰਜਾਬੀ ਭਵਨ ਦੇ ਬਾਹਰ ਪਹਿਲੀ ਮਈ ਦੀ ਰਾਤ ਦਾ ਮੇਲਾ ਹੋਵੇ ਜਾਂ ਅੰਦਰਲੇ ਹਾਲ 'ਚ ਜਮਹੂਰੀ ਹੱਕਾਂ ਬਾਰੇ ਕੋਈ ਮੀਟਿੰਗ ਜਾਂ ਦਿੱਲੀ ਦੇ ਪ੍ਰੈੱਸ ਕਲੱਬ ਵਿਚ ਕੋਈ ਪ੍ਰੋਗਰਾਮ ਜਾਂ ਕੈਨੇਡਾ ਅਮਰੀਕਾ ਵਿਚ ਭਾਰਤੀ ਕਾਮਿਆਂ ਦਾ

ਸ਼ੁਭਕਰਮ ਦੀਪ


ਕੋਈ ਸੰਮੇਲਨ ਹੋਵੇ; ਜਿੱਥੇ ਵੀ ਪੰਜਾਬ ਦੀ ਇਨਕਲਾਬੀ ਲਹਿਰ ਦੇ ਸਾਥੀ ਹੋਣ, ਉਹ ਆਪਣੀ ਹਾਜ਼ਰੀ ਇਸ ਗੀਤ ਰਾਹੀਂ ਲਾਜ਼ਮੀ ਲਵਾਉਂਦੇ ਹਨ।

ਗੀਤ ਦੇ ਨਾਲ ਸੰਗੀਤ ਭਾਵੇਂ ਗਿਟਾਰ ਤੇ ਕੈਸੀਓ ਦਾ ਹੋਵੇ, ਜਾਂ ਫੇਰ ਇਨਕਲਾਬੀਆਂ ਦਾ ਚਿੰਨ੍ਹ ਮੰਨੀ ਜਾਂਦੀ ਡਫਲੀ ਦਾ ਹੋਵੇ ਤੇ ਭਾਵੇਂ ਵਾਜਾ ਢੋਲਕੀ ਜਾਂ ਕਈ ਵਾਰ ਜਨਤਾ ਦਾ ਰੋਹ ਅਤੇ ਇਨਕਲਾਬੀ ਜਜ਼ਬਾ ਹੀ ਸੰਗੀਤਕ ਧੁਨ ਬਣ ਗਿਆ ਹੋਵੇ।

ਗਾਉਣ ਵਾਲਾ ਕੋਈ ਬੱਚਾ ਹੋਵੇ ਜਾਂ ਨੌਜਵਾਨ ਵਿਦਿਆਰਥੀ ਕਾਰਕੁਨ ਹੋਵੇ ਜਾਂ ਬਜ਼ੁਰਗ ਕਿਸਾਨ ਆਗੂ ਇਹ ਗੀਤ ਸ਼ੁਰੂ ਹੁੰਦੀਆਂ ਹੀ ਸਭ ਗੰਭੀਰਤਾ ਨਾਲ ਸੁਣਨ ਲੱਗਦੇ ਅਤੇ ਸਿਖਰ ਤੱਕ ਪਹੁੰਚਦਿਆਂ ਇਹ ਸਾਰੇ ਇਕੱਠ ਵਿਚ ਵੱਖਰਾ ਜਜ਼ਬਾ ਅਤੇ ਜਨੂਨ ਭਰ ਦਿੰਦਾ ਅਤੇ ਹਰ ਕੋਈ ਇਸ ਕਾਲੀ ਰਾਤ ਨੂੰ ਖਤਮ ਕਰਨ ਦੇ ਲਈ ਜੂਝਣ ਲਈ ਨਿਸ਼ਚਾ ਕਰ ਲੈਂਦਾ।

ਇਹ ਗੀਤ ਸਿਰਫ ਗੀਤ ਨਾ ਹੋ ਕੇ ਮਜ਼ਦੂਰ ਜਮਾਤ ਦੀ ਰਾਜਨੀਤੀ ਦਾ ਰਾਹ ਦਸੇਰਾ ਹੈ ਅਤੇ ਮੈਨੂੰ ਲੱਗਦਾ ਹੈ ਕਿ ਕਿਸੇ ਨੂੰ ਵੀ ਮਾਰਕਸਵਾਦੀ ਰਾਜਨੀਤੀ ਸਮਝਾਉਣੀ ਹੋਵੇ, ਇਸ ਗੀਤ ਰਾਹੀਂ ਸਭ ਤੋਂ ਸਰਲ ਤਰੀਕੇ ਨਾਲ ਇਜਾਰੇਦਾਰੀਆਂ, ਬੁਰਜੂਆ ਆਦਿ ਸ਼ਬਦਾਂ ਦੀ ਵਰਤੋਂ ਕੀਤੇ ਬਗੈਰ ਸਮਝਾਈ ਜਾ ਸਕਦੀ ਹੈ।

ਇਸ ਗੀਤ ਨਾਲ ਮੇਰੀ ਜਾਣ ਪਛਾਣ ਮੇਰੇ ਸਾਥੀ, ਮਿੱਤਰ ਅਤੇ ਅਧਿਆਪਕ ਡਾ. ਜਸਮੀਤ ਨੇ ਕਰਵਾਈ। ਉਨ੍ਹੀਂ ਦਿਨੀਂ ਮੈਂ ਨਵਾਂ-ਨਵਾਂ ਇਨਕਲਾਬੀ ਵਿਚਾਰਧਾਰਾ ਤੇ ਰਾਜਨੀਤੀ ਨਾਲ ਜੁੜਿਆ ਸੀ ਜਾਂ ਇੰਝ ਕਹਿ ਲਵੋ ਅੱਧ-ਪੱਕਾ (ਹਾਫ-ਬੇਕਡ) ਜਿਹਾ ਇਨਕਲਾਬੀ ਬਣ ਗਿਆ ਸੀ। ਮੈਂ ਜਦ ਵੀ ਉਨ੍ਹਾਂ ਕੋਲ ਜਾਂਦਾ, ਉਹ ਆਪਣੀ ਲਾਇਬ੍ਰੇਰੀ ਵਿਚ ਬੈਠੇ ਮੈਨੂੰ ਇੱਕ ਦੋ ਇਨਕਲਾਬੀ ਗੀਤ ਜ਼ਰੂਰ ਸੁਣਾਉਂਦੇ ਜਾਂ ਜਦ ਉਨ੍ਹਾਂ ਨਾਲ ਨਾਟਕ ਕਰਨ ਕਿਤੇ ਬਾਹਰ ਜਾਂਦੇ ਤਾਂ ਗੱਡੀ ਵਿਚ ਇਹੋ ਗੀਤ ਲੱਗੇ ਹੁੰਦੇ। ਮੈਨੂੰ ਵੀ ਜਲਦ ਹੀ ਇਹ ਗੀਤ ਸੁਣਨ ਦੀ ਆਦਤ ਪੈ ਗਈ ਪਰ 'ਮਸ਼ਾਲਾਂ ਬਾਲ ਕੇ ਚੱਲਣਾ' ਵਾਲਾ ਗੀਤ ਜਿਵੇਂ ਪਹਿਲੀ ਵਾਰ ਸੁਣਦਿਆਂ ਹੀ ਮਨ ਵਿਚ ਬੈਠ ਗਿਆ ਅਤੇ ਮੈਂ ਅੱਜ ਤੱਕ ਇਸ ਨੂੰ ਲਗਾਤਾਰ ਸੁਣਦਾ ਰਹਿੰਦਾਂ। ਫਿਰ ਇੱਕ ਵਾਰ



ਉਨ੍ਹਾਂ ਮੁਸ਼ੱਕਤ ਕਰ ਕੇ ਇਹ ਗੀਤ ਮੈਨੂੰ ਤਿਆਰ ਕਰਵਾਇਆ ਅਤੇ ਅਸੀਂ ਦੋਹਾਂ ਨੇ ਅੰਮ੍ਰਿਤਸਰ ਵਿਚ ਇੱਕ ਥਾਂ ਇਹ ਗਾਇਆ।

ਇਸ ਅਮਰ ਕਿਰਤ ਨੂੰ ਰਚਣ ਵਾਲੇ ਇਨਕਲਾਬੀ ਕਵੀ ਮਹਿੰਦਰ ਸਾਥੀ ਨੂੰ ਕੋਵਿਡ-19 ਨੇ ਸਾਡੇ ਕੋਲੋਂ ਖੋਹ ਲਿਆ ਹੈ। 86 ਵਰ੍ਹਿਆਂ ਦੀ ਉਮਰ ਹੰਢਾਉਣ ਵਾਲੇ ਸਾਥੀ ਆਪਣੇ ਅਖੀਰਲੇ ਸਾਹਾਂ ਤੱਕ ਵੀ ਇਨਕਲਾਬੀ ਰਾਜਨੀਤੀ ਪ੍ਰਤੀ ਵਚਨਬੱਧ ਰਹੇ। ਬਿਮਾਰੀ ਕਾਰਨ ਹਸਪਤਾਲ ਵਿਚ ਦਾਖਲ ਹੋਇਆਂ ਦੀ ਜੋ ਤਸਵੀਰ ਆਈ ਹੈ, ਉਸ ਵਿਚ ਤਣਿਆ ਮੁੱਕਾ ਇਸ ਗੱਲ ਦੀ ਸ਼ਾਹਦੀ ਭਰਦਾ ਹੈ। ਆਪਣੀ ਜੀਵਨ ਸਾਥੀ ਦੇ ਗੰਭੀਰ ਬਿਮਾਰੀ ਦਾ ਇਲਾਜ ਕਰਾਉਣ ਲਈ ਧੀ ਕੋਲ ਰਹਿਣ ਕਾਰਨ, ਉਹ ਅੱਜਕੱਲ੍ਹ ਮੋਗੇ ਵਿਖੇ ਆਪਣੇ ਘਰ ਬਹੁਤਾ ਸਮਾਂ ਇਕੱਲਿਆਂ ਹੀ ਗੁਜ਼ਾਰਦੇ। ਜੇ ਕਦੇ ਕੋਈ ਲੰਘਦਾ-ਟੱਪਦਾ ਸਾਥੀ ਉਨ੍ਹਾਂ ਨੂੰ ਮਿਲਣ ਜਾਂ ਕੋਈ ਨਵਾਂ ਕਵੀ ਉਨ੍ਹਾਂ ਕੋਲੋਂ ਕੁਝ ਸਮਝਣ ਲਈ ਆ ਜਾਂਦਾ ਤਾਂ ਕੁਝ ਪਲ ਇਸ ਇਕਲਾਪੇ ਤੋਂ ਮੁਕਤੀ ਮਿਲਦੀ।

ਮੈਂ ਅਕਸਰ ਸੋਚਦਾ ਕਿ ਇਸ ਗੀਤ ਨੂੰ ਲਿਖਣ ਵਾਲਾ ਕਵੀ ਸੱਚਮੁੱਚ ਸਮੁੰਦਰ ਤੋਂ ਵੀ ਗਹਿਰਾ ਸੋਚਣ ਵਾਲਾ ਹੋਵੇਗਾ। ਪੰਜਾਬੀ ਵਿਚ ਇਨਕਲਾਬੀ ਸਾਹਿਤਕਾਰ ਜਾਂ ਆਪਣੇ ਆਪ ਨੂੰ ਇਨਕਲਾਬੀ ਕਹਿਣ ਵਾਲੇ ਸਾਹਿਤਕਾਰ ਲੱਗਭੱਗ ਸਾਰੇ ਹੀ ਯੂਨੀਵਰਸਿਟੀਆਂ ਦੇ ਪ੍ਰੋਫੈਸਰ ਜਾਂ ਬਹੁਤੇ ਸੌਖੇ ਸ਼ਬਦਾਂ ਵਿਚ 'ਪੈਟੀ-ਬੁਰਜੂਆ' ਹੀ ਹਨ; ਮਜ਼ਦੂਰ ਜਮਾਤ ਵਿਚੋਂ ਆਉਣ ਵਾਲੇ ਤਾਂ ਆਟੇ ਵਿਚ ਲੂਣ ਬਰਾਬਰ ਹੀ ਹਨ। ਜਦ ਮੈਨੂੰ ਕਿਸੇ ਨੇ ਦੱਸਿਆ ਕਿ ਸਾਥੀ ਦੀ ਕਵਿਤਾ ਕਾਰਖਾਨਿਆਂ ਵਿਚ ਕੰਮ ਕਰਦਿਆਂ ਉਪਜੀ ਹੈ, ਇਸ ਲਈ ਇੰਨੀ ਯਥਾਰਥਕ ਹੈ ਤਾਂ ਮੇਰਾ ਇਹ ਵਿਸ਼ਵਾਸ ਪੱਕਾ ਹੋ ਗਿਆ ਕਿ ਨਾ ਸਿਰਫ ਬਿਹਤਰੀਨ ਕਵਿਤਾ ਬਲਕਿ ਹਰ ਪ੍ਰਕਾਰ ਦੀ ਕਲਾ ਕਿਰਤ ਵਿਚੋਂ ਅਤੇ ਜ਼ਿੰਦਗੀ ਦੀ ਕੁਠਾਲੀ ਵਿਚ ਕੁੱਟਦਿਆਂ ਹੋਏ ਤਜਰਬੇ ਵਿਚੋਂ ਉਪਜਦੀ ਹੈ, ਨਾ ਕਿ ਕਾਲਜਾਂ ਯੂਨੀਵਰਸਿਟੀਆਂ ਦੀਆਂ ਡਿਗਰੀਆਂ ਜਾਂ ਆਲੋਚਨਾ, ਕਾਵਿ ਸ਼ਾਸਤਰਾਂ ਆਦਿ ਦੀਆਂ ਪੁਸਤਕਾਂ ਵਿਚੋਂ।

ਮੈਂ ਉਨ੍ਹਾਂ ਦਾ ਲਿਖਿਆ ਕੁਝ ਹੋਰ ਨਹੀਂ ਪੜ੍ਹਿਆ ਪਰ ਇਸ ਇੱਕ ਗੀਤ ਨੇ ਮੇਰੇ ਉੱਪਰ ਜਿੰਨਾ ਪ੍ਰਭਾਵ ਪਾਇਆ, ਓਨਾ ਸ਼ਾਇਦ ਕਈ ਕਵੀਆਂ ਦੇ ਸੰਪੂਰਨ ਕਾਵਿ ਨੇ ਨਾ ਪਾਇਆ ਹੋਵੇ। ਸ਼ਾਇਦ ਪੰਜਾਬ ਦੇ ਹਰ ਇਨਕਲਾਬੀ ਤੇ ਇਹੀ ਪ੍ਰਭਾਵ ਹੈ। ਮੈਨੂੰ ਯਾਦ ਹੈ ਜਦ ਅਸੀਂ ਨਾਟਕ ਟੀਮ ਲੈ ਮਾਝੇ ਦੇ ਪਿੰਡਾਂ ਵਿਚ ਕਈ ਦਿਨ ਨਾਟਕ ਕਰਨ ਲਈ ਗਏ ਤਾਂ ਉਸ ਇਲਾਕੇ ਦੇ ਇੱਕ ਕਿਸਾਨ ਆਗੂ ਲੱਗਭੱਗ ਹਰ ਪਿੰਡ ਵਿਚ ਸਾਡਾ ਨਾਟਕ ਦੇਖਣ ਪਹੁੰਚਦੇ। ਜਦ ਅਸੀਂ ਇੱਕ ਪਿੰਡ ਵਿਚ ਭਾਜੀ ਗੁਰਸ਼ਰਨ ਦਾ ਨਾਟਕ 'ਬੁਝੀਆਂ' ਕਰਨ ਮਗਰੋਂ ਇਹ ਗੀਤ ਗਾਇਆ ਤਾਂ ਉਹ ਅਸ਼-ਅਸ਼ ਕਰ ਉੱਠੇ। ਉਸ ਮਗਰੋਂ ਅਸੀਂ ਜਿਹੜੇ ਵੀ ਪਿੰਡ ਜਾਇਆ ਕਰੀਏ, ਉਹ ਕਹਿਣ ਬਈ ਸਾਥੀ ਵਾਲਾ ਗੀਤ ਜ਼ਰੂਰ ਗਾਇਓ। ਇੱਕ ਪਿੰਡ ਵਿਚ ਮੇਰਾ ਵੱਡਾ ਬਾਈ ਬਿੰਦਰ ਮੈਨੂੰ ਕਹਿੰਦਾ, 'ਗਿਆਨੀ ਤੂੰ ਨਾ ਗਾਇਆ ਕਰ ਸਾਡੇ ਨਾਲ ਉਏ ਆਹ ਗਾਣਾ; ਤੇਰੀ ਪਾਟੀ ਹੋਈ ਆਵਾਜ਼ ਸਾਰਾ ਕੰਮ ਖਰਾਬ ਕਰ ਦਿੰਦੀ ਆ' ਤੇ ਮੈਂ ਚੁੱਪ ਰਹਿਣ ਦੀ ਕੋਸ਼ਿਸ਼ ਕਰਦਿਆਂ ਵੀ ਕਿਤੇ ਨਾ ਕਿਤੇ ਸੁਭਾਵਿਕ ਹੀ ਗਾ ਉੱਠਦਾ।

ਸਾਥੀ ਦੇ ਇਸ ਗਾਣੇ ਦੇ ਮੁਰੀਦ ਦੁਨੀਆ ਦੇ ਹਰ ਕੋਨੇ ਵਿਚ ਮੌਜੂਦ ਹਨ, ਭਾਵੇਂ ਉਹ ਕਿਸੇ ਵੀ ਭਾਸ਼ਾ ਦੇ ਹੋਣ। ਹਿੰਦੀ ਬੋਲਣ ਵਾਲੇ ਸਾਥੀ ਅਕਸਰ ਇਸ ਗੀਤ ਨੂੰ ਹਿੰਦੀ ਵਿਚ ਗਾਉਂਦੇ ਹੋਏ ਸੁਣੇ ਜਾ ਸਕਦੇ ਹਨ। ਤੇਲਗੂ ਕਵੀ ਪ੍ਰੋ. ਵਰਵਰਾ ਰਾਓ ਵੀ ਇਸ ਗੀਤ ਦਾ ਇੱਕ ਥਾਵੇਂ ਜ਼ਿਕਰ ਕਰਦੇ ਹਨ।

ਮੈਨੂੰ ਲੱਗਦਾ, ਇਹ ਗੀਤ ਸਿਰਫ ਤਦ ਤੱਕ ਨਹੀਂ ਜਦ ਤੱਕ ਇਹ ਰਾਤ ਬਾਕੀ ਹੈ ਬਲਕਿ ਨਵੀਂ ਸੂਹੀ ਸਵੇਰ ਆਉਣ ਤੱਕ ਦੁਨੀਆ ਤੇ ਗੂੰਜਦਾ ਰਹੇਗਾ; ਤੇ ਸਾਨੂੰ ਸਭਨਾਂ ਨੂੰ ਇਸ ਲੰਮੇਰੀ ਪੰਧ ਤੇ ਹਰ ਕਦਮ ਸੰਭਲ ਕੇ ਰੱਖਣ ਦੀ ਨਸੀਹਤ ਦਿੰਦਾ ਰਹੇਗਾ।

ਅੱਜ ਬਹੁਤ ਸਾਰੇ ਕਵੀ ਆਪਣੇ ਆਪ ਨੂੰ ਮਾਰਕਸਵਾਦੀ ਕਹਿੰਦੇ ਹਨ ਪਰ ਮਾਰਕਸਵਾਦੀ ਰਾਜਨੀਤੀ ਤੋਂ ਕੰਨੀਂ ਕਤਰਾਉਂਦੇ ਹਨ। ਅਜਿਹੇ ਸਮੇਂ ਸਾਥੀ ਵਰਗਿਆਂ ਦਾ ਵਾਰ-ਵਾਰ ਚੇਤੇ ਆਉਣਾ ਸੁਭਾਵਿਕ ਹੈ ਜੋ ਇਸ ਰਾਜਨੀਤੀ ਪ੍ਰਤੀ ਇੰਨੇ ਪ੍ਰਤੀਬੱਧ ਸਨ ਕਿ ਇਸ ਲਈ ਜੇਲਾਂ ਵਿਚ ਜਾਣੋਂ ਵੀ ਨਾ ਡਰੇ। ਅਸਲ ਵਿਚ ਨਿਰੋਲ ਮਾਰਕਸਵਾਦੀ ਫਲਸਫੇ ਨੂੰ ਰਾਜਨੀਤੀ ਬਗੈਰ ਮੰਨਣ ਵਰਗਾ ਕੁਝ ਨਹੀਂ ਹੈ। ਮਾਰਕਸਵਾਦੀ ਫਲਸਫਾ ਹੈ ਹੀ ਮਜ਼ਦੂਰ ਜਮਾਤ ਦੀ ਰਾਜਨੀਤੀ ਦਾ ਫਲਸਫਾ ਅਤੇ ਇਸ ਦਾ ਬੁਨਿਆਦੀ ਅਸੂਲ ਹੀ ਇਸ ਫਲਸਫੇ ਦਾ ਅਮਲ ਹੈ।

ਅੱਜ ਮਹਿੰਦਰ ਸਾਥੀ ਹੁਰਾਂ ਵੱਲੋਂ ਬਾਲੀ ਮਸ਼ਾਲ ਨੂੰ ਜਗਦਿਆਂ ਰੱਖਣ ਦਾ ਇੱਕੋ-ਇੱਕ ਰਾਹ ਹੈ ਤੇ ਉਹ ਹੈ ਸੰਘਰਸ਼ਾਂ ਦੇ ਵਿਚ ਡਟਣ ਦਾ ਅਤੇ ਮਜ਼ਦੂਰ ਜਮਾਤ ਦੀ ਰਾਜਨੀਤੀ ਦੇ ਹਿੱਸਾ ਬਣਨ ਦਾ ਰਾਹ।

ਮਸ਼ਾਲਾਂ ਬਾਲ ਕੇ ਚੱਲਣਾ,
ਜਦੋਂ ਤੱਕ ਰਾਤ ਬਾਕੀ ਹੈ।
ਸੰਭਲ ਕੇ ਹਰ ਕਦਮ ਰੱਖਣਾ,
ਜਦੋਂ ਤੱਕ ਵਾਟ ਬਾਕੀ ਹੈ।
ਲਾਲ ਸਲਾਮ ਸਾਥੀ!!

## ਮਹਿੰਦਰ ਸਾਥੀ ਦਾ ਗੀਤ 'ਮਸ਼ਾਲਾਂ ਬਾਲ ਕੇ ਚੱਲਣਾ'

ਮਸ਼ਾਲਾਂ ਬਾਲ ਕੇ ਚੱਲਣਾ,
ਜਦੋਂ ਤਕ ਰਾਤ ਬਾਕੀ ਹੈ।
ਸੰਭਲ ਕੇ ਹਰ ਕਦਮ ਰੱਖਣਾ,
ਜਦੋਂ ਤਕ ਰਾਤ ਬਾਕੀ ਹੈ।

ਮਿਲੂ ਮਨਸੂਰ ਨੂੰ ਸੂਲੀ,
ਤੇ ਵਿਸ਼ ਸੁਕਰਾਤ ਦੇ ਹਿੱਸੇ
ਰਹੇਗਾ ਜੁਰਮ ਸੱਚ ਕਹਿਣਾ,
ਜਦੋਂ ਤਕ ਰਾਤ ਬਾਕੀ ਹੈ।

ਪਸੀਨੇ ਦੀ ਤਾਂ ਗੱਲ ਛੱਡੋ,
ਲਹੂ ਮਜ਼ਦੂਰ ਦਾ ਯਾਰੋ
ਇਹ ਸਸਤਾ ਪਾਣੀਓਂ ਰਹਿਣਾ,
ਜਦੋਂ ਤਕ ਰਾਤ ਬਾਕੀ ਹੈ।

ਬਣੇਗਾ ਇਸ਼ਕ ਮੇਰਾ ਓਦੋਂ ਤਕ
ਬਾਰੂਦ ਦਾ ਖਾਜਾ
ਤੇ ਤੇਰੇ ਹੁਸਨ ਨੇ ਵਿਕਣਾ,
ਜਦੋਂ ਤਕ ਰਾਤ ਬਾਕੀ ਹੈ।

ਰਗੜ ਮੱਥਾ ਤੂੰ ਮੰਦਰ ਵਿਚ,
ਜਾਂ ਮਸਜਿਦ ਵਿਚ ਤੂੰ ਕਰ ਸਿਜਦੇ
ਤੇਰੇ ਦੁੱਖਾਂ ਨਹੀਂ ਮਿਟਣਾ,
ਜਦੋਂ ਤਕ ਰਾਤ ਬਾਕੀ ਹੈ।

ਹਕੀਕਤ ਤਾਂ ਹੈ ਕਿ ਮਿਰਜ਼ੇ
ਗਏ ਮਾਰੇ ਨੇ ਬੰਨ੍ਹ ਬੰਨ੍ਹ ਕੇ
ਤੇ ਖ਼ਬਰੀਂ 'ਟਾਕਰਾ' ਛਪਣਾ,
ਜਦੋਂ ਤਕ ਰਾਤ ਬਾਕੀ ਹੈ।

ਹਨੇਰੇ ਦੀ ਅਦਾਲਤ ਵਿਚ,
ਹੈ ਕੀ ਫਰਿਆਦ ਦਾ ਫਾਇਦਾ
ਤੂੰ ਕਰ ਸੰਗਰਾਮ ਐ ਸਜਣਾ,
ਜਦੋਂ ਤਕ ਰਾਤ ਬਾਕੀ ਹੈ।

ਮੇਰਾ ਮੱਥਾ ਰਹੂ ਭੱਖਦਾ
ਇਹ ਬਣਿਆਂ ਰਹੂ ਦੇ ਤੀਰਾਂ ਦਾ
ਨਹੀਂ ਇਸ ਡਿਊਟੀ ਨੇ ਮਿਟਣਾ,
ਜਦੋਂ ਤਕ ਰਾਤ ਬਾਕੀ ਹੈ

ਲੜਨਗੇ ਨਾਲ ਤੇਰੇ ਐ ਹਨੇਰੇ!
ਅੰਤ ਤਕ 'ਸਾਥੀ'
ਇਨਾਂ ਨਈਂ ਚੈਣ ਸੰਗ ਬਹਿਣਾ,
ਜਦੋਂ ਤਕ ਰਾਤ ਬਾਕੀ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 30 ਮਈ 2021 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-483



*ਕਾਨੂੰਨ ਤਾਂ ਲਾਗੂ ਹੋਣ ਨ੍ਹੀਂ ਦੇਣੇ, ਤੁਰ ਪਏ ਤਾਊ ਜੋੜ ਕੇ ਗੱਡੇ।*
*ਤਾਣ ਕੇ ਮੁੱਕੇ ਲਾਵਣ ਨਾਹਰੇ, ਜੁਆਕ ਜੱਲੇ ਵੀ ਉਪਰ ਲੱਦੇ।*
*ਵੱਡੇ ਭਾਈ ਨੇ ਲਾਇਆ ਕੰਨ੍ਹਾ, ਛੋਟਾ ਦੁੱਗਣੇ ਜੋਸ਼ ਨਾਲ ਗੱਜੇ।*

## ਕੈਪਸ਼ਨ ਮੁਕਾਬਲਾ-481



ਰੇੜ੍ਹੀ ਲਾ ਕੇ ਬੈਠਾ ਸਿਦਕੀ
ਪਿਆ ਉਡੀਕੇ ਗਾਹਕਾਂ ਨੂੰ,
ਗੋਡੇ ਗੋਡੇ ਪਾਣੀ ਚੜ੍ਹਿਆ
ਮੀਂਹ ਪਿਆ ਬਰਸਾਤਾਂ ਨੂੰ।
ਸੌਦਾ ਲੈਣ ਕੋਈ ਨਾ ਆਉਂਦਾ
ਬੂਰ ਨਹੀਂ ਪੈਂਦਾ ਆਸਾਂ ਨੂੰ,
ਅੱਜ ਦਿਹਾੜੀ ਕਿੰਦਾਂ ਬਣਨੀ
ਰੋਟੀ ਦੇ ਸੰਧੇ ਆਸਾਂ ਨੂੰ।
*-ਕਲਵੰਤ ਸਿੰਘ ਸਹੋਤਾ*

---

ਇੱਕ ਲਾਕ ਡਾਊਨ ਨੇ ਮਾਰ ਲਏ
ਦੂਜੇ ਬੱਦਲ ਚੜ੍ਹ ਕੇ ਆਇਆ।
ਭੁੱਖ ਦੁੱਖ ਨਾਲ ਤੜਫਣ ਨਿਆਣੇ
ਕਿਸੇ ਨਾ ਸਾਡਾ ਦਰਦ ਵੰਡਾਇਆ।
ਭੁੱਲਿਆ ਚੁੱਕਿਆ ਆ ਜਾਵੇ ਕੋਈ
ਬੱਸ ਇਸ ਆਸ 'ਤੇ ਡੇਰਾ ਲਾਇਆ।
*-ਜਗਮੀਤ ਸਿੰਘ ਪੰਧੇਰ*

---

ਦਸਾਂ ਨਹੁੰਆਂ ਦੀ ਕਿਰਤ ਕਰੀਏ
ਹੱਕ ਕਿਸੇ ਦਾ ਖੋਹੀਏ ਨਾ।
ਵੰਡ ਕੇ ਸਦਾ ਖਾਣੀ ਨੇਕ ਕਮਾਈ
ਦੀਨ ਕਿਸੇ ਨੂੰ ਕੋਹੀਏ ਨਾ।
ਸਬਕ ਗੁਰਾਂ ਦਾ ਹੈ ਪੱਲੇ ਬੰਨ੍ਹਿਆ
ਸ਼ਰਮ ਕੰਮ ਤੋਂ ਖਾਈਏ ਨਾ।
ਸ਼ਾਮ ਸਵੇਰੇ ਗੁਣ ਪ੍ਰਭੂ ਦੇ ਗਾਈਏ,
ਐਵੇਂ ਵਕਤ ਟਪਾਈਏ ਨਾ।
*-ਸੇਵਾ ਸਿੰਘ ਨੂਰਪੁਰੀ*

---

ਕਰੋਨਾ ਬਿਮਾਰੀ ਦੇ ਖੌਫ ਕਰਕੇ
ਗਾਹਕ ਪਹਿਲਾਂ ਹੀ ਬੜਾ ਘੱਟ।
ਉਪਰੋਂ ਇੰਦਰ ਮਹਾਰਾਜ ਜੀ ਨੇ
ਲਾ ਦਿੱਤੀ ਮੀਂਹ ਦੀ ਚੰਗੀ ਝੱਟ।

ਗਰੀਬ ਤਬਕੇ ਨੂੰ ਕਰਨਾ ਪੈਂਦਾ
ਧੁੱਪ, ਛਾਂ ਤੇ ਮੀਂਹ ਨੂੰ ਇਗਨੋਰ,
ਕਿਉਂ ਜੋ ਪਾਪੀ ਪੇਟ ਰੋਟੀ ਮੰਗੇ
ਇੱਥੇ ਚੱਲਦਾ ਨਹੀਂ ਕੋਈ ਜ਼ੋਰ।
*-ਚਮਨਦੀਪ ਸ਼ਰਮਾ, ਪਟਿਆਲਾ*
*ਫੋਨ: 91-95010-33005*

---

ਮੀਂਹ-ਹਨੇਰੀ, ਗਰਮੀ-ਸਰਦੀ ਹੰਢਾਉਂਦੇ
ਰੇਹੜੀ-ਫੜ੍ਹੀ ਵਾਲਿਆਂ ਦੀ ਬਣਦੀ ਰੇਲ।
ਗੈਰ-ਸਮਾਜੀ ਲੋਕ, ਸ਼ਾਸਨ ਤੇ ਪੁਲਿਸ
ਰਲ-ਮਿਲ ਕਰਦੇ ਇਨ੍ਹਾਂ ਨੂੰ ਫੇਲ੍ਹ।
ਚਾਰ ਪੈਸੇ ਕਮਾਉਣ ਦੀ ਖਾਤਰ
ਲੱਭਦੇ ਕੋਈ ਕੋਨਾ ਵਿਚ ਬਾਜ਼ਾਰ।
ਬੇਰੁਜ਼ਗਾਰੀ, ਮਹਾਮਾਰੀ ਦੀ ਮਾਰ ਤੋਂ
ਗੁਰਬਤ 'ਚ ਬੇਚਾਰੇ ਹੋ ਜਾਂਦੇ ਲਾਚਾਰ।
*-ਅਮਰਜੀਤ ਸਿੰਘ ਤੂਰ*

---

ਫਜ਼ੂਲ ਦੀ ਫੂੰ ਫਾਂ ਜਿਨ੍ਹਾਂ 'ਚ
ਫੋਕੀ ਟੌਹਰ, ਧੇਲਾ ਜੇਬ 'ਚ ਨਹੀਂ।
ਧਰਮ ਅਤੇ ਜਾਤ ਕਿਤੇ ਵੰਡਦੀ
ਰੇਹੜੀ ਲਾਉਂਦਿਆਂ ਕੋਈ ਫੀਤੀ ਨਹੀਂ ਲਹਿੰਦੀ।
'ਨਾਲੇ ਪੁੰਨ, ਨਾਲੇ ਫਲੀਆਂ'
ਭਾਵ ਇਕ ਤਾਂ ਸੇਵਾ ਖਲਕਤ ਦੀ
ਦੂਜਾ ਕੁਝ ਖੱਟ ਕਮਾ ਕੇ ਹੀ ਆਉਂਦਾ
ਕੋਈ ਭਿਖਿਆ ਤਾਂ ਨਹੀਂ ਮੰਗਦਾ
ਤਾਹੀਓਂ ਕਹਿੰਦੇ 'ਵਰਕ ਇਜ਼ ਵਰਸ਼ਿਪ!'
*-ਦਰਸ਼ਨਪਾਲ ਦੋਸਾਂਝ*

---

ਕੰਮਾਂ, ਧੰਦਿਆਂ 'ਤੇ ਜਾਣਾ ਪੈਣਾ
ਗੋਡੇ-ਗੋਡੇ ਭਾਵੇਂ ਫਿਰਦਾ ਪਾਣੀ,
ਦਿਹਾੜੀਦਾਰਾਂ ਨੇ ਕਿੱਥੋਂ ਖਾਣਾ
ਰੋਜ਼ ਦੀ ਕਮਾਈ, ਰੋਜ਼ ਹੈ ਖਾਣੀ।
ਲਾਰੇ-ਲੱਪੇ, ਵਿਕਾਸ ਦੀਆਂ ਟਾਹਰਾਂ,
ਸੁੱਤੀਆਂ ਸਰਕਾਰਾਂ ਲੰਮੀ ਤਾਣੀ।
*-ਦਵਿੰਦਰ ਕੌਰ*


---

ਮੀਂਹ ਆਵੇ, ਮੀਂਹ ਜਾਵੇ
ਅਸਾਂ ਲਾਉਣੀ ਮਿਹਨਤ ਦੀ ਦਿਹਾੜੀ।
ਕਰ ਕੇ ਰੋਜ਼ ਕਮਾਈ ਹੈ ਖਾਣੀ
ਭਾਵੇਂ ਲਾਉਣੀ ਪੈ ਜਾਵੇ ਰੇਹੜੀ।
ਸਰਕਾਰਾਂ ਨਾ ਕੋਈ ਕਰਦੀਆਂ ਹੀਲਾ,
ਗਰੀਬਾਂ ਦਾ ਦਾਲ ਖੁਣੋਂ ਖਾਲੀ ਪਤੀਲਾ।
*-ਗੋਰਾ ਪ੍ਰਜਾਪਤ, ਨਿਊ ਯਾਰਕ*

# ਪੈਰਿਸ ਵਾਤਾਵਰਨ ਸਮਝੌਤਾ-ਸਰਲ ਪਛਾਣ

ਸਮਾਜਿਕ ਮੁੱਦੇ

ਵਿਸ਼ਵ-ਵਿਆਪੀ ਵਾਤਾਵਰਨ ਵਿਚ ਹੋ ਰਹੇ ਹਾਨੀਕਾਰਕ ਪਰਿਵਰਤਨ ਨੂੰ ਠੱਲ੍ਹ ਪਾਉਣ ਵਾਸਤੇ, 195 ਮੈਂਬਰ-ਦੇਸ਼ਾਂ ਵਲੋਂ ਸਰਬਸੰਮਤੀ ਨਾਲ ਪ੍ਰਵਾਨਤ 'ਪੈਰਿਸ ਵਾਤਾਵਰਨ ਸਮਝੌਤਾ, ਸੰਯੁਕਤ ਰਾਸ਼ਟਰ ਦਾ ਇੱਕ ਇਤਿਹਾਸਕ ਸਮਝੌਤਾ ਹੈ, ਜੋ 2016 ਤੋਂ ਲਾਗੂ ਹੋਇਆ ਹੈ। ਇਸ ਦੇ ਨਾਂ ਤੋਂ ਲਗਦਾ ਹੈ ਕਿ ਸ਼ਾਇਦ ਇਸ ਨਾਲ ਸਾਡਾ ਕੋਈ ਸਬੰਧ ਨਹੀਂ, ਪਰ ਇਹ ਭੁਲੇਖਾ ਹੈ। ਇਸ ਦਾ ਸਬੰਧ ਸਾਡੇ ਸਭ ਦੇ ਵਰਤਮਾਨ ਅਤੇ ਭਵਿੱਖ ਨਾਲ ਹੈ; ਨਾ-ਸਿਰਫ ਸਾਡੇ ਨਾਲ, ਸਗੋਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨਾਲ ਵੀ। ਇਹ ਸਮਝੌਤਾ ਉਸ ਖਿਲਵਾੜ ਦੇ ਗਲਤ ਨਤੀਜਿਆਂ ਨੂੰ ਦਰੁਸਤ ਕਰਨ ਦਾ ਇੱਕ ਸਰਬਪੱਖੀ ਉਪਰਾਲਾ ਹੈ, ਜੋ ਆਪਾਂ ਸਮੂਹਕ ਤੌਰ 'ਤੇ ਧਰਤੀ ਦੇ ਵਾਤਾਵਰਨ, ਬਨਸਪਤੀ, ਪੌਣ-ਪਾਣੀ, ਵਾਯੂ-ਮੰਡਲ ਅਤੇ ਇਸ ਦੇ ਕੁਦਰਤੀ ਵਸੀਲਿਆਂ ਨਾਲ ਕਰ ਰਹੇ ਹਾਂ।



**ਇੰਜੀਨੀਅਰ ਈਸ਼ਰ ਸਿੰਘ**
ਫੋਨ: 647-640-2014


ਆਪਾਂ ਇਸ ਦੀ ਮਹੱਤਤਾ ਅੱਜ ਦੇ ਪੰਜਾਬ ਦੇ ਇਨ੍ਹਾਂ ਵਸੀਲਿਆਂ ਦੀ ਤੁਲਨਾ, ਅੱਜ ਤੋਂ ਛੇ-ਸੱਤ ਦਹਾਕਿਆਂ ਤੋਂ ਪਹਿਲਾਂ ਦੇ ਪੰਜਾਬ ਦੇ ਵਸੀਲਿਆਂ ਨਾਲ ਕਰ ਕੇ ਸਮਝ ਸਕਦੇ ਹਾਂ। ਜੋ ਕੁਝ ਪੰਜਾਬ ਵਿਚ ਹੋਇਆ ਅਤੇ ਹੋ ਰਿਹਾ ਹੈ, ਓਹੀ ਪੂਰੇ ਸੰਸਾਰ ਵਿਚ ਹੋਇਆ ਤੇ ਹੋ ਰਿਹਾ ਹੈ।

ਵੱਡੇ ਪੱਧਰ ਉਤੇ ਇਸ ਦੀ ਮਹੱਤਤਾ ਇਸ ਤੱਥ ਤੋਂ ਸਮਝੀ ਜਾ ਸਕਦੀ ਹੈ ਕਿ ਇਸ ਸਾਲ 20 ਜਨਵਰੀ ਨੂੰ ਅਮਰੀਕਾ ਦੇ ਨਵੇਂ ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਤੋਂ ਤੁਰਤ ਬਾਅਦ ਜੋਅ ਬਾਇਡਨ ਨੇ ਆਪਣੇ ਪੂਰਵ-ਵਰਤੀ ਰਾਸ਼ਟਰਪਤੀ ਦੇ ਅਮਰੀਕਾ ਨੂੰ ਯੂ. ਐਨ. ਓ. ਦੇ ਇਸ ਸਮਝੌਤੇ ਵਿਚੋਂ ਬਾਹਰ ਕਰਨ ਦੇ ਹੁਕਮ ਨੂੰ ਰੱਦ ਕਰ ਕੇ, ਆਪਣੇ ਦੇਸ਼ ਨੂੰ ਮੁੜ ਇਸ ਵਿਚ ਦਾਖਲ ਕਰਨ ਦੇ ਕਾਰਜਕਾਰੀ ਹੁਕਮ ਕੀਤੇ ਸਨ। ਇਹ ਸਾਰੇ ਸੰਸਾਰ ਵਾਸਤੇ ਬਹੁਤ ਸੁਖਦਾਇਕ ਖਬਰ ਸੀ, ਕਿਉਂਕਿ ਅਮਰੀਕਾ ਇਸ ਵਿਚ ਅਹਿਮ ਭੂਮਿਕਾ ਨਿਭਾ ਰਿਹਾ ਸੀ ਅਤੇ ਮੁੜ ਫਿਰ ਇਸ ਨੇ ਅਗਵਾਈ ਕਰਨ ਦਾ ਭਰੋਸਾ ਦਿਵਾਇਆ ਹੈ। ਰਾਸ਼ਟਰਪਤੀ ਜੋਅ ਬਾਇਡਨ ਨੇ ਆਪਣੇ ਹੁਕਮ ਉਤੇ ਅਗਲੀ ਕਾਰਵਾਈ ਕਰਦਿਆਂ 22-23 ਅਪਰੈਲ ਨੂੰ 40 ਦੇਸ਼ਾਂ ਦੇ ਮੁਖੀਆਂ ਦੀ ਇੱਕ ਉਚ-ਪੱਧਰੀ ਮੀਟਿੰਗ ਕੀਤੀ, ਜਿਸ ਵਿਚ ਰੂਸ, ਚੀਨ, ਭਾਰਤ, ਬ੍ਰਾਜ਼ੀਲ, ਯੂ. ਕੇ. ਅਤੇ ਕੈਨੇਡਾ ਵਰਗੇ ਸਭ ਵੱਡੇ ਦੇਸ਼ਾਂ ਨੇ ਹਿੱਸਾ ਲਿਆ। ਇਹ ਸੰਸਾਰ ਦੇ ਲੀਡਰਾਂ ਦੀ ਸਭ ਤੋਂ ਵੱਡੀ ਵਰਚੁਅਲ ਮੀਟਿੰਗ ਸੀ ਅਤੇ ਇਸ ਵਿਚ ਇਸ ਸਮਝੌਤੇ ਉਤੇ ਹੁਣ ਤੱਕ ਕੀਤੀਆਂ ਕਾਰਵਾਈਆਂ ਦੀ ਸਮੀਖਿਆ ਕੀਤੀ ਗਈ ਅਤੇ 2050 ਤੱਕ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਵਾਸਤੇ ਅਹਿਮ ਫੈਸਲੇ ਕੀਤੇ ਗਏ। ਵਾਤਾਵਰਨ ਵਿਚ ਪੈ ਰਹੇ ਵਿਗਾੜ ਨੂੰ ਠੀਕ ਕਰਨ ਦੇ ਕੰਮ ਦੀ ਗੰਭੀਰਤਾ ਦਾ ਸਭ ਤੋਂ ਵੱਡਾ ਸਬੂਤ ਸੰਯੁਕਤ ਰਾਸ਼ਟਰ ਵਲੋਂ ਇਸ ਨੂੰ ਵਿਚਾਰ-ਅਧੀਨ ਸਮਝੌਤੇ ਰਾਹੀਂ ਆਪਣੀ ਨਿਗਰਾਨੀ ਹੇਠ ਲੈਣਾ ਹੈ।

ਇਹ ਓਹੀ ਸਮਝੌਤਾ ਹੈ, ਜਿਸ ਦੀ ਪਾਲਣਾ ਵਿਚ ਕੁਤਾਹੀ ਕਰਨ ਵਾਸਤੇ ਯੂ. ਐਨ. ਦੀ 2019 ਦੀ ਨਿਊ ਯਾਰਕ ਵਿਚ ਹੋਈ ਇੱਕ ਮੀਟਿੰਗ ਵਿਚ ਸਵੀਡਨ ਦੀ 16 ਸਾਲਾ ਬੱਚੀ ਗਰੈਟਾ ਥਨਬਰਗ ਨੇ ਵੱਡੇ ਲੀਡਰਾਂ ਨੂੰ ਉਨ੍ਹਾਂ ਦੇ ਮੂੰਹ 'ਤੇ ਇਹ ਸਖਤ ਸ਼ਬਦ ਕਹੇ ਸਨ, "ਤੁਸੀਂ ਆਪਣੇ ਝੂਠੇ ਵਾਅਦਿਆਂ ਨਾਲ ਮੇਰੇ ਸੁਫਨਿਆਂ ਅਤੇ ਮੇਰੇ ਬਚਪਨ ਨਾਲ ਖਿਲਵਾੜ ਕੀਤਾ ਹੈ। ਲੋਕ ਤੜਫ ਰਹੇ ਹਨ, ਮਰ ਰਹੇ ਹਨ। ਅਸੀਂ ਇੱਕ ਪਰਲੋ ਦੇ ਮੁਹਾਣ 'ਤੇ ਖੜ੍ਹੇ ਹਾਂ, ਪਰ ਤੁਸੀਂ ਸਿਰਫ ਧਨ-ਦੌਲਤ ਅਤੇ ਫੋਕੀ ਆਰਥਿਕ ਤਰੱਕੀ ਦੀਆਂ ਗੱਲਾਂ ਕਰਦੇ ਹੋ। ਤੁਹਾਡੀ ਇਹ ਸਭ ਕਰਨ ਦੀ ਹਿੰਮਤ ਕਿਵੇਂ ਪਈ?" ਆਪਣੀ ਇਸ ਦਲੇਰੀ ਸਦਕਾ ਸੰਸਾਰ-ਪ੍ਰਸਿੱਧ ਇਹ ਬੱਚੀ ਤਿੰਨ ਸਾਲਾਂ ਵਿਚ ਤਿੰਨ ਵਾਰ ਨੋਬਲ ਇਨਾਮ ਵਾਸਤੇ ਨਾਮਜ਼ਦ ਹੋ ਚੁਕੀ ਹੈ।

ਇਹ ਸਮਝੌਤਾ ਹੈ ਕੀ? ਇਹ ਵਾਤਾਵਰਨ ਪਰਿਵਰਤਨ ਬਾਰੇ ਕਾਨੂੰਨੀ ਤੌਰ 'ਤੇ ਲਾਜ਼ਮੀ ਮੰਨਣਯੋਗ ਵਿਸ਼ਵ-ਵਿਆਪੀ ਸੰਧੀ (Legally-binding International Treaty) ਹੈ। ਇਸ ਦਾ ਟੀਚਾ ਇਸ ਸਦੀ ਦੇ ਅਖੀਰ ਤੱਕ ਧਰਤੀ ਦੇ ਤਾਪਮਾਨ ਵਿਚ ਹੋ ਰਹੇ ਵਾਧੇ ਨੂੰ ਪੂਰਬ-ਉਦਯੋਗਿਕ ਪੱਧਰ ਦੇ ਤਾਪਮਾਨ ਤੋਂ 1.5 ਡਿਗਰੀ ਸੈਂਟੀਗ੍ਰੇਡ ਤੱਕ ਸੀਮਤ ਰੱਖਣਾ ਹੈ ਅਤੇ ਕਿਸੇ ਵੀ ਹਾਲਤ ਵਿਚ 2 ਡਿਗਰੀ ਤੋਂ ਨਾ ਵਧਣ ਦੇਣਾ ਹੈ। ਇਸ ਪਰਿਭਾਸ਼ਾ ਦੇ ਭਾਵ ਇੰਨੇ ਵਿਸਤ੍ਰਿਤ ਹਨ ਕਿ ਇਸ ਟੀਚੇ ਦੀ ਪ੍ਰਾਪਤੀ ਵਾਸਤੇ ਹਰ ਇਨਸਾਨ ਨੂੰ ਆਪਣੇ ਜੀਵਨ ਨੂੰ ਸੰਜਮ ਵਿਚ ਲਿਆਉਣਾ ਪਵੇਗਾ। ਸੰਸਾਰ ਦੇ ਹਰ ਸੰਗਠਨ ਅਤੇ ਹਰ ਦੇਸ਼ ਨੂੰ ਪੂਰੀ ਸੁਹਿਰਦਤਾ ਅਤੇ ਇੱਕ-ਸੁਰਤਾ ਨਾਲ ਸੰਯੁਕਤ ਰਾਸ਼ਟਰ ਵਲੋਂ ਬਣਾਈਆਂ ਸਕੀਮਾਂ ਦੀ ਪਾਲਣਾ ਕਰਨੀ ਪਵੇਗੀ। ਇਥੋਂ ਤੱਕ ਕਿ ਸੰਸਾਰ ਪੱਧਰ ਉਤੇ ਮਨੁੱਖੀ-ਬਰਾਬਰੀ ਅਤੇ ਸਮੁੱਚੇ ਵਾਤਾਵਰਨ ਦੀ ਸਵੈ-ਨਿਰਭਰਤਾ ਨੂੰ ਵੀ ਇਸ ਪ੍ਰੋਗਰਾਮ ਨਾਲ ਜੋੜਨਾ ਪਵੇਗਾ। ਆਸ਼ਾਜਨਕ ਗੱਲ ਇਹ ਹੈ ਕਿ ਸੰਯੁਕਤ ਰਾਸ਼ਟਰ ਨੇ ਪਹਿਲਾਂ ਹੀ 'ਸਵੈ-ਨਿਰਭਰ ਵਿਕਾਸ ਟੀਚੇ' (Sustainable Development Goals) ਨਾਂ ਦਾ 17-ਨੁਕਾਤੀ ਅਤੇ ਇੰਨਾ ਹੀ ਅਹਿਮ ਇੱਕ ਹੋਰ ਪ੍ਰਾਜੈਕਟ 2015 ਤੋਂ ਸ਼ੁਰੂ ਕੀਤਾ ਹੋਇਆ ਹੈ। ਇਸ ਦੇ ਟੀਚਿਆਂ ਦੀ ਪ੍ਰਾਪਤੀ ਵੀ ਧਰਤੀ ਦੇ ਤਾਪਮਾਨ ਨੂੰ ਵਧਣ ਤੋਂ ਰੋਕਣ ਵਿਚ ਬਹੁਤ ਮਦਦਗਾਰ ਹੋਵੇਗੀ।

ਇਹ ਸਭ ਗੁੰਝਲਦਾਰ ਮਸਲੇ ਹਨ, ਪਰ ਆਪਣੇ ਵਾਸਤੇ ਇੰਨਾ ਸਮਝ ਲੈਣਾ ਹੀ ਕਾਫੀ ਹੈ ਕਿ ਅਜੋਕੀਆਂ (Modern) ਮਨੁੱਖੀ ਕਾਰਵਾਈਆਂ ਕਰ ਕੇ ਧਰਤੀ ਦਾ ਤਾਪਮਾਨ ਤੇਜ਼ੀ ਨਾਲ ਵਧ ਰਿਹਾ ਹੈ। ਇਸ ਪ੍ਰਕਿਰਿਆ ਦੀ ਸਰਲ ਵਿਆਖਿਆ ਇਹ ਹੈ ਕਿ ਸਾਡੀ ਧਰਤੀ ਦੇ ਆਲੇ-ਦੁਆਲੇ ਦੇ ਵਾਯੂ-ਮੰਡਲ ਵਿਚ ਦੋ ਗੈਸਾਂ-ਨਾਈਟਰੋਜਨ ਅਤੇ ਆਕਸੀਜਨ ਸਭ ਤੋਂ ਵੱਧ ਹਨ, ਪਰ ਇਨ੍ਹਾਂ ਤੋਂ ਇਲਾਵਾ ਬਹੁਤ ਥੋੜ੍ਹੀ ਮਾਤਰਾ ਵਿਚ ਹੋਰ ਵੀ ਹਨ, ਜਿਨ੍ਹਾਂ ਵਿਚੋਂ ਇੱਕ ਕਾਰਬਨ ਡਾਈਆਕਸਾਈਡ ਹੈ। ਇਹ ਸੂਰਜ ਦੀ ਗਰਮੀ ਨਾਲ ਮਿਲ ਕੇ ਸਾਰੀ ਬਨਸਪਤੀ ਦੀ ਉਤਪਤੀ ਅਤੇ ਇਸ ਨੂੰ ਜੀਵਤ ਰੱਖਣ ਵਿਚ ਓਨੀ ਹੀ ਅਹਿਮ ਹੈ, ਜਿੰਨੀ ਕਿ ਇਨਸਾਨਾਂ ਅਤੇ ਹੋਰ ਪ੍ਰਾਣੀਆਂ ਵਾਸਤੇ ਆਕਸੀਜਨ ਹੈ। ਕੁਦਰਤ ਨੇ ਆਪਣੀ ਬਣਤ ਅਨੁਸਾਰ ਇਸ ਦੀ ਮਾਤਰਾ ਦੀ ਹੱਦ ਨਿਯਤ ਕੀਤੀ ਹੋਈ ਹੈ; ਜੇ ਇਸ ਦੀ ਮਾਤਰਾ ਵਧਦੀ ਹੈ ਤਾਂ ਸਾਡੀ ਧਰਤੀ ਦਾ ਤਾਪਮਾਨ ਵੀ ਵਧ ਜਾਂਦਾ ਹੈ। ਭਾਵੇਂ ਜ਼ਿਆਦਾ ਨੁਕਸਾਨ ਇਹ ਗੈਸ ਹੀ ਕਰਦੀ ਹੈ, ਪਰ ਹੋਰ ਕਈ ਗੈਸਾਂ ਵੀ ਇਸ ਨੁਕਸਾਨ ਵਿਚ ਵਾਧਾ ਕਰਦੀਆਂ ਹਨ ਜਿਵੇਂ ਕਿ ਮੀਥੇਨ, ਨਾਈਟਰਸ ਆਕਸਾਈਡ ਅਤੇ ਪਾਣੀ ਦੇ ਬੁਖਾਰਾਤ ਆਦਿ। ਇਨ੍ਹਾਂ ਸਾਰੀਆਂ ਗੈਸਾਂ ਨੂੰ 'ਗ੍ਰੀਨ-ਹਾਊਸ ਗੈਸਾਂ' ਕਿਹਾ ਜਾਂਦਾ ਹੈ, ਕਿਉਂਕਿ ਇਹ ਧਰਤੀ ਦੀ ਫਾਲਤੂ ਗਰਮੀ ਨੂੰ ਪੁਲਾੜ ਵਿਚ ਜਾਣ ਤੋਂ ਉਸੇ ਤਰ੍ਹਾਂ ਰੋਕਦੀਆਂ ਹਨ, ਜਿਵੇਂ ਕਿ ਖੇਤ ਵਿਚ ਬਣਿਆ ਹੋਇਆ ਗ੍ਰੀਨ-ਹਾਊਸ ਆਪਣੇ ਅੰਦਰ ਦਾਖਲ ਹੋਈ ਗਰਮੀ ਨੂੰ ਬਾਹਰ ਜਾਣ ਤੋਂ ਰੋਕਦਾ ਹੈ।




ਉਦਯੋਗਿਕ ਕ੍ਰਾਂਤੀ ਤੋਂ ਪਹਿਲਾਂ ਵਾਯੂ-ਮੰਡਲ ਵਿਚ ਸੰਤੁਲਨ ਬਣਿਆ ਹੋਇਆ ਸੀ ਅਰਥਾਤ ਜਿੰਨੀਆਂ ਕੁ ਗ੍ਰੀਨ-ਹਾਊਸ ਗੈਸਾਂ ਬਣਦੀਆਂ ਸਨ, ਓਨੀਆਂ ਨੂੰ ਜਜ਼ਬ ਕਰਨ ਦੀ ਧਰਤੀ ਦੀ ਸਮਰੱਥਾ ਸੀ, ਕਿਉਂਕਿ ਜੰਗਲ ਬਹੁਤ ਸਨ, ਆਬਾਦੀ ਘੱਟ ਸੀ ਅਤੇ ਅਜੋਕੀ ਕਿਸਮ ਦੀਆਂ ਮਨੁੱਖੀ ਵਿਕਾਸ (ਤਥਾ-ਕਥਿਤ) ਦੀਆਂ ਕਾਰਵਾਈਆਂ ਅਜੇ ਸ਼ੁਰੂ ਨਹੀਂ ਸਨ ਹੋਈਆਂ; ਪਰ 19ਵੀਂ ਸਦੀ ਦੇ ਸ਼ੁਰੂ ਵਿਚ ਪੱਥਰ ਦੇ ਕੋਲੇ ਦੀ ਵਰਤੋਂ ਵਿਚ ਬੇ-ਥਾਹ ਵਾਧਾ ਹੋਇਆ ਅਤੇ ਫਿਰ ਵੀਹਵੀਂ ਸਦੀ ਦੇ ਸ਼ੁਰੂ ਵਿਚ ਪੈਟਰੋਲ, ਡੀਜ਼ਲ ਅਤੇ ਕੁਦਰਤੀ ਗੈਸ ਦੀ ਖਪਤ ਵਿਚ ਇਸ ਤੋਂ ਵੀ ਜ਼ਿਆਦਾ ਅਤੇ ਵੱਧ ਤੇਜ਼ੀ ਨਾਲ ਵਾਧਾ ਹੋਇਆ। ਕੋਲੇ ਸਣੇ ਇਨ੍ਹਾਂ ਸਭ ਨੂੰ ਫੌਸਿਲ ਫਿਊਲਜ਼ (Fossil Fuels) ਕਿਹਾ ਜਾਂਦਾ ਹੈ ਅਤੇ ਇਨ੍ਹਾਂ ਵਿਚ ਕਾਰਬਨ ਦੀ ਮਾਤਰਾ ਬਹੁਤ ਹੁੰਦੀ ਹੈ। ਇਸੇ ਕਰ ਕੇ ਜਦ ਇਨ੍ਹਾਂ ਨੂੰ ਵਰਤਿਆ ਜਾਂਦਾ ਹੈ ਤਾਂ ਇਹ ਬਹੁਤ ਜ਼ਿਆਦਾ ਕਾਰਬਨ ਡਾਈਆਕਸਾਈਡ ਪੈਦਾ ਕਰਦੀਆਂ ਹਨ। ਇਸ ਦੇ ਨਾਲ-ਨਾਲ ਆਬਾਦੀ ਵਿਚ ਵੀ ਤੇਜ਼ੀ ਨਾਲ ਵਾਧਾ ਹੋਇਆ, ਹਰਿਆਵਲ ਘਟੀ ਅਤੇ ਫੌਸਿਲ ਫਿਊਲਜ਼ ਵਰਤਣ ਵਾਲੀਆਂ ਹੋਰ ਕਾਰਵਾਈਆਂ ਵੀ ਵਿਕਸਿਤ ਹੋਈਆਂ। ਅੱਜ ਸੰਸਾਰ ਦੀਆਂ ਊਰਜਾ ਦੀਆਂ 80% ਜ਼ਰੂਰਤਾਂ ਫੌਸਿਲ ਫਿਊਲਜ਼ ਰਾਹੀਂ ਹੀ ਪੂਰੀਆਂ ਹੋ ਰਹੀਆਂ ਹਨ। ਇਨ੍ਹਾਂ ਕਾਰਵਾਈਆਂ ਕਰ ਕੇ ਉਦਯੋਗਿਕ ਕ੍ਰਾਂਤੀ ਤੋਂ ਬਾਅਦ ਕਾਰਬਨ ਡਾਈਆਕਸਾਈਡ ਸਣੇ ਸਾਰੀਆਂ ਗ੍ਰੀਨ-ਹਾਊਸ ਗੈਸਾਂ ਦੀ ਉਪਜ ਵਿਚ ਇਕੱਲਾ ਵਾਧਾ ਹੀ ਨਹੀਂ ਹੋਇਆ, ਸਗੋਂ ਇਸ ਵਾਧੇ ਵਿਚ ਤੇਜ਼ੀ ਵੀ ਆਈ।




ਬਿਲ ਗੇਟਸ ਨੇ ਆਪਣੀ ਤਾਜ਼ਾ ਛਪੀ ਕਿਤਾਬ 'How To Avoid A Climate Disaster' ਵਿਚ ਸਾਡੀਆਂ ਵਿਕਾਸ-ਕਾਰਵਾਈਆਂ ਨੂੰ ਪੰਜ ਹਿੱਸਿਆਂ ਵਿਚ ਵੰਡਿਆ ਅਤੇ ਹਰ ਕਾਰਵਾਈ ਕਰ ਕੇ ਪੈਦਾ ਹੋਈਆਂ ਗ੍ਰੀਨ-ਹਾਊਸ ਗੈਸਾਂ ਦਾ ਹਿੱਸਾ ਇਸ ਤਰ੍ਹਾਂ ਦੱਸਿਆ ਹੈ:

-ਬਿਜਲੀ ਦੀ ਪੈਦਾਵਾਰ 27%

-ਨਵੀਆਂ ਚੀਜ਼ਾਂ ਜਿਵੇਂ ਕਿ ਸੀਮਿੰਟ ਅਤੇ ਸਟੀਲ ਆਦਿ ਦੀ ਪੈਦਾਵਾਰ 31%

-ਖੇਤੀਬਾੜੀ ਦੀਆਂ ਵਸਤਾਂ ਦੀ ਪੈਦਾਵਾਰ 19%

-ਆਵਾਜਾਈ ਅਤੇ ਢੋਅ-ਢੁਆਈ ਦੇ ਸਾਧਨ 16%

-ਠੰਡਾ ਅਤੇ ਗਰਮ ਕਰਨ ਦੇ ਸਾਧਨ 7%

ਇਹ ਸਭ ਸਾਡੀ ਅਜੋਕੀ ਆਧੁਨਿਕ ਜੀਵਨ-ਸ਼ੈਲੀ ਦੀਆਂ ਜ਼ਰੂਰੀ ਕਾਰਵਾਈਆਂ ਹਨ ਅਤੇ ਵਿਕਾਸਸ਼ੀਲ ਦੇਸ਼ਾਂ ਵਲੋਂ ਹੋਰ ਵਿਕਾਸ ਕਰਨ ਕਰ ਕੇ, ਆਉਣ ਵਾਲੇ ਸਮੇਂ ਵਿਚ ਇਨ੍ਹਾਂ ਵਿਚ ਹੋਰ ਵੀ ਵਾਧਾ ਹੋਵੇਗਾ, ਜਿਸ ਕਰ ਕੇ ਗ੍ਰੀਨ-ਹਾਊਸ ਗੈਸਾਂ ਵਿਚ ਵੀ ਵਾਧਾ ਹੋਵੇਗਾ। ਜੇ ਇਨ੍ਹਾਂ ਗੈਸਾਂ ਨੂੰ ਘਟਾਉਣ ਦੀਆਂ ਕੋਸ਼ਿਸ਼ਾਂ ਨਾ ਕੀਤੀਆਂ ਗਈਆਂ ਤਾਂ ਧਰਤੀ ਦੇ ਤਾਪਮਾਨ ਦਾ ਵਾਧਾ 4 ਡਿਗਰੀ ਤੱਕ ਹੋ ਜਾਵੇਗਾ, ਜਿਸ ਦੇ ਬਹੁਤ ਭਿਆਨਕ ਨਤੀਜੇ ਹੋਣਗੇ। ਅਜੇ ਤੱਕ ਇਹ ਵਾਧਾ ਸਿਰਫ ਇੱਕ ਡਿਗਰੀ ਹੋਇਆ ਹੈ, ਪਰ ਇਸ ਨਾਲ ਹੀ ਬਹੁਤ ਨੁਕਸਾਨ ਹੋ ਰਿਹਾ ਹੈ, ਜਿਸ ਦੇ ਨਮੂਨੇ ਅੱਜ ਸਾਨੂੰ ਦੇਖਣ ਨੂੰ ਮਿਲ ਰਹੇ ਹਨ। ਜਿਵੇਂ ਕਿ ਜੰਗਲਾਂ ਦੀਆਂ ਹੋਰ ਭਿਆਨਕ ਅੱਗਾਂ, ਬਹੁਤੇ ਤੇ ਜ਼ਿਆਦਾ ਮਾਰੂ ਹੜ੍ਹ ਅਤੇ ਸੋਕੇ, ਸਮੁੰਦਰਾਂ ਦੇ ਪੱਧਰਾਂ ਵਿਚ ਵਾਧਾ, ਗਰਮੀ ਵਿਚ ਵਾਧਾ ਤੇ ਮਹਾਮਾਰੀਆਂ। ਮਾਹਿਰ ਇਨ੍ਹਾਂ ਆਫਤਾਂ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਪ੍ਰਭਾਵਾਂ ਦਾ ਜ਼ਿਕਰ ਕਰਦਿਆਂ ਹੋਰ ਬੀਮਾਰੀਆਂ, ਮਨੁੱਖੀ ਪਲਾਇਨ, ਰਾਜ-ਪਲਟੇ, ਅਤਿਵਾਦ ਵਿਚ ਵਾਧੇ ਬਾਰੇ ਖਬਰਦਾਰ ਕਰਦੇ ਹਨ। ਕਹਿਣ ਨੂੰ ਇਹ ਕੁਦਰਤੀ ਆਫਤਾਂ ਲਗਦੀਆਂ ਹਨ, ਪਰ ਇਨ੍ਹਾਂ ਦਾ ਇੱਕ ਵੱਡਾ ਕਾਰਨ ਸਾਡੇ ਵਲੋਂ ਕੁਦਰਤੀ ਸਾਧਨਾਂ ਨੂੰ ਸਿਰਫ ਜ਼ਰੂਰਤਾਂ ਵਾਸਤੇ ਵਰਤਣ ਦੀ ਥਾਂ ਮੌਜ-ਮਸਤੀਆਂ ਅਤੇ ਮਨ-ਪਰਚਾਵਿਆਂ ਵਾਸਤੇ ਵਰਤ ਕੇ ਇਨ੍ਹਾਂ ਦਾ ਦੁਰ-ਉਪਯੋਗ ਕਰਨਾ ਹੈ। ਨਿਰਸੰਦੇਹ ਸੰਸਾਰ ਦੇ ਅਮੀਰ ਵਿਅਕਤੀ ਅਤੇ ਅਮੀਰ ਦੇਸ਼ ਤਾਪਮਾਨ ਦੇ ਵਾਧੇ ਵਾਸਤੇ ਵੱਧ ਜ਼ਿੰਮੇਵਾਰ ਹਨ।

ਬਿਲ ਗੇਟਸ ਦਸਦੇ ਹਨ ਕਿ ਸਾਡਾ ਅੱਜ ਦਾ ਕੋਈ ਵੀ ਸਿਸਟਮ-ਰਾਜਨੀਤਿਕ, ਰਾਜ-ਪ੍ਰਬੰਧ, ਮੈਨੇਜਮੈਂਟ, ਆਰਥਿਕ ਜਾਂ ਸਮਾਜਿਕ-ਇਸ ਸਮੱਸਿਆ ਨੂੰ ਨਜਿੱਠਣ ਦੇ ਸਮਰੱਥ ਨਹੀਂ। ਇਨ੍ਹਾਂ ਸਭ ਨੂੰ ਸਮੇਂ ਦੇ ਹਾਣੀ ਬਣਾਉਣ ਅਤੇ ਇਨ੍ਹਾਂ ਸਭ ਵਿਚ ਸੁਧਾਰਾਂ ਦੀ ਅਤਿਅੰਤ ਲੋੜ ਹੈ ਤਾਂ ਕਿ ਇਹ ਭੂਤ ਅਤੇ ਵਰਤਮਾਨ ਨੂੰ ਸਮਝਦਿਆਂ ਭਵਿੱਖ-ਦਰਸ਼ੀ ਬਣ ਸਕਣ। ਉਹ ਇਥੋਂ ਤੱਕ ਕਹਿੰਦੇ ਹਨ ਕਿ ਸਾਡੀ ਅੱਜ ਦੀ ਸਾਇੰਸ ਅਤੇ ਤਕਨਾਲੋਜੀ ਵੀ ਇਸ ਵਿਆਪਕ ਸਮੱਸਿਆ ਦੇ ਹੱਲ ਕਰਨ ਦੇ ਸਮਰੱਥ ਨਹੀਂ। ਇਸ ਦੇ ਵੱਖ ਵੱਖ ਖੇਤਰਾਂ ਵਿਚ ਹੋਰ ਖੋਜਾਂ ਅਤੇ ਵਿਕਾਸ ਦੀ ਫੌਰੀ ਲੋੜ ਹੈ। ਉਹ ਇਹ ਗਿਲਾ ਵੀ ਕਰਦੇ ਹਨ ਕਿ ਸਾਡੇ ਰਾਜਨੀਤਕ ਆਗੂ ਆਪਣੇ ਹੋਰ ਰੁਝੇਵਿਆਂ ਕਰ ਕੇ ਇਸ ਸਮੱਸਿਆ ਪ੍ਰਤੀ ਓਨੇ ਗੰਭੀਰ ਨਹੀਂ, ਜਿੰਨੀ ਕਿ ਇਸ ਸਮੱਸਿਆ ਦੀ ਜਾਣਕਾਰੀ ਰੱਖਣ ਵਾਲੀ ਜਨਤਾ, ਜਨਤਕ ਜਥੇਬੰਦੀਆਂ ਅਤੇ ਹੋਰ ਗੈਰ-ਸਰਕਾਰੀ ਸੰਸਥਾਵਾਂ ਹਨ। ਉਹ ਇਹ ਖਦਸ਼ਾ ਵੀ ਪ੍ਰਗਟਾਉਂਦੇ ਹਨ ਕਿ ਜ਼ਿੰਮੇਵਾਰ ਹਸਤੀਆਂ ਇਸ ਨੂੰ ਉਸੇ ਤਰ੍ਹਾਂ ਅਣ-ਗੌਲਿਆ ਕਰ ਰਹੀਆਂ ਹਨ, ਜਿਵੇਂ ਮਾਹਿਰਾਂ ਵਲੋਂ ਪਿਛਲੇ ਪੰਜ-ਸੱਤ ਸਾਲ ਤੋਂ ਕਿਸੇ ਮਹਾਮਾਰੀ ਬਾਰੇ ਦਿੱਤੀਆਂ ਚਿਤਾਵਨੀਆਂ ਨੂੰ ਕੀਤਾ ਗਿਆ ਹੈ।

ਇੱਥੇ ਇਹ ਵੀ ਵਰਣਨਯੋਗ ਹੈ ਕਿ ਖੁਦਗਰਜ਼ਾਂ ਵਲੋਂ ਇਸ ਗੰਭੀਰ ਮਸਲੇ ਨੂੰ ਜਾਣ-ਬੁੱਝ ਕੇ ਛੁਟਿਆਇਆ ਜਾਂਦਾ ਹੈ; ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੀ ਮਿਸਾਲ ਆਪਾਂ ਸਭ ਨੂੰ ਪਤਾ ਹੈ ਕਿ ਉਸ ਨੇ ਇਸ ਨੂੰ ਇੱਕ ਛਲ (Expensive Hoax) ਕਿਹਾ ਸੀ। ਲੇਖ ਦੇ ਸ਼ੁਰੂ ਵਿਚ ਟਰੰਪ ਵਲੋਂ ਅਮਰੀਕਾ ਨੂੰ ਪੈਰਿਸ ਸਮਝੌਤੇ ਵਿਚੋਂ ਬਾਹਰ ਕਰਨ ਦੀ ਗੱਲ ਕੀਤੀ ਗਈ ਹੈ। ਇਹ ਸਭ ਗੱਲਾਂ ਉਹ ਲੋਕ ਕਰਦੇ ਹਨ, ਜੋ ਧਨ-ਦੌਲਤ ਕਰ ਕੇ ਇਸ ਸਮੱਸਿਆ ਵਿਚ ਵਾਧਾ ਕਰ ਰਹੇ ਹਨ। ਮਨੁੱਖ ਦੀ ਜਿਸ ਮਾਨਵ-ਜਾਤੀ ਨਾਲ ਅਸੀਂ ਸਬੰਧ ਰਖਦੇ ਹਾਂ, ਉਸ ਨੂੰ ਹੋਮੋ ਸੇਪੀਅਨਜ਼ (Homo Sapiens) ਅਰਥਾਤ 'ਬੁੱਧੀਮਾਨ ਮਨੁੱਖ' ਕਿਹਾ ਜਾਂਦਾ ਹੈ, ਕਿਉਂਕਿ ਇਹ ਨਾਂ ਅਸੀਂ ਆਪ ਰੱਖਿਆ ਹੈ, ਪਰ ਮਹਾਪੁਰਖਾਂ ਨੇ ਇਸ ਨੂੰ ਮੂਰਖ ਅਤੇ ਅੰਨ੍ਹਾ ਆਮ ਹੀ ਕਿਹਾ ਹੈ। ਇਸ ਸੱਚਾਈ ਦੇ ਹੋਰ ਵੀ ਬਹੁਤ ਸਬੂਤ ਹਨ, ਪਰ ਧਰਤੀ ਨੂੰ ਹਰ ਪੱਖ ਤੋਂ ਪ੍ਰਦੂਸ਼ਿਤ ਕਰਨਾ ਵੱਡੇ ਸਬੂਤਾਂ ਵਿਚੋਂ ਇੱਕ ਹੈ। ਇੱਕ ਤਰੀਕੇ ਨਾਲ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦੀਆਂ ਲੋੜਾਂ ਨੂੰ ਗਹਿਣੇ ਰੱਖ ਕੇ ਮੌਜ-ਮਸਤੀਆਂ ਅਤੇ ਮਨ-ਪਰਚਾਵੇ ਕਰ ਰਹੇ ਹਾਂ। ਇਥੋਂ ਤੱਕ ਕਿਹਾ ਜਾ ਰਿਹਾ ਹੈ ਕਿ ਸਾਡਾ ਅੱਜ ਦਾ ਸਾਰਾ ਵਿਕਾਸ ਡੁੱਬ ਰਹੇ ਟਾਈਟੈਨਿਕ ਜਹਾਜ਼ ਦੇ ਡੈੱਕ ਉਤੇ ਪਏ ਮੇਜ਼-ਕੁਰਸੀਆਂ ਦੀ ਸਫਾਈ ਅਤੇ ਸਜਾਵਟ ਕਰਨ ਵਰਗਾ ਸਾਬਿਤ ਹੋਵੇਗਾ।

ਵਾਤਾਵਰਨ ਨੂੰ ਇਸ ਦੇ ਕੁਦਰਤੀ ਰੂਪ ਵਿਚ ਰੱਖ ਕੇ ਧਰਤੀ ਨੂੰ ਰਹਿਣਯੋਗ ਬਣਾ ਕੇ ਰੱਖਣ ਦਾ ਕੰਮ ਮਨੁੱਖਤਾ ਦੇ ਇਤਿਹਾਸ ਦਾ ਹਿੱਸਾ ਰਿਹਾ ਹੈ। ਅਧਿਆਤਮਵਾਦੀ ਮਹਾਪੁਰਖਾਂ ਨੇ ਇਸ ਗੱਲ ਉਤੇ ਬਹੁਤ ਜ਼ੋਰ ਦਿੱਤਾ ਹੈ। ਗੁਰਬਾਣੀ ਇਸ ਗੱਲ ਦੀ ਬਹੁਤ ਵਧੀਆ ਵਿਗਿਆਨਕ ਅਤੇ ਆਧੁਨਿਕ ਮਿਸਾਲ ਹੈ ਅਤੇ "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ" ਦਾ ਵਾਕ ਇਸ ਦੀ ਵੱਡੀ ਗਵਾਹੀ ਭਰਦਾ ਹੈ। ਭਾਰਤ ਦੀ 'ਚਿਪਕੋ ਲਹਿਰ' ਸੰਸਾਰ ਦੇ ਵਾਤਾਵਰਣ-ਸੰਭਾਲ ਦੇ ਅਜੋਕੇ ਇਤਿਹਾਸ ਵਿਚ ਖਾਸ ਥਾਂ ਰੱਖਦੀ ਹੈ। ਇਹ ਸ਼ਾਂਤੀਪੂਰਨ ਲਹਿਰ ਭਾਰਤ ਦੇ ਹਿਮਾਲਿਆ ਖੇਤਰ ਵਿਚ 1970ਵਿਆਂ ਵਿਚ ਚੱਲੀ ਸੀ, ਜਿਸ ਵਿਚ ਪ੍ਰਦਰਸ਼ਨਕਾਰੀ ਕਿਸੇ ਰੁੱਖ ਦੀ ਨਾਜਾਇਜ਼ ਕਟਾਈ ਵਕਤ ਉਸ ਨਾਲ ਜੱਫਾ ਪਾ ਕੇ ਖੜ੍ਹ ਜਾਂਦੇ ਸਨ ਅਤੇ ਜਿਊਂਦੇ-ਜੀਅ ਉਸ ਨੂੰ ਕੱਟਣ ਨਹੀਂ ਸਨ ਦਿੰਦੇ। ਪਹਿਲਾਂ ਇਸ ਤਰ੍ਹਾਂ ਦੀਆਂ ਸਭ ਕੋਸ਼ਿਸ਼ਾਂ ਸਥਾਨਕ ਪੱਧਰ ਜਾਂ ਆਪੋ-ਆਪਣੇ ਦੇਸ਼ਾਂ ਤੱਕ ਸੀਮਤ ਸਨ, ਪਰ ਸਾਇੰਸ, ਖਾਸ ਕਰ ਕੇ ਕੰਪਿਊਟਰ ਦੀ ਤਰੱਕੀ ਨਾਲ ਇਸ ਲਹਿਰ ਨੇ ਨਵਾਂ ਸਰੂਪ ਧਾਰਨ ਕੀਤਾ ਹੈ। ਅੱਜ ਇਹ ਵਿਸ਼ਵ-ਵਿਆਪੀ ਵੀ ਹੋ ਗਈ ਹੈ ਅਤੇ ਇਸ ਨੇ ਵਾਤਾਵਰਨ ਅਤੇ ਧਰਤੀ ਦੇ ਹੋਰ ਕੁਦਰਤੀ ਵਸੀਲਿਆਂ ਦੀ ਸੰਭਾਲ ਨਾਲ ਸਬੰਧਿਤ ਹਰ ਖੇਤਰ ਨੂੰ ਆਪਣੇ ਘੇਰੇ ਵਿਚ ਲਿਆ ਹੈ।

ਇਨ੍ਹਾਂ ਸਭ ਗੱਲਾਂ 'ਤੇ ਵਿਚਾਰ ਕਰ ਕੇ ਲਗਦਾ ਹੈ ਕਿ ਪੈਰਿਸ ਸਮਝੌਤਾ ਸੰਯੁਕਤ ਰਾਸ਼ਟਰ ਅਤੇ ਸੰਸਾਰ ਦੇ ਲੀਡਰਾਂ ਵਲੋਂ ਬਹੁਤ ਪਛੜ ਕੇ ਲਿਆ ਗਿਆ ਸਹੀ ਫੈਸਲਾ ਹੈ, ਪਰ ਇਸ ਦੀ ਸਾਰਥਿਕਤਾ ਇਸ ਗੱਲ ਵਿਚ ਹੈ ਕਿ ਉਹ 'ਮਾਤਾ ਧਰਤੁ' ਅਤੇ ਵਸੁਦੈਵਾ ਕੁਟੰਬਕਮ (The World is One family) ਦੇ ਆਦਰਸ਼ਾਂ ਨੂੰ ਮੰਨਦਿਆਂ ਸੁਹਿਰਦਤਾ ਅਤੇ ਦ੍ਰਿੜਤਾ ਨਾਲ ਇਸ ਨੂੰ ਮਿੱਥੇ ਟੀਚਿਆਂ ਅਨੁਸਾਰ ਲਾਗੂ ਕਰਨ। ਵਿਅਕਤੀਗਤ ਤੌਰ 'ਤੇ ਸਾਡਾ ਸਭ ਦਾ ਫਰਜ਼ ਹੈ ਕਿ ਅਸੀਂ ਸਾਰੇ ਸੰਜਮ ਵਿਚ ਰਹਿਣ ਅਤੇ ਕਿਰਸ ਕਰਨ ਦਾ ਪ੍ਰਣ ਕਰੀਏ ਤਾਂ ਕਿ ਧਰਤੀ ਮਾਤਾ ਦੀਆਂ ਨਿਆਮਤਾਂ ਦਾ ਹਮੇਸ਼ਾ ਸਦ-ਉਪਯੋਗ ਹੀ ਕਰੀਏ।



# ਚਾਹ ਦੇ ਕੱਪ 'ਤੇ


## ਸ਼ਬਦ ਜੋਤ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**


***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਖੁਦ ਨੂੰ ਪਿਆਰ ਕਰਨ ਦੀ ਅਪੀਲ ਕਰਦਿਆਂ ਇਸ ਦੇ ਫਾਇਦੇ ਗਿਣਾਏ ਸਨ, "ਸਭ ਤੋਂ ਉਤਮ ਹੈ ਖੁਦ ਨਾਲ ਪਿਆਰ ਕਰਨਾ; ਖੁਦ ਨੂੰ ਕੀਤਾ ਪਿਆਰ ਕਦੇ ਪੁਰਾਣਾ ਨਹੀਂ ਹੁੰਦਾ। ਖੁਦ ਨੂੰ ਪਿਆਰ ਕੀਤਿਆਂ ਹੀ ਪਤਾ ਲੱਗਦਾ ਕਿ ਬਾਹਰੀ ਦਿੱਖ ਨੂੰ ਸਾਫ-ਸੁਥਰੀ ਅਤੇ ਆਕਰਸ਼ਕ ਬਣਾਉਣ ਦੇ ਨਾਲ-ਨਾਲ, ਅੰਦਰ ਨੂੰ ਰੁਸ਼ਨਾਉਣ ਲਈ ਚਿਰਾਗ ਜਗਾਉਣ ਦੀ ਵੀ ਲੋੜ ਹੁੰਦੀ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਚਾਹ ਦੇ ਕੱਪ ਦੇ ਬਾਹਨੇ ਰਲ-ਮਿਲ ਬੈਠ ਕੇ ਦਿਲ ਦੀਆਂ ਗੱਲਾਂ ਕਰਦਿਆਂ ਜ਼ਿੰਦਗੀ ਦਾ ਲੁਤਫ ਮਾਣਨ ਦੀ ਨਸੀਹਤ ਕੀਤੀ ਹੈ; ਕਿਉਂਕਿ ਚਾਹ ਦੀ ਮਿਠਾਸ ਦੂਰ ਕਰਦੀ ਹੈ ਸਮਾਜਿਕ ਰਿਸ਼ਤਿਆਂ ਵਿਚਲੀ ਕੁੜੱਤਣ, ਆਪਸੀ ਸਬੰਧਾਂ ਵਿਚਲੀ ਖਿੱਚੋਤਾਣ, ਬੋਲਾਂ ਵਿਚ ਪਨਪੀ ਰੁਸਵਾਈ, ਰੰਜਿਸ਼, ਰੋਸੇ ਅਤੇ ਰੋਣੇ। ਉਹ ਆਖਦੇ ਹਨ, "ਚਾਹ ਦੇ ਕੱਪ ਲਈ ਜਦ ਅਸੀਂ ਆਪਣੇ ਪਿਆਰੇ ਨੂੰ ਸੱਦਾ ਦਿੰਦੇ ਤਾਂ ਸਾਡੇ ਮਨ ਵਿਚ ਬਹੁਤ ਕੁਝ ਹੁੰਦਾ, ਜੋ ਅਸੀਂ ਮੋਹਵੰਤਿਆਂ ਨਾਲ ਹੀ ਸਾਂਝਾ ਕਰਨਾ ਲੋਚਦੇ।...ਚਾਹ ਦਾ ਕੱਪ ਰੁੱਸਿਆਂ ਨੂੰ ਮਨਾਉਣ ਦਾ ਵੀ ਆਹਲਾ ਮੌਕਾ ਹੁੰਦਾ, ਕਿਉਂਕਿ ਚਾਹ ਦੇ ਬਹਾਨੇ ਅਸੀਂ ਮਨ ਵਿਚ ਪੈਦਾ ਹੋਈਆਂ ਗਲਤਫਹਿਮੀਆਂ, ਚਿਤਵੇ ਹੋਏ ਖਦਸ਼ੇ ਅਤੇ ਨਕਾਰਾਤਮਕ ਭਾਵਨਾਵਾਂ ਨੂੰ ਮੋਹਵੰਤਿਆਂ ਨਾਲ ਸਾਂਝਾ ਕਰਕੇ, ਤੌਖਲਿਆਂ ਨੂੰ ਦੂਰ ਕਰ ਸਕਦੇ।"***

ਚਾਹ ਦਾ ਕੱਪ, ਸਿਰਫ ਚਾਹ ਦਾ ਕੱਪ ਹੀ ਨਹੀਂ ਹੁੰਦਾ। ਬਹੁਤ ਕੁਝ ਏ ਚਾਹ ਦਾ ਕੱਪ। ਇਸ ਨਾਲ ਜੁੜੀਆਂ ਯਾਦਾਂ, ਮਿਲਣੀਆਂ, ਸਾਂਝਾਂ, ਯਾਦਗਾਰੀ ਪਲ ਅਤੇ ਮਿੱਤਰ-ਮੰਡਲੀ ਦੀਆਂ ਝੱਲ-ਵਲੱਲੀਆਂ।

ਚਾਹ ਦਾ ਕੱਪ ਸਿਰਫ ਉਬਲਦਾ ਪਾਣੀ, ਚਾਹ-ਪੱਤੀ ਜਾਂ ਖੰਡ ਦੇ ਮਿਸ਼ਰਣ ਵਿਚੋਂ ਉਬਲਦੇ ਪਾਣੀ ਨਾਲ ਬਣਿਆ ਗਰਮ ਤਰਲ ਪਦਾਰਥ ਹੀ ਨਹੀਂ ਹੁੰਦਾ। ਇਸ ਦੀ ਤਾਸੀਰ, ਤੱਤਾਪਣ, ਤਹਿਜ਼ੀਬ ਅਤੇ ਤਤਪਰਤਾ ਵਿਚੋਂ ਵੀ ਬਹੁਤ ਕੁਝ ਪੜ੍ਹਿਆ, ਪਰਖਿਆ ਅਤੇ ਪਛਾਣਿਆ ਜਾ ਸਕਦਾ।

ਚਾਹ ਦੇ ਪੁਣਨ ਵਾਂਗ, ਚਾਹ ਦੇ ਕੱਪ ਦੀਆਂ ਮਿਲ-ਬੈਠਣੀਆਂ ਨਾਲ ਦੂਰ ਹੋ ਜਾਂਦੀਆਂ ਨੇ ਬਹੁਤ ਸਾਰੀਆਂ ਗਲਤ-ਫਹਿਮੀਆਂ, ਸ਼ੱਕ-ਸ਼ੁਬੇ ਜਾਂ ਭਰਮਈ-ਧਾਰਨਾਵਾਂ।

ਚਾਹ ਦੇ ਕੱਪ ਵਿਚ ਚਾਹ ਪੱਤੀਆਂ ਆਪਣਾ ਰੰਗ ਛੱਡਦੀਆਂ ਤਾਂ ਪਤਾ ਲੱਗਦਾ ਕਿ ਚਾਹ ਦੇ ਕੱਪ 'ਤੇ ਇਕੱਠੇ ਹੋਣ ਵਾਲਿਆਂ ਦੀ ਗੁਫਤਗੂ ਵਿਚਲੀ ਰੰਗਤ ਕਿਹੜੀ ਹੈ? ਕਿਹੜੇ ਰੂਪ ਵਿਚ ਉਹ ਇਸ ਨੂੰ ਆਪਣਿਆਂ ਨਾਲ ਸਾਂਝਾ ਕਰਦੇ?

ਚਾਹ ਦੇ ਕੱਪ 'ਤੇ ਰਲ-ਮਿਲ ਬੈਠਾ ਪਰਿਵਾਰ, ਇਕ ਸੰਯੋਗ ਹੈ ਜ਼ਿੰਦਗੀ ਦੇ ਲੁਤਫ ਨੂੰ ਮਾਣਨ ਦਾ। ਆਪੋ-ਆਪਣੀਆਂ ਬੀਤੀਆਂ ਨੂੰ ਸਾਂਝੇ ਕਰਨ, ਭਵਿੱਖੀ ਯੋਜਨਾਵਾਂ ਨੂੰ ਅੰਤਿਮ ਛੂਹਾਂ ਦੇਣ ਅਤੇ ਸੁਪਨ-ਉਡਾਣ ਭਰਨ ਲਈ ਤਿਆਰੀ ਕਰਨਾ। ਇਸ ਦੌਰਾਨ ਬੱਚਿਆਂ ਨੂੰ ਮਿਲਦੀ ਹੈ ਮਾਪਿਆਂ ਦੀ ਸੇਧ, ਸਿਆਣਪ ਅਤੇ ਅਕਲਾਂ। ਉਨ੍ਹਾਂ ਦੀ ਰਹਿਨੁਮਾਈ ਵਿਚ ਜ਼ਿੰਦਗੀ ਨੂੰ ਨਵੇਂ ਅਰਥ ਦੇਣ ਦਾ ਚਾਅ ਤੇ ਉਮਾਹ।

ਚਾਹ ਦੇ ਕੱਪ ਲਈ ਜਦ ਅਸੀਂ ਆਪਣੇ ਪਿਆਰੇ ਨੂੰ ਸੱਦਾ ਦਿੰਦੇ ਤਾਂ ਸਾਡੇ ਮਨ ਵਿਚ ਬਹੁਤ ਕੁਝ ਹੁੰਦਾ, ਜੋ ਅਸੀਂ ਮੋਹਵੰਤਿਆਂ ਨਾਲ ਹੀ ਸਾਂਝਾਂ ਕਰਨਾ ਲੋਚਦੇ। ਦਿਲ ਦੀਆਂ ਗੱਲਾਂ ਮਿੱਤਰਾਂ ਨਾਲ ਸਾਂਝੇ ਕਰਦੇ। ਇਸ ਨਾਲ ਮਿਲਦਾ ਇਕ ਸਕੂਨ ਤੇ ਹੁੰਦਾ ਸੰਤੁਸ਼ਟੀ ਦਾ ਅਹਿਸਾਸ। ਜੇ ਮਨ ਦਾ ਬੋਝ ਢੋਂਦਾ ਵਿਅਕਤੀ ਮਨ ਦਾ ਭਾਰ ਹਲਕਾ ਨਾ ਕਰੇ ਤਾਂ ਉਹ ਕੁੱਬਾ ਹੋ ਜਾਂਦਾ।

ਚਾਹ ਦੇ ਕੱਪ 'ਤੇ ਜਦ ਅਸੀਂ ਬਚਪਨੀ ਸੰਗੀ ਨੂੰ ਮਿਲਦੇ ਤਾਂ ਕੱਪ ਦੇ ਆਲੇ-ਦੁਆਲੇ ਤਿਤਲੀਆਂ ਵਾਂਗ ਮੰਡਰਾਉਂਦੀਆਂ ਬਚਪਨੀ ਯਾਦਾਂ, ਆਲੀਆਂ-ਭੋਲੀਆਂ ਸ਼ਰਾਰਤਾਂ, ਮਾਸੂਮ ਪਲਾਂ ਦੀ ਯਾਦ, ਮਾਸੂਮੀਅਤ ਦਾ ਪ੍ਰਤੱਖ ਝਲਕਾਰਾ, ਮਨ ਦੀ ਪਾਕੀਜ਼ਗੀ ਤੇ ਅਪਣੱਤ ਨਾਲ ਭਰੇ ਦਿਨਾਂ ਦਾ ਦੀਦਾਰ ਅਤੇ ਸਾਰਿਆਂ ਕੋਲੋਂ ਮਿਲਦਾ ਲਾਡ-ਦੁਲਾਰ। ਨਿੱਕੀਆਂ ਨਿੱਕੀਆਂ ਸ਼ਰਾਰਤਾਂ, ਫੱਟੀਆਂ ਨਾਲ ਲੜਾਈ, ਛੱਪੜ 'ਤੇ ਫੱਟੀ ਨੂੰ ਪੋਚਦਿਆਂ, ਪਾਣੀ ਦੇ ਛੱਰਾਟਿਆਂ ਨਾਲ ਖੁਦ ਨੂੰ ਭਿਓਣਾ ਅਤੇ ਆਲੇ-ਦੁਆਲੇ ਬੈਠਿਆਂ ਨੂੰ ਵੀ ਭਿਓਣਾ। ਕਦੇ ਨਹੀਂ ਪਰਤਦੇ ਉਹ ਦਿਨ; ਪਰ ਉਨ੍ਹਾਂ ਦਿਨਾਂ ਨੂੰ ਚਾਹ ਦੇ ਕੱਪ 'ਤੇ ਪੁਰਾਣੇ ਸੰਗੀ ਸਾਥੀਆਂ ਨਾਲ ਸਾਂਝਾ ਤਾਂ ਕੀਤਾ ਜਾ ਸਕਦਾ। ਬਹੁਤ ਘੱਟ ਮੌਕਾ ਮਿਲਦਾ ਏ ਜੀਵਨ ਦੇ ਵੱਖ-ਵੱਖ ਖੇਤਰਾਂ/ਖਿੱਤਿਆਂ ਵਿਚ ਖਿੰਡੇ ਹੋਏ ਪੁਰਾਣੇ ਹਮਜੋਲੀਆਂ ਨੂੰ ਮਿਲਣ ਦਾ। ਜੇ ਅਜਿਹਾ ਸਬੱਬ ਮਿਲੇ ਤਾਂ ਚਾਹ ਦੀ ਕੱਪ ਦੀ ਸੰਗਤੀ ਨੂੰ ਕਦੇ ਨਾ ਗਵਾਉਣਾ।

ਚਾਹ ਦੇ ਕੱਪ 'ਤੇ ਸਾਹਾਂ ਦੇ ਸੌਦੇ ਹੁੰਦੇ। ਪਹਿਲੀ ਮਿਲਣੀ ਦੌਰਾਨ ਚਾਹ ਦੇ ਕੱਪ ਵਿਚੋਂ ਉਠੀਆਂ ਲਪਟਾਂ ਵਿਚ ਦਿਸ ਰਹੇ ਚਿਹਰੇ ਦੀ ਸੰਧੂਰੀ ਰੰਗਤ ਨੂੰ ਜੀਵਨ ਦੇ ਨਾਮ ਕਰਨਾ। ਕਦੇ ਹੱਥਾਂ ਨੂੰ ਛੂਹਣਾ, ਕਦੇ ਬੋਲਾਂ 'ਤੇ ਪਸਰੀ ਚੁੱਪ ਵਿਚੋਂ ਸ਼ਬਦਾਂ ਨੂੰ ਤਲਾਸ਼ਣਾ। ਕਦੇ ਇਸ਼ਾਰਿਆਂ ਵਿਚੋਂ ਬਹੁਤ ਕੁਝ ਛੁਪਿਆ ਭਾਲਣਾ। ਕਦੇ ਦਿਲ ਦੀ ਧੜਕਣ ਵਿਚ ਧੜਕਣਾ। ਨੈਣਾਂ ਦੇ ਸੰਦਲੀ ਸੁਪਨਿਆਂ ਨੂੰ ਇਕ ਦੂਜੇ ਦੇ ਨਾਮ ਕਰ, ਜ਼ਿੰਦਗੀ ਨੂੰ ਨਵੀਂ ਪਰਵਾਜ਼ ਦੇਣ ਦਾ ਆਲਮ।

ਚਾਹ ਦਾ ਕੱਪ ਕਦੇ ਕਦਾਈਂ ਜਦ ਕੋਈ 'ਕੱਲਾ ਪੀਂਦਾ ਤਾਂ ਉਹ ਖੁਦ ਦੇ ਰੂਬਰੂ ਹੁੰਦਾ। ਆਪਣੀ ਜਾਮਾ-ਤਲਾਸ਼ੀ ਕਰਦਾ, ਜੀਵਨ ਦੀਆਂ ਬੁਲੰਦੀਆਂ ਨੂੰ ਹਾਸਲ ਬਣਾਉਂਦਾ। ਜੀਵਨ ਦੀ ਸੁੰਦਰਤਾ ਨੂੰ ਹੋਰ ਸੁੰਦਰ ਤੇ ਹੁਸੀਨ ਬਣਾਉਣ ਦੀ ਤਫਸੀਲ ਮਨ ਦੀਆਂ ਬਰੂਹਾਂ 'ਤੇ ਉਕਰਦਾ। ਚਾਹ ਦੇ ਕੱਪ ਨਾਲ ਖੁਦ ਦੀ ਗੁਫਤਗੂ ਸਭ ਤੋਂ ਜ਼ਿਆਦਾ ਸਾਰਥਿਕ, ਸਦੀਵ ਅਤੇ ਸੰਵੇਦਨਾ ਭਰਪੂਰ, ਕਿਉਂਕਿ ਬੰਦਾ ਖੁਦ ਤੋਂ ਕੁਝ ਨਹੀਂ ਲੁਕੋ ਸਕਦਾ। ਆਪਣੀ ਪਾਰਦਰਸ਼ਤਾ ਵਿਚੋਂ ਬਹੁਤ ਕੁਝ ਪ੍ਰਾਪਤ ਕਰਦਾ।

ਚਾਹ ਦੇ ਕੱਪ ਵਿਚੋਂ ਚਾਹਨਾ, ਚਾਹਤ, ਚੰਗੇਰਾਪਣ, ਚੰਗਿਆਈ ਤੇ ਚਾਨਣੀ ਜਦ ਕਿਸੇ ਮਸਤਕ ਨੂੰ ਆਪਣਾ ਰੈਣ-ਬਸੇਰਾ ਬਣਾਉਂਦੀ ਤਾਂ ਮਨ ਦੀ ਬਸਤੀ ਵਿਚ ਉਜਿਆਰਾ ਹੁੰਦਾ।

ਚਾਹ ਦਾ ਕੱਪ ਇਕ ਅਜਿਹਾ ਮੌਕਾ ਹੁੰਦਾ, ਜਦ ਅਹਿਦਨਾਮਿਆਂ, ਫੈਸਲਿਆਂ, ਸਬੰਧਾਂ, ਨਵੀਆਂ ਭਾਈਵਾਲੀਆਂ, ਨਵੇਂ ਪ੍ਰਾਜੈਕਟਾਂ, ਨਵੀਆਂ ਸਥਾਪਤੀਆਂ, ਨਵੀਆਂ ਪਹਿਲਕਦਮੀਆਂ ਅਤੇ ਨਵੀਂ ਸ਼ੁਰੂਆਤ ਨੂੰ ਪਰ ਤੋਲਣ ਦਾ ਮੌਕਾ ਮਿਲਦਾ। ਅੰਬਰ ਵਰਗੀ ਉਚਾਈ ਅਤੇ ਸਮੁੰਦਰ ਵਰਗੀ ਵਿਸ਼ਾਲਤਾ ਨੂੰ ਆਪਣੇ ਨਾਮ ਕਰਨ ਵਾਲੇ ਲੋਕ ਹੀ ਚਾਹ ਦੇ ਕੱਪ ਦੀਆਂ ਸਿਫਤ-ਸਲਾਹਾਂ ਵਿਚੋਂ ਸੁਗਮ-ਸੰਦੇਸ਼ ਦਾ ਆਗਮਨ ਹੁੰਦੇ।

ਚਾਹ ਦਾ ਕੱਪ ਬਜੁਰਗਾਂ ਨਾਲ ਕੁਝ ਪਲ ਬਿਤਾਉਣ ਦੀ ਚਾਹਨਾ। ਉਨ੍ਹਾਂ ਦੀ ਜ਼ਿੰਦਗੀ ਦੇ ਵਰਕਿਆਂ ਵਿਚ ਉਗੇ ਚਿਰਾਗਾਂ ਨੂੰ ਸੰਨਵੀਂ ਸੋਚ-ਧਰਾਤਲ ਦੇ ਨਾਮ ਕਰਨ ਅਤੇ ਇਸ ਦੀ ਰੌਸ਼ਨੀ ਵਿਚ ਜ਼ਿੰਦਗੀ ਨੂੰ ਨਵੀਂ ਤਰਕੀਬ ਦੇਣ ਦਾ ਸਾਧਨ।



ਜ਼ਿੰਦਗੀ ਦੀ ਕਿਤਾਬ ਬਣੇ ਇਨ੍ਹਾਂ ਬਜੁਰਗਾਂ ਦੀ ਛਤਰ-ਛਾਇਆ ਹੇਠ ਪਲਰਦੇ ਬੱਚਿਆਂ ਨੂੰ ਪਰਿਵਾਰਕ ਕਦਰਾਂ-ਕੀਮਤਾਂ ਅਤੇ ਜੀਵਨ ਮੁੱਲਾਂ ਦਾ ਮੁਲੰਕਣ ਕਰਨ ਅਤੇ ਇਸ ਨੂੰ ਆਪਣੀ ਜੀਵਨ-ਸ਼ੈਲੀ ਦਾ ਅੰਗ ਬਣਾਉਣ ਦਾ ਮੌਕਾ ਮਿਲਦਾ। ਕਦੇ ਵੀ ਬਜੁਰਗਾਂ ਨਾਲ ਚਾਹ ਦਾ ਕੱਪ ਪੀਣ ਦਾ ਮੌਕਾ ਮਿਲੇ ਤਾਂ ਇਸ ਦਾ ਵੱਧ ਤੋਂ ਵੱਧ ਲਾਹਾ ਲੈਣਾ, ਕਿਉਂਕਿ ਜਦ ਬਜੁਰਗ ਸਦਾ ਲਈ ਤੁਰ ਜਾਂਦੇ ਨੇ, ਤਾਂ ਕਿਸੇ ਨੇ ਨਹੀਂ ਦੇਣੀਆਂ ਉਨ੍ਹਾਂ ਵਰਗੀਆਂ ਸੁਮੱਤਾਂ।

ਚਾਹ ਦਾ ਕੱਪ ਰੁੱਸਿਆਂ ਨੂੰ ਮਨਾਉਣ ਦਾ ਵੀ ਆਹਲਾ ਮੌਕਾ ਹੁੰਦਾ, ਕਿਉਂਕਿ ਚਾਹ ਦੇ ਬਹਾਨੇ ਅਸੀਂ ਮਨ ਵਿਚ ਪੈਦਾ ਹੋਈਆਂ ਗਲਤਫਹਿਮੀਆਂ, ਚਿਤਵੇ ਹੋਏ ਖਦਸ਼ੇ ਅਤੇ ਨਕਾਰਾਤਮਕ ਭਾਵਨਾਵਾਂ ਨੂੰ ਮੋਹਵੰਤਿਆਂ ਨਾਲ ਸਾਂਝਾ ਕਰਕੇ, ਤੌਖਲਿਆਂ ਨੂੰ ਦੂਰ ਕਰ ਸਕਦੇ। ਸਿਰਫ ਚਾਹ-ਮਿਲਣੀ ਨਾਲ ਰਾਈ ਦਾ ਪਹਾੜ ਵੀ ਖਤਮ ਹੋ ਜਾਂਦਾ। ਕਈ ਵਾਰ ਬੰਦਾ ਅਰਥਾਂ ਦਾ ਅਨਰਥ ਕਰਦਿਆਂ, ਰਿਸ਼ਤਿਆਂ ਤੋਂ ਬਹੁਤ ਦੂਰ ਹੋ ਜਾਂਦਾ। ਇਨ੍ਹਾਂ ਦੂਰੀਆਂ ਨੂੰ ਮੇਟਣਾ, ਚਾਹ ਦੇ ਕੱਪ ਦੀ ਅਹਿਮੀਅਤ ਦਾ ਕਮਾਲ ਹੁੰਦਾ।

ਚਾਹ ਦੇ ਕੱਪ ਲਈ ਜਦ ਕਿਸੇ ਨੂੰ ਸੱਦਿਆ ਜਾਂਦਾ ਤਾਂ ਚਾਹ ਦੇ ਕੱਪ ਦੀ ਪੇਸ਼ਕਾਰੀ, ਉਚੇਚੀ ਪ੍ਰਾਹੁਣਚਾਰੀ ਜਾਂ ਉਚੇਚ, ਇਸ ਗੱਲ ਦਾ ਸੂਚਕ ਹੁੰਦਾ ਕਿ ਮਹਿਮਾਨ ਕਿੰਨਾ ਖਾਸ ਹੈ? ਮਹਿਮਾਨ-ਨਿਵਾਜੀ ਵਿਚੋਂ ਕੀ ਕਿਆਸਿਆ ਅਤੇ ਪ੍ਰਾਪਤ ਕੀਤਾ ਜਾ ਸਕਦਾ?

ਚਾਹ ਦੇ ਕੱਪ 'ਤੇ ਬੈਠਕ ਨੂੰ ਆਰਥਿਕ ਪ੍ਰਾਪਤੀ ਤੀਕ ਸੀਮਤ ਰੱਖਣਾ, ਚਾਹ ਦਾ ਨਿਰਾਦਰ। ਚਾਹ ਦਾ ਕੱਪ ਤਾਂ ਮਨ ਦੀ ਤ੍ਰਿਪਤੀ, ਰੂਹ ਦਾ ਸੁਖਨ, ਭਾਵਨਾਵਾਂ ਨੂੰ ਮਿਲੀ ਰਾਹਤ, ਮਨ 'ਚ ਬੈਠੀ ਚਾਹਤ ਦਾ ਪ੍ਰਗਟਾਅ। ਬੇਫਿਕਰੀ ਦੇ ਆਲਮ ਵਿਚ ਕੁਝ ਪਲ ਆਪਣਿਆਂ ਸੰਗ ਬਿਤਾਉਣ ਦਾ ਹੁਲਾਸ ਅਤੇ ਨਿਰਾਸ਼ਾ ਤੇ ਉਦਾਸੀ ਨੂੰ ਅਲਵਿਦਾ।

ਚਾਹ ਦੇ ਕੱਪ ਦੀ ਸਾਂਝ ਹਾਸੇ-ਠੱਠੇ, ਚੁਗਲੀਆਂ, ਘਨੋਚਾਂ ਕੱਢਣ ਅਤੇ ਸ਼ਿਕਾਇਤਾਂ ਲਾਉਣ ਲਈ ਸਭ ਤੋਂ ਜ਼ਿਆਦਾ ਸਾਜ਼ਗਾਰ। ਗਮਾਂ, ਫਿਕਰਾਂ ਅਤੇ ਚਿੰਤਾਵਾਂ ਨੂੰ ਠਹਾਕਿਆਂ ਨਾਲ ਰਫਾ-ਦਫਾ ਕਰਨ ਦੀ ਜੁਗਤੀ। ਜ਼ਿੰਦਗੀ ਨੂੰ ਆਪਣੇ ਰੰਗ ਵਿਚ ਰੰਗਣ ਤੇ ਮਾਣਨ ਦਾ ਰੂਹ-ਏ-ਅੰਦਾਜ਼।

ਚਾਹ ਦੀਆਂ ਚੁਸਕੀਆਂ ਨਾਲ ਖੁੱਲ੍ਹ ਜਾਂਦੇ ਨੇ ਮਨ ਦੇ ਕਪਾਟ। ਕਲਾਮਈ ਬਿਰਤੀਆਂ ਨੂੰ ਮਿਲਦੀ ਪਰਵਾਜ਼। ਬੁਰਸ਼ ਨਾਲ ਨਿਵੇਕਲੇ ਨਕਸ਼ ਉਕਰਨ ਦੀ ਪ੍ਰੇਰਨਾ। ਪੌਣਾਂ 'ਚ ਨਿੱਖਰਦੇ ਸੁਪਨਿਆਂ ਦੇ ਸਿਰਨਾਵੇਂ ਅਤੇ ਤਾਰਿਆਂ ਨੂੰ ਪਕੜਨ ਦੀ ਚਾਹਨਾ ਮਨ ਵਿਚ ਪੈਦਾ ਹੁੰਦੀ। ਇਹ ਚੁਸਕੀਆਂ ਹੀ ਚੰਗਿਆੜੀ ਬਣ ਕੇ ਰੌਸ਼ਨੀ ਪੈਦਾ ਕਰਦੀਆਂ ਅਤੇ ਰਾਹਾਂ ਨੂੰ ਮੰਜ਼ਿਲ ਪ੍ਰਤੱਖ ਝਲਕਦੀ।

ਚਾਹ ਦੀ ਮਿਠਾਸ ਦੂਰ ਕਰਦੀ ਹੈ ਸਮਾਜਿਕ ਰਿਸ਼ਤਿਆਂ ਵਿਚਲੀ ਕੁੜੱਤਣ, ਆਪਸੀ ਸਬੰਧਾਂ ਵਿਚਲੀ ਖਿੱਚੋਤਾਣ, ਬੋਲਾਂ ਵਿਚ ਪਨਪੀ ਰੁਸਵਾਈ, ਰੰਜਿਸ਼, ਰੋਸੇ ਅਤੇ ਰੋਣੇ। ਇਸ ਦੀ ਮਿਠਾਸ ਨੂੰ ਅੰਤਰੀਵ ਵਿਚ ਜੀਰਨਾ ਅਤੇ ਜੀਵਨੀ ਕੁੜੱਤਣ ਦੇ ਨਾਮ ਮਿੱਠਬੋਲਤਾ ਕਰਨਾ, ਜੀਵਨ ਦਾ ਉਤਮ ਸੰਦੇਸ਼।

ਚਾਹ ਦੀਆਂ ਪੱਤੀਆਂ ਦੇ ਕੌੜੇਪਣ ਵਿਚ ਬਹੁਤ ਮਿੱਠੀਆਂ ਲੱਗਦੀਆਂ ਨੇ ਮਾਂ-ਬਾਪ ਦੀਆਂ ਨਸੀਹਤਾਂ, ਬਜੁਰਗਾਂ ਦੀਆਂ ਸਲਾਹੁਤਾਂ, ਟੀਚਰਾਂ ਦੀਆਂ ਝਿੜਕਾਂ, ਭੈਣਾਂ-ਭਰਾਵਾਂ ਦੀ ਨਿਗਰਾਨੀ ਅਤੇ ਸਿਖਿਆ। ਇਸ ਵਿਚ ਹੀ ਖੁਰਦੀਆਂ ਨੇ ਖਰਵੇਪਣ ਦੀਆਂ ਖਰਵੀਆਂ ਯਾਦਾਂ।

ਕਦੇ ਸੋਚਦਾ ਹਾਂ ਕਿ ਮੈਂ ਚਾਹ ਨਹੀਂ ਪੀਂਦਾ, ਸਗੋਂ ਚਾਹ ਮੈਨੂੰ ਪੀਂਦੀ, ਕਿਉਂਕਿ ਚਾਹ ਤਾਂ ਨਾ-ਚਾਹੁੰਦਿਆਂ ਜਾਮਾ-ਤਲਾਸ਼ੀ ਕਰਦੀ ਆ। ਚਾਹ ਦੇ ਕੱਪ ਦੀ ਚੋਟ ਨਾਲ ਦੂਰ ਹੁੰਦੀ ਹੈ ਅਵੱਗਿਆ, ਅੰਦੇਸ਼ਾ, ਅਧੂਰਾਪਣ ਅਤੇ ਆਲਸ।

ਢਾਬੇ 'ਤੇ ਚਾਹ ਪੀਂਦਿਆਂ ਕਦੇ ਚਾਹ ਦੇ ਕੱਪ ਧੋਂਦੇ ਮੁੰਡੂ ਵੱਲ ਦੇਖਣਾ, ਜਿਸ ਦੇ ਨੈਣਾਂ ਵਿਚ ਸੁਪਨਿਆਂ ਦਾ ਮਾਤਮ, ਜਿਸ ਦੇ ਕਦਮਾਂ ਵਿਚ ਸਫਰ ਦਾ ਸਰਾਪ, ਜਿਸ ਦੇ ਢਿੱਡ ਵਿਚ ਭੁੱਖ ਦਾ ਵਾਸ, ਜਿਸ ਦੇ ਮੱਥੇ ਤੋਂ ਪੂੰਝ ਦਿੱਤੀਆਂ ਗਈਆਂ ਕਿਸਮਤ ਰੇਖਾਵਾਂ, ਜਿਸ ਦੀ ਮਾਨਸਿਕ ਪਰਵਾਜ਼ ਦੇ ਕੁਤਰੇ ਪਰ ਉਸ ਦੀ ਬੇਬਸੀ ਦੀ ਗਵਾਹੀ, ਜਿਸ ਦੀ ਮਾਸੂਮੀਅਤ ਨੂੰ ਨਿਗਲ ਗਈ ਏ ਮੁਥਾਜੀ ਤੇ ਮੁਹਤਾਜੀ, ਬਸਤੇ ਨੂੰ ਮਿਲ ਗਈ ਏ ਜਲਾਵਤਨੀ, ਜਿਸ ਦੀਆਂ ਰੀਝਾਂ ਦਾ ਸਿਵਾ ਦੇਖਣ ਤੋਂ ਬੇਧਿਆਨ ਏ ਜੱਗ ਸਾਰਾ, ਜਿਸ ਦੀਆਂ ਆਸਾਂ ਕੰਗਾਲੀ ਨੇ ਕਰ ਦਿੱਤੀਆਂ ਨੇ ਵਿਧਵਾ, ਜਿਸ ਦੇ ਹਿੱਸੇ ਦਾ ਅੰਬਰ ਵੀ ਅਗਵਾ ਹੋ ਗਿਆ ਅਤੇ ਤਨ ਦੇ ਲੰਗਾਰਾਂ ਵਿਚੋਂ ਝਾਤੀਆਂ ਮਾਰਦੀ ਏ ਉਸ ਦੀ ਗਰੀਬੀ, ਜ਼ਹਾਲਤ ਅਤੇ ਜਜ਼ਬਾਤ ਦੀ ਕਬਰ। ਚਾਹ ਪੀਣ ਦੀ ਥਾਂ ਚਾਹ ਦੇ ਕੱਪ ਧੋਣ ਦਾ ਸਫਰ ਜਦ ਕਿਸੇ ਦੇ ਮੱਥੇ 'ਤੇ ਉਕਰਿਆ ਜਾਵੇ ਤਾਂ ਚਾਹ ਦੇ ਜੂਠੇ ਕੱਪ, ਜਜ਼ਬਿਆਂ ਨੂੰ ਜੰਦਰੇ ਮਾਰ ਕੇ ਪਤਾ ਨਹੀਂ ਕਿਧਰ ਨੂੰ ਤੁਰ ਜਾਂਦੇ? ਕਦੇ ਅਰਮਾਨਾਂ ਦੀ ਹੋਈ ਲੁੱਟ ਨੂੰ ਦੇਖਣ ਲਈ, ਉਸ ਦੇ ਦੀਦਿਆਂ ਵਿਚ ਝਾਕਣ ਦੀ ਜੁਅਰਤ ਕਰਨਾ।

ਸੱਜਣ ਨੂੰ ਚਾਹ ਦੇ ਕੱਪ ਲਈ ਹਾਕ ਮਾਰਨਾ, ਨਿਰਾ ਚਾਹ ਪੀਣਾ ਨਹੀਂ, ਸਗੋਂ ਅਜਿਹੀਆਂ ਯਾਦਾਂ ਸਾਂਝੀਆਂ ਕਰਨਾ ਹੁੰਦਾ, ਜੋ ਚਾਹ ਦੀਆਂ ਪੱਤੀਆਂ ਤੋਂ ਜ਼ਿਆਦਾ ਕੁਸੈਲੀਆਂ ਅਤੇ ਚਾਹ ਵਿਚਲੀ ਖੰਡ ਨਾਲੋਂ ਜ਼ਿਆਦਾ ਮਿਠਾਸ ਭਰਪੂਰ ਹੁੰਦੀਆਂ। ਦਿਲ ਵਿਚ ਦੱਬੀਆਂ ਰੀਝਾਂ ਦਾ ਬੇਪਰਦ ਕਰਨਾ ਵੀ ਹੁੰਦਾ।

ਚਾਹ ਦਾ ਕੱਪ ਇਕ ਦੂਜੇ ਨੂੰ ਹੋਰ ਨਜ਼ਦੀਕ ਲਿਆਉਣ ਦਾ ਬਹਾਨਾ, ਦਿਲ ਦੀ ਝਾਤ ਮਰਵਾਉਣ ਦੀ ਰੀਝ ਅਤੇ ਅਪਣੱਤ ਪਾਲਣ ਦੀ ਲੋਚਾ।

ਚਾਹ ਦੇ ਕੱਪ ਤੇ ਅਧੂਰੇ ਸੁਪਨਿਆਂ ਦੀ ਗਾਥਾ ਸੁਣਾ ਕੇ, ਇਸ ਦੀ ਪੂਰਨਤਾ ਵੰਨੀਂ ਪੁਲਾਂਘ ਪੁੱਟਣ ਦਾ ਉਦਮ ਵੀ ਹੁੰਦਾ।

ਚਾਹ ਦੇ ਕੱਪ ਵਿਚਲੀ ਗਰਮਾਹਟ ਨਾਲ ਪਿਘਲ ਜਾਂਦੇ ਨੇ ਯੱਖ ਪਲ, ਕੋਸੇ ਕੋਸੇ ਹੋ ਜਾਂਦੇ ਠਰੇ ਜਜ਼ਬਾਤ। ਪਿੱਘਲ ਜਾਂਦਾ ਉਮੀਦ, ਆਸ ਤੇ ਉਡੀਕ ਦੇ ਪਿੰਡੇ 'ਤੇ ਪਿਆ ਕੋਰਾ। ਹੋਠਾਂ 'ਤੇ ਪਸਰੀ ਹੋਈ ਚੁੱਪ ਹੋ ਜਾਂਦੀ ਤਰਲ। ਚੁੱਪ ਵੀ ਬੋਲਣ ਲੱਗਦੀ। ਕਦੇ ਚਾਹ ਪੀਂਦਿਆਂ ਮਨ-ਪਸੰਦ ਗਾਣਾ ਗਾਉਂਦੇ, ਮਿੱਤਰਾਂ ਨੂੰ ਫੋਨ ਮਿਲਾਉਂਦੇ ਜਾਂ ਬੀਤੀਆਂ ਯਾਦਾਂ ਵਿਚ ਖੋਏ ਹੋਇਆਂ ਨੂੰ ਦੇਖਣਾ, ਤੁਹਾਨੂੰ ਆਪਣੇ ਹੁਸੀਨ ਤੇ ਪੁਰ-ਸਕੂਨ ਪਲਾਂ ਦੀ ਯਾਦ ਜਰੂਰ ਆਵੇਗੀ।

ਲੰਗਰ ਵਿਚ ਚਾਹ ਪੀਂਦਿਆਂ, ਅਵਚੇਤਨ ਵਿਚ ਆ ਜਾਂਦਾ ਏ ਲੰਗਰ ਪ੍ਰਥਾ ਦਾ ਅਰੰਭ, ਮਹਾਨਤਾ ਅਤੇ ਭੁੱਖਿਆ ਲਈ ਚਾਰੇ-ਪਹਿਰ ਖਾਣੇ ਦਾ ਸਬੱਬ। ਨਾਲ ਹੀ ਫਿਕਰਮੰਦ ਹੋ ਜਾਂਦਾ ਮਨ ਜਦ ਧਾਰਮਿਕ ਵਲਗਣਾਂ, ਕਠੋਰਤਾ, ਕੱਟੜਤਾ ਤੇ ਨਿਘਾਰ ਕਾਰਨ ਪੜ੍ਹਿਆ ਜਾਂਦਾ ਏ ਮਾਨਵਤਾ ਦਾ ਮਰਸੀਆ।

ਚਾਹ ਲਈ ਹਾਕ, ਕਿਸੇ ਦੇ ਮਨ ਦੀ ਦੱਬਵੀਂ ਰੀਝ। ਇਸ ਨੂੰ ਕਦੇ ਮਨ੍ਹਾਂ ਨਹੀਂ ਕਰਨਾ। ਚਾਹ ਪੀਣ ਲਈ ਸਮਾਂ ਜਰੂਰ ਕੱਢਣਾ, ਕਿਉਂਕਿ ਤੁਹਾਡੀ ਅਪਣੱਤ ਹੀ ਉਸ ਦਾ ਹਾਸਲ। ਹੋ ਸਕਦਾ ਏ ਉਹ ਕੁਝ ਅਜਿਹਾ ਤੁਹਾਡੇ ਨਾਲ ਸਾਂਝਾ ਕਰਨਾ ਚਾਹੁੰਦਾ ਹੋਵੇ, ਜੋ ਕਿਸੇ ਹੋਰ ਨਾਲ ਨਹੀਂ। ਜਦ ਅਜਿਹੇ ਮੌਕਿਆਂ ਨੂੰ ਗਵਾ ਦਿੰਦੇ ਹਾਂ ਤਾਂ ਬਹੁਤ ਨਿਰਾਸ਼ਾ ਹੁੰਦੀ; ਤੇ ਵਿਅਕਤੀ ਨਿਰਾਸ਼ਾ ਦੇ ਆਲਮ ਵਿਚ ਆਪਣੀ ਅਰਥੀ ਨੂੰ ਮੋਢੇ 'ਤੇ ਢੋਣ ਲੱਗ ਪੈਂਦਾ। ਇਸ ਤੋਂ ਪਹਿਲਾਂ ਕਿ ਕਿਸੇ ਨੂੰ ਆਪਣਾ ਸਿਵਾ ਸੇਕਣ ਲਈ ਮਜਬੂਰ ਹੋਣਾ ਪਵੇ, ਚਾਹ ਦੇ ਕੱਪ ਲਈ ਦਿੱਤੇ ਸੱਦੇ ਨੂੰ ਜਰੂਰ ਪ੍ਰਵਾਨ ਕਰਨਾ।

ਚਾਹ ਦਾ ਕੱਪ, ਜ਼ਿੰਦਗੀ ਦਾ ਸੂਚਕ। ਇਸ ਨੂੰ ਕਿਵੇਂ ਬਣਾਉਂਦੇ ਹੋ? ਕਿਵੇਂ ਪੇਸ਼ ਕਰਦੇ ਹੋ? ਕਿਹੜੇ ਮਿੱਤਰਾਂ ਸੰਗ ਇਸ ਦੀ ਲਜ਼ੀਜ਼ਤਾ ਨੂੰ ਮਾਣਦੇ ਹੋ? ਇਹ ਹੀ ਸੁੰਦਰ ਜ਼ਿੰਦਗੀ ਦਾ ਰਾਜ਼, ਸੁਖਨ ਅੰਦਾਜ਼, ਮਨ-ਪਰਵਾਜ਼ ਅਤੇ ਨਵਾਂ ਆਗਾਜ਼।

ਚਾਹ ਦੇ ਕੱਪ 'ਤੇ ਜੰਗਬੰਦੀ, ਐਲਾਨਾਮੇ, ਹੱਦਾਂ-ਸਰਹੱਦਾਂ ਦੀਆਂ ਉਲਝਣਾਂ ਸਮੇਤ ਹਰ ਮਸਲੇ ਦਾ ਹੱਲ। ਜਿਨ੍ਹਾਂ ਮਸਲਿਆਂ ਦਾ ਹੱਲ ਯੁੱਧ ਨਾ ਕਰ ਸਕੇ, ਉਨ੍ਹਾਂ ਦਾ ਹੱਲ ਚਾਹ ਦੇ ਕੱਪ 'ਤੇ ਹੁੰਦਾ, ਇਤਿਹਾਸ ਨੇ ਦੇਖਿਆ।

ਚਾਹ ਦੇ ਕੱਪ 'ਤੇ ਵਿਦਵਾਨਾਂ, ਸੰਤਾਂ, ਮਹਾਤਮਾ, ਗਿਆਨੀਆਂ, ਸਿਆਣਿਆਂ ਨਾਲ ਰਚਾਏ ਸੰਵਾਦ ਵਿਚੋਂ ਉਹ ਕੁਝ ਪ੍ਰਾਪਤ ਹੋ ਜਾਂਦਾ, ਜਿਹੜਾ ਕਿਤਾਬਾਂ ਦੇ ਗੱਡੇ ਪੜ੍ਹ ਕੇ ਵੀ ਪ੍ਰਾਪਤ ਨਹੀਂ ਹੁੰਦਾ। ਕਦੇ ਕਦਾਈਂ ਸਿਆਣਿਆਂ ਦੀ ਸੁਹਬਤ ਅਤੇ ਸੰਗਤ ਮਾਣਨ ਲਈ ਚਾਹ ਦਾ ਬਹਾਨਾ ਜਰੂਰ ਬਣਾਓ।

ਲਾਅਨ ਜਾਂ ਟੈਰਸ 'ਤੇ ਬਹਿ ਕੇ ਚਾਹ ਦਾ ਕੱਪ ਪੀਣਾ। ਕੁਦਰਤ ਨੂੰ ਨਿਹਾਰਨਾ ਤੇ ਇਸ ਦੀਆਂ ਰਹਿਮਤਾਂ ਦਾ ਸ਼ੁਕਰਾਨਾ ਕਰਨਾ। ਅੰਬਰ ਵਿਚ ਤਾਰਿਆਂ ਦੀਆਂ ਖਿੱਤੀਆਂ ਦੇ ਅਕਾਰ ਕਿਆਸਣੇ। ਤਿੱਤਰਖੰਭੀਆਂ ਦੀ ਤੋਰ ਨੂੰ ਵਾਚਣਾ। ਪੰਛੀਆਂ ਦੀ ਰਾਗਣੀ ਦਾ ਅਨੰਦ ਮਾਣਨਾ। ਬੋਟਾਂ ਦੇ ਲਾਡਾਂ ਨੂੰ ਦੇਖਣਾ। ਬਿਰਖਾਂ, ਫੁੱਲਾਂ ਅਤੇ ਫਲਾਂ ਦੇ ਰੰਗਾਂ ਵਰਗਾ ਬਣਨ ਦੀ ਚਾਹਨਾ ਮਨ ਵਿਚ ਪੈਦਾ ਕਰਨੀ। ਤਿੱਤਲੀਆਂ ਅਤੇ ਭੌਰਿਆਂ ਦੀ ਇਕ ਫੁੱਲ ਤੋਂ ਦੂਜੇ ਫੁੱਲ ਤੀਕ ਭਰੀ ਉਡਾਣ ਦੇਖਣਾ। ਫੁੱਲ ਸੰਗ ਫੁੱਲ ਬਣਨ ਦਾ ਚਾਅ ਮਨ ਵਿਚ ਪੈਦਾ ਕਰਨਾ। ਪੱਤਿਆਂ ਵਿਚ ਸਰਸਰਾਉਂਦੀ ਹਵਾ ਨਾਲ ਗੀਤ ਗਾਉਣ ਦਾ ਰਿਆਜ਼ ਵੀ ਕਰਨਾ। ਦਰਅਸਲ ਚਾਹ ਦਾ ਕੱਪ ਆਪੇ ਤੋਂ ਕਾਇਨਾਤ ਅਤੇ ਫਿਰ ਕਾਇਨਾਤ ਤੋਂ ਆਪੇ ਵੱਲ ਮੁੜਨ ਦੀ ਯਾਤਰਾ ਨੂੰ ਕੁਝ ਪਲਾਂ ਵਿਚ ਤਹਿ ਕਰਨ ਦਾ ਸਫਰਨਾਮਾ ਏ।

ਕਦੇ ਕਦੇ ਚਾਹ ਦਾ ਕੱਪ ਠੰਢਾ ਹੀ ਹੋ ਜਾਂਦਾ, ਜਦ ਅਸੀਂ ਆਪਣੀਆਂ ਸੋਚਾਂ ਵਿਚ ਗਵਾਚ ਜਾਂਦੇ। ਆਪਣਿਆਂ ਦੀ ਬੇਗਾਨਗੀ, ਤੁਹਮਤਬਾਜ਼ੀ, ਬੇਵਫਾਈ, ਨਫਰਤ ਜਾਂ ਕਪਟ ਦਾ ਸ਼ਿਕਾਰ ਹੁੰਦੇ। ਅੰਤਰੀਵ ਯਾਤਰਾ 'ਤੇ ਤੁਰਦਿਆਂ ਕੋਈ ਸਿਰਾ ਨਾ ਥਿਆਉਂਦਾ। ਦਰਦਾਂ ਤੇ ਗਮਾਂ ਦੀ ਤਰਤੀਬ ਵਿਚ ਗੁਆਚਦੇ। ਮਰੇ ਸੁਪਨਿਆਂ ਦੀ ਰਾਖ ਫਰੋਲਦੇ। ਬੀਤੇ ਦੀਆਂ ਸੱਟਾਂ ਵਿਚ ਚਸਕ ਉਠਦੀ। ਜਖਮਾਂ ਦੇ ਨਿਸ਼ਾਨ ਨਜ਼ਰੀਂ ਪੈਂਦੇ ਜਾਂ ਆਪਣਿਆਂ ਦੀ ਬੇਰੁਖੀ ਵਿਚੋਂ ਉਪਜੀ ਨਿਰਾਸ਼ਾ, ਉਦਾਸੀ ਵਿਚ ਬਦਲ, ਜਿਉਂਦੇ ਜਾਗਦੇ ਵਿਅਕਤੀ ਨੂੰ ਹਤਾਸ਼ ਕਰ ਜਾਂਦੇ। ਫਿਰ ਅਸੀਂ ਠੰਢੀ ਚਾਹ ਨੂੰ ਫੂਕਾਂ ਮਾਰਦਿਆਂ, ਚਾਹ ਦੀ ਬੇਰੁਹਮਤੀ ਕਰਦੇ।

ਚਾਹ ਦਾ ਕੱਪ ਤਾਜਾ ਤੇ ਤੱਤਾ, ਤਾਜ਼ਗੀ ਦਾ ਪ੍ਰਤੀਕ। ਇਸ ਦੇ ਸੁੜ੍ਹਾਕਿਆਂ ਵਿਚੋਂ ਸੁਣਦਾ ਜੀਵਨ ਦਾ ਗੀਤ। ਮਿਠਾਸ ਦੀ ਚਿਪਚਿਪਾਹਟ ਵਿਚੋਂ ਪਨਪਦੀ ਮਿਲਾਪ ਦੀ ਰੀਤ ਅਤੇ ਆਖਰੀ ਘੁੱਟ ਨਾਲ ਹਥੇਲੀ ਤੋਂ ਮਿੱਟ ਜਾਂਦੀ ਫਿਕਰਾਂ ਦੀ ਲੀਕ।

ਚਾਹ ਦਾ ਕੱਪ ਚੁੰਝ-ਚਰਚਾ, ਚਮਚਾਗਿਰੀ, ਚੁਗਲੀ ਕਰਨ, ਚੋਭਾਂ ਲਾਉਣ, ਚਸਕੇ ਲੈਣ ਲਈ ਵੀ ਹੁੰਦਾ; ਪਰ ਇਹ ਨਿਰਾ ਅਕਾਰਥ। ਲੋੜ ਹੈ

***(ਬਾਕੀ ਅਗਲੇ ਸਫੇ 'ਤੇ)***

# ਆਚਰਣ ਬਨਾਮ ਸ਼ਖਸੀਅਤ

ਸਕੂਲ ਵਿਚ ਪੜ੍ਹਦਿਆਂ ਆਚਰਣ ਦੇ ਵਿਸ਼ੇ 'ਤੇ ਅੰਗਰੇਜ਼ੀ ਵਿਚ ਲੇਖ ਲਿਖਦੇ ਸਮੇਂ ਆਚਰਣ ਦੇ ਨਾਲ ਜੁੜੀ ਇਹ ਕਹਾਵਤ ਆਮ ਹੀ ਵਰਤੋਂ ਵਿਚ ਲਿਆਉਂਦੇ ਹੁੰਦੇ ਸੀ:

"When money is lost, nothing is lost;
when health is lost, something is lost;
when character is lost, everything is lost."

ਭਾਵ, ਜੇ ਧਨ ਗਵਾਚ ਗਿਆ ਤਾਂ ਸਮਝੋ ਕੁਝ ਵੀ ਨਹੀਂ ਗਿਆ, ਜੇ ਸਿਹਤ ਵਿਗੜ ਗਈ ਤਾਂ ਸਮਝੋ ਕੁਝ ਨੁਕਸਾਨ ਹੋ ਗਿਆ ਹੈ, ਪਰ ਜੇ ਆਚਰਣ ਚਲਾ ਗਿਆ ਤਾਂ ਸਮਝੋ ਸਭ ਕੁਝ ਹੀ ਚਲਾ ਗਿਆ। ਉਦੋਂ ਇਹ ਪਤਾ ਨਹੀਂ ਸੀ ਹੁੰਦਾ ਕਿ ਇਹ ਸ਼ਬਦ ਬਿਲੀ ਗ੍ਰਾਹਮ ਦੇ ਹਨ



**ਡਾ. ਸੁਖਦੇਵ ਸਿੰਘ ਝੰਡ**
ਬਰੈਂਪਟਨ (ਕੈਨੇਡਾ)
ਫੋਨ: 647-567-9128

ਜਾਂ ਕਿਸੇ ਹੋਰ ਵਿਦਵਾਨ ਵੱਲੋਂ ਉਚਾਰੇ ਗਏ ਹਨ, ਪਰ ਇਨ੍ਹਾਂ ਦੇ ਵਰਤਣ ਨਾਲ ਲੇਖ ਪ੍ਰਭਾਵਸ਼ਾਲੀ ਜ਼ਰੂਰ ਬਣ ਜਾਂਦਾ ਸੀ। ਉਂਜ, ਇਨ੍ਹਾਂ ਸ਼ਬਦਾਂ ਤੋਂ ਜੀਵਨ ਵਿਚ ਆਚਰਣ ਜਾਂ ਚਾਲ-ਚਲਨ ਦੀ ਅਹਿਮੀਅਤ ਦਾ ਅੰਦਾਜ਼ਾ ਭਲੀਭਾਂਤ ਲੱਗ ਜਾਂਦਾ ਸੀ। ਨਾਲ ਹੀ ਸਕੂਲ ਵਿਚੋਂ ਦਸਵੀਂ ਜਾਂ ਬਾਰ੍ਹਵੀਂ ਜਮਾਤ ਪਾਸ ਕਰਨ ਪਿਛੋਂ ਅਗਲੀ ਪੜ੍ਹਾਈ ਲਈ ਕਾਲਜ ਜਾਣ ਲਈ ਉੱਥੋਂ 'ਆਚਰਣ ਸਰਟੀਫਿਕੇਟ' (Character Certificate) ਵੀ ਲੈਣਾ ਪੈਂਦਾ ਸੀ, ਜਿਸ ਵਿਚ ਅਖੀਰ 'ਤੇ ਇਕ ਸਤਰ ਹੁੰਦੀ ਸੀ, "Mr./Miss so and so bears a Good Moral Character." ਉਦੋਂ ਇਸ ਗੱਲ ਦੀ ਬਹੁਤੀ ਸਮਝ ਨਹੀਂ ਸੀ ਹੁੰਦੀ ਕਿ ਇਹ "ਗੁੱਡ ਮੌਰਲ ਕਰੈਕਟਰ" ਕੀ ਹੁੰਦਾ ਹੈ। ਸਿਰਫ ਏਨਾ ਹੀ ਜਾਣਦੇ ਸਾਂ ਕਿ ਇਹ ਸਤਰ ਸਬੰਧਤ ਵਿਦਿਆਰਥੀ ਦੇ ਆਮ ਵਿਹਾਰ ਅਤੇ ਆਚਰਣ ਨੂੰ ਬਿਲਕੁਲ 'ਠੀਕ' ਦਰਸਾਉਂਦੀ ਹੈ ਅਤੇ ਉਸ ਨੇ ਸਕੂਲ ਵਿਚ ਕੋਈ ਗਲਤੀ ਵਗੈਰਾ ਨਹੀਂ ਕੀਤੀ, ਪਰ ਉਦੋਂ ਉਸ 'ਗਲਤੀ' ਦਾ ਕੋਈ ਅਹਿਸਾਸ ਜਾਂ ਉਸ ਬਾਰੇ ਕੋਈ ਵਿਸ਼ੇਸ਼ ਜਾਣਕਾਰੀ ਨਹੀਂ ਸੀ ਹੁੰਦੀ।

'ਆਚਰਣ' ਜਿਸ ਨੂੰ ਚਾਲ-ਚਲਨ, ਚਰਿੱਤਰ ਜਾਂ ਕਿਰਦਾਰ ਦੇ ਨਾਂਵਾਂ ਨਾਲ ਜਾਣਿਆਂ ਜਾਂਦਾ ਹੈ, ਅੰਗਰੇਜ਼ੀ ਭਾਸ਼ਾ ਦੇ ਸ਼ਬਦ 'Character' ਦਾ ਪਰਿਰੂਪ ਹੈ। ਇਹ ਯੂਨਾਨੀ ਭਾਸ਼ਾ ਦੇ ਸ਼ਬਦ 'Kharakter' ਤੋਂ ਬਣਿਆ ਹੈ, ਜੋ ਪੁਰਾਤਨ ਸਮੇਂ ਦੌਰਾਨ ਸਿੱਕੇ ਉੱਪਰ ਖੁਦੇ ਹੋਏ ਨਿਸ਼ਾਨ ਨੂੰ ਪ੍ਰਗਟਾਉਂਦਾ ਹੈ। ਇਸ ਦੇ ਅਰਥ 'ਨਿਸ਼ਾਨੀ' (Symbol), 'ਉਕਰਿਆ ਹੋਇਆ ਨਿਸ਼ਾਨ' (Engraved Mark) ਜਾਂ 'ਆਤਮਾ ਉੱਪਰ ਛਾਪ' (Imprint on the Soul) ਸਮਝੇ ਜਾਂਦੇ ਹਨ। ਇੱਥੇ ਇਹ ਵਰਣਨਯੋਗ ਹੈ ਕਿ ਅੰਗਰੇਜ਼ੀ ਦਾ ਇਹ ਸ਼ਬਦ 'Character' ਇੰਗਲੈਂਡ ਅਤੇ ਅਮਰੀਕਾ ਦੇ ਸ਼ਬਦਕੋਸ਼ ਵਿਚ 17ਵੀਂ ਸਦੀ ਦੇ ਅਰੰਭ ਵਿਚ ਆਇਆ ਅਤੇ ਇਸ ਦੀ ਵਰਤੋਂ 19ਵੀਂ ਸਦੀ ਵਿਚ ਸਿਖਰ 'ਤੇ ਪਹੁੰਚੀ। ਇਹ ਮਨੁੱਖ ਦੇ ਸਮੂਹਿਕ ਗੁਣਾਂ ਨੂੰ ਪਰਿਭਾਸ਼ਿਤ ਕਰਦਾ ਹੈ ਅਤੇ ਇਨ੍ਹਾਂ ਗੁਣਾਂ ਵਿਚ ਮਨੁੱਖ ਦੇ ਨਿੱਜੀ ਵਿਚਾਰ, ਉਸ ਦੇ ਦਿਮਾਗ ਵਿਚ ਆਉਂਦੇ ਭਾਤ-ਭਾਂਤ ਕਿਸਮ ਦੇ ਖਿਆਲ, ਉਸ ਦਾ ਸੁਭਾਅ ਤੇ ਵਿਹਾਰ, ਉਸ ਦੀਆਂ ਇੱਛਾਵਾਂ, ਭਾਵਨਾਵਾਂ, ਆਦਤਾਂ ਅਤੇ ਪਿਆਰ ਤੇ ਨਫਰਤ ਵਾਲੀਆਂ ਸੋਚਾਂ, ਆਦਿ ਸਭ ਸ਼ਾਮਲ ਹਨ। ਇਨ੍ਹਾਂ ਸਾਰੀਆਂ ਚੀਜ਼ਾਂ ਦਾ ਮਿਲਗੋਭਾ ਉਸ ਦੇ ਸਮੁੱਚੇ ਆਚਰਣ ਦੀ ਤਸਵੀਰ ਪੇਸ਼ ਕਰਦਾ ਹੈ। ਉਂਜ, ਇਹ ਅੰਗਰੇਜ਼ੀ ਸ਼ਬਦ 'ਕਰੈਕਟਰ' ਨਾਟਕਾਂ ਅਤੇ ਫਿਲਮਾਂ ਵਿਚਲੇ ਪਾਤਰਾਂ ਵੱਲੋਂ ਨਿਭਾਏ ਜਾਂਦੇ ਕਿਰਦਾਰਾਂ ਲਈ ਵੀ ਵਰਤਿਆ ਜਾਂਦਾ ਹੈ।







ਆਚਰਣ ਤੇ ਸ਼ਖਸੀਅਤ ਇਕ ਹੀ ਨੇ ਜਾਂ ਵੱਖ-ਵੱਖ: ਕਈ ਵਿਅਕਤੀ ਆਚਰਣ ਅਤੇ ਸ਼ਖਸੀਅਤ ਨੂੰ ਇਕ ਹੀ ਮੰਨਦੇ ਹਨ, ਜਦੋਂ ਕਿ ਹੋਰ ਕਈਆਂ ਅਨੁਸਾਰ ਇਹ ਦੋਵੇਂ ਮਨੁੱਖ ਦੇ ਵੱਖ-ਵੱਖ ਪਹਿਲੂ ਹਨ। ਉਂਜ ਵੇਖਿਆ ਜਾਏ ਤਾਂ ਸ਼ਖਸੀਅਤ ਸਾਡੇ ਜੀਵਨ ਦਾ ਉਹ ਪੱਖ ਹੈ, ਜੋ ਹਰ ਕੋਈ ਵੇਖ ਰਿਹਾ ਹੈ ਕਿ ਅਸੀਂ ਕੌਣ ਹਾਂ ਅਤੇ ਕੀ ਕਰਦੇ ਹਾਂ, ਜਦੋਂ ਕਿ ਆਚਰਣ ਸਾਡਾ ਉਹ ਪਹਿਲੂ ਹੈ, ਜੋ ਅਦਿੱਖ ਹੈ ਅਤੇ ਉਹ ਸਾਡੇ ਆਪਣੇ ਆਪ ਤੱਕ ਸੀਮਤ ਹੈ। ਮਨੋਵਿਗਿਆਨੀ ਸਟੋਲੋਰੋ (Stolorow) ਨੇ ਆਚਰਣ ਨੂੰ ਮਨੁੱਖੀ ਸ਼ਖਸੀਅਤ ਦਾ ਹੀ ਇਕ ਹਿੱਸਾ ਮੰਨਿਆ ਹੈ ਅਤੇ ਉਹ ਇਸ ਨੂੰ ਮਨੁੱਖ ਦੇ ਸਮਾਜੀ ਵਿਹਾਰ ਦੇ ਵੱਖ-ਵੱਖ ਪੱਖਾਂ ਦਾ ਸਮੂਹ ਬਿਆਨ ਕਰਦਾ ਹੈ। ਉਸ ਅਨੁਸਾਰ, "Character is a powerful element that throws light to an individual's self. Character gives us a partial insight of who we are, why we exist and how we exist."

ਸੱਭਿਆਚਾਰਕ ਇਤਿਹਾਸ ਦਾ ਮਾਹਿਰ ਵਾਰੇਨ ਸੁਸਮੈਨ (Warren Susman) ਆਚਰਣ ਨੂੰ ਸ਼ਖਸੀਅਤ ਨਾਲੋਂ ਵੱਖਰਾ ਮੰਨਦਿਆਂ ਇਸ ਨੂੰ 19ਵੀਂ ਸਦੀ ਦੇ ਅਰੰਭ ਵਿਚ ਵਰਤਿਆ ਜਾਂਦਾ ਅਹਿਮ ਸ਼ਬਦ ਕਰਾਰ ਦਿੰਦਾ ਹੈ। ਉਸ ਦਾ ਕਹਿਣਾ ਹੈ ਕਿ ਉਸ ਸਮੇਂ 'ਮਜ਼ਬੂਤ ਤੇ ਕਮਜ਼ੋਰ ਆਚਰਣ' ਅਤੇ 'ਚੰਗੇ ਤੇ ਮਾੜੇ ਆਚਰਣ' ਦੀ ਚਰਚਾ ਆਮ ਲੋਕਾਂ ਵਿਚ ਹੋਣ ਲੱਗ ਪਈ ਸੀ ਤੇ ਨੌਜੁਆਨਾਂ ਨੂੰ ਆਪਣਾ ਆਚਰਣ ਉੱਚਾ-ਸੁੱਚਾ ਰੱਖਣ ਲਈ ਕਿਹਾ ਜਾਣ ਲੱਗ ਪਿਆ ਸੀ। ਉਨ੍ਹਾਂ ਨੂੰ ਇਹ ਸਿੱਖਿਆ ਵੀ ਦਿੱਤੀ ਜਾਂਦੀ ਸੀ ਕਿ ਆਚਰਣ ਬੇਸ਼-ਕੀਮਤੀ ਸ਼ੈਅ ਹੈ ਅਤੇ ਇਸ ਨੂੰ ਸਹੀ ਰੱਖਣਾ ਬੇਹੱਦ ਜ਼ਰੂਰੀ ਹੈ। ਸੁਸਮੈਨ ਅਨੁਸਾਰ 20ਵੀਂ ਸਦੀ ਦੇ ਸ਼ੁਰੂ ਵਿਚ ਹੀ ਆਚਰਣ ਨੂੰ ਮਨੁੱਖ ਦੀ ਸ਼ਖਸੀਅਤ ਵਜੋਂ ਵੇਖਣਾ, ਪਰਖਣਾ ਅਤੇ ਸਮਝਣਾ ਅਰੰਭ ਹੋ ਗਿਆ ਸੀ, ਹਾਲਾਂਕਿ ਇਹ ਦੋਵੇਂ ਇਕ ਦੂਸਰੇ ਤੋਂ ਵੱਖਰੇ ਹਨ ਤੇ ਇਨ੍ਹਾਂ ਨੂੰ ਵੱਖ-ਵੱਖ ਨੁਕਤਾ-ਨਿਗਾਹ ਤੋਂ ਹੀ ਵੇਖਣਾ ਬਣਦਾ ਹੈ। ਆਚਰਣ ਦੇ ਸੱਭਿਆਚਾਰ ਤੋਂ ਸ਼ਖਸੀਅਤ ਦੇ ਸੱਭਿਆਚਾਰ ਵੱਲ ਸਫਰ ਨੂੰ ਸੁਸਮੈਨ 'ਪ੍ਰਾਪਤੀ' (Achievement) ਅਤੇ 'ਕਾਰਜਸ਼ੀਲਤਾ' (Performance) ਮੰਨਦਾ ਹੈ।

19ਵੀਂ ਸਦੀ ਦੌਰਾਨ ਆਚਰਣ ਨੂੰ ਪਰਿਭਾਸ਼ਿਤ ਕਰਨ ਲਈ ਸ਼ਬਦ 'ਫਰਜ਼', 'ਕੰਮ', 'ਸੁਚੱਜੇ ਕਰਤੱਵ', 'ਤੌਰ-ਤਰੀਕੇ', 'ਦਿਆਨਤਦਾਰੀ' ਆਦਿ ਵਰਤੇ ਜਾਂਦੇ ਸਨ, ਜਦੋਂ ਕਿ ਸ਼ਖਸੀਅਤ ਲਈ ਸ਼ਬਦਾਂ-ਮਹੱਤਵਪੂਰਨ, ਪ੍ਰਭਾਵਸ਼ਾਲੀ, ਚਮਕਵੀਂ, ਚੁੰਭਕੀ, ਸਿਰਜਣਾਤਮਕ, ਆਕਰਸ਼ਕ ਆਦਿ ਦੀ ਵਰਤੋਂ ਕੀਤੀ ਜਾਂਦੀ ਸੀ। ਚੰਗੇ ਆਚਰਣ ਲਈ ਸ਼ਬਦ ਪਿਆਰ, ਦਿਆਲਤਾ, ਦਲੇਰੀ, ਵਿਸ਼ਵਾਸ, ਸੱਚਾਈ, ਸਪੱਸ਼ਟਤਾ, ਇਮਾਨਦਾਰੀ, ਇਰਾਦੇ ਦੀ ਪਰਪੱਕਤਾ ਆਦਿ ਦੀ ਵਰਤੋਂ ਕੀਤੀ ਜਾਂਦੀ ਸੀ ਅਤੇ ਇਨ੍ਹਾਂ ਗੁਣਾਂ ਦੀ ਲੋੜ ਸਮਝੀ ਜਾਂਦੀ ਹੈ। ਇਨ੍ਹਾਂ ਗੁਣਾਂ ਦੀ ਘਾਟ ਸਬੰਧਤ ਵਿਅਕਤੀ ਨੂੰ ਮਾੜੇ ਆਚਰਣ ਵਾਲਾ ਜਾਂ 'ਚਰਿੱਤਰਹੀਣ' ਤੱਕ ਗਰਦਾਨਣ ਲਈ ਵੀ ਕੀਤੀ ਜਾਂਦੀ ਸੀ।

ਅਧਿਆਤਮਵਾਦ ਅਤੇ ਆਚਰਣ: ਆਚਰਣ ਦੇ ਵਿਕਾਸ ਵਿਚ ਅਧਿਆਤਮਵਾਦ ਦੀ ਮੁੱਖ ਭੂਮਿਕਾ ਹੈ। ਵੱਖ-ਵੱਖ ਧਰਮਾਂ ਦੇ ਗ੍ਰੰਥ ਮਨੁੱਖ ਨੂੰ ਚੰਗਾ ਆਚਰਣ ਬਣਾਉਣ ਅਤੇ ਇਸ ਨੂੰ ਕਾਇਮ ਰੱਖਣ ਦੀ ਪ੍ਰੇਰਨਾ ਕਰਦੇ ਹਨ। ਉਹ ਮਨੁੱਖੀ ਜੀਵਨ ਲਈ ਸੁਥਰੀਆਂ ਸਮਾਜਿਕ ਤੇ ਸਦਾਚਾਰਕ ਕਦਰਾਂ-ਕੀਮਤਾਂ ਦੀ ਗੱਲ ਕਰਦੇ ਹਨ ਅਤੇ ਇਨ੍ਹਾਂ ਨੂੰ ਅਪਨਾਉਣ ਲਈ ਜ਼ੋਰ ਦਿੰਦੇ ਹਨ। ਈਸਾਈ ਧਰਮ ਦੇ ਗ੍ਰੰਥ 'ਬਾਈਬਲ' ਨੂੰ 'ਆਚਰਣ ਦੀ ਪਾਠ-ਪੁਸਤਕ' ਮੰਨਿਆ ਜਾਂਦਾ ਹੈ। ਇਸ ਵਿਚ ਅਨੇਕਾਂ ਕਹਾਣੀਆਂ ਸ਼ਾਮਲ ਹਨ, ਜੋ ਵੱਖ-ਵੱਖ ਔਰਤਾਂ ਤੇ ਮਰਦਾਂ ਦੇ ਵਧੀਆ ਆਚਰਣ ਨਾਲ ਸਬੰਧਤ ਹਨ ਅਤੇ ਮਨੁੱਖ ਨੂੰ ਚੰਗਾ ਆਚਰਣ ਰੱਖਣ ਦੀ ਪ੍ਰੇਰਨਾ ਕਰਦੀਆਂ ਹਨ। ਇਸੇ ਤਰ੍ਹਾਂ ਰਾਮਾਇਣ, ਮਹਾਭਾਰਤ ਅਤੇ ਹੋਰ ਧਾਰਮਿਕ ਗ੍ਰੰਥਾਂ ਵਿਚ ਵੀ ਸਮਾਜਿਕ ਮਰਿਆਦਾ, ਮਾਪਿਆਂ ਦੇ ਮਾਣ-ਸਤਿਕਾਰ ਤੇ ਉਨ੍ਹਾਂ ਦੇ ਹੁਕਮਾਂ ਦੀ ਪਾਲਣਾ ਕਰਨ ਆਦਿ ਦੀ ਗੱਲ ਬਾਖੂਬੀ ਕੀਤੀ ਗਈ ਹੈ।

ਸਿੱਖ ਧਰਮ ਵਿਚ ਆਚਰਣ ਨੂੰ ਪ੍ਰਾਥਮਿਕਤਾ ਦਿੱਤੀ ਗਈ ਹੈ। ਸਿੱਖਾਂ ਦੇ ਪਹਿਲੇ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਗੁਰੂ ਗ੍ਰੰਥ ਸਾਹਿਬ ਵਿਚ ਆਚਰਣ ਨੂੰ ਸਰਬ-ਸ੍ਰੇਸ਼ਟ ਦੱਸਿਆ ਗਿਆ ਹੈ। ਇਸ ਸਬੰਧੀ ਉਨ੍ਹਾਂ ਦਾ ਫੁਰਮਾਨ ਹੈ,

ਸਚਹੁ ਓਰੈ ਸਭ ਕੋ ਉਪਰਿ ਸਚੁ ਆਚਾਰੁ॥ (ਪੰਨਾ 562)

ਗੁਰਦਆਰਾ ਸਾਹਿਬਾਨ ਦੇ ਸੁਯੋਗ ਪ੍ਰਬੰਧਾਂ ਲਈ 1925 ਵਿਚ ਬਣਾਈ ਗਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 1945 ਵਿਚ 'ਰਹਿਤ-ਮਰਿਆਦਾ' ਨਿਰਧਾਰਤ ਕੀਤੀ ਗਈ। ਇਸ ਰਹਿਤ-ਮਰਿਆਦਾ ਵਿਚ ਮਨੁੱਖੀ ਆਚਰਣ ਨੂੰ ਉੱਚਾ-ਸੁੱਚਾ ਰੱਖਣ ਲਈ ਕਈ ਮਦਾਂ ਦਰਜ ਹਨ, ਜਿਨ੍ਹਾਂ ਵਿਚ ਸਿੱਖੀ ਦੇ ਤਿੰਨ ਮੁਢਲੇ ਅਸੂਲਾਂ 'ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ' ਤੋਂ ਇਲਾਵਾ ਸੇਵਾ ਕਰਨੀ ਅਤੇ ਲੋੜਵੰਦਾਂ ਦੀ ਮਦਦ ਕਰਨ ਵਰਗੇ ਗੁਣ ਵੀ ਸ਼ਾਮਲ ਹਨ। ਇਸ ਦੇ ਨਾਲ ਹੀ ਇਸ ਵਿਚ ਸਿੱਖਾਂ ਨੂੰ ਭੰਗ, ਤੰਬਾਕੂ ਤੇ ਹੋਰ ਨਸ਼ਿਆਂ ਦੇ ਸੇਵਨ ਦੀ ਮਨਾਹੀ, ਨਫਰਤ, ਈਰਖਾ ਤੇ ਪਰਾਏ ਧੰਨ ਤੋਂ ਦੂਰ ਰਹਿਣ ਅਤੇ ਕਿਸੇ ਵੀ ਪਰਾਈ ਇਸਤਰੀ ਨਾਲ ਸਬੰਧ ਨਾ ਰੱਖਣ ਵਰਗੀਆਂ ਕੁਰਹਿਤਾਂ ਵੀ ਦਰਜ ਕੀਤੀਆਂ ਗਈਆਂ ਹਨ।

ਆਚਰਣ ਦਾ ਵਿਕਾਸ: ਕਿਸੇ ਵੀ ਮਨੁੱਖ ਦਾ ਆਚਰਣ ਜਾਂ ਚਾਲ-ਚਲਨ ਕੁਝ ਦਿਨਾਂ ਜਾਂ ਮਹੀਨਿਆਂ ਵਿਚ ਵਿਕਸਿਤ ਨਹੀਂ ਹੁੰਦਾ, ਸਗੋਂ ਇਸ ਲਈ ਤਾਂ ਸਾਲਾਂ ਦੇ ਸਾਲ ਲੱਗ ਜਾਂਦੇ ਹਨ। ਇਹ ਸਬੰਧਿਤ ਪਰਿਵਾਰ ਦੇ ਪਿਛੋਕੜ ਅਤੇ ਉਸ ਤੋਂ ਪ੍ਰਾਪਤ ਹੋਏ ਸੰਸਕਾਰਾਂ ਉੱਪਰ ਵੀ ਨਿਰਭਰ ਕਰਦਾ ਹੈ ਜੋ ਪੀੜ੍ਹੀ-ਦਰ-ਪੀੜ੍ਹੀ ਚੱਲਿਆ ਆਉਂਦਾ ਹੈ। ਆਚਰਣ ਕਿਸੇ ਏਕਾਂਤ ਵਿਚ ਚੁੱਪ-ਚਾਪ ਬੈਠ ਕੇ ਨਹੀਂ ਉਸਾਰਿਆ ਜਾ ਸਕਦਾ, ਸਗੋਂ ਇਸ ਲਈ ਤਾਂ ਸਮਾਜ ਵਿਚ ਵਿਚਰਦਿਆਂ ਲੋਕਾਂ ਨਾਲ ਮਿਲ-ਜੁਲ ਕੇ ਸਹੀ ਤਰ੍ਹਾਂ ਜੀਵਨ ਗੁਜ਼ਾਰਨਾ ਜ਼ਰੂਰੀ ਹੈ। ਅੰਨ੍ਹੀ, ਗੁੰਗੀ ਤੇ ਬੋਲੀ ਪ੍ਰਸਿੱਧ ਵਿਦਵਾਨ ਹੈਲਨ ਕੀਲਰ ਨੇ ਠੀਕ ਹੀ ਕਿਹਾ ਹੈ, "Character cannot be developed in ease and quiet. Only through experience of trial and suffering can the soul be strengthen, ambition inspired and success achieved."

ਆਚਰਣ ਦੇ ਵੱਖ-ਵੱਖ ਪਹਿਲੂਆਂ ਨੂੰ ਹੇਠ ਲਿਖੇ ਅਨੁਸਾਰ ਵਿਚਾਰਿਆ ਜਾ ਸਕਦਾ ਹੈ:

1. ਨਿੱਜੀ ਜਾਂ ਮੌਰਲ ਆਚਰਣ (Moral Character)
2. ਸਮਾਜਿਕ ਆਚਰਣ (Social Character)
3. ਕੌਮੀ ਆਚਰਣ (National Character)

1. ਨਿੱਜੀ ਜਾਂ ਮੌਰਲ ਆਚਰਣ: ਕਿਸੇ ਵਿਅਕਤੀ ਦਾ ਮੌਰਲ ਆਚਰਣ ਉਸ ਦੇ ਨਿੱਜੀ ਗੁਣਾਂ ਦਾ ਮੁਲੰਕਣ ਹੈ। ਇਨ੍ਹਾਂ ਵਿਚ ਉਸ ਦੀ ਇਮਾਨਦਾਰੀ, ਬਹਾਦਰੀ, ਭਰੋਸੇਯੋਗਤਾ, ਮਾਣ-ਇੱਜ਼ਤ, ਦੂਸਰਿਆਂ ਨਾਲ ਵਿਹਾਰ ਅਤੇ ਉਸ ਦੀਆਂ ਨਿੱਜੀ ਆਦਤਾਂ ਆਦਿ ਸ਼ਾਮਲ ਹਨ। ਇਹ ਗੁਣ ਇਕ ਵਿਅਕਤੀ ਨੂੰ ਦੂਸਰੇ ਨਾਲੋਂ ਵੱਖਰਿਆਉਂਦੇ ਹਨ, ਕਿਉਂਕਿ ਇਨ੍ਹਾਂ ਗੁਣਾਂ ਦੀ ਵਾਧ-ਘਾਟ ਹਰੇਕ ਇਨਸਾਨ ਵਿਚ ਵੱਖੋ-ਵੱਖਰੀ ਮਾਤਰਾ ਵਿਚ ਹੁੰਦੀ ਹੈ ਅਤੇ ਇਨ੍ਹਾਂ ਨੂੰ ਸਾਹਮਣੇ ਰੱਖਦਿਆਂ ਹੀ ਲੋਕਾਂ ਵੱਲੋਂ ਉਸ ਵਿਅਕਤੀ ਦੇ ਆਚਰਣ ਦਾ ਮੁਲੰਕਣ ਕੀਤਾ ਜਾਂਦਾ ਹੈ। ਸਮਾਜ ਵਿਚ ਕਿਸੇ ਨੂੰ ਸ਼ਰੀਫ, ਭਲਾਮਾਣਸ, ਸ਼ਰਮਾਕਲ, ਦਿਆਲੂ, ਆਦਿ ਸ਼ਬਦਾਂ ਨਾਲ ਨਿਵਾਜਿਆ ਜਾਂਦਾ ਹੈ ਅਤੇ ਕਿਸੇ ਦੂਸਰੇ ਨੂੰ ਲੁੱਚਾ, ਲਫੰਗਾ, ਈਰਖਾਲੂ, ਸੜੀਅਲ, ਝਗੜਾਲੂ ਅਤੇ ਬਦਮਾਸ਼ ਹੋਣ ਦਾ 'ਸਰਟੀਫਿਕੇਟ' ਦਿੱਤਾ ਜਾਂਦਾ ਹੈ। ਮਨੋਵਿਗਿਆਨੀ ਲਾਅਰੈਂਸ ਪਰਵਿਨ ਅਨੁਸਾਰ "ਨਿੱਜੀ ਆਚਰਣ ਵੱਖ-ਵੱਖ ਸਮਾਜਿਕ ਹਾਲਤਾਂ ਵਿਚ ਕਿਸੇ ਵਿਅਕਤੀ ਵੱਲੋਂ ਆਪਣਾ ਵਿਹਾਰ ਦਰਸਾਉਣ ਵਾਲਾ ਦਰਪਣ ਹੈ।"

2. ਸਮਾਜਿਕ ਆਚਰਣ: ਸਮਾਜਿਕ ਆਚਰਣ ਦੀ ਪਰਿਭਾਸ਼ਾ ਉੱਘੇ ਜਰਮਨ ਸਮਾਜਿਕ ਵਿਗਿਆਨੀ ਐਰਿਕ ਫਰੌਮੇ (Erich Fromme) ਵੱਲੋਂ 20ਵੀਂ ਸਦੀ ਦੇ ਅਰੰਭ ਵਿਚ ਦਿੱਤੀ ਗਈ। ਉਸ ਅਨੁਸਾਰ "ਸਮਾਜਿਕ ਆਚਰਣ ਕਿਸੇ ਸਮਾਜ ਦੇ ਲੋਕਾਂ ਜਾਂ ਜਾਤੀਆਂ ਦਾ ਸਮੂਹਿਕ ਤੌਰ 'ਤੇ ਦਰਸਾਏ ਜਾਣ ਵਾਲਾ ਵਰਤਾਰਾ ਹੈ।" ਉਹ ਇਸ ਨੂੰ ਕਾਰਲ ਮਾਰਕਸ ਦੀ ਸੋਸ਼ਲ ਥਿਊਰੀ ਨਾਲ ਜੋੜਦਾ ਹੈ, ਜੋ ਸੁਪਨਿਆਂ ਦੇ ਵਿਆਖਿਆਕਾਰ ਮਨੋਵਿਗਿਆਨੀ ਸਿਗਮੰਡ ਫਰਾਇਡ ਵੱਲੋਂ ਦਰਸਾਈ ਗਈ ਆਚਰਣ ਦੀ ਪਰਿਭਾਸ਼ਾ ਨਾਲ ਜਾ ਜੁੜਦੀ ਹੈ, ਜੋ ਇਸ ਤਰ੍ਹਾਂ ਹੈ: "ਸਾਡਾ ਆਚਰਣ ਸਾਡੇ ਅਨੁਭਵਾਂ ਦੀਆਂ ਯਾਦਾਂ ਉੱਪਰ ਆਧਾਰਿਤ ਹੈ ਅਤੇ ਇਨ੍ਹਾਂ ਵਿਚ ਸਭ ਤੋਂ ਵੱਧ ਉਹ ਅਨੁਭਵ ਹੁੰਦੇ ਹਨ, ਜਿਨ੍ਹਾਂ ਦਾ ਸਾਡੇ ਉੱਪਰ ਸਭ ਤੋਂ ਵਧੇਰੇ ਅਸਰ ਹੁੰਦਾ ਹੈ, ਖਾਸ ਤੌਰ 'ਤੇ ਜਵਾਨੀ ਦੇ ਪਹਿਲੇ ਪੜਾਅ ਦੇ ਅਨੁਭਵ, ਜੋ ਸਾਡੇ ਅਚੇਤ ਜਾਂ ਸੁਚੇਤ ਮਨ ਵਿਚ ਸਮਾਅ ਜਾਂਦੇ ਹਨ।"

3. ਕੌਮੀ ਆਚਰਣ: ਕੌਮੀ ਆਚਰਣ ਉਨ੍ਹਾਂ ਖਾਸੀਅਤਾਂ ਜਾਂ ਵਿਹਾਰਕ-ਇਕਾਈਆਂ ਦਾ ਸਮੂਹ ਹੈ, ਜੋ ਕਿਸੇ ਦੇਸ਼ ਜਾਂ ਕੌਮ ਦੇ ਬਹੁ-ਗਿਣਤੀ ਲੋਕਾਂ ਵਿਚ ਪਾਈਆਂ ਜਾਂਦੀਆਂ ਹਨ। ਇਹ ਖਾਸੀਅਤਾਂ ਜ਼ਰੂਰੀ ਨਹੀਂ ਕਿ ਸਾਰੀਆਂ ਚੰਗੀਆਂ ਜਾ ਮਾੜੀਆਂ ਹੋਣ, ਸਗੋਂ ਇਹ ਉਨ੍ਹਾਂ ਦਾ 'ਮਿਲਗੋਭਾ' ਵੀ ਹੋ ਸਕਦਾ ਹੈ। ਇਸ ਨੂੰ 'ਲੋਕ-ਸੱਭਿਆਚਾਰ' ਦਾ ਨਾਂ ਵੀ ਦਿੱਤਾ ਜਾ ਸਕਦਾ ਹੈ, ਕਿਉਂਕਿ ਇਹ ਲੋਕਾਂ ਦੀਆਂ ਸਮੂਹਿਕ-ਆਦਤਾਂ, ਵਿਚਾਰਾਂ, ਇੱਛਾਵਾਂ, ਵਿਸ਼ਵਾਸ ਅਤੇ ਵਰਤੋਂ-ਵਿਹਾਰ ਨੂੰ ਪ੍ਰਗਟ ਕਰਦਾ ਹੈ। ਕੌਮੀ ਆਚਰਣ ਨੂੰ ਸਮਝਣ ਲਈ ਇਹ ਪੱਖ ਆਮ ਤੌਰ 'ਤੇ ਉਸ ਖੇਤਰ ਦੇ ਬਾਲਗ ਵਿਅਕਤੀਆਂ ਦੇ ਹੀ ਵਿਚਾਰੇ ਜਾਂਦੇ ਹਨ। ਇਹ ਕਿਸੇ ਖਾਸ ਖਿੱਤੇ ਦੇ ਜਨ-ਸਮੂਹ ਦਾ ਮਨੋ-ਵਿਗਿਆਨਕ ਤੇ ਵਿਹਾਰਕ ਆਧਾਰ ਵੀ ਹੋ ਸਕਦਾ ਹੈ।

ਬਹੁ-ਕੌਮੀ ਤੇ ਬਹੁ-ਭਾਸ਼ਾਈ ਸੱਭਿਆਚਾਰ ਅਤੇ ਆਚਰਣ: ਭਾਰਤ ਇਕ ਬਹੁ-ਸੱਭਿਆਚਾਰੀ ਅਤੇ ਬਹੁ-ਭਾਸ਼ਾਈ ਦੇਸ਼ ਹੈ। ਇਸ ਦੇ ਵੱਖ-ਵੱਖ ਸੂਬਿਆਂ ਦੇ ਲੋਕ ਆਪਣੀਆਂ ਭਾਸ਼ਾਵਾਂ ਬੋਲਦੇ ਹਨ ਅਤੇ ਉਨ੍ਹਾਂ ਦਾ ਆਪੋ ਆਪਣਾ ਸੱਭਿਆਚਾਰ ਹੈ। ਪੰਜਾਬੀ ਬਹਾਦਰ ਤੇ ਨਿਡਰ ਮੰਨੇ ਜਾਂਦੇ ਹਨ ਅਤੇ ਉਹ ਦਰਪੇਸ਼ ਚੁਣੌਤੀਆਂ ਦਾ ਹੱਸ ਕੇ ਮੁਕਾਬਲਾ ਕਰਦੇ ਹਨ। ਉਨ੍ਹਾਂ ਬਾਰੇ ਮਸ਼ਹੂਰ ਹੈ, "ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ।" ਉਹ ਲੜਾਕੇ ਹਨ ਅਤੇ ਕਈ ਵਾਰ ਆਪਸ ਵਿਚ ਵੀ ਉਲਝ ਜਾਂਦੇ ਹਨ। ਹੋਰ ਸੂਬਿਆਂ ਦੇ ਮੁਕਾਬਲੇ ਪੰਜਾਬੀ ਅਤੇ ਬੰਗਾਲੀ ਵਧੇਰੇ ਦੇਸ਼-ਭਗਤ ਸਮਝੇ ਜਾਂਦੇ ਹਨ ਤੇ ਭਾਰਤ ਦੀ ਆਜ਼ਾਦੀ ਵਿਚ ਉਨ੍ਹਾਂ ਦਾ ਵੱਡ-ਮੁੱਲਾ ਯੋਗਦਾਨ ਰਿਹਾ ਹੈ। ਦੂਜੇ ਪਾਸੇ ਗੁਜਰਾਤੀ ਵਧੇਰੇ ਕਰਕੇ ਵਪਾਰੀ ਤਬੀਅਤ ਦੇ ਮਾਲਕ ਹਨ। ਸਾਰੇ ਦੇਸ਼ ਵਿਚ ਇਸ ਸਮੇਂ ਅੰਬਾਨੀਆਂ, ਅਡਾਨੀਆਂ, ਪਟੇਲਾਂ ਤੇ ਮੋਦੀਆਂ ਬਾਰੇ ਹੁੰਦੀ ਚਰਚਾ ਆਮ ਹੀ ਵੇਖਣ-ਸੁਣਨ ਨੂੰ ਮਿਲ ਰਹੀ ਹੈ।

ਇਸੇ ਤਰ੍ਹਾਂ ਅਮਰੀਕਾ ਅਤੇ ਕੈਨੇਡਾ ਵੀ ਬਹੁ-ਕੌਮੀ ਅਤੇ ਬਹੁ-ਸੱਭਿਆਚਾਰੀ ਦੇਸ਼ ਹਨ। ਇਨ੍ਹਾਂ ਦੋਹਾਂ ਦੇਸ਼ਾਂ ਵਿਚ ਦੂਜੇ ਦੇਸ਼ਾਂ ਤੋਂ ਪਰਵਾਸ ਕਰਕੇ ਆਏ ਲੋਕਾਂ ਦੀ ਵੱਡੀ ਗਿਣਤੀ ਹੈ ਅਤੇ ਹਰੇਕ ਦੇਸ਼ ਤੋਂ ਆਏ ਲੋਕਾਂ ਦਾ ਆਪਣਾ ਆਚਰਣ ਤੇ ਸੱਭਿਆਚਾਰ ਹੈ। ਇਸੇ ਲਈ ਕਈਆਂ ਵੱਲੋਂ ਇੱਥੇ ਮੌਜੂਦ ਲੋਕਾਂ ਨੂੰ "ਵਣ-ਵਣ ਦੀ ਲੱਕੜੀ" ਦਾ ਨਾਂ ਵੀ ਦਿੱਤਾ ਜਾਂਦਾ ਹੈ। ਅਮਰੀਕਨਾਂ ਬਾਰੇ ਤਾਂ "ਮੱਕੀ ਦੀ ਛੱਲੀ ਉੱਪਰ ਦਾਣੇ" (As American as corn on the cob) ਵਾਲੀ ਕਹਾਵਤ ਮਸ਼ਹੂਰ ਹੈ। ਇਸ ਦੇ ਨਾਲ ਹੀ ਉਨ੍ਹਾਂ ਦੀ "ਸ਼ਾਪਿੰਗ-ਮਾਲ 'ਤੇ ਮੌਜੂਦ ਲੋਕਾਂ" (As American as Shopping Mall) ਨਾਲ ਵੀ ਤੁਲਨਾ ਕੀਤੀ ਜਾਂਦੀ ਹੈ। ਇੰਗਲੈਂਡ ਦੇ ਵਸਨੀਕਾਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਤਾਂ 'ਭੁੰਨੇ ਹੋਏ ਮਾਸ' ਵਰਗੇ ਹਨ, ਜਿਸ ਨੂੰ ਹਰ ਕੋਈ ਪਸੰਦ ਕਰਦਾ ਹੈ (As British as Roast Beef). ਇੰਜ ਹੀ, ਕਈ ਉਨ੍ਹਾਂ ਨੂੰ ਚਾਹ ਨਾਲ ਛਕੇ ਜਾਣ ਵਾਲੇ ਸਨੈਕਾਂ ਨਾਲ ਵੀ ਮੇਲਦੇ ਹਨ (As British as Tea and Scones). ਇਸ ਦੇ ਬਾਵਜੂਦ ਉਹ ਆਚਰਣ ਦੀਆਂ ਉੱਚੀਆਂ ਤੇ ਸੁੱਚੀਆਂ ਕਦਰਾਂ-ਕੀਮਤਾਂ ਦੇ ਧਾਰਨੀ ਹਨ। ਬੇਸ਼ਕ, ਇਨ੍ਹਾਂ ਦੋਹਾਂ ਦੇਸ਼ਾਂ ਤੇ ਹੋਰ ਪੱਛਮੀ ਦੇਸ਼ਾਂ ਵਿਚ ਆਚਰਣ ਜਾਂ ਚਾਲ-ਚਲਨ ਦੇ ਕਈ ਮਾਪਦੰਡ ਵੱਖਰੇ ਮੰਨੇ ਜਾਂਦੇ ਹਨ, ਜਿਨ੍ਹਾਂ ਵਿਚ ਉਨ੍ਹਾਂ ਦੀਆਂ ਆਦਤਾਂ ਤੇ ਨਿੱਜੀ ਆਚਰਣ ਸ਼ਾਮਲ ਹੈ, ਪਰ ਸਮਾਜਿਕ ਅਤੇ ਕੌਮੀ ਆਚਰਣ ਦੇ ਪੱਖ ਵਿਚ ਉਹ ਦੂਸਰਿਆਂ ਤੋਂ ਬਹੁਤ ਅੱਗੇ ਹਨ।

ਇਸ ਤਰ੍ਹਾਂ ਅਸੀਂ ਵੱਖ-ਵੱਖ ਦੇਸ਼ਾਂ, ਕੌਮਾਂ ਅਤੇ ਸੱਭਿਆਚਾਰਾਂ ਵਿਚ ਨਿੱਜੀ, ਸਮਾਜਿਕ ਅਤੇ ਕੌਮੀ ਆਚਰਣ ਦੀ ਵੱਖ-ਵੱਖ ਕਿਸਮ ਦੀ ਤਸਵੀਰ ਵੇਖਦੇ ਹਾਂ। ਇਸ ਨੂੰ ਵੇਖਣ-ਪਰਖਣ ਦਾ ਨਜ਼ਰੀਆ ਬੇਸ਼ਕ ਆਪੋ-ਆਪਣਾ ਹੈ, ਪਰ ਇਸ ਦੀ ਮਨੁੱਖੀ ਜੀਵਨ ਅਹਿਮੀਅਤ ਬਾਰੇ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ।

# ਚਾਹ ਦੇ ਕੱਪ 'ਤੇ

*(ਪਿਛਲੇ ਸਫੇ ਦੀ ਬਾਕੀ)*

ਚਾਹ ਦੇ ਕੱਪ ਤੋਂ ਚਾਅ ਦੀ ਚੰਗੇਰ ਦਾ ਸਫਰ ਕੀਤਾ ਜਾਵੇ।

ਕਈ ਵਾਰ ਚਾਹ ਦੀ ਮਿਠਾਸ ਵਿਚੋਂ ਕੜਵਾਹਟ ਆਉਂਦੀ। ਇਸ ਨੂੰ ਜਲਦੀ ਖਤਮ ਕਰਨ ਦੀ ਕਾਹਲ ਅਤੇ ਇਸ ਤੋਂ ਛੁਟਕਾਰਾ ਪਾਉਣ ਦੀ ਤਮੰਨਾ ਹੁੰਦੀ, ਪਰ ਚਾਹ ਦੇ ਨਿੱਕੇ-ਨਿੱਕੇ ਘੁੱਟਾਂ ਨਾਲ ਹੁਸੀਨ ਪਲਾਂ ਨੂੰ ਯਾਦਗਾਰੀ ਅਤੇ ਜ਼ਿਕਰਯੋਗ ਬਣਾਉਣਾ ਹੀ ਜੀਵਨ ਦਾ ਸਭ ਤੋਂ ਸੁਗਮ ਤੇ ਸੁੰਦਰ ਸੰਦੇਸ਼।

ਕੀ ਕਦੇ ਉਨ੍ਹਾਂ ਪਲਾਂ ਨੂੰ ਯਾਦ ਕੀਤਾ, ਜਦ ਚਾਹ ਦਾ ਕੱਪ ਲੈ ਕੇ ਬਹਾਨੇ ਨਾਲ ਛੱਤ 'ਤੇ ਚੜ੍ਹਨਾ। ਦੂਰ ਕੋਠੇ 'ਤੇ ਵਾਲ ਸੁਕਾਉਂਦੀ ਹੁਸੀਨਾ ਨੂੰ ਦੇਖਣਾ, ਅੱਖੀਆਂ ਮਿਲਾਉਣਾ, ਨਜ਼ਰਾਂ ਨਜ਼ਰਾਂ ਵਿਚ ਇਕ ਦੂਜੇ ਨੂੰ ਸੁਨੇਹੇ ਭੇਜਣੇ ਅਤੇ ਜਵਾਬ ਮਿਲਣੇ। ਅੰਗੜਾਈਆਂ ਭਰਦੇ ਚਾਵਾਂ ਨੂੰ ਬੇਮੁਹਾਰਾ ਕਰਨ ਦੀ ਥਾਂ ਕਾਬੂ ਵਿਚ ਰੱਖਦਿਆਂ, ਇਹਨੂੰ ਬੇਲਗਾਮ ਕਰਨ ਦੀ ਤਮੰਨਾ ਪਾਲਣਾ ਅਤੇ ਚਾਹ ਪੀਤੇ ਬਗੈਰ ਹੀ ਚਾਹ ਦਾ ਠੰਢਾ ਕੱਪ ਲੈ ਕੇ ਹੇਠਾਂ ਉਤਰਨਾ। ਫਿਰ ਸੱਜਣ ਨੂੰ ਮਿਲਣ ਲਈ ਚਾਹ ਦਾ ਕੱਪ ਓਟੇ 'ਤੇ ਧਰ, ਬਾਹਰ ਨੂੰ ਨਿਕਲ ਜਾਣਾ। ਚਾਹ ਦੇ ਕੱਪ ਨਾਲ ਜੁੜੇ ਅਜਿਹੇ ਪਲਾਂ ਨੂੰ ਜੀਵਨ ਦੀ ਪੁਸਤਕ ਵਿਚੋਂ ਕਿਵੇਂ ਨਜ਼ਰ-ਅੰਦਾਜ਼ ਕਰ ਸਕਦੇ ਹੋ?

ਅਗਲੀ ਵਾਰ ਜਦ ਤੁਸੀਂ ਆਪਣੇ ਬਜੁਰਗ ਮਾਂ-ਪਿਉ/ਦਾਦਾ-ਦਾਦੀ/ਨਾਨਾ-ਨਾਨੀ ਨੂੰ ਚਾਹ ਦਾ ਕੱਪ ਦੇਣ ਜਾਓ ਅਤੇ ਬਜੁਰਗ ਬੈਠਣ ਲਈ ਕਹੇ ਤਾਂ ਕਿਹਾ ਜਰੂਰ ਮੰਨਣਾ। ਬਜੁਰਗਾਂ ਦੇ ਮਨ ਵਿਚ ਹੁੰਦਾ ਹੈ ਚੁੱਪ ਨੂੰ ਤੋੜਨਾ, ਜੀਵਨ ਦੀ ਢਲਦੀ ਸ਼ਾਮੇ ਸੁਰਖ-ਸਵੇਰਿਆਂ ਦੀ ਬਾਤ ਪਾਉਣੀ। ਨਵੀਂ ਨਸਲ ਨੂੰ ਜੀਵਨ-ਜੁਗਤਾਂ ਸਮਝਾਉਣੀਆਂ। ਸਲਾਹੁਤਾਂ, ਸਮਝੌਤੀਆਂ, ਸਲਾਹਾਂ ਅਤੇ ਸਿਆਣਪਾਂ ਨਾਲ ਨੌਜਵਾਨ ਮਨ ਨੂੰ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਕਰਨਾ। ਜੀਵਨ-ਬੁਲੰਦੀਆਂ ਨੂੰ ਹਾਸਲ ਕਰਨ ਲਈ ਪ੍ਰੇਰਤ ਕਰਨਾ। ਬੁਢਾਪੇ ਵਿਚ ਬਚਪਨੇ ਦੀ ਨਿਸ਼ਾਨਦੇਹੀ ਕਰਨੀ। ਤੁਹਾਡੀ ਨਾਂਹ ਕਾਰਨ, ਬਜੁਰਗਾਂ ਦੇ ਮਨਾਂ ਵਿਚ ਦੱਬੀਆਂ ਰੀਝਾਂ ਦਫਨ ਹੋ ਜਾਣਗੀਆਂ। ਪਤਾ ਨਹੀਂ ਉਹ ਕਦੋਂ ਉਡਾਰੀ ਮਾਰ ਜਾਣ ਅਤੇ ਫਿਰ ਪੱਲੇ ਵਿਚ ਰਹਿ ਜਾਵੇਗਾ ਉਮਰ ਭਰ ਦਾ ਪਛਤਾਵਾ। ਆਸ ਹੈ ਕਿ ਹਰ ਵਾਰ ਬਜੁਰਗਾਂ ਨਾਲ ਚਾਹ ਦੇ ਕੱਪ 'ਤੇ ਤੁਸੀਂ ਕੁਝ ਪਲ ਜਰੂਰ ਬਿਤਾਉਗੇ।

# ਖੇਡ ਮੇਲਿਆਂ ਦਾ ਸ਼ਿੰਗਾਰ ਮੱਖਣ ਬਰਾੜ

ਪੰਜਾਬੀ ਖੇਡ ਸਾਹਿਤ
42



ਪ੍ਰਿੰ. ਸਰਵਣ ਸਿੰਘ
ਫੋਨ: 647-785-1661

'ਆ'ਗੇ ਨੇ ਖਿਡਾਰੀ ਵੇਖੋ ਖਿੱਚ ਕੇ ਤਿਆਰੀਆਂ, ਖਾਧੀਆਂ ਖੁਰਾਕਾਂ ਨਾਲੇ ਮਿਹਨਤਾਂ ਵੀ ਮਾਰੀਆਂ' ਵਰਗੇ ਗੀਤ ਲਿਖਣ ਵਾਲਾ ਮੱਖਣ ਬਰਾੜ ਖੇਡ ਮੇਲਿਆਂ ਦਾ ਸ਼ਿੰਗਾਰ ਹੈ। ਉਸ ਨੇ ਪੁਸਤਕ 'ਮੱਖਣ ਬਰਾੜ ਦੀ ਵਿਰਾਸਤ' ਲਿਖੀ ਹੈ। ਉਹ ਕਬੱਡੀ ਦਾ ਪਹਿਲਾ ਗੀਤਕਾਰ ਹੈ, ਜੀਹਦੀ ਰੀਸ ਨਾਲ ਕਈਆਂ ਨੇ ਕਬੱਡੀ ਗੀਤ ਲਿਖਣੇ ਸ਼ੁਰੂ ਕੀਤੇ। ਕਬੱਡੀ ਟੂਰਨਾਮੈਂਟਾਂ 'ਚ ਉਹਦੇ ਸ਼ਿਅਰ ਪੈਸਿਆਂ ਬਦਲੇ ਕਲੱਬ ਬਦਲਣ ਵਾਲੇ ਚੁਫੇਰਗੜ੍ਹੀਏ ਖਿਡਾਰੀਆਂ ਨੂੰ ਵੀ ਨਹੀਂ ਬਖ਼ਸ਼ਦੇ:

ਪਹਿਲਾਂ ਹੁੰਦਾ ਸੀ ਕਬੱਡੀ ਦਾ ਮੁੱਲ ਕੌਡੀ
ਵਿੱਡੋਂ ਜਾਈ ਇਹ ਖੇਡ ਸੀ ਘਰ ਘਰ ਦੀ।
ਖਿਡਾਰੀ ਜਾਂਦੇ ਸੀ ਬੱਸਾਂ/ਸਾਈਕਲਾਂ 'ਤੇ
ਹੁਣ ਸੁੱਖ ਨਾਲ ਜਹਾਜ਼ਾਂ 'ਤੇ ਫਿਰੇ ਚੜ੍ਹਦੀ।
ਤਕੜੇ ਪਲੇਅਰ ਦਾ ਚੋਖਾ ਹੈ ਮੁੱਲ ਪੈਂਦਾ
ਤਕੜੀ ਕਲੱਬ ਹੀ ਓਸ ਨੂੰ ਸਾਈਨ ਕਰਦੀ।
ਮੱਖਣ ਬਰਾੜਾ ਖਿਡਾਰੀ ਪਰ ਇਉਂ ਹੋ'ਗੇ
ਆਂਡੇ ਕਿਤੇ ਤੇ ਕੁੜ-ਕੁੜ ਕਿਤੇ ਕਰਦੀ!

ਮੱਖਣ ਬਰਾੜ ਦੀ ਮਹਿਮਾ ਉਹਦੇ ਪਹਿਲੇ ਹੀ ਗੀਤ 'ਆਪਣਾ ਪੰਜਾਬ ਹੋਵੇ, ਘਰ ਦੀ ਸ਼ਰਾਬ ਹੋਵੇ...' ਨਾਲ ਹੋਣੀ ਸ਼ੁਰੂ ਹੋ ਗਈ ਸੀ। ਇਹ ਗੀਤ ਮਹਿਫ਼ਿਲਾਂ ਵਿਚ ਵਾਰ ਵਾਰ ਗਾਇਆ ਜਾਣ ਲੱਗਾ। ਦੇਸ਼-ਵਿਦੇਸ਼ ਵਿਚ 'ਆਪਣਾ ਪੰਜਾਬ-ਆਪਣਾ ਪੰਜਾਬ' ਹੋਣ ਲੱਗੀ। ਇਉਂ ਇਸ ਗੀਤ ਦੀ ਉਮਰ ਲੋਕ ਗੀਤ ਵਾਂਗ ਲੰਮੀ ਹੋ ਗਈ।

ਇਸ ਗੀਤ ਦੇ ਪਿਛੋਕੜ ਬਾਰੇ ਮੱਖਣ ਬਰਾੜ ਦੱਸਦਾ ਹੈ ਕਿ ਪੰਜਾਬ ਤੋਂ ਕੈਨੇਡਾ ਜਾ ਕੇ ਉਹਦਾ ਜੀਅ ਨਹੀਂ ਸੀ ਲੱਗਦਾ। ਉਦਰੇਵੇਂ ਵਿਚ ਉਹਨੇ ਮਾਂ ਨੂੰ ਪਹਿਲੀ ਚਿੱਠੀ ਲਿਖੀ ਕਵਿਤਾ ਵਿਚ ਹੀ ਲਿਖੀ। ਲਿਖਿਆ, ਮਾਂ ਮੈਨੂੰ ਤੇਰਾ ਬਣਾਇਆ ਸਾਗ ਯਾਦ ਆਉਂਦਾ, ਕੂੰਡੇ 'ਚ ਰਗੜੀ ਚਟਣੀ ਚੇਤੇ ਆਉਂਦੀ ਐ, ਘਰ ਦੇ ਕੱਟੇ-ਵੱਛੇ ਤੇ ਕੱਧਾਂ ਬਨੇਰੇ ਯਾਦ ਆਉਂਦੇ ਐ...। ਸਬੱਬੀਂ ਉਹਦਾ ਮਿੱਤਰ ਸਿਆਟਲ ਤੋਂ ਉਹਨੂੰ ਮਿਲਣ ਟੋਰਾਂਟੋ ਆ ਗਿਆ। ਦੋਹੇਂ ਖਾਂਦੇ ਪੀਂਦੇ ਪੰਜਾਬ ਦੀਆਂ ਗੱਲਾਂ ਕਰਨ ਲੱਗ ਪਏ। ਗੰਨੇ ਚੂਪਣ ਦੀਆਂ ਗੱਲਾਂ, ਸ਼ਰਾਬ ਕੱਢਣ ਦੀਆਂ, ਬਿਨਾ ਗਿਣੇ ਰੋਟੀਆਂ ਖਾਣ ਦੀਆਂ, ਗੰਢਿਆਂ ਮੂਲੀਆਂ ਦੀਆਂ ਤੇ ਵਾਣ ਦੇ ਮੰਜੇ 'ਤੇ ਲਮਲੇਟ ਹੋ ਜਾਣ ਦੀਆਂ ਗੱਲਾਂ। ਤੜਕੇ ਉਠਦਿਆਂ ਉਹਨੇ ਗੀਤ ਜੋੜ ਲਿਆ, 'ਆਪਣਾ ਪੰਜਾਬ ਹੋਵੇ...।'

ਉਦੋਂ ਹੀ ਟੋਰਾਂਟੋ ਗੁਰਦਾਸ ਮਾਨ ਦਾ ਸ਼ੋਅ ਸੀ। ਉਹ ਪਰਮਜੀਤ ਸਿੱਧੂ ਕੋਲ ਠਹਿਰਿਆ ਹੋਇਆ ਸੀ। ਮੱਖਣ ਸਿਓਂ ਪਰਮਜੀਤ ਕੋਲ ਆਉਂਦਾ-ਜਾਂਦਾ ਰਹਿੰਦਾ ਸੀ। ਉਸ ਨੇ ਬਰਾੜ ਨੂੰ ਕੁਝ ਸੁਣਾਉਣ ਲਈ ਕਿਹਾ ਤਾਂ ਉਸ ਨੇ ਤਾਜ਼ਾ ਲਿਖਿਆ ਗੀਤ ਸੁਣਾ ਦਿੱਤਾ, ਜੋ ਗੁਰਦਾਸ ਮਾਨ ਨੂੰ ਪਸੰਦ ਆ ਗਿਆ। ਉਹੀ ਗੀਤ ਗੁਰਦਾਸ ਮਾਨ ਨੇ ਸ਼ੋਅ ਵਿਚ ਗਾਇਆ ਤਾਂ ਲੋਕਾਂ ਦੇ ਸਿਰ ਚੜ੍ਹ ਗਿਆ। ਫਿਰ ਗੁਰਦਾਸ ਮਾਨ ਜਿਥੇ ਵੀ ਗਾਉਂਦਾ, ਸਰੋਤਿਆਂ ਦੀ ਮੰਗ ਉਤੇ 'ਆਪਣਾ ਪੰਜਾਬ' ਦੋ ਤਿੰਨ ਵਾਰ ਗਾਉਣਾ ਪੈਂਦਾ। ਗੀਤ ਦੀ ਏਨੀ ਮੰਗ ਵੇਖ ਕੇ ਗੁਰਦਾਸ ਮਾਨ ਨੇ ਇਹ ਗੀਤ ਰਿਕਾਰਡ ਕਰਵਾ ਦਿੱਤਾ।

ਮੱਖਣ ਬਰਾੜ ਨੇ ਲਿਖਿਆ ਸੀ, 'ਪਿੰਡ ਦੀਆਂ ਗੱਲਾਂ ਪੁੱਛਾਂ ਆਪਣੇ ਮੈਂ ਹਾਣੀ ਕੋਲੋਂ, ਕਿੰਦਾਂ ਦੀ ਮਹਿਕ ਆਉਂਦੀ ਤੇਲੀਆਂ ਦੀ ਰਾਣੀ ਕੋਲੋਂ।' ਮਾਨ ਨੇ ਰਿਕਾਰਡ ਕਰਵਾਇਆ, 'ਆਪਣੇ ਗਰਾਈਂ ਕੋਲੋਂ ਹਾਲ ਪੁੱਛਾਂ ਪਿੰਡ ਦਾ, ਮਰ ਜਾਣੇ ਮਾਨਾਂ ਕਿਉਂ ਪੰਜਾਬ ਜਾਂਦਾ ਖਿੰਡਦਾ।' ਇਉਂ ਮਾਨ ਦਾ ਨਾਂ ਵੀ ਗੀਤ ਵਿਚ ਰਿਕਾਰਡ ਹੋ ਗਿਆ। ਚੋਟੀ ਦੇ ਗਾਇਕ ਗੁਰਦਾਸ ਮਾਨ ਵੱਲੋਂ ਗਾਏ ਜਾਣ ਨਾਲ ਇਸ ਗੀਤ ਦੀ ਗੂੰਜ ਦੂਰ-ਦੂਰ ਤਕ ਪਹੁੰਚ ਗਈ। ਰਹਿੰਦੀ ਕਸਰ ਉਹਦੇ ਕਬੱਡੀ ਦੇ ਪਲੇਠੇ ਗੀਤ 'ਸਿੰਗ ਫਸ'ਗੇ ਕੁੰਢੀਆਂ ਦੇ, ਮਿੱਤਰਾ ਬਹਿ'ਜਾ ਗੋਡੀ ਲਾ ਕੇ' ਨੇ ਕੱਢ ਦਿੱਤੀ।


ਹੁਣ ਹਰਜੀਤ ਬਾਜਾਖਾਨਾ ਦੇ ਕਬੱਡੀ ਟੂਰਨਾਮੈਂਟ ਤੋਂ ਲੈ ਕੇ ਦੇਸ਼-ਵਿਦੇਸ਼ ਦੇ ਪੰਜਾਬੀ ਖੇਡ ਮੇਲਿਆਂ 'ਚ ਪਈ 'ਮੱਖਣ ਬਰਾੜ, ਮੱਖਣ ਬਰਾੜ' ਹੁੰਦੀ ਹੈ। ਜਿੰਨੇ ਕੁ ਖੇਡ ਮੇਲੇ ਮੈਂ ਤੇ ਪ੍ਰੋ. ਮੱਖਣ ਸਿੰਘ ਨੇ ਵੇਖੇ ਨੇ, ਓਨੇ ਕੁ ਖੇਡ ਮੇਲਿਆਂ 'ਚ ਮੱਖਣ ਬਰਾੜ ਵੀ ਹਾਜ਼ਰੀ ਲੁਆ ਚੁਕਾ ਹੈ। ਅਸੀਂ ਉਥੇ ਮੈਚਾਂ ਦੀ ਕੁਮੈਂਟਰੀ ਕਰਦੇ ਤੇ ਉਹ ਸ਼ਿਅਰੋ ਸ਼ਾਇਰੀ ਸੁਣਾ ਕੇ ਦਰਸ਼ਕਾਂ ਦਾ ਮਨੋਰੰਜਨ ਕਰਦਾ। ਕੈਨੇਡਾ ਜਾਣ ਤੋਂ ਪਹਿਲਾਂ ਉਹ ਪੱਗ ਬੰਨ੍ਹਦਾ ਸੀ, ਪਰ ਕੈਨੇਡਾ ਜਾ ਕੇ ਪਟੇ ਰੱਖ ਲਏ ਸਨ। ਸੱਠਾਂ ਸਾਲਾਂ ਦਾ ਹੋ ਕੇ ਫਿਰ ਦਸਤਾਰ ਸਜਾਉਣ ਲੱਗ ਪਿਆ। ਪਟਿਆਂ ਉਤੋਂ ਦੀ ਪੱਗ ਬੰਨ੍ਹ ਕੇ ਕੈਨੇਡਾ ਕਬੱਡੀ ਕੱਪ 'ਚ ਪੁੱਜਾ ਤਾਂ ਜਾਂਦਿਆਂ ਸ਼ਿਅਰ ਸੁਣਾਇਆ:

ਹੋਵੇ ਬਦਲਣਾ ਆਪਣੇ ਆਪ ਨੂੰ ਜੇ
ਵੱਡੀ ਗੱਲ ਨਹੀਂ ਐਵੇਂ ਪਹਾੜ ਲੱਗਦਾ।
ਬਿਨਾ ਵਰਦੀ ਦੇ ਲੱਗਦਾ ਆਮ ਬੰਦਾ
ਵਰਦੀ ਪਾਈ ਤੋਂ ਹੀ ਠਾਣੇਦਾਰ ਲੱਗਦਾ।
ਕੀਹਦਾ ਪੁੱਤ ਇਹ ਕੀਹਦਾ ਹੋਊ ਪੋਤਾ
ਬੰਨ੍ਹੀ ਪੱਗ ਜੇ ਹੋਵੇ ਸਰਦਾਰ ਲੱਗਦਾ।
ਪਹਿਲਾਂ ਦੇਖਣ ਨੂੰ ਗੰਜਾ ਜਿਹਾ ਲੱਗਦਾ ਸੀ
ਹੁਣ ਦੇਖੋ ਖਾਂ ਮੱਖਣ ਬਰਾੜ ਲੱਗਦਾ!

ਇਸ ਤਰ੍ਹਾਂ ਦੀ ਟੋਟਕੇਬਾਜ਼ੀ ਨਾਲ ਉਹ ਸਰੋਤਿਆਂ ਦਾ ਜੀਅ ਪਰਚਾਉਂਦਾ ਰਹਿੰਦਾ ਹੈ:

ਪੈਸੇ ਕੱਢ ਕੇ ਬਾਪੂ ਦੀ ਜੇਬ ਵਿਚੋਂ
ਬੋਤਲ ਠੇਕੇ ਤੋਂ ਪੀਵਣੀ ਬੜੀ ਸੌਖੀ।
ਪਲਿਓਂ ਪੀਂਦੇ ਜੋ ਪੀਣੀ ਛੱਡ ਜਾਂਦੇ
ਮਿਲੇ ਮੁਫਤ ਤਾਂ ਛੱਡਣੀ ਬੜੀ ਔਖੀ।
ਬਿਨਾ ਟੀਕੇ ਦੇ ਕੌਡੀ ਨਾ ਖੇਡ ਹੁੰਦੀ
ਟੀਕਾ ਲਾਏ ਤੋਂ ਖੇਡਣੀ ਬੜੀ ਸੌਖੀ।
ਸੌਖੀ ਮੱਝ ਨਾ ਕੱਢਣੀ ਛੱਪੜ ਵਿਚੋਂ
ਤੀਵੀਂ ਹੱਟੀ 'ਚੋਂ ਕੱਢਣੀ ਬੜੀ ਔਖੀ!

1995 'ਚ ਹੇਵਰਡ ਯੂਨੀਵਰਸਿਟੀ ਦੇ ਸਟੇਡੀਅਮ ਵਿਚ 'ਕੈਲੀਫੋਰਨੀਆ ਕਬੱਡੀ ਕੱਪ' ਹੋ ਰਿਹਾ ਸੀ। ਮੈਂ ਤੇ ਦਾਰਾ ਗਰੇਵਾਲ ਉਥੇ ਕਬੱਡੀ ਮੈਚਾਂ ਦੀ ਕੁਮੈਂਟਰੀ ਕਰਨ ਗਏ ਸਾਂ। ਉਦੋਂ ਗਾਇਕ ਜਗਤ ਸਿੰਘ ਜੱਗਾ ਜਿਉਂਦਾ ਸੀ। ਕਿਹਾ ਜਾਂਦਾ ਸੀ ਕਿ ਉਸ ਨੇ ਕਤਲ ਕੇਸ ਵਿਚ ਦਾਰੇ ਪਹਿਲਵਾਨ ਨਾਲ ਫਿਰੋਜ਼ਪੁਰ



ਜੇਲ੍ਹ 'ਚ ਕੈਦ ਕੱਟੀ ਸੀ। ਉਹ ਚਿੱਟਾ ਚਾਦਰਾ, ਚਿੱਟਾ ਕੁੜਤਾ ਤੇ ਚਿੱਟੀ ਟੌਰੇ ਵਾਲੀ ਪੱਗ ਬੰਨ੍ਹ ਕੇ ਚਿਮਟੇ ਨਾਲ ਗਾਇਆ ਕਰਦਾ ਸੀ। ਆਖਰੀ ਉਮਰੇ ਉਹ ਅਮਰੀਕਾ ਚਲਾ ਗਿਆ ਸੀ। ਉਹ ਵੀ ਸਟੇਜ 'ਤੇ ਆ ਪੁੱਜਾ, ਪਰ ਮੈਂ ਉਸ ਨੂੰ ਸਿਆਣ ਨਾ ਸਕਿਆ। ਉਦੋਂ ਉਹ ਚਿੱਟੇ ਚਾਦਰੇ ਤੇ ਚਿੱਟੇ ਕਲੀਆਂ ਵਾਲੇ ਕੁੜਤੇ ਵਿਚ ਨਹੀਂ ਸੀ। ਉਹ ਮੈਨੂੰ ਕਹਿਣ ਲੱਗਾ, 'ਪ੍ਰੋਫੈਸਰ ਸਾਹਿਬ ਮੈਂ ਕਬੱਡੀ 'ਤੇ ਗੀਤ ਲਿਖਿਐ। ਲਓ ਪੜ੍ਹ ਲਓ, ਜੇ ਸਮਾਂ ਮਿਲਿਆ ਤਾਂ ਲੋਕਾਂ ਨੂੰ ਸੁਣਾ ਵੀ ਦੇਵਾਂਗੇ। ਗੀਤ ਦਾ ਮੁਖੜਾ ਸੀ, 'ਹਟ ਕਬੱਡੀ ਯਾਰਾਂ ਦੀ, ਇਹ ਖੇਡ ਵੱਡੇ ਸਰਦਾਰਾਂ ਦੀ...।'

ਮੇਰੀ ਜਾਣਕਾਰੀ ਮੁਤਾਬਿਕ ਕਬੱਡੀ ਦਾ ਉਹ ਪਹਿਲਾ ਗੀਤ ਸੀ, ਪਰ ਉਸ ਨੂੰ ਜੱਗਾ ਰਿਕਾਰਡ ਨਾ ਕਰਵਾ ਸਕਿਆ। ਛੇਤੀ ਹੀ ਉਸ ਦਾ ਦੇਹਾਂਤ ਹੋ ਗਿਆ। ਇਸ ਲਈ ਕਬੱਡੀ ਦਾ ਪਹਿਲਾ ਗੀਤ ਮੱਖਣ ਬਰਾੜ ਦੇ ਨਾਂ ਲੱਗ ਗਿਆ, ਜੋ 2000 ਦੇ ਆਸ-ਪਾਸ ਰਿਕਾਰਡ ਹੋਇਆ:

ਮੁੰਡੇ ਕੌਡੀ ਖੇਡਣ ਬਈ
ਖੇਡਣ ਵਿਚ 'ਖਾੜਿਆਂ ਆ ਕੇ,
ਚਿਹਰੇ ਦਗਦੇ ਸ਼ੇਰਾਂ ਦੇ
ਰੱਖਦੇ ਡੌਲਿਆਂ ਨੂੰ ਲਿਸ਼ਕਾ ਕੇ।
ਦੁਨੀਆਂ ਪਹੁੰਚੀ ਜਾਂਦੀ ਐ
ਦੂਰੋਂ ਨੇੜਿਓਂ ਹੁੰਮ ਹੁੰਮਾ ਕੇ,
ਸਿੰਗ ਫਸ'ਗੇ ਕੁੰਢੀਆਂ ਦੇ
ਮਿੱਤਰਾ ਬਹਿ'ਜਾ ਗੋਡੀ ਲਾ ਕੇ।

ਆਹ ਪੁੱਤ ਬਰਾੜਾਂ ਦਾ
ਜੀਹਦਾ ਪਿੰਡ ਹੈ ਬਾਜਾਖਾਨਾ,
ਗਾਗੋ ਕਹਿੰਦਾ ਕਾਲੇ ਨੂੰ
ਅੱਜ ਨ੍ਹੀਂ ਛੱਡਣਾ ਕੋਈ ਜੁਆਨਾ।
ਔਹ ਬਾਘਾ ਮੱਲਕਿਆਂ ਦਾ
ਜੱਫੇ ਲਾਉਂਦਾ ਗਰਮੀ ਖਾ ਕੇ,
ਸਿੰਗ ਫਸ'ਗੇ ਕੁੰਢੀਆਂ ਦੇ
ਮਿੱਤਰਾ ਬਹਿ'ਜਾ ਗੋਡੀ ਲਾ ਕੇ।

ਔਹ ਮਾਰਨ ਥਾਪੀਆਂ ਬਈ
ਤੱਤੀ ਲੱਖਾ ਜਵਾਹਰਾ ਲਾਲੀ,
ਲੋਕੀਂ ਗੱਲਾਂ ਕਰਦੇ ਆ
ਭੀਮਾ ਮੰਦਰ ਮੁੜਨ ਨਾ ਖਾਲੀ।
ਔਹ ਵੈੱਲੀ ਭੱਜ ਤੁਰਿਆ
ਜੀਤੇ ਮੌੜ ਨਾ ਪੰਗਾ ਪਾ ਕੇ,
ਸਿੰਗ ਫਸ'ਗੇ ਕੁੰਢੀਆਂ ਦੇ
ਮਿੱਤਰਾ ਬਹਿ'ਜਾ ਗੋਡੀ ਲਾ ਕੇ।

ਇਸ ਪਿੱਛੋਂ ਕਬੱਡੀ ਦੇ ਦਰਜਨਾਂ ਗੀਤ ਰਿਕਾਰਡ ਹੋਏ। 'ਚੁੰਘਦੇ ਆ ਬੂਰੀਆਂ ਤੇ ਖੇਡਦੇ ਕਬੱਡੀਆਂ' ਤੋਂ ਲੈ ਕੇ 'ਜੁਗਾਂ ਜੁਗਾਂ ਤੋਂ ਕਰਨ ਪੰਜਾਬੀ, ਪਿਆਰ ਕਬੱਡੀ ਨੂੰ' ਤਕ। ਜਿਸ ਖੇਡ ਦੇ ਗੀਤ ਚੱਲ ਪੈਣ, ਉਹਦੀ ਹਰਮਨ ਪਿਆਰਤਾ ਦਾ ਕੋਈ ਹੱਦ ਬੰਨਾ ਨਹੀਂ ਰਹਿੰਦਾ। ਕਬੱਡੀ ਮੇਲਿਆਂ ਵਿਚ ਕੁਮੈਂਟੇਟਰਾਂ ਦਾ ਆਪਣਾ ਰੋਲ ਹੁੰਦਾ ਹੈ ਤੇ ਮਨੋਰੰਜਨ ਕਰਨ ਵਾਲਿਆਂ ਦਾ ਆਪਣਾ। ਮੱਖਣ ਬਰਾੜ ਦਾ ਰੋਲ ਆਮ ਕਰ ਕੇ ਮਨੋਰੰਜਨ ਕਰਨ ਦਾ ਹੀ ਰਿਹਾ ਹੈ। ਇਸ ਗੇੜ ਵਿਚ ਉਸ ਨੇ ਭਾਰਤ ਤੇ ਕੈਨੇਡਾ ਤੋਂ ਬਾਹਰ ਇੰਗਲੈਂਡ, ਜਰਮਨੀ, ਸਵਿਟਜ਼ਰਲੈਂਡ, ਹਾਲੈਂਡ, ਫਰਾਂਸ, ਪੋਲੈਂਡ, ਨਾਰਵੇ, ਅਮਰੀਕਾ, ਪਾਕਿਸਤਾਨ, ਦੁਬਈ, ਆਬੂਧਾਬੀ, ਆਸਟ੍ਰੇਲੀਆ, ਨਿਊਜ਼ੀਲੈਂਡ, ਹਾਂਗਕਾਂਗ ਤੇ ਸਿੰਗਾਪੁਰ ਦੇ ਪੰਜਾਬੀ ਮੇਲਿਆਂ ਵਿਚ ਰੌਣਕਾਂ ਲਾਈਆਂ ਹਨ।

ਮੱਖਣ ਬਰਾੜ ਵਾਂਗ ਪੰਜਾਬ ਦੇ ਕਬੱਡੀ ਵਰਲਡ ਕੱਪ-2010 ਵਿਚ ਭਗਵੰਤ ਮਾਨ ਵੀ ਸਾਡੀ ਕੁਮੈਂਟੇਟਰਾਂ ਦੀ ਟੀਮ ਵਿਚ ਸ਼ਾਮਲ ਸੀ। ਉਦੋਂ ਉਹ ਸਿਆਸੀ ਨੇਤਾ ਨਹੀਂ, ਸਿਰਫ ਕਾਮੇਡੀਅਨ ਸੀ। ਉਸ ਨੂੰ ਭੀੜਾਂ ਖਿੱਚਣ ਲਈ ਹੀ ਬਾਦਲ ਸਰਕਾਰ ਨੇ ਲੱਖਾਂ ਦੀ ਸਾਈ ਦੇ ਕੇ ਸੱਦਿਆ ਸੀ। ਕਬੱਡੀ ਬਾਰੇ ਜਾਣਕਾਰੀ ਦੇਣ ਮੈਂ ਉਸ ਨੂੰ ਕਿਤਾਬ 'ਕਬੱਡੀ ਕਬੱਡੀ ਕਬੱਡੀ' ਭੇਟ ਕੀਤੀ। ਉਸ ਨੇ ਕਾਮੇਡੀ ਵਾਲੀ ਕੁਮੈਂਟਰੀ ਨਾਲ ਸਟੇਡੀਅਮ ਵਿਚ ਬੈਠੇ ਤੇ ਟੀ. ਵੀ. ਵੇਖਦੇ ਲੱਖਾਂ ਕਰੋੜਾਂ ਦਰਸ਼ਕਾਂ ਦਾ ਮਨੋਰੰਜਨ ਤਾਂ ਕਰਨਾ ਸੀ। ਉਹ ਫਿਰ ਇਹੋ ਜਿਹੇ ਟੋਟਕੇ ਸੁਣਾਉਣ ਲੱਗਾ: ਹਰ ਤਰਫ ਯਹੀ ਅਫਸਾਨੇ ਹੈਂ, ਹਮ ਕੌਡ-ਕਬੱਡੀ ਕੇ ਦੀਵਾਨੇ ਹੈਂ। ਪੈਂਦੀਆਂ ਕਬੱਡੀਆਂ ਨੇ ਚੜ੍ਹ-ਚੜ੍ਹ ਕੇ, ਲੋਕੀ ਦੇਖਦੇ ਨੇ ਦੂਰੋਂ ਖੜ੍ਹ-ਖੜ੍ਹ ਕੇ। ਵਿਚ ਮੈਦਾਨੇ ਭਿੜਨਾ ਕੰਮ ਹੈ ਹੁੰਦਾ ਸ਼ੇਰਾਂ ਦਾ, ਖੇਡ ਕਬੱਡੀ ਖੇਡਣਾ ਸ਼ੌਕ ਪੰਜਾਬੀ ਸ਼ੇਰਾਂ ਦਾ। ਚੌਕੇ ਛਿੱਕੇ ਭੁੱਲੇ ਕੌਡੀ ਦੀ ਗੱਲ ਚਲਦੀ, ਆਈ. ਪੀ. ਐੱਲ. ਤਾਂ ਹੋ ਗਈ ਯਾਰੋ ਗੱਲ ਕੱਲ੍ਹ ਦੀ। ਖੇਡ ਕਬੱਡੀ ਦੇਖਣ ਲੋਕੀਂ ਛੱਤਾਂ ਤੇ ਲਮਕਣਗੇ, ਧੋਨੀ ਸਚਿਨ ਵਾਂਗੂੰ, ਮੰਗੀ ਬੱਗਾ ਬਿੱਟੂ ਦੁੱਲਾ ਚਮਕਣਗੇ...। ਮੈਚ ਤੋਂ ਪਹਿਲਾਂ, ਮੈਚ ਦੀ ਬਰੇਕ ਸਮੇਂ ਤੇ ਮੈਚ ਤੋਂ ਪਿੱਛੋਂ ਮਾਈਕ ਉਹਦੇ ਹੱਥ ਹੁੰਦਾ ਸੀ। ਮੱਖਣ ਬਰਾੜ ਨੂੰ ਵੀ ਅਸੀਂ ਉਦੋਂ ਹੀ ਮਾਈਕ ਫੜਾਉਂਦੇ, ਜਦੋਂ ਮੈਚ ਰੁਕਦਾ ਤਾਂ ਜੋ ਦਰਸ਼ਕ ਹਿੱਲਣ ਨਾ। ਉਹ ਕੋਈ ਨਵਾਂ ਲਿਖਿਆ ਸ਼ਿਅਰ ਸੁਣਾਉਂਦਾ ਤੇ ਸਰੋਤਿਆਂ ਦੀ ਮੰਗ 'ਤੇ ਪੁਰਾਣੇ ਵੀ ਦੁਹਰਾਉਂਦਾ। ਏਨੇ ਨਾਲ ਕੁਮੈਂਟੇਟਰ ਨੂੰ ਦਮ ਮਿਲ ਜਾਂਦਾ।

ਮੱਖਣ ਬਰਾੜ ਦਾ ਜਨਮ ਪਿੰਡ ਮੱਲਕੇ, ਜ਼ਿਲਾ ਮੋਗਾ ਵਿਚ ਪਿਤਾ ਪੂਰਨ ਸਿੰਘ ਤੇ ਮਾਤਾ ਨਿਹਾਲ ਕੌਰ ਦੇ ਘਰ 3 ਜਨਵਰੀ 1949 ਨੂੰ ਹੋਇਆ ਸੀ। ਉਹਦੀ ਮਾਂ ਕਹਿੰਦੀ ਹੁੰਦੀ ਸੀ, 'ਹੱਲਿਆਂ ਵਾਲੇ ਸਾਲ' ਤੋਂ ਡੂਢ ਸਾਲ ਪਿੱਛੋਂ ਜੰਮਿਆ ਸੀ। ਗੌਰ ਕਰਨ ਵਾਲੀ ਗੱਲ ਹੈ ਕਿ 'ਆਜ਼ਾਦੀ' ਵਾਲੇ ਸਾਲ ਨੂੰ ਕੋਈ 'ਹੱਲਿਆਂ ਵਾਲਾ ਸਾਲ', ਕੋਈ 'ਰੌਲਿਆਂ ਵਾਲਾ ਸਾਲ' ਤੇ ਕੋਈ 'ਉਜਾੜੇ ਵਾਲਾ ਸਾਲ' ਕਹਿੰਦਾ ਹੈ। ਉਦੋਂ ਦਸ ਲੱਖ ਪੰਜਾਬੀ 'ਆਜ਼ਾਦੀ' ਦੀ ਭੇਟ ਚੜ੍ਹੇ ਸਨ। 1947 ਦਾ ਸਾਲ ਪੰਜਾਬੀਆਂ ਤੇ ਬੰਗਾਲੀਆਂ ਲਈ 'ਆਜ਼ਾਦੀ' ਦਾ ਘੱਟ, ਪਰ 'ਬਰਬਾਦੀ' ਦਾ ਵੱਧ ਸਾਲ ਸਾਬਤ ਹੋਇਆ। ਇਕੋ ਬੋਲੀ ਤੇ ਇਕੋ ਸਭਿਆਚਾਰ ਸੰਗ ਜਿਉਂਦੇ ਕਰੋੜਾਂ ਲੋਕਾਂ ਨੂੰ ਉਨ੍ਹਾਂ ਦੀ ਮਰਜ਼ੀ ਦੇ ਉਲਟ ਧਿਙੋਜ਼ੋਰੀ ਨਿਖੇੜ ਦਿੱਤਾ ਗਿਆ। ਹਾਕਮਾਂ ਨੇ ਰਾਜ ਗੱਦੀਆਂ ਲਈ ਲੋਕ ਧਰਮਾਂ ਦੇ ਨਾਂ 'ਤੇ ਨਾ ਸਿਰਫ ਆਪਸ ਵਿਚ ਵੰਡੇ, ਸਗੋਂ ਇਕ-ਦੂਜੇ ਦੇ ਦੁਸ਼ਮਣ ਬਣਾ ਦਿੱਤੇ। ਨਵੇਂ ਹਾਕਮਾਂ ਨੇ ਵੀ ਇਸ ਪਾੜੇ ਨੂੰ ਮੇਟਣ ਦੀ ਥਾਂ ਹੋਰ ਡੂੰਘਾ ਹੀ ਕੀਤਾ। ਪਾੜਾ ਮੇਟਣ ਲਈ ਮੱਖਣ ਬਰਾੜ ਵਰਗੇ ਗੀਤਕਾਰ ਨੂੰ ਆਪਣੇ ਗੀਤ ਵਿਚ ਪੁਕਾਰ ਕਰਨੀ ਪਈ: ਸੁਖੀ ਵਸੇ ਕਸ਼ਮੀਰ, ਮੁੱਕੇ ਰੇੜਕਾ ਪਸ਼ੌਰ ਦਾ, ਕਰੀਂ ਕਿਤੇ ਮੇਲ ਰੱਬਾ! ਦਿੱਲੀ ਤੇ ਲਾਹੌਰ ਦਾ...।

ਇਹ ਗੀਤ ਰਿਕਾਰਡ ਕਰਾਉਣ ਵਾਲਾ ਗਿੱਲ ਹਰਦੀਪ, ਢੁੱਡੀਕੇ ਕਾਲਜ ਵਿਚ ਪੜ੍ਹਨ ਵੇਲੇ ਮੇਰੇ ਰਜਿਸਟਰ 'ਚ ਹਰਦੀਪ ਸਿੰਘ ਲਿਖਿਆ ਹੁੰਦਾ ਸੀ। ਉਹ ਕੋਕਰੀ ਤੋਂ ਪੜ੍ਹਨ ਆਉਂਦਾ ਸੀ। ਆਪਣੇ ਸਫਰਨਾਮੇ 'ਫੇਰੀ ਵਤਨਾਂ ਦੀ' ਦਾ ਇਕ ਕਾਂਡ ਮੈਂ ਉਹਦੇ ਗਾਣੇ ਨਾਲ ਸ਼ੁਰੂ ਕੀਤਾ ਸੀ:

ਧੁੰਦ ਪੈਂਦੀ ਲੋਹੜੇ ਦੀ
ਮੇਰਾ ਅੰਗ-ਅੰਗ ਜਾਂਦਾ ਠਰਦਾ,
ਸੀਟੀ ਮਾਰ ਅਰਜਨਾ ਵੇ
ਭੁੱਲ'ਗੀ ਮੋੜ ਗੁਲਾਬੋ ਘਰਦਾ...।

ਗੱਡੀ ਵਿਚ ਉਹਦਾ ਗਾਣਾ ਗੂੰਜ ਰਿਹਾ ਸੀ। ਬਾਹਰ ਧੁੰਦ ਸੀ ਤੇ ਅੰਦਰ ਠਾਰੀ। ਪੋਹ ਦੀ ਠੰਢ 'ਚ ਅੰਗ ਸੱਚੀ-ਮੁੱਚੀਂ ਠਰੀ ਜਾਂਦੇ ਸਨ। ਹਰਦੀਪ ਦੀ ਆਵਾਜ਼ ਵਿਚ ਲੋਹੜੇ ਦਾ ਸੋਜ਼ ਸੀ। ਸਮੇਂ ਤੇ ਸਥਾਨ ਦਾ ਅਜੀਬ ਮੇਲ ਸੀ। ਸਾਡੀ ਗੱਡੀ ਢੁੱਡੀਕੇ ਤੋਂ ਮੱਦੋਕੇ ਜਾ ਰਹੀ ਸੀ। ਢੁੱਡੀਕੇ ਦਾ ਕਾਲਜ, ਜਿਥੇ ਮੈਂ ਤੀਹ ਸਾਲ ਪੜ੍ਹਾਇਆ, ਧੁੰਦ ਦੀ ਬੁੱਕਲ ਵਿਚ ਸੁੱਤਾ ਪਿਆ ਸੀ। ਉਹਦੇ ਗੇਟ ਅੱਗੇ ਅਸੀਂ ਕੁਝ ਪਲ ਰੁਕੇ। ਮੈਂ ਸਿਰ ਨਿਵਾ ਕੇ ਸਿਜਦਾ ਕੀਤਾ, ਜਿਥੇ 1967 ਤੋਂ 96 ਤਕ ਪੜ੍ਹਾਉਂਦਾ ਰਿਹਾ ਸਾਂ। ਗੀਤ ਲਗਾਤਾਰ ਗੂੰਜੀ ਜਾਂਦਾ ਸੀ, 'ਸੀਟੀ ਮਾਰ ਅਰਜਨਾ ਵੇ...।'

ਮੈਨੂੰ ਹਰਦੀਪ ਨਾਲ ਅਰਜਨ ਵੀ ਯਾਦ ਆ ਗਿਆ। ਕੈਂਕਿਆਂ ਦਾ ਅਰਜਨ ਕਬੱਡੀ ਦਾ ਤਕੜਾ ਧਾਵੀ ਸੀ, ਜਿਸ ਨੇ ਆਪਣੀ ਖੇਡ ਦੀਆਂ ਧੁੰਮਾਂ ਵਲਾਇਤਾਂ ਤਕ ਜਾ ਪਾਈਆਂ ਸਨ। ਹਰਦੀਪ ਗਾਉਣ ਲੱਗਾ ਰੋਡਵੇਜ਼ ਦੀ ਲਾਰੀ ਦੀਆਂ ਨਕਲਾਂ ਲਾਇਆ ਕਰਦਾ ਸੀ, ਜੋ ਮਸਾਂ ਸਟਾਰਟ ਹੁੰਦੀ ਸੀ। ਉਹ ਮੂੰਹ ਨਾਲ ਹੀ ਕੰਡਕਟਰ ਦੀ ਸੀਟੀ ਵਜਾਉਂਦਾ ਤੇ ਰੇਸ ਘਟਾਉਂਦਾ ਵਧਾਉਂਦਾ। ਉਦੋਂ ਕਿਸੇ ਦੇ ਖਾਬ ਖਿਆਲ ਵਿਚ ਵੀ ਨਹੀਂ ਸੀ ਕਿ ਉਹ ਕਹਿੰਦਾ-ਕਹਾਉਂਦਾ ਗਾਇਕ ਬਣੇਗਾ। ਆਹ ਜਿਹੜਾ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਿਆ ਹੈ, ਇਹਦੇ ਪਿੱਛੇ 'ਕਰੀਂ ਕਿਤੇ ਮੇਲ ਰੱਬਾ' ਵਰਗੇ ਗੀਤਾਂ ਦਾ ਵੀ ਯੋਗਦਾਨ ਹੈ।

ਗਿੱਲ ਹਰਦੀਪ ਜਦੋਂ 'ਮਨ ਵਿਚ ਵੱਸਨੈਂ, ਵੱਸਨੈਂ ਵੇ ਰਹਿਨੈਂ ਅੱਖੀਆਂ ਤੋਂ ਦੂਰ, ਤੂੰ ਕੀ ਜਾਣੇ, ਸੱਜਣਾ ਮੈਂ ਐਥੇ ਕਿੰਨੀ ਮਜਬੂਰ...' ਗਾ ਰਿਹਾ ਹੁੰਦੈ ਤਾਂ ਜਾਪਦੈ ਜਿਵੇਂ ਦਿਲਸ਼ਾਦ ਅਖਤਰ ਮੁੜ ਜਿਉਂ ਪਿਆ ਹੋਵੇ। ਉਹਦਾ ਮੁਹਾਂਦਰਾ ਦਿਲਸ਼ਾਦ ਅਖਤਰ ਨਾਲ ਮਿਲਦਾ-ਜੁਲਦਾ ਹੈ ਅਤੇ ਆਵਾਜ਼ ਵੀ। ਉਂਜ ਵੀ ਉਹਦੇ ਗਾਇਕੀ ਦੇ ਮਾਡਲ ਆਲਮ ਲੁਹਾਰ, ਸ਼ੌਕਤ ਅਲੀ ਤੇ ਦਿਲਸ਼ਾਦ ਅਖਤਰ ਹੀ ਹਨ। ਪਿਛਲੇ ਕਈ ਸਾਲਾਂ ਤੋਂ ਗਿੱਲ ਹਰਦੀਪ ਤੇ ਮੱਖਣ ਬਰਾੜ 'ਕੱਠੇ ਪ੍ਰੋਗਰਾਮ ਪੇਸ਼ ਕਰਦੇ ਆ ਰਹੇ ਹਨ। ਮੱਖਣ ਬਰਾੜ ਦੇ ਗੀਤ ਬੇਸ਼ਕ ਗੁਰਦਾਸ ਮਾਨ, ਹੰਸ ਰਾਜ ਹੰਸ, ਮਲਕੀਤ ਸਿੰਘ, ਸਰਬਜੀਤ ਚੀਮਾ, ਮੰਡੇਰ ਬ੍ਰਦਰਜ਼, ਅੰਗਰੇਜ਼ ਅਲੀ, ਸਤਵਿੰਦਰ ਬੁੱਗਾ, ਰਾਜ ਬਰਾੜ, ਬਲਬੀਰ ਚੋਟੀਆਂ, ਬੱਬੂ ਗੁਰਪਾਲ, ਲਾਭ ਹੀਰਾ, ਜਗਤਾਰ ਬਰਾੜ ਤੇ ਗੁਰਤੇਜ ਵਰਗਿਆਂ ਨੇ ਵੀ ਗਾਏ ਹਨ, ਪਰ ਸਭ ਤੋਂ ਵੱਧ ਗਿੱਲ ਹਰਦੀਪ ਨੇ ਹੀ ਗਾਏ ਹਨ: ਕਰੀਂ ਕਿਤੇ ਮੇਲ ਰੱਬਾ, ਚੋਰਾਂ ਦੇ ਵੱਸ ਪੈ ਕੇ ਭਾਰਤ ਮਾਂ ਕੁਰਲਾਉਂਦੀ ਐ, ਹਾੜ੍ਹੇ ਲਾਂਘਾ ਖੋਲ੍ਹ ਦਿਓ ਬਾਬੇ ਦੇ ਖੇਤਾਂ ਨੂੰ, ਆਦਿ।

ਮੱਖਣ ਬਰਾੜ ਦੱਸਦਾ ਹੈ: ਇਕ ਵਾਰ ਗਿੱਲ ਹਰਦੀਪ ਕੈਨੇਡਾ ਵਿਚ ਮੇਰਾ ਗੀਤ 'ਕਰੀਂ ਕਿਤੇ ਮੇਲ ਰੱਬਾ ਦਿੱਲੀ ਤੇ ਲਾਹੌਰ ਦਾ' ਗਾ ਰਿਹਾ ਸੀ। ਉਥੇ ਇਕ ਪਾਕਿਸਤਾਨੀ ਭਰਾ ਕਹਿਣ ਲੱਗਾ, ਮੈਂ ਗੀਤ ਲਿਖਣ ਵਾਲੇ ਨੂੰ ਵੀ ਇਨਾਮ ਦੇਣਾ। ਉਸ ਨੇ ਮੇਰੀ ਨਾਂਹ-ਨੁੱਕਰ ਦੇ ਬਾਵਜੂਦ ਮੈਨੂੰ ਇਕ ਹਜ਼ਾਰ ਡਾਲਰ ਦਾ ਇਨਾਮ ਦਿੱਤਾ। ਇਕ ਵਾਰ ਮੈਂ ਮੁੰਬਈ ਗਿਆ। ਉਥੇ ਇਕ ਫੰਕਸ਼ਨ ਵਿਚ ਧਰਮਿੰਦਰ, ਸੁਨੀਲ, ਕਪੂਰ ਪਰਿਵਾਰ, ਕਾਦਰ ਖਾਨ, ਬਲਦੇਵ ਖੋਸਾ ਤੇ ਹੋਰ ਪੰਜਾਬੀ ਕਲਾਕਾਰ ਆਏ ਸਨ। 'ਆਪਣਾ ਪੰਜਾਬ ਹੋਵੇ' ਗੀਤ ਚੱਲਿਆ ਤਾਂ ਉਨ੍ਹਾਂ ਨੇ ਨੋਟਾਂ ਨਾਲ ਮੇਰੇ ਬੋਝੇ ਭਰ ਦਿੱਤੇ, ਬਈ ਗੀਤ ਨਾਲ ਮੁੜ ਕੇ ਪੰਜਾਬ ਵੇਖ ਲਿਆ। ਕਾਦਰ ਖਾਨ ਨੇ 'ਕਰੀਂ ਕਿਤੇ ਮੇਲ ਰੱਬਾ' ਸੁਣਿਆ ਤਾਂ ਨੋਟਾਂ ਦਾ ਰੁੱਗ ਮੇਰੇ ਬੋਝੇ ਵਿਚ ਤੁੰਨ ਦਿੱਤਾ। ਜੇ ਮੈਂ ਗੀਤਾਂ ਵਿਚ ਪੰਜਾਬੀ ਬੋਲੀ ਤੇ ਸਭਿਆਚਾਰ ਨੂੰ ਮਾਣ ਦਿੱਤਾ ਤਾਂ ਪੰਜਾਬੀਆਂ ਨੇ ਵੀ ਮੈਨੂੰ ਮਾਣਾਂ-ਸਨਮਾਨਾਂ ਨਾਲ ਲੱਦ ਦਿੱਤਾ।

ਮੱਖਣ ਬਰਾੜ ਦਾ ਪਿੰਡ ਮੱਲਕੇ ਭਾਵੇਂ ਕਿਸੇ ਵੱਡੇ ਸ਼ਹਿਰ ਜਾਂ ਸੜਕ ਨਾਲ ਨਹੀਂ ਲੱਗਦਾ, ਪਰ ਉਸ ਦੀ ਮਸ਼ਹੂਰੀ ਬਹੁਤ ਹੈ। ਪਹਿਲਾਂ ਇਹ ਗੁੰਮਨਾਮ ਪਿੰਡ ਸੀ, ਹੁਣ ਗਾਉਣ ਵਾਲਿਆਂ ਦਾ ਪਿੰਡ ਵੱਜਦਾ ਹੈ। ਰਾਜ ਬਰਾੜ, ਰਾਜਿੰਦਰ ਬਰਾੜ ਤੇ ਹੋਰ ਕਈ ਬਰਾੜ ਇਥੋਂ ਦੇ ਗਾਇਕ ਤੇ ਗੀਤਕਾਰ ਹਨ। ਕਬੱਡੀ ਦਾ ਪ੍ਰਸਿੱਧ ਖਿਡਾਰੀ ਦਿਲਬਾਗ ਬਾਘਾ ਵੀ ਮੱਲਕਿਆਂ ਦਾ ਹੈ। ਇਸ ਪਿੰਡ 'ਚ ਪੰਜਾਬ ਦਾ ਮਰਹੂਮ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਵਿਆਹਿਆ ਸੀ। ਕਈਆਂ ਨੂੰ ਹੈਰਾਨੀ ਹੋਵੇਗੀ ਕਿ ਸੌ ਸਾਲ ਪਹਿਲਾਂ ਮਾਝੇ ਦਾ ਮੁੰਡਾ ਮਾਲਵੇ ਦੀ ਕੁੜੀ ਨਾਲ ਕਿਵੇਂ ਵਿਆਹਿਆ ਗਿਆ?

ਪ੍ਰਤਾਪ ਸਿੰਘ ਕੈਰੋਂ ਦੀ ਪਤਨੀ ਸਰਦਾਰਨੀ ਰਾਮ ਕੌਰ ਮੱਲਕੇ ਦੇ ਸਾਧਾਰਨ ਕਿਸਾਨ ਸੰਮਾ ਸਿੰਘ ਬਰਾੜ ਦੀ ਧੀ ਸੀ, ਜੋ ਪਿੰਡ ਕੈਰੋਂ ਵਿਖੇ




ਕੁੜੀਆਂ ਦੀ ਪਾਠਸ਼ਾਲਾ ਵਿਚ ਪੜ੍ਹੀ ਸੀ। ਉਸ ਨੇ ਮੁੱਢਲੀ ਸਿੱਖਿਆ ਮੱਲਕੇ ਦੇ ਸਫੇਦਪੋਸ਼ ਬਾਬਾ ਸ਼ਾਮ ਸਿੰਘ ਤੋਂ ਲਈ ਸੀ, ਜਿਸ ਨੇ ਸੰਮਾ ਸਿੰਘ ਨੂੰ ਕਿਹਾ ਕਿ ਬੀਬੀ ਪੜ੍ਹਨ ਵਾਲੀ ਹੈ, ਇਸ ਨੂੰ ਦਸਵੀਂ ਤਕ ਜ਼ਰੂਰ ਪੜ੍ਹਾਓ। ਤਿੰਨ ਕੁੜੀਆਂ ਦੇ ਮਾਪੇ ਮਸਾਂ ਮੰਨੇ। ਉਨ੍ਹੀਂ ਦਿਨੀਂ ਪਿੰਡਾਂ ਦੇ ਅਨਪੜ੍ਹ ਮਾਪੇ ਆਪਣੀਆਂ ਕੁੜੀਆਂ ਨੂੰ ਇਸ ਕਰਕੇ ਵੀ ਨਹੀਂ ਸਨ ਪੜ੍ਹਾਉਂਦੇ ਕਿ ਪੜ੍ਹ-ਲਿਖ ਕੇ ਮੁੰਡਿਆਂ ਨੂੰ ਚਿੱਠੀਆਂ ਨਾ ਲਿਖਣ ਲੱਗ ਪੈਣ! ਪਰ ਬੀਬੀ ਰਾਮ ਕੌਰ ਨੂੰ ਦੋ ਹੋਰ ਕੁੜੀਆਂ ਨਾਲ ਕੈਰੋਂ ਦੀ ਪਾਠਸ਼ਾਲਾ ਵਿਚ ਪੜ੍ਹਨੇ ਪਾ ਦਿੱਤਾ ਗਿਆ, ਜਿਸ ਨਾਲ ਉਹਦਾ ਰਿਸ਼ਤਾ ਮਾਝੇ ਦੇ ਪੜ੍ਹੇ-ਲਿਖੇ ਪਰਿਵਾਰ ਵਿਚ ਹੋ ਗਿਆ। ਪ੍ਰਤਾਪ ਸਿੰਘ ਦਾ ਪਿਤਾ ਨਿਹਾਲ ਸਿੰਘ ਉੱਘਾ ਸਮਾਜ ਸੇਵੀ ਸੀ, ਜਿਸ ਨੇ ਆਪਣੇ ਪਿੰਡ ਕੈਰੋਂ ਵਿਚ ਕੁੜੀਆਂ ਦੀ ਪੜ੍ਹਾਈ ਲਈ ਪਾਠਸ਼ਾਲਾ ਖੋਲ੍ਹ ਰੱਖੀ ਸੀ। ਉਥੇ ਦੂਰ-ਦੂਰ ਤੋਂ ਕੁੜੀਆਂ ਪੜ੍ਹਨ ਆਉਂਦੀਆਂ, ਜੋ ਹੋਸਟਲ ਵਿਚ ਰਹਿੰਦੀਆਂ।

ਸਰਦਾਰਨੀ ਰਾਮ ਕੌਰ ਦੀ ਕੁੱਖੋਂ ਦੋ ਪੁੱਤਰਾਂ ਤੇ ਇਕ ਧੀ ਨੇ ਜਨਮ ਲਿਆ। ਬਾਅਦ ਵਿਚ ਪ੍ਰਤਾਪ ਸਿੰਘ ਕੈਰੋਂ ਦੀ ਭਤੀਜੀ ਗੁਰਵਿੰਦਰ ਕੌਰ ਪਿੰਡ ਸਰਾਏ ਨਾਗਾ ਦੇ ਕਾਕੇ ਹਰਚਰਨ ਸਿੰਘ

(ਬਾਕੀ ਅਗਲੇ ਸਫੇ 'ਤੇ)

ਕਹਾਣੀ

# ਹੀਰਿਆਂ ਦਾ ਹਾਰ

***ਲੇਖਕ ਜੇ.ਬੀ. ਸਿੰਘ ਦੀ ਰਚਨਾ 'ਹੀਰਿਆਂ ਦਾ ਹਾਰ' ਵਾਕਈ ਦਿਲ ਅੰਦਰ ਅਛੋਪਲੇ ਜਿਹੇ ਬੈਠ ਜਾਣ ਵਾਲੀ ਕਹਾਣੀ ਹੈ। ਇਹ ਅਜਿਹੀ ਉਤਮ ਰਚਨਾ ਹੈ ਜਿਹੜੀ ਪਾਠਕ ਨੂੰ ਵਾਰ-ਵਾਰ ਝਟਕਾ ਦਿੰਦੀ ਹੈ ਪਰ ਅੰਤ ਨੂੰ ਇਸ ਤਰ੍ਹਾਂ ਸੰਭਾਲਦੀ ਹੈ ਕਿ ਪਾਠਕ ਰੋਣ ਹਾਕਾ ਜਿਹਾ ਹੋ ਜਾਂਦਾ ਹੈ। ਇਹ ਕਹਾਣੀ ਰਿਸ਼ਤਿਆਂ ਦੇ ਕੱਚੇ ਧਾਗਿਆਂ ਨੂੰ ਮਜ਼ਬੂਤ ਕਰਦੀ ਹੈ।***

ਮੁੰਡੇ ਵਾਲੇ ਭਾਵੇਂ ਆਖ ਰਹੇ ਸਨ ਕਿ ਅਸਾਂ ਦਾਜ ਵਿਚ ਕੁਝ ਨਹੀਂ ਲੈਣਾ ਪਰ ਕੁੜੀ ਦੇ ਮਾਪੇ ਬਜ਼ਿੱਦ ਸਨ।

"ਇਉਂ ਕਿਵੇਂ ਹੋ ਸਕਦਾ ਹੈ ਭਾਈ ਸਾਹਿਬ, ਪੁਰਾਣੀ ਰੀਤ ਚਲੀ ਆ ਰਹੀ ਹੈ।" ਲੜਕੀ ਦੇ ਬਾਪ ਨੇ ਕਿਹਾ।

"ਪਰ ਸ਼ਰਮਾ ਜੀ, ਸਾਨੂੰ ਬੁਰੀਆਂ ਰੀਤਾਂ ਦਾ ਤਿਆਗ ਕਰ ਦੇਣਾ ਚਾਹੀਦਾ ਹੈ। ਦੇਖੋ ਪਰਮਾਤਮਾ ਦਾ ਦਿਤਾ ਸਾਡੇ ਕੋਲ ਸਭ ਕੁਝ ਹੈ। ਸਾਨੂੰ ਤਾਂ ਸਿਰਫ ਤਿੰਨ ਕਪੜਿਆਂ ਵਿਚ ਬੇਟੀ ਚਾਹੀਦੀ ਹੈ।" ਮਾਤਾ ਜੀ ਨੇ ਕਿਹਾ

ਲੜਕੀ ਦੇ ਮਾਪੇ ਵਾਪਸ ਘਰ ਚਲੇ ਗਏ। ਸ਼ਾਮ ਪਈ, ਸ਼ਰਮਾ ਜੀ ਦੇ ਭਰਾ ਤੇ ਭਰਜਾਈ ਉਸ ਦੇ ਘਰ ਆਏ। ਸ਼ਰਮਾ ਜੀ ਨੇ ਮਾਤਾ ਸਾਹਿਬ ਨਾਲ ਹੋਈ ਸਾਰੀ ਗਲ ਉਨ੍ਹਾਂ ਨੂੰ ਦਸੀ। ਸੁਣ ਕੇ ਯਕੀਨ ਨਾ ਆਇਆ।

"ਬਈ ਸਾਰੇ ਕਹਿੰਦੇ ਹੀ ਹੁੰਦੇ ਨੇ! ਕਿਹਦਾ ਦਿਲ ਨਹੀਂ ਕਰਦਾ ਕਿ ਘਰ ਵਿਚ ਲੱਛਮੀ ਆਵੇ। ਜੇ ਉਹ ਸਮਾਨ ਲੈ ਕੇ ਰਾਜ਼ੀ ਨਹੀਂ ਤਾ ਵੱਡਾ ਸਾਰਾ ਚੈਕ ਲਿਖ ਕੇ ਦੇ ਦਿੰਦੇ ਹਾਂ।"



**ਜੇ. ਬੀ. ਸਿੰਘ**
**ਫੋਨ: 253-508-9805**
**ਪ੍ਰਧਾਨ, ਪੰਜਾਬੀ ਲਿਖਾਰੀ ਸਭਾ, ਸਿਆਟਲ।**

"ਪਰ ਉਹ ਨਹੀਂ ਮੰਨਣਗੇ। ਨਾਲੇ ਚੈਕ ਦੇਣਾ ਤਾਂ ਹੋਰ ਵੀ ਮਾੜਾ ਏ। ਕੱਲ੍ਹ ਨੂੰ ਇਨਕਮ ਟੈਕਸ ਭਰਦੇ ਫਿਰਨਗੇ।"

"ਪਰ ਤੁਸੀਂ ਕਹਿੰਦੇ ਸੀ, ਮੁੰਡੇ ਦੇ ਮਾਂ ਬਾਪ ਦੋਨੋਂ ਬੈਂਕ ਵਿਚ ਅਫਸਰ ਨੇ। ਆਪੇ ਕਿਸੇ ਤਰੀਕੇ ਅਡਜਸਟ ਕਰ ਲੈਣਗੇ।" ਭਰਾ ਨੇ ਸਲਾਹ ਦਿਤੀ।

ਸ਼ਰਮਾ ਜੀ ਦਾ ਮਨ ਨਹੀਂ ਮੰਨਿਆ। ਇੰਨੇ ਨੂੰ ਨੀਤੂ ਬੋਲੀ, "ਡੈਡੀ, ਤੁਸੀਂ ਸਵੇਰੇ ਨਵੀਂ ਕਾਰ ਖਰੀਦ ਕੇ ਉਨ੍ਹਾਂ ਘਰ ਭੇਜ ਦਿਓ, ਆਖੋ ਇਹ ਸਾਡੀ ਕੁੜੀ ਵਾਸਤੇ ਹੀ ਹੈ, ਦਮਨ ਲਈ ਨਹੀਂ। ਬਸ ਛੱਡ ਕੇ ਆ ਜਾਣਾ। ਚਲਾਣੀ ਤਾਂ ਅਸਾਂ ਦੋਨਾਂ ਨੇ ਹੀ ਹੈ।"

"ਵਿਆਹ ਵਾਲੀਆਂ ਕੁੜੀਆਂ ਦਖਲ ਨਹੀਂ ਦੇਂਦੀਆਂ, ਤੈਨੂੰ ਦਾਜ ਬਿਨਾਂ ਨਹੀਂ ਤੋਰਦੇ।" ਨੀਤੂ ਦੀ ਮੰਮੀ ਰੁਕਮਣੀ ਨੇ ਉਹਨੂੰ ਤਾੜਿਆ।

"ਸਲਾਹ ਤਾਂ ਠੀਕ ਹੈ ਨੀਤੂ ਦੀ। ਨਾਲੇ ਟੈਸਟ ਹੋ ਜਾਵੇਗਾ ਕਿ ਉਨ੍ਹਾਂ ਦੇ ਮਨ ਵਿਚ ਕੀ ਹੈ। ਜੇ ਕਾਰ ਨਾ ਰੱਖੀ ਤਾਂ ਡੀਲਰ ਨੂੰ ਵਾਪਸ ਕਰ ਦਿਆਂਗੇ।" ਸ਼ਰਮਾ ਜੀ ਦੇ ਭਰਾ ਨੇ ਜਵਾਬ ਦਿਤਾ।

ਅਗਲੇ ਦਿਨ ਸ਼ਰਮਾ ਜੀ ਨੇ ਇਉਂ ਹੀ ਕੀਤਾ। ਡੀਲਰ ਤੋਂ ਟੈਸਟ ਡਰਾਈਵ ਲਈ ਕਾਰ ਲੈ ਕੇ ਉਹ ਮੁੰਡੇ ਦੇ ਘਰ ਚਲੇ ਗਏ। ਮਾਤਾ ਸਾਹਿਬ ਕਾਰ ਵੇਖ ਕੇ ਮੁਸਕਰਾਏ ਤੇ ਉਸ ਨੂੰ ਆਪਣੇ ਘਰ ਦੇ ਗਰਾਜ਼ ਵਿਚ ਲੈ ਗਏ। ਖੜ੍ਹੀ ਕਾਰ ਵਲ ਇਸ਼ਾਰਾ ਕਰ ਕੇ ਕਹਿਣ ਲੱਗੇ- "ਇਹ ਕਾਰ ਦਮਨ ਕਲ੍ਹ ਹੀ ਖਰੀਦ ਕੇ ਲਿਆਇਆ ਹੈ, ਕਹਿੰਦਾ ਏ ਨੀਤੂ ਦੀ ਪਸੰਦ ਦਾ ਰੰਗ ਹੈ। ਅਸਾਂ ਉਸ ਦੀ ਡੋਲੀ ਇਸੇ ਕਾਰ ਵਿਚ ਲਿਆਣੀ ਹੈ।"

ਸ਼ਰਮਾ ਜੀ ਉਹੀ ਕਾਰ ਡੀਲਰ ਨੂੰ ਵਾਪਸ ਕਰ ਕੇ ਘਰ ਵਾਪਸ ਚਲਾ ਗਏ। ਰਾਤ ਨੂੰ ਫਿਰ ਇਕੱਠੇ ਹੋਏ। ਸਾਰਿਆਂ ਨੂੰ ਯਕੀਨ ਹੋ ਗਿਆ ਕਿ ਉਹ ਸਚਮੁਚ ਦਾਜ ਦੇ ਵਿਰੁੱਧ ਹਨ।

"ਚਲੋ, ਚੰਗੀ ਗੱਲ ਏ। ਭਾਗਾਂ ਵਾਲੀ ਕੁੜੀ ਹੈ। ਨਹੀਂ ਤਾਂ ਅੱਜਕੱਲ੍ਹ ਪੜ੍ਹੇ ਲਿਖੇ ਮੁੰਡਿਆਂ ਦੀਆਂ ਮੰਗਾਂ ਈ ਨਹੀਂ ਮਾਨ। ਭਗਵਾਨ, ਤੇਰਾ ਸ਼ੁਕਰ ਏ।" ਨੀਤੂ ਦੀ ਮੰਮੀ ਨੇ ਹੱਥ ਜੋੜ ਕੇ ਸਿਰ ਨਿਵਾਇਆ।

"ਨੀਤੂ ਕਿਹੜਾ ਘਟ ਪੜ੍ਹੀ ਲਿਖੀ ਹੈ, ਇਹ ਵੀ ਤਾਂ ਕੰਪਿਊਟਰ ਇੰਜੀਨੀਅਰ ਹੈ। ਬੀ.ਟੈੱਕ ਵਿਚ ਸਾਰੀ ਯੂਨੀਵਰਸਟੀ ਵਿਚੋਂ ਟੌਪ 'ਤੇ ਆਈ ਹੈ।" ਸ਼ਰਮਾ ਜੀ ਨੇ ਮਾਣ ਨਾਲ ਕਿਹਾ।

"ਪਰ ਇਸ ਦਾ ਮਤਲਬ ਇਹ ਤਾਂ ਵੀ ਹੋ ਸਕਦਾ ਹੈ ਕਿ ਉਹ ਕਿਸੇ ਵੱਡੀ ਚੀਜ਼ ਦੀ ਉਮੀਦ ਲਾਈ ਬੈਠੇ ਹੋਣ। ਨਹੀਂ ਤਾਂ ਉਨ੍ਹਾਂ ਨੂੰ ਇਹ ਦੱਸਣ ਦੀ ਕੀ ਲੋੜ ਸੀ ਕਿ ਕੁੜੀ ਵਾਸਤੇ ਕਾਰ ਖਰੀਦੀ ਹੈ।" ਨੀਤੂ ਦੀ ਚਾਚੀ ਨੇ ਆਪਣਾ ਸ਼ੱਕ ਜ਼ਾਹਿਰ ਕੀਤਾ। ਨਾਲ ਹੀ ਉਹਨੇ ਦੋ ਹੋਰ ਘਰਾਂ ਦੀਆਂ ਉਦਾਹਰਨਾਂ ਦੇ ਦਿਤੀਆਂ ਜਿਨ੍ਹਾਂ ਨੇ ਪਹਿਲੇ ਦਾਜ ਲੈਣ ਤੋਂ ਇਨਕਾਰ ਕਰ ਦਿਤਾ ਸੀ ਤੇ ਬਾਅਦ ਵਿਚ ਕੁੜੀ ਨੂੰ ਤਾਹਨੇ ਮਾਰ-ਮਾਰ ਕੇ ਦੁੱਗਣਾ ਵਸੂਲ ਕਰ ਲਿਆ ਸੀ।



ਇਕ ਵਾਰ ਫਿਰ ਸਭ ਸੋਚੀਂ ਪੈ ਗਏ। ਅਖੀਰ ਭਰਾ ਨੇ ਸਲਾਹ ਦਿਤੀ- "ਕਿਉਂ ਨਾ ਵਰਮਾਲਾ ਹੀ ਹੀਰਿਆਂ ਦੀ ਬਣਾ ਦਈਏ। ਨਾ ਉਹ ਦਾਜ ਵਿਚ ਗਿਣੀ ਜਾਊ, ਤੇ ਨਾ ਉਹ ਇਹ ਕਹਿ ਸਕਣਗੇ ਕਿ ਕੁਝ ਦਿਤਾ ਨਹੀਂ।"

"ਪਰ ਕਈ ਵਾਰੀ ਬਹੁਤੀ ਵੱਡੀ ਚੀਜ਼ ਦੇਖ ਕੇ ਬੰਦੇ ਲਾਲਚੀ ਵੀ ਹੋ ਜਾਦੇ ਨੇ।" ਨੀਤੂ ਦੀ ਚਾਚੀ ਨੇ ਫਿਰ ਸਵਾਲ ਖੜ੍ਹਾ ਕਰ ਦਿਤਾ।

"ਹੋ ਜਾਣ ਦੇ, ਅਸੀਂ ਕਿਹੜਾ ਨੋਟਾਂ ਨੂੰ ਅੱਗ ਲਗਾਣੀ ਹੈ ਜਾਂ ਬੈਂਕਾਂ ਵਿਚ ਪਏ ਇਹ ਸਾਨੂੰ ਨਿੱਘ ਦੇ ਰਹੇ ਨੇ? ਦੇਸ਼ ਵਿਦੇਸ਼ ਵਿਚ ਸਾਡੇ ਬਿਜ਼ਨਸ ਚਲਦੇ ਨੇ।" ਸ਼ਰਮਾ ਜੀ ਨੇ ਕਿਹਾ ਤੇ ਆਪਣੇ ਭਰਾ ਦੀ ਸਲਾਹ ਮੰਨ ਲਈ।

ਹੀਰਿਆਂ ਦੇ ਹਾਰ ਬਣਾਉਣ ਲਈ ਆਰਡਰ ਦੇ ਦਿਤਾ।

ਵਿਆਹ ਤੋਂ ਦੋ ਦਿਨ ਪਹਿਲੇ ਸ਼ਰਮਾ ਜੀ ਨੂੰ ਵਿਦੇਸ਼ ਜਾਣਾ ਪਿਆ। ਕੰਮ ਵੀ ਅਜਿਹਾ ਆਣ ਪਿਆ ਕਿ ਉਹ ਕਿਸੇ ਤਰੀਕੇ ਵੀ ਨਾਂਹ ਨਹੀਂ ਕਰ ਸਕਦਾ ਸੀ। ਉਸ ਨੇ ਵਿਆਹ ਦੀ ਜ਼ਿੰਮੇਵਾਰੀ ਆਪਣੇ ਭਰਾ ਨੂੰ ਸੌਂਪ ਦਿਤੀ।

ਵਿਆਹ ਦਾ ਦਿਨ ਆਇਆ। ਸਭ ਰਸਮਾਂ ਸ਼ਾਨੋ-ਸ਼ੌਕਤ ਨਾਲ ਕੀਤੀਆ ਗਈਆਂ। ਨੀਤੂ ਨੇ ਦਮਨ ਦੇ ਗਲ ਵਰਮਾਲਾ ਦੀ ਜਗ੍ਹਾ ਹੀਰਿਆਂ ਦਾ ਹਾਰ ਪਾ ਦਿਤਾ। ਮਹਿਮਾਨਾਂ ਦੀਆਂ ਅੱਖੀਆਂ ਚੁੰਧਿਆ ਗਈਆਂ। ਮਾਟਾ ਸਾਹਿਬ ਨੇ ਵੇਖਿਆ ਪਰ ਕੋਈ ਹੈਰਾਨੀ ਨਹੀਂ ਜ਼ਾਹਿਰ ਕੀਤੀ। ਉਨ੍ਹਾਂ ਨੂੰ ਵੇਖ ਕੇ ਨਾ ਉਨ੍ਹਾਂ ਦੀ ਪਤਨੀ ਬੋਲੀ ਨਾ ਹੀ ਦਮਨ। ਵਿਆਹ ਹੋ ਗਿਆ। ਡੋਲੀ ਤੁਰ ਗਈ।

ਰਸਮਾਂ ਅਨੁਸਾਰ ਇਕ ਹਫਤਾ ਕੁੜੀ ਨੂੰ ਘਰ ਦਾ ਕੋਈ ਵੀ ਕੰਮ ਵੀ ਨਹੀਂ ਕਰਨ ਦਿਤਾ ਗਿਆ। ਨੀਤੂ ਨੇ ਬਹੁਤ ਕਿਹਾ ਪਰ ਉਹਦੀ ਸੱਸ ਇਹੀ ਕਹਿੰਦੀ ਰਹੀ, "ਅਜੇ ਨਵੀਂ ਵਿਆਹੀ ਬਹੂ ਏਂ, ਕੁਝ ਦਿਨ ਅਰਾਮ ਕਰ ਲਾ। ਫਿਰ ਸਾਰੀ ਉਮਰ ਤੂੰ ਕੰਮ ਹੀ ਕਰਨਾ ਏ। ਮੇਰੀ ਤੂੰ ਇਕੋ-ਇਕ ਤਾਂ ਨੂੰਹ ਹੈਂ।"

ਹਫਤੇ ਬਾਅਦ ਘਰ ਵਿਚ ਚੌਂਕੇ ਚੜ੍ਹਨ ਦੀ ਰਸਮ ਮਨਾਈ ਜਾਣੀ ਸੀ। ਨੀਤੂ ਨੇ ਅਜ ਪਹਿਲੀ ਵਾਰ ਰਸੋਈ ਵਿਚ ਜਾਣਾ ਸੀ। ਰਸਮ ਅਨੁਸਾਰ ਉਸ ਨੇ ਚੌਲ ਬਣਾ ਕੇ ਸਾਰਿਆਂ ਨੂੰ ਪਲੇਟਾਂ ਵਿਚ ਪਰੋਸ ਕੇ ਦਿਤੇ। ਸਾਰਿਆਂ ਨੇ ਸ਼ਲਾਘਾ ਕੀਤੀ।

ਅਗਲੇ ਦਿਨ ਤੋਂ ਨੀਤੂ ਤੇ ਉਸ ਦੀ ਸੱਸ ਨੇ ਰਲ ਕੇ ਰਸੋਈ ਦਾ ਕੰਮ ਕਰਨਾ ਸ਼ੁਰੂ ਕਰ ਦਿਤਾ। ਇਕ ਦਿਨ ਨੀਤੂ ਰਸੋਈ ਅੰਦਰ ਵੜਨ ਹੀ ਲੱਗੀ ਸੀ ਕਿ ਉਸ ਨੇ ਨੋਟ ਕੀਤਾ, ਰਸੋਈ ਵਿਚ ਉਸ ਦੀ ਸੱਸ ਤੇ ਸਹੁਰਾ ਖੜ੍ਹੇ ਆਪਸ ਵਿਚ ਗੱਲਾਂ ਕਰ ਰਹੇ ਸਨ। ਨੀਤੂ ਵਲ ਦੋਨਾਂ ਦੀ ਪਿੱਠ ਸੀ। ਉਹ ਉਨ੍ਹੀਂ ਪੈਰੀਂ ਵਾਪਸ ਮੁੜਨ ਲੱਗੀ ਤਾਂ ਉਹਦੇ ਕੰਨਾਂ ਵਿਚ ਆਵਾਜ਼ ਪਈ- "ਤੁਸੀ ਦਮਨ ਦਾ ਹਾਰ ਬੈਂਕ ਦੇ ਲਾਕਰ ਵਿਚ ਰੱਖ ਦਿਓ, ਇੰਨਾ ਕੀਮਤੀ ਹਾਰ ਘਰ ਵਿਚ ਰੱਖਣਾ ਠੀਕ ਨਹੀਂ।" ਉਸ ਦੀ ਸੱਸ ਕਹਿ ਰਹੀ ਸੀ।

'ਕੋਈ ਖਤਰੇ ਵਾਲੀ ਗੱਲ ਨਹੀਂ, ਉਹ ਅਸਲੀ ਹੀਰੇ ਨਹੀਂ। ਕੇਵਲ ਚਮਕ ਦਮਕ ਵਾਲੇ ਸ਼ੀਸ਼ੇ ਹਨ।" ਮਾਟਾ ਸਾਹਿਬ ਨੇ ਜਵਾਬ ਦਿੱਤਾ।

"ਨਾ ਤੁਸੀਂ ਕਿਸੇ ਜੌਹਰੀ ਕੋਲੋਂ ਚੈੱਕ ਕਰਵਾਏ ਨੇ?"

"ਪਿਛਲੇ ਚਾਲੀ ਸਾਲ ਤੋਂ ਗਾਹਕਾਂ ਨੂੰ ਬੈਂਕ ਦੇ ਲਾਕਰਾਂ ਵਿਚ ਹੀਰੇ ਰੱਖਦੇ ਦੇਖ ਰਿਹਾ ਹਾਂ। ਕਿਸੇ ਦੀ ਤਲੀ 'ਤੇ ਪਿਆ ਹੀਰਾ ਵੇਖ ਕੇ ਮੈਂ ਉਸ ਦੀ ਕਿਸਮ ਦੱਸ ਸਕਦਾ ਹਾਂ।"

"ਫਿਰ ਵੀ, ਨੀਤੂ ਤੋਂ ਹੀ ਪੁੱਛ ਲੈਣਾ ਸੀ।"

"ਬਿਲਕੁਲ ਨਹੀਂ, ਉਸ ਦੇ ਕੰਨ ਵਿਚ ਇਸ ਗਲ ਦੀ ਭਿਣਕ ਵੀ ਪੈਣੀ ਚਾਹੀਦੀ। ਉਹ ਜਾਣੇ, ਦਮਨ ਜਾਣੇ।" ਮਾਟਾ ਸਾਹਿਬ ਨੇ ਕਿਹਾ।

ਨੀਤੂ ਨੇ ਇਹ ਗੱਲ ਸੁਣ ਲਈ ਸੀ। ਉਹ ਉਥੋਂ ਹੀ ਆਪਣੇ ਕਮਰੇ ਵਿਚ ਚਲੀ ਗਈ ਤੇ ਮੰਜੇ 'ਤੇ ਲੇਟ ਗਈ। ਉਹਦੇ ਸਿਰ ਨੂੰ ਚੱਕਰ ਆਉਣ ਲੱਗੇ। ਨਾ ਉਹ ਪਿਉ 'ਤੇ ਸ਼ੱਕ ਕਰ ਸਕਦੀ ਸੀ, ਨਾ ਚਾਚੇ 'ਤੇ।

ਇਧਰ ਸਹੁਰੇ ਘਰ ਵੀ ਉਹ ਸਭ ਨੂੰ ਜਾਣ ਚੁੱਕੀ ਸੀ। ਹਰ ਕੋਈ ਉਹਦੀ ਇੱਜ਼ਤ ਕਰਦਾ ਸੀ। ਸੱਸ ਸਹੁਰਾ ਉਹਦੇ ਅਤੇ ਆਪਣੀ ਧੀ ਵਿਚ ਕਦੇ ਕੋਈ ਫਰਕ ਨਹੀਂ ਸੀ ਸਮਝਦੇ। ਕੁਝ ਦਿਨਾਂ ਵਿਚ ਹੀ ਉਹ ਸਾਰਿਆਂ ਨਾਲ ਇੰਨੀ ਘੁਲ ਮਿਲ ਗਈ ਸੀ ਕਿ ਪੇਕਿਆਂ ਦੀ ਕਦੇ ਯਾਦ ਵੀ ਨਹੀਂ ਸੀ ਆਈ ਪਰ ਅਜ ਉਸ ਨੂੰ ਲੱਗਿਆ ਕਿ ਉੱਡ ਕੇ ਆਪਣੀ ਮਾਂ ਕੋਲ ਜਾਵੇ ਤੇ ਪੁੱਛੇ ਕਿ ਇਹ ਸਭ ਕੁਝ ਕਿਵੇਂ ਤੇ ਕਿਉਂ ਹੋਇਆ! ਫਿਰ ਉਹਨੂੰ ਲੱਗਿਆ ਕਿ ਇਸ ਤਰ੍ਹਾਂ ਗੱਲ ਵਧ ਜਾਣੀ ਏ। ਸੱਸ ਸਹੁਰੇ ਨੇ ਤਾਂ ਉਸ ਤੋਂ ਗਲ ਛੁਪਾ ਕੇ ਰੱਖੀ ਹੋਈ ਹੈ। ਚੰਗਾ ਹੋਵੇ ਕਿ ਇਹੀ ਗੱਲ ਕਿਸੇ ਹੋਰ ਦੇ ਮੂੰਹੋਂ ਨਿਕਲੇ ਤੇ ਉਹਦੇ ਮਾਪਿਆਂ ਨੂੰ ਸਚਾਈ ਦਾ ਪਤਾ ਲੱਗ ਜਾਏ।

ਇਸ ਦੇ ਨਾਲ ਹੀ ਉਹਨੂੰ ਆਪਣੇ ਸੱਸ ਸਹੁਰੇ 'ਤੇ ਬੜਾ ਮਾਣ ਮਹਿਸੂਸ ਹੋਇਆ। ਸਚਮੁੱਚ ਉਨ੍ਹਾਂ ਨੇ ਕਦੇ ਨਹੀਂ ਸੀ ਇਹ ਮਹਿਸੂਸ ਹੋਣ ਦਿਤਾ ਕਿ ਉਹ ਦਾਜ ਵਿਚ ਕੁਝ ਨਹੀਂ ਲੈ ਕੇ ਆਈ ਜਾਂ ਵਰਮਾਲਾ ਵਾਲਾ ਹਾਰ ਨਕਲੀ ਹੀਰਿਆਂ ਦਾ ਸੀ। ਉਹਦਾ ਦਿਲ ਕੀਤਾ ਕਿ ਉਹ ਆਪਣੇ ਸਹੁਰੇ ਪਰਿਵਾਰ ਲਈ ਜਾਨ ਨਿਛਾਵਰ ਕਰ ਦੇਵੇ।

ਉਸ ਦਿਨ ਤੋਂ ਬਾਅਦ ਉਹ ਹਰ ਰੋਜ਼ ਸਵੇਰੇ ਸਭ ਤੋਂ ਪਹਿਲੇ ਉੱਠਦੀ, ਸੱਸ ਸਹੁਰੇ ਦੇ ਪੈਰ ਛੂੰਹਦੀ ਤੇ ਘਰ ਦੇ ਕੰਮ ਲੱਗ ਜਾਂਦੀ। ਸਵੇਰ ਦਾ ਕੰਮ ਨਿਬੇੜਦਿਆਂ ਹੀ ਨੌਕਰੀ 'ਤੇ ਚਲੀ ਜਾਂਦੀ। ਵਾਪਸ ਆਉਂਦੀ, ਫਿਰ ਘਰ ਦੇ ਕੰਮਾਂ ਵਿਚ ਜੁਟ ਜਾਂਦੀ। ਸੱਸ ਨੂੰ ਉਹਨੇ ਰਸੋਈ ਵਿਚ ਕੰਮ ਕਰਨ ਤੋਂ ਮਨ੍ਹਾ ਕਰ ਦਿਤਾ ਸੀ। ਸਾਰਾ ਪਰਿਵਾਰ ਨੀਤੂ ਨੂੰ ਰੋਕਦਾ ਕਿ ਇੰਨਾ ਕੰਮ ਨਾ ਕਰੇ ਪਰ ਜਿੰਨਾ ਉਹਨੂੰ ਕਹਿੰਦੇ, ਓਨਾ ਹੀ ਉਹ ਵੱਧ ਕਰਦੀ। ਪਿਛਲੇ ਕੁਝ ਦਿਨਾਂ ਤੋਂ ਆਪਣੀ ਸੱਸ ਦੇ ਮੋਢਿਆਂ 'ਤੇ ਬਾਹਾਂ ਦੀ ਮਾਲਸ਼ ਕਰਨੀ ਵੀ ਸ਼ੁਰੂ ਕਰ ਦਿਤੀ। ਉਹ ਆਪਣੀ ਸੱਸ ਨਾਲ ਸਭ ਗੱਲਾਂ ਸਾਂਝੀਆਂ ਕਰਦੀ ਤੇ ਆਪਣੇ ਮਨ ਵਿਚ ਇਹੀ ਉਡੀਕਦੀ ਰਹੀ ਕਿ ਘਰ ਦਾ ਕੋਈ ਵੀ ਮੈਂਬਰ ਉਸ ਨਾਲ ਉਸ ਹਾਰ ਬਾਰੇ ਗੱਲ ਕਰੇ ਪਰ ਕਿਸੇ ਨੇ ਵੀ ਇਹ ਵਿਸ਼ਾ ਨਹੀਂ ਛੇੜਿਆ। ਸਾਰਿਆਂ ਦੀ ਚੁੱਪ ਉਸ ਦੇ ਮਨ 'ਤੇ ਬੋਝ ਬਣ ਗਈ ਸੀ।

ਇਕ ਦਿਨ ਉਸ ਦੀ ਮਾਂ ਉਸ ਨੂੰ ਮਿਲਣ ਆਈ ਤਾਂ ਉਸ ਤੋਂ ਰਿਹਾ ਨਾ ਗਿਆ। ਉਹਲੇ ਜਿਹੇ ਹੋ ਕੇ ਉਹਨੇ ਸਾਰੀ ਗੱਲ ਆਪਣੀ ਮਾਂ ਨੂੰ ਦੱਸ ਦਿਤੀ। ਮਾਂ ਦੇ ਤਾਂ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਉਹ ਵਾਪਸ ਘਰ ਗਈ ਤੇ ਆਪਣੇ ਪਤੀ ਨੂੰ ਗੱਲ ਕੀਤੀ।

ਸ਼ਰਮਾ ਜੀ ਕੋਲ ਹਿੰਮਤ ਨਹੀਂ ਸੀ ਕਿ ਆਪਣੇ ਭਰਾ ਨਾਲ ਇਹ ਗੱਲ ਸਾਂਝੀ ਕਰਨ। ਉਸ ਨੇ ਸੋਚਿਆ, 'ਇਸ ਦਾ ਮਤਲਬ ਇਹ ਕਿ ਮੈ ਆਪਣੇ ਭਰਾ ਨੂੰ ਹੀ ਚੋਰ ਕਹਿ ਰਿਹਾਂ ਹਾਂ।'

'ਪਰ ਤੁਹਾਨੂੰ ਪਰਦੇ ਨਾਲ ਉਸ ਜੌਹਰੀ ਦੀ ਦੁਕਾਨ 'ਤੇ ਜਾ ਕੇ ਪੁੱਛਣਾ ਚਾਹੀਦਾ ਹੈ।' ਨੀਤੂ ਦੀ ਮੰਮੀ ਨੇ ਸਲਾਹ ਦਿੱਤੀ।

ਸ਼ਰਮਾ ਜੀ ਨੇ ਉਸੇ ਵਕਤ ਜੌਹਰੀ ਨੂੰ ਫੋਨ ਕੀਤਾ ਤੇ ਘਰ ਬੁਲਾਇਆ।

"ਭਾਈ ਸਾਹਿਬ ਅਜੇ ਦਸ ਦਿਨ ਹੋਰ ਲੱਗਣਗੇ, ਤੁਹਾਡੇ ਅਸਲੀ ਹਾਰ ਬਣਨ ਨੂੰ। ਮੈਂ ਤਦ ਹੀ ਤੁਹਾਡੇ ਕੋਲ ਆਵਾਂਗਾ।"

"ਕੀ ਅਜੇ ਤੱਕ ਹਾਰ ਬਣਿਆ ਹੀ ਨਹੀਂ?"

"ਜਨਾਬ ਪੰਦਰਾਂ ਕਰੋੜ ਦਾ ਹਾਰ ਬਣਾਉਣ ਲਈ ਸਮਾਂ ਚਾਹੀਦਾ ਹੈ। ਜਿਹੋ ਜਿਹੇ ਮੋਤੀ ਤੁਹਾਡੇ ਭਾਈ ਸਾਹਿਬ ਨੇ ਆਖੇ ਸੀ, ਉਹ ਇਕ-ਇਕ ਕਰ ਕੇ ਲੱਭਣਾ ਪੈਣਾ ਹੈ।"

"ਪਰ ਹਾਰ ਤਾਂ ਤੁਸਾਂ ਕਿਹਾ ਸੀ ਦਸ ਕਰੋੜ ਵਿਚ ਬਣੇਗਾ।"

"ਜੀ ਹਾਂ, ਮੈਂ ਬਣਾਇਆ ਸੀ। ਸ਼ਾਦੀ ਵਾਲੇ ਦਿਨ ਉਹ ਮੇਰੇ ਕੋਲੋਂ ਹਾਰ ਲੈਣ ਆਏ ਸਨ। ਉਨ੍ਹਾਂ ਨੂੰ ਨਹੀਂ ਪਸੰਦ ਆਇਆ। ਉਨ੍ਹਾਂ ਮੈਨੂੰ ਪੰਜ ਕਰੋੜ ਰੁਪਏ ਦਾ ਇਕ ਹੋਰ ਚੈੱਕ ਲਿਖ ਦਿੱਤਾ ਸੀ ਤੇ ਹੋਰ ਡਿਜ਼ਾਇਨ ਚੁਣ ਲਿਆ ਸੀ। ਮੈਂ ਉਨ੍ਹਾਂ ਨੂੰ ਕਿਹਾ ਸੀ ਕਿ ਘੱਟ ਤੋਂ ਘੱਟ ਮਹੀਨਾ ਡੇਢ ਮਹੀਨਾ ਲੱਗ ਜਾਵੇਗਾ। ਵਿਆਹ ਦੀ ਰਸਮ ਨਿਭਾਉਣ ਲਈ ਉਹ ਬਿਲਕੁਲ ਉਹੋ ਜਿਹਾ ਨਕਲੀ ਹਾਰ ਲੈ ਗਏ ਸਨ। ਕਹਿੰਦੇ ਸੀ, ਜਦ ਅਸਲੀ ਹਾਰ ਬਣ ਗਿਆ ਤਾਂ ਪਰਦੇ ਨਾਲ ਨੀਤੂ ਨੂੰ ਦੇ ਆਉਣਗੇ।

ਸ਼ਰਮਾ ਜੀ ਦੇ ਸਾਹ ਵਿਚ ਸਾਹ ਆਇਆ।

ਦਸਾਂ ਦਿਨਾਂ ਬਾਅਦ ਸ਼ਰਮਾ ਜੀ ਅਤੇ ਉਸ ਦੀ ਪਤਨੀ ਅਸਲੀ ਹਾਰ ਲੈ ਕੇ ਨੀਤੂ ਦੇ ਸਹੁਰੇ ਘਰ ਗਏ। ਹੁਣ ਉਨ੍ਹਾਂ ਲਈ ਇਹ ਭੇਤ ਖੋਲ੍ਹਣਾ ਜ਼ਰੂਰੀ ਹੋ ਗਿਆ ਸੀ। ਸ਼ਰਮਾ ਜੀ ਨੇ ਪੂਰੀ ਗੱਲ ਕਰ ਕੇ ਹਾਰ ਦਾ ਡੱਬਾ ਨੀਤੂ ਨੂੰ ਫੜਾਇਆ। ਸਾਰੀ ਗੱਲ ਸੁਣ ਕੇ ਨੀਤੂ ਦਾ ਚਿਹਰਾ ਖਿਲ ਉਠਿਆ। ਉਸ ਨੇ ਡੱਬਾ ਖੋਲ੍ਹਿਆ ਤੇ ਆਪਣੀ ਸੱਸ ਨੂੰ ਫੜਾ ਦਿੱਤਾ। ਕੋਲ ਬੈਠੇ ਦਮਨ ਨੂੰ ਹਾਰ ਵੇਖ ਕੇ ਬੜੀ ਹੈਰਾਨੀ ਹੋਈ। ਉਹ ਤਾਂ ਪਹਿਲੇ ਹਾਰ ਨੂੰ ਹੀ ਅਸਲੀ ਸਮਝ ਰਿਹਾ ਸੀ। ਉਹ ਕਮਰੇ ਵਿਚ ਗਿਆ ਤੇ ਪਹਿਲੇ ਵਾਲਾ ਹਾਰ ਲੈ ਕੇ ਆਇਆ। ਉਸ ਨੇ ਦੋਨੋਂ ਹਾਰ ਇਕੱਠੇ ਰੱਖ ਕੇ ਦੇਖੇ, ਉਸ ਨੂੰ ਦੋਨੋਂ ਹੀ ਇਕੋ ਜਿਹੇ ਲੱਗੇ।

"ਡੈਡੀ ਮੈਨੂੰ ਤਾਂ ਦੋਨਾਂ ਹਾਰਾਂ ਵਿਚ ਕੋਈ ਫਰਕ ਨਹੀਂ ਲਗਦਾ, ਦੋਨਾਂ ਦੀ ਚਮਕ ਦਮਕ ਇਕੋ ਜਿਹੀ ਹੀ ਲਗਦੀ ਹੈ।" ਦਮਨ ਨੇ ਹੈਰਾਨ ਹੋ ਕੇ ਕਿਹਾ।

"ਠੀਕ ਕਹਿਨਾ ਏਂ ਪੁੱਤ, ਫਰਕ ਇਸ ਕਰ ਕੇ ਨਹੀਂ ਕਿ ਦੋਨੋਂ ਹਾਰ ਨਕਲੀ ਹਨ।"

ਸਾਰਿਆਂ ਦੀਆਂ ਅੱਖਾਂ ਉਥੇ ਹੀ ਟੱਡੀਆਂ ਰਹਿ ਗਈਆਂ। ਜ਼ਬਾਨ ਨੂੰ ਜਿਵੇਂ ਤਾਲੇ ਲੱਗ ਗਏ। ਸਾਰੇ ਮਾਟਾ ਸਾਹਿਬ ਵੱਲ ਦੇਖਣ ਲਗ ਪਏ।

ਮਾਟਾ ਸਾਹਿਬ ਨੇ ਉਸੇ ਵਕਤ ਨੀਤੂ ਨੂੰ ਆਪਣੇ ਕੋਲ ਬੁਲਾਇਆ ਤੇ ਬਾਂਹ ਦੇ ਕਲਾਵੇ ਵਿਚ ਲੈ ਕੇ ਕਹਿਣ ਲੱਗੇ- "ਅਸਲੀ ਹੀਰਿਆਂ ਦਾ ਹਾਰ ਤਾਂ ਇਹ ਮੇਰੀ ਧੀ ਹੈ। ਜਿੰਨਾ ਪਿਆਰ ਇਹ ਸਾਨੂੰ ਦੇ ਰਹੀ ਹੈ, ਉਸ ਤੋਂ ਅਨੇਕਾਂ ਇਹੋ ਜਿਹੇ ਹਾਰ ਵਾਰੇ ਜਾ ਸਕਦੇ ਹਨ।"

ਨੀਤੂ ਦੀ ਸੱਸ ਨੇ ਹਾਂ ਵਿਚ ਹਾਂ ਮਿਲਾਦਿਆਂ ਕਿਹਾ- "ਇਹ ਠੀਕ ਕਹਿੰਦੇ ਨੇ, ਸਾਡੇ ਕੋਲ ਹੁਣ ਹੀਰਿਆਂ ਦੀ ਖਾਨ ਹੈ, ਸਾਨੂੰ ਹੋਰ ਹਾਰ ਦੀ ਲੋੜ ਹੀ ਨਹੀਂ।"

ਸ਼ਰਮਾ ਜੀ ਦੀਆਂ ਅੱਖਾਂ ਵਿਚੋਂ ਖੁਸ਼ੀ ਦੇ ਅੱਥਰੂ ਵਹਿ ਤੁਰੇ।

# ਖੇਡ ਮੇਲਿਆਂ ਦਾ ਸ਼ਿੰਗਾਰ ਮੱਖਣ ਬਰਾੜ

*(ਪਿਛਲੇ ਸਫੇ ਦੀ ਬਾਕੀ)*

ਬਰਾੜ ਨਾਲ ਵਿਆਹੀ ਗਈ ਅਤੇ ਪੋਤਾ ਆਦੇਸ਼ ਪ੍ਰਤਾਪ ਸਿੰਘ, ਪ੍ਰਕਾਸ਼ ਸਿੰਘ ਬਾਦਲ ਦੀ ਬੀਬੀ ਪਰਨੀਤ ਕੌਰ ਨਾਲ ਵਿਆਹਿਆ ਗਿਆ। ਮੱਲਕੇ ਤੇ ਸਰਾਏ ਨਾਗਾ ਵਾਲੇ ਬਰਾੜ ਹਨ, ਜਦ ਕਿ ਕੈਰੋਂ ਤੇ ਬਾਦਲ ਹੋਰੀਂ ਢਿੱਲੋਂ ਹਨ।

ਮੱਲਕੇ ਦੇ ਬਜ਼ੁਰਗ ਨਿੱਕੇ-ਨਿੱਕੇ ਨਿੱਜੀ ਕੰਮਾਂ ਲਈ ਕੈਰੋਂ ਕੋਲ ਜਾਂਦੇ ਰਹਿੰਦੇ ਸਨ। ਇਕ ਦਿਨ ਕੈਰੋਂ ਨੇ ਕਿਹਾ, 'ਮੈਂ ਤੁਹਾਡਾ ਜੁਆਈ ਭਾਈ ਆਂ। ਮੈਥੋਂ ਨਿੱਕੀਆਂ ਸਿਫਾਰਸ਼ਾਂ ਦੀ ਥਾਂ ਕੋਈ ਚੱਜ ਦਾ ਵੱਡਾ ਕੰਮ ਕਰਾਓ, ਜੀਹਦਾ ਇਲਾਕੇ ਨੂੰ ਫਾਇਦਾ ਹੋਵੇ। ਫਿਰ ਆਪ ਹੀ ਉਸ ਨੇ ਸਹੁਰੇ ਪਿੰਡਾਂ ਨੂੰ ਪਾਲੀਟੈਕਨਿਕ ਕਾਲਜ ਦੇ ਦਿੱਤਾ, ਜੋ ਇਲਾਕੇ ਨੂੰ ਬੜਾ ਰਾਸ ਆਇਆ; ਪਰ ਮੱਖਣ ਬਰਾੜ ਉਹਦੇ ਵਿਚ ਨਹੀਂ ਪੜ੍ਹਿਆ। ਉਸ ਨੇ ਦਸਵੀਂ ਪਾਸ ਕਰ ਕੇ ਮਾਰਕਫੈੱਡ ਵਿਚ ਨੌਕਰੀ ਕਰ ਲਈ। ਫਿਰ ਚੌਦਾਂ ਸਾਲ ਦੀ ਨੌਕਰੀ ਵਿਚਾਲੇ ਛੱਡ ਕੇ 1981 ਵਿਚ ਕੈਨੇਡਾ ਦੀ ਉਡਾਰੀ ਮਾਰ ਲਈ। ਪਹਿਲਾਂ ਵੀਡੀਓ ਸਟੋਰ ਖੋਲ੍ਹਿਆ ਤੇ ਪਿਛੋਂ ਟੈਂਟ ਹਾਊਸ। ਦੋਵੇਂ ਪੁੱਤਰ ਕੰਮ ਧੰਦਿਆਂ 'ਤੇ ਲੱਗੇ ਤਾਂ ਬਰੈਂਪਟਨ ਛੱਡ ਕੇ ਨਿਆਗਰਾ ਚਲਾ ਗਿਆ, ਜਿਥੇ ਹੁਣ ਨਿਆਗਰਾ ਫਾਲਜ਼ ਦੇ ਨਜ਼ਾਰੇ ਲੈ ਰਿਹੈ।

ਗੁਰਦਾਸ ਮਾਨ ਨੇ ਲਿਖਿਆ: ਪੰਜਾਬੀ ਸਭਿਆਚਾਰ ਨੂੰ ਆਪਣੀ ਕਲਮ ਰਾਹੀਂ ਲਿਖ ਕੇ ਤੇ ਸਟੇਜਾਂ ਉਪਰ ਬੋਲ ਕੇ ਬਿਆਨ ਕਰਨ ਵਾਲੇ ਦਾ ਨਾਂ ਹੈ ਮੱਖਣ ਬਰਾੜ। ਪੰਜਾਬੀਆਂ ਦਾ ਉਹ ਹਰਮਨ ਪਿਆਰਾ ਸ਼ਾਇਰ ਹੈ। ਮਾਲਵੇ ਦੀ ਸਿੱਧੀ ਪੱਧਰੀ ਬੋਲੀ ਨੂੰ ਬੜੇ ਵਧੀਆ ਅਲੰਕਾਰਾਂ ਵਿਚ ਜੜ ਕੇ ਲਿਖਣਾ ਉਸ ਨੂੰ ਆਉਂਦਾ ਹੈ। ਮੱਖਣ ਬਰਾੜ ਦਾ ਲਿਖਿਆ 'ਆਪਣਾ ਪੰਜਾਬ ਹੋਵੇ' ਲੋਕ ਗੀਤ ਬਣ ਗਿਆ, ਜਿਸ ਨੂੰ ਸੁਣਨ ਦੀ ਫਰਮਾਇਸ਼ ਮੈਨੂੰ ਹਰ ਪ੍ਰੋਗਰਾਮ 'ਤੇ, ਕੈਨੇਡਾ ਹੋਵੇ ਜਾਂ ਪੰਜਾਬ, ਅਮਰੀਕਾ ਹੋਵੇ ਜਾਂ ਇੰਗਲੈਂਡ-ਹਰ ਜਗ੍ਹਾ ਆਉਂਦੀ ਰਹਿੰਦੀ ਹੈ। ਮੱਖਣ ਬਰਾੜ ਨਾਲ ਮਿਲਣ-ਬੈਠਣ ਦਾ ਮੌਕਾ ਇਥੇ ਪੰਜਾਬ ਵਿਚ ਵੀ ਤੇ ਕੈਨੇਡਾ ਵਿਚ ਵੀ ਮਿਲਦਾ ਰਹਿੰਦਾ ਹੈ। ਇਕ ਸ਼ਾਇਰ ਹੋਣ ਦੇ ਨਾਲ ਉਹ ਹਸਮੁੱਖ ਤੇ ਹਾਜ਼ਰ ਜੁਆਬ ਇਨਸਾਨ ਹਨ। ਆਸ ਕਰਦਾ ਹਾਂ ਕਿ ਮੱਖਣ ਬਰਾੜ ਪੰਜਾਬੀ ਮਾਂ ਬੋਲੀ ਦਾ ਸਿਰ ਨੀਵਾਂ ਨਹੀਂ ਹੋਣ ਦੇਵੇਗਾ। ਆਮੀਨ!

ਹੰਸ ਰਾਜ ਹੰਸ ਨੇ ਲਿਖਿਆ: ਮੈਨੂੰ ਵੀ ਮੱਖਣ ਬਰਾੜ ਦਾ ਲਿਖਿਆ ਗੀਤ ਗਾਉਣ ਦਾ ਮੌਕਾ ਮਿਲਿਆ, ਜੋ ਮੇਰੇ ਗਾਏ ਗੀਤਾਂ ਦੀ ਮੂਹਰਲੀ ਕਤਾਰ ਵਿਚ ਆਉਂਦਾ ਹੈ: 'ਇਕ ਵਾਰੀ ਦੇਖਣਾ ਚਾਹੁੰਦਾ ਹਾਂ ਤੇਰਾ ਕਿਹੋ ਜਿਹਾ ਪੰਜਾਬ ਬਿੱਲੋ।' ਉਹਦੇ ਗੀਤਾਂ ਵਿਚ ਪਿੰਡਾਂ ਦੀ ਮਿੱਟੀ ਦੀ ਮਹਿਕ ਅਤੇ ਅੰਤਾਂ ਦਾ ਮੋਹ ਛੁਪਿਆ ਹੁੰਦਾ ਹੈ, ਜੋ ਸੁਣਨ ਵਾਲਿਆਂ ਨੂੰ ਆਪਣੇ ਵੱਲ ਖਿੱਚ ਲੈਂਦਾ ਹੈ। ਉਸ ਦੇ ਲਿਖੇ ਬੋਲ ਕਦੇ ਪੁਰਾਣੇ ਨਹੀਂ ਹੁੰਦੇ। ਰੱਬ ਕਰੇ ਸਾਡਾ ਵੀਰ ਮੱਖਣ ਬਰਾੜ ਹੋਰ ਬੁਲੰਦੀਆਂ ਛੂਹੇ।

ਖੇਡਾਂ ਬਾਰੇ ਲਿਖੇ ਉਹਦੇ ਗੀਤਾਂ ਦੀਆਂ ਕੁਝ ਹੋਰ ਵੰਨਗੀਆਂ:

ਕੌਡੀ ਖੇਡੀ ਤੇ ਖੇਡਦੇ ਬੜੇ ਦੇਖੇ,
ਖੇਡ ਦੇਖੀ ਨੀ ਕਦੇ ਹਰਜੀਤ ਵਰਗੀ,
ਮੱਖਣ ਬਰਾੜਾ ਉਹ ਮਰੇ ਨੀ ਅਮਰ ਹੋ'ਗੇ
ਮੌਤ ਮਾਰਦੀ ਉਨ੍ਹਾਂ ਨੂੰ ਆਪ ਮਰ'ਗੀ...।

ਗਲਤੀ ਕਰਦਾ ਨਹੀਂ ਰੈਫਰੀ ਜਾਣ ਬੁੱਝ ਕੇ
ਜੇਕਰ ਹੋ'ਜੇ ਤਾਂ ਓਸ ਨੂੰ ਪੂਰ ਦਿੰਦਾ,
ਥੱਪੜ ਮਾਰਦਾ ਧੌਲ ਦੀ ਥਾਂ ਜਿਹੜਾ
ਸਿਆਣਾ ਰੈਫਰੀ ਓਸ ਨੂੰ ਘੂਰ ਦਿੰਦਾ।
ਜਿਹੜੇ ਜਾਫੀ ਨੇ ਮਾਂ ਦਾ ਦੁੱਧ ਪੀਤਾ
ਕੈਂਚੀ ਮਾਰ ਕੇ ਰੇਡਰ ਨੂੰ ਨੂੜ ਦਿੰਦਾ,
ਚੋਟੀ ਦਾ ਤੂੰ ਜਾਫੀ ਮਿੱਤਰਾ, ਪਰ
ਅਸੀਂ ਲੱਤ ਨ੍ਹੀਂ ਕਿਸੇ ਨੂੰ ਫੜਨ ਦੇਣੀ।
ਛਾਤੀ ਜੱਟ ਦੀ ਵਿਚ ਤੂੰ ਵੱਜ ਸਿੱਧਾ
ਧੌਲ ਕੰਨ ਦੇ ਉਤੇ ਨ੍ਹੀਂ ਜੜਨ ਦੇਣੀ...।

ਚੱਲਿਆ ਰੇਡਰ ਰੇਡ ਪਾਉਣ ਲਈ
ਮਾਰ ਦਿੱਤੀ ਹੈ ਥਾਪੀ,
ਧੌਲਾਂ ਧੱਫੇ ਝੱਲਣੇ ਪੈਣੇ
ਹੁਣ ਨ੍ਹੀਂ ਮਿਲਣੀ ਮਾਫੀ...।

ਮੈਨੂੰ ਖੁਸ਼ੀ ਹੈ ਮੇਰੇ ਹੀ ਸ਼ਿਅਰ ਪੜ੍ਹ ਕੇ
ਤੋਰੀ ਫੁਲਕਾ ਕਈ ਆਪਣਾ ਤੋਰ ਲੈਂਦੇ,
ਕੁਮੈਂਟਰੀ ਕਰਦੇ ਕਬੱਡੀ ਦੀ ਕਈ ਬੇਲੀ
ਲਾਈਨਾਂ ਮੇਰੀਆਂ ਤੋੜ-ਮਰੋੜ ਲੈਂਦੇ...।

ਰੌਲਾ ਪਾ ਕੇ ਖੇਡ ਨਹੀਂ ਜਿੱਤ ਹੁੰਦੀ
ਮੱਖਣ ਬਰਾੜ ਸੱਚੀ ਗੱਲ ਕਹਿ ਗਿਆ ਹੈ।

ਨਸ਼ਾ ਕਰ ਕੇ ਜੋ ਖੇਡਦੇ ਖੇਡ ਕੌਡੀ
ਉਨ੍ਹਾਂ ਵੀਰਾਂ ਨੂੰ ਮੇਰੀ ਹੈ ਅਰਜ਼ ਲੋਕੋ,
ਥੋੜ੍ਹਾ ਟੈਮ ਈ ਨਸ਼ਾ ਹੈ ਕੰਮ ਕਰਦਾ
ਬਣੇ ਜ਼ਿੰਦਗੀ ਭਰ ਲਈ ਮਰਜ਼ ਲੋਕੋ।
ਨਸ਼ੇ ਵਾਲੇ ਨੂੰ ਲੋਕ ਦੁਰਕਾਰਦੇ ਨੇ
ਨਾਲੇ ਸਿਹਤ ਦਾ ਹੁੰਦਾ ਹੈ ਹਰਜ ਲੋਕੋ,
ਗੁੱਸਾ ਕਰੋ ਨਾ ਸੁਧਰਜੋ ਵੀਰ ਮੇਰੇ
ਮੱਖਣ ਬਰਾੜ ਦਾ ਕਹਿਣਾ ਫਰਜ਼ ਲੋਕੋ...।

ਵਾਰੇ ਜਾਵਾਂ ਮੈਂ ਉਨ੍ਹਾਂ ਪ੍ਰਮੋਟਰਾਂ ਦੇ
ਖੇਡ ਕਬੱਡੀ ਨੂੰ ਜਿਹੜੇ ਪਿਆਰ ਕਰਦੇ,
ਜਿਉਂਦੀ ਰੱਖਣ ਨੂੰ ਤੈਨੂੰ ਕਬੱਡੀਏ ਨੀ
ਖਰਚਾ ਤੇਰੇ 'ਤੇ ਲੱਖ ਹਜ਼ਾਰ ਕਰਦੇ।
ਸਰਵਣ ਸਿੰਘ ਤੇ ਮੱਖਣ ਸਿੰਘ ਜਿਹੇ
ਨਾਲੇ ਸੱਦੇ ਐ ਮੱਖਣ ਬਰਾੜ ਵਰਗੇ...।

###

# ਬੈਚ ਫੁੱਲ ਹਾਉਲੀ: ਨਫਰਤ-ਸਾੜਾ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦਾ ਤਾਂ ਸਭ ਨੂੰ ਪਤਾ ਹੈ ਕਿ ਇਹ ਸਭ ਤੋਂ ਮਾੜੇ ਇਨਸਾਨੀ ਵਲਵਲੇ ਹਨ। ਗੁਰਬਾਣੀ ਤੇ ਹੋਰ ਧਾਰਮਿਕ ਗ੍ਰੰਥਾਂ ਵਿਚ ਇਨ੍ਹਾਂ ਦੀ ਪੁਰਜ਼ੋਰ ਨਿੰਦਾ ਕੀਤੀ ਗਈ ਹੈ। ਹਰ ਕੋਈ ਇਨ੍ਹਾਂ ਤੋਂ ਬਚਣ ਦੀ ਸਲਾਹ ਦਿੰਦਾ ਹੈ; ਪਰ ਨਫਰਤ, ਸ਼ਰੀਕਾ, ਬਦਲਾ ਤੇ ਸ਼ੱਕ ਵੀ ਇਨ੍ਹਾਂ ਨਾਲੋਂ ਘੱਟ ਘਿਨੌਣੇ ਨਹੀਂ ਹਨ। ਇਹ ਘਰ, ਸਮਾਜ ਅਤੇ ਸੰਸਾਰ ਵਿਚ ਘ੍ਰਿਣਾ, ਗਾਲ੍ਹੀ-ਗਲੋਚ, ਕਲੇਸ਼ ਤੇ ਵੈਰ ਫੈਲਾਉਂਦੇ ਹਨ। ਇਸ ਲਈ ਚੰਗਾ ਇਨਸਾਨ ਬਣਨ ਲਈ ਮਨੁੱਖ ਨੂੰ ਪਹਿਲਾਂ ਇਨ੍ਹਾਂ 'ਤੇ ਕਾਬੂ ਪਾਉਣਾ ਚਾਹੀਦਾ ਹੈ। ਕਾਬੂ ਤਾਂ ਹਰ ਕੋਈ ਪਾ ਲਵੇ ਜੇ ਇਹ ਆਦਤਾਂ ਤੇ ਉਦਗਾਰ ਕਿਸੇ ਦੇ ਵਸ ਵਿਚ ਆਉਣ ਵਾਲੇ ਹੋਣ। ਇਨ੍ਹਾਂ ਅੱਗੇ ਤਾਂ ਧਾਰਮਿਕ ਉਪਦੇਸ਼ ਤੇ ਸਿਆਣਿਆਂ ਦੀਆਂ ਸਲਾਹਾਂ ਵੀ ਕੰਮ ਨਹੀਂ ਕਰਦੀਆਂ। ਫਿਰ ਚੰਗਾ ਬਣਨ ਲਈ ਕੀ ਕੀਤਾ ਜਾਵੇ?

ਬੈਚ ਫੁੱਲ ਦਵਾਈ ਹਾਉਲੀ (Holly) ਇਸ ਸਮੱਸਿਆ ਦਾ ਇਕੋ ਇਕ ਹੱਲ ਹੈ। ਇਹ ਹਾਉਲੀ ਅਸਲ ਵਿਚ ਉਹ ਭਾਵ ਪਵਿੱਤਰ ਔਸ਼ਧੀ ਹੈ, ਜੋ ਮਨ ਨੂੰ ਨਫਰਤ, ਬਦਲਾ, ਸ਼ੱਕ ਤੇ ਕਲੇਸ਼ ਜਿਹੇ ਮਾਰੂ ਵਲਵਲਿਆਂ ਤੋਂ ਮੁਕਤੀ ਦਿਵਾਉਂਦੀ ਹੈ। ਨਫਰਤ ਜਾਂ ਦੂਜਿਆਂ ਨਾਲ ਘ੍ਰਿਣਾ ਕਰਨਾ ਇਕ ਨਾਂਹ-ਪੱਖੀ ਵਿਹਾਰ ਹੀ ਨਹੀਂ, ਸਗੋਂ ਇਹ ਮਨੁੱਖੀ ਚਰਿਤਰ ਤੇ ਲੱਗੇ ਬਦਨੁਮਾ ਕਾਲੇ ਧੱਬੇ ਵਾਂਗ ਹੁੰਦਾ ਹੈ। ਇਸ ਦਾ ਕਿਸੇ ਨੂੰ ਕੋਈ ਲਾਭ ਨਹੀਂ ਹੁੰਦਾ; ਘ੍ਰਿਣਾ ਕਰਨ ਵਾਲੇ ਨੂੰ ਵੀ ਨਹੀਂ। ਨਫਰਤ, ਬਦਲਾ, ਸ਼ੱਕ ਤੇ ਕਲੇਸ਼ ਹਿੰਸਾ ਦਾ ਪਹਿਲਾ ਕਾਰਨ ਹੈ। ਹਰ ਹਿੰਸਾ ਦੇ ਪਿਛੋਕੜ ਵਿਚ ਨਫਰਤ ਹੁੰਦੀ ਹੈ। ਮਨ ਵਿਚ ਪੈਦਾ ਹੋਈ ਘ੍ਰਿਣਾ ਵਿਅਕਤੀਗਤ ਜਾਂ ਸਮਾਜਿਕ ਪੱਧਰ 'ਤੇ ਹੀ ਨਹੀਂ, ਸਗੋਂ ਅੰਤਰਰਾਸ਼ਟਰੀ ਪੱਧਰ 'ਤੇ ਵੀ ਲੜਾਈ ਤੇ ਵੈਰ ਦਾ ਕਾਰਨ ਬਣਦੀ ਹੈ। ਇਹ ਖਹਿਬਾਜ਼ੀ ਪੈਦਾ ਕਰਕੇ ਸੰਸਾਰਕ ਸਹਿਹੋਂਦ ਦੀ ਭਾਵਨਾ ਨੂੰ ਕਮਜ਼ੋਰ ਕਰਦੀ ਹੈ।

ਹਰ ਵਲਵਲਾ ਇਕ ਦਿਮਾਗੀ ਤਰੰਗ ਹੀ ਤਾਂ ਹੈ, ਜੋ ਵਾ-ਵਰੋਲੇ ਵਾਂਗ ਕਿਸੇ ਵੀ ਅਸ਼ਾਂਤ ਮਨ ਵਿਚ ਉੱਠ ਸਕਦਾ ਹੈ ਤੇ ਉਸ ਦੇ ਸਰੀਰ ਵਿਚ ਅਰੋਕ ਸ਼ਕਤੀ ਬਣ ਕੇ ਕੁਝ ਵੀ ਕਰਵਾ ਸਕਦਾ ਹੈ। ਘ੍ਰਿਣਾ ਦੀ ਮਾਨਸਿਕ ਲਹਿਰ ਤਣਾਓ ਪੈਦਾ ਕਰ ਕੇ ਲੜਾਈ ਤੇ ਕਤਲੋਗਾਰਤ ਕਰਵਾਉਂਦੀ ਹੈ। ਜਿਵੇਂ ਵਾ-ਵਰੋਲੇ ਦਾ ਕੋਈ ਕਾਰਨ ਹੁੰਦਾ ਹੈ, ਇਸੇ ਤਰ੍ਹਾਂ ਘ੍ਰਿਣਾ ਦਾ ਵੀ ਕੋਈ ਕਾਰਨ ਤਾਂ ਹੁੰਦਾ ਹੀ ਹੈ; ਪਰ ਇਸ ਕਾਰਨ ਨੂੰ ਲੱਭ ਕੇ ਇਸ ਦਾ ਹੱਲ ਕਰਨਾ ਉਵੇਂ ਹੀ ਬੇ-ਮਾਅਨਾ ਹੈ, ਜਿਵੇਂ ਵਾ-ਵਰੋਲੇ ਦਾ ਕਾਰਨ ਲੱਭ ਕੇ ਉਸ ਦੀ ਰੋਕ ਥਾਮ ਕਰਨਾ। ਇਹ ਗੱਲ ਵੀ ਬੇਅਰਥ ਹੈ ਕਿ ਇਕ ਇਨਸਾਨ ਦੀ ਨਫਰਤ ਠੀਕ ਕਰਨ ਲਈ ਕਈ ਕਈ ਠੀਕ ਵਿਅਕਤੀ ਆਪਣੇ ਜੀਵਨ ਦੇ ਕੀਮਤੀ ਪਲ ਨਸ਼ਟ ਕਰਨ। ਇਸ ਵਲਵਲੇ ਨੂੰ ਠੰਡਾ ਕਰਕੇ ਪੱਧਰਾ ਕਰਨ ਦਾ ਫਨ ਹਾਉਲੀ ਵਿਚ ਹੀ ਹੈ। ਇਹ ਬਿਮਾਰ ਦੇ ਇਸ ਸੁਨਾਮੀ-ਨੁਮਾ ਉਬਾਲ ਦੀਆਂ ਜੜ੍ਹਾਂ ਲੱਭ ਕੇ ਆਪ ਇਸ ਦਾ ਤਰਕ-ਪੂਰਣ ਇਲਾਜ ਕਰਦੀ ਹੈ। ਇਸ ਦੀਆਂ ਕੁਝ ਇਕ ਖੁਰਾਕਾਂ ਦੇਣ ਨਾਲ ਹੀ ਅਸਰ ਦੇਖਣ ਨੂੰ ਮਿਲ ਜਾਂਦਾ ਹੈ।

ਡਾ. ਬੈਚ ਦੇ ਸ਼ਬਦਾਂ ਵਿਚ "ਹਾਉਲੀ ਉਨ੍ਹਾਂ ਲੋਕਾਂ ਲਈ ਹੈ, ਜੋ ਬਖੀਲੀ (ਈਰਖਾ), ਨਫਰਤ, ਖਹਿਬਾਜ਼ੀ, ਬਦਲਾ ਤੇ ਸ਼ੱਕ-ਸੁਬਾਹ ਜਿਹੇ ਪ੍ਰਭਾਵਾਂ ਦੇ ਹਮਲੇ ਹੇਠ ਆਏ ਹੁੰਦੇ ਹਨ। ਇਹ ਕਈ ਪ੍ਰਕਾਰ ਦੀਆਂ ਉਕਸਾਹਟ ਅਧੀਨ ਆਉਂਦੀਆਂ ਪ੍ਰਵਿਰਤੀਆਂ ਲਈ ਕਾਰਆਮਦ ਹੈ। ਜੇ ਇਸ ਦੇ ਮਰੀਜ਼ਾਂ ਕੋਲ ਨਾ-ਖੁਸ਼ ਰਹਿਣ ਦਾ ਕੋਈ ਬਹਾਨਾ ਨਾ ਵੀ ਹੋਵੇ, ਉਹ ਤਾਂ ਵੀ ਦੁਖੀ ਰਹਿੰਦੇ ਹਨ।" ਅਰਥਾਤ ਜੋ ਲੋਕ ਬਿਨਾ ਕਾਰਨ ਹੀ ਨਫਰਤ, ਜ਼ਿੱਦਬਾਜ਼ੀ ਤੇ ਸ਼ੱਕ ਦੀ ਅੱਗ ਵਿਚ ਜਲਦੇ ਰਹਿੰਦੇ ਹਨ ਤੇ ਬਦਲਾ ਲੈਣ ਲਈ ਹਿੰਸਾਤਮਕ ਕਾਰਵਾਈਆਂ 'ਤੇ ਉਤਾਰੂ ਰਹਿੰਦੇ ਹਨ, ਹਾਉਲੀ ਉਨ੍ਹਾਂ ਲਈ ਇਕ ਦਮ ਫਿੱਟ ਦਵਾਈ ਹੈ।

ਇਸ ਫੁੱਲ ਦਵਾਈ ਬਾਰੇ ਸ਼ਾਲਨੀ ਕੋਗਲ ਲਿਖਦੇ ਹਨ, "ਹਾਉਲੀ ਪ੍ਰੇਮ-ਪ੍ਰਸਾਰਨ ਤੇ ਮਿਲਵਰਤਨ ਪੈਦਾ ਕਰਨ ਵਾਲੀ ਦਵਾਈ ਹੈ। ਜਿੱਥੇ ਕਲੇਸ਼, ਫੁੱਟ, ਗੁੱਸਾ ਤੇ ਘ੍ਰਿਣਾ ਹੋਵੇ, ਉੱਥੇ ਇਹ ਪੁੱਠੀ ਸੋਚ ਨੂੰ ਆਪਣੀ ਅਚੰਭੇ ਵਾਲੀ ਸ਼ਕਤੀ ਨਾਲ ਬਦਲ ਕੇ ਸਿੱਧਿਆਂ ਕਰਦੀ ਹੈ। ਜਿੱਥੇ ਮਹੀਨਿਆਂ ਤੇ ਸਾਲਾਂ ਤੋਂ ਚਲ ਰਹੀ ਘ੍ਰਿਣਾ, ਬੇਵਸਾਹੀ ਤੇ ਗੁੱਸੇ ਕਾਰਨ ਬੰਦਿਆਂ ਦੇ ਦਿਲ ਪਥਰਾ ਗਏ ਹੋਣ, ਉੱਥੇ ਇਹ ਕੰਮ ਆਉਂਦੀ ਹੈ। ਜਿਨ੍ਹਾਂ ਲੋਕਾਂ ਦੇ ਦਿਲਾਂ ਵਿਚ ਉੱਠਦੇ-ਬੈਠਦੇ ਗੁੱਸੇ ਤੇ ਨਫਰਤ ਦੀਆਂ ਧਾਰਾਵਾਂ ਚਲਦੀਆਂ ਰਹਿੰਦੀਆਂ ਹਨ ਅਤੇ ਜਿਨ੍ਹਾਂ ਨੇ ਇਕ ਚੀਜ਼ ਨੂੰ ਤਬਾਹ ਕਰਕੇ ਦੂਜੀ ਨੂੰ ਨਸ਼ਟ ਕਰਨ ਦੀ ਠਾਣੀ ਹੁੰਦੀ ਹੈ, ਉਨ੍ਹਾਂ ਦੇ ਦਿਲ ਹਮਦਰਦੀ ਤੋਂ ਸੱਖਣੇ ਹੋ ਗਏ ਹੁੰਦੇ ਹਨ। ਉਹ ਕਿਸੇ ਨੂੰ ਸ਼ਰਤ ਤੋਂ ਬਿਨਾ ਪਿਆਰ ਨਹੀਂ ਕਰਦੇ ਤੇ ਸ਼ਰਤ ਉਨ੍ਹਾਂ ਦੀ ਧੌਂਸ ਭਾਵ ਹਉਮੈ ਨੂੰ ਮੰਨਣ ਦੀ ਹੁੰਦੀ ਹੈ। ਆਪਣੀ ਨੀਵੀਂ ਸੋਚ ਨਾਲ ਉਹ ਬੇਵਾਹ ਰਕਤ-ਪਰਵਾਹ ਤੇ ਮਾਨਸਿਕ ਤਣਾਓ ਦਾ ਸ਼ਿਕਾਰ ਹੋਏ ਰਹਿੰਦੇ ਹਨ ਤੇ ਆਖਰ ਅਧਰੰਗ ਰੋਗ ਨੂੰ ਪਿਆਰੇ ਹੋ ਜਾਂਦੇ ਹਨ। ਅਜਿਹੇ ਲੋਕਾਂ ਦੇ ਦੁਸ਼ਟ ਵਿਚਾਰਾਂ ਨੂੰ ਇਹ ਦਵਾਈ ਪਿਆਰ ਨਾਲ ਧੋ ਦਿੰਦੀ ਹੈ। ਫਿਰ ਨਾ ਸਿਰਫ ਉਨ੍ਹਾਂ ਦਾ ਗੁੱਸਾ ਹਮਦਰਦੀ ਵਿਚ ਬਦਲ ਜਾਂਦਾ ਹੈ, ਸਗੋਂ ਉਨ੍ਹਾਂ ਦੀ ਸਮੁੱਚੀ ਸੋਚ ਹੀ ਬਦਲ ਜਾਂਦੀ ਹੈ।"

ਕੋਗਲ ਦੀ ਇਸ ਵਾਰਤਾ ਦੇ ਸਨਮੁੱਖ ਹਾਉਲੀ ਸਮਾਜਿਕ ਤੌਰ 'ਤੇ ਬਹੁਤ ਹੀ ਲਾਭ ਵਾਲੀ ਫੁੱਲ ਦਵਾਈ ਹੈ। ਭਾਰਤੀ ਸਮਾਜ ਵਿਚ ਕਿੰਨੇ ਅਜਿਹੇ ਧਾਰਮਿਕ ਸੰਗਠਨ ਤੇ ਰਾਜਨੀਤਿਕ ਦਲ ਹਨ, ਜੋ ਵੱਡੇ ਪੱਧਰ 'ਤੇ ਵੱਖ ਵੱਖ ਲੋਕਾਂ ਨੂੰ ਫਾੜਨ ਤੇ ਲੜਾਉਣ ਦਾ ਕੰਮ ਕਰਦੇ ਹਨ। ਇਨ੍ਹਾਂ ਨੂੰ ਤਰਕ ਤੇ ਤੱਰਕੀ ਦੇ ਰਾਹ 'ਤੇ ਲਿਆਉਣ ਲਈ ਇਹ ਬੈਚ ਫੁੱਲ ਦਵਾਈ ਬੜਾ ਵੱਡਾ ਯੋਗਦਾਨ ਪਾ ਸਕਦੀ ਹੈ।

ਸੋਹਨ ਰਾਜ ਅਤੇ ਮੋਹਨ ਲਾਲ ਅਨੁਸਾਰ ਕੁਝ ਵਿਅਕਤੀ ਨਫਰਤ ਤੇ ਘ੍ਰਿਣਾ ਦੇ ਢਾਹੂ ਤੇ ਨਾਂਹ-ਪੱਖੀ ਵਿਚਾਰਾਂ ਨਾਲ ਭਰੇ ਹੁੰਦੇ ਹਨ। ਉਹ ਯਥਾਰਥਿਕਤਾ ਤੋਂ ਉਲਟ ਤੇ ਬਹੁਤ ਦੂਰ ਹੁੰਦੇ ਹਨ। ਉਨ੍ਹਾਂ ਦੇ ਦਿਲਾਂ ਵਿਚ ਪਿਆਰ, ਮੁੱਹਬਤ ਤੇ ਭਾਈਚਾਰਕ ਸਾਂਝ ਵਾਲੇ ਵਿਚਾਰ ਨਹੀਂ ਉਪਜਦੇ। ਉਨ੍ਹਾਂ ਦੀ ਘ੍ਰਿਣਾ ਦਾ ਕੋਈ ਕਾਰਨ ਵੀ ਨਹੀਂ ਹੁੰਦਾ, ਕਿਉਂਕਿ ਇਹ ਉਨ੍ਹਾਂ ਦੇ ਦਿਲਾਂ ਵਿਚ ਸੁਭਾਵਿਕ ਹੀ ਪੈਦਾ ਹੋਈ ਹੁੰਦੀ ਹੈ। ਆਪਣੀ ਪੁੱਠੀ ਸੋਚ ਕਾਰਨ ਇਹ ਲੋਕ ਨਾ ਸਿਰਫ ਆਪਣੇ ਲਈ, ਸਗੋਂ ਸਾਰੇ ਸਮਾਜ ਲਈ ਖਤਰਾ ਬਣ ਜਾਂਦੇ ਹਨ। ਉਹ ਦਿਲ, ਦਿਮਾਗ ਤੇ ਰਕਤ-ਸੰਚਾਰ ਦੇ ਕਈ ਰੋਗਾਂ ਨਾਲ ਨਪੀੜੇ ਜਾਂਦੇ ਹਨ। ਇਨ੍ਹਾਂ ਨੂੰ ਹਾਉਲੀ ਹੀ ਠੀਕ ਕਰ ਸਕਦੀ ਹੈ। ਇਹ ਉਨ੍ਹਾਂ ਦੀ ਢਹਿੰਦੀ ਸੋਚ ਨੂੰ ਧਨ-ਪੱਖੀ ਬਣਾ ਕੇ ਉਨ੍ਹਾਂ ਨੂੰ ਪੱਕੀ ਰਾਹਤ ਦਿੰਦੀ ਹੈ।

ਮਿਸਾਲ ਵਜੋਂ ਜੇ ਇਕ ਕਿਸਾਨ ਮਿਹਨਤ ਕਰ ਕੇ ਅੱਛੀ ਫਸਲ ਪਾਲਦਾ ਹੈ ਤਾਂ ਦੂਜੇ ਉਸ ਨਾਲ ਖਾਰ ਖਾਣ ਲੱਗਦੇ ਹਨ। ਉਨ੍ਹਾਂ ਦੇ ਦਿਲ ਵਿਚ ਉਸ ਪ੍ਰਤੀ ਅਕਾਰਨ ਨਫਰਤ ਭਰੀ ਹੁੰਦੀ ਹੈ ਤੇ ਉਹ ਉਸ ਨੂੰ ਫੇਲ੍ਹ ਕਰਨਾ ਚਾਹੁੰਦੇ ਹਨ। ਉਸ ਨਾਲ ਲੱਗਣ ਭਾਵ ਖਾਰ ਖਾਣ ਕਰਕੇ ਉਹ ਉਸ ਦਾ ਨੁਕਸਾਨ ਕਰਨਾ ਚਾਹੁੰਦੇ ਹਨ। ਜਦੋਂ ਉਹ ਮਿਹਨਤੀ ਕਿਸਾਨ ਰਾਤ ਨੂੰ ਆਪਣੀ ਫਸਲ ਵਿਚ ਨਹਿਰ ਦੀ ਵਾਰੀ ਦਾ ਪਾਣੀ ਵਗਾ ਕੇ ਮੁੜਦਾ ਹੈ ਤਾਂ ਇਹ ਉਸ ਦੀ ਖਾਹਲ ਦਾ ਨੱਕਾ ਸੜਕ ਦੇ ਖਤਾਨਾਂ ਵਲ ਵੱਢ ਦਿੰਦੇ ਹਨ। ਉਸ ਦੀ ਫਸਲ ਸੁੱਕ ਕੇ ਮਰ ਜਾਂਦੀ ਹੈ। ਜੇ ਉਹ ਇਸ ਬਾਰੇ ਪੰਚਾਇਤ ਸੱਦਦਾ ਹੈ ਤਾਂ ਉਹ ਪਾਣੀ ਵੱਢਣ ਵਾਲੇ ਲੋਕ ਉਸ ਨੂੰ ਸਬਕ ਸਿਖਾਉਣ ਲਈ ਉਸ ਵਿਰੁਧ ਬਦਲੇ ਦੀਆਂ ਕਾਰਵਾਈਆਂ ਕਰਦੇ ਹਨ। ਚਲਦੇ-ਚਲਦੇ ਮਸਲਾ ਹਿੰਸਾਤਮਕ ਲੜਾਈ ਵਿਚ ਤਬਦੀਲ ਹੋ ਜਾਂਦਾ ਹੈ। ਜਿਨ੍ਹਾਂ ਨੇ ਇਸ ਨੂੰ ਸ਼ੁਰੂ ਕੀਤਾ, ਉਨ੍ਹਾਂ ਕੋਲ ਅਜਿਹਾ ਕਰਨ ਲਈ ਨਫਰਤ ਕਰਨ ਤੇ ਦੂਜਿਆਂ ਨੂੰ ਨੀਚਾ ਦਿਖਾਉਣ ਦੇ ਨਖਿੱਧ ਵਿਚਾਰਾਂ ਤੋਂ ਬਿਨਾ ਕੋਈ ਵਜ੍ਹਾ ਨਹੀਂ ਸੀ। ਦੂਜਿਆਂ ਦਾ ਅਕਾਰਨ ਮਾੜਾ ਸੋਚਣ ਜਾਂ ਕਰਨ ਵਾਲੇ ਅਜਿਹੇ ਨਫਰਤ ਭਰਪੂਰ ਲੋਕਾਂ ਨੂੰ ਭਲੇ ਮਾਣਸ ਬਣਾਉਣ ਲਈ ਡਾ. ਬੈਚ ਦੀ ਦਿੱਤੀ ਫੁੱਲ ਦਵਾਈ ਹਾਉਲੀ ਇਕ ਵਰਦਾਨ ਤੋਂ ਘੱਟ ਨਹੀਂ।

ਵੱਡੇ ਮਨੁੱਖ ਹੀ ਨਹੀਂ, ਛੋਟੇ ਬੱਚੇ ਵੀ ਹਾਉਲੀ ਮਾਨਸਿਕਤਾ ਤੋਂ ਪ੍ਰਭਾਵਿਤ ਹੋ ਸਕਦੇ ਹਨ। ਇਕੋ ਮਾਂ ਦੇ ਦੋ ਬੱਚੇ ਇਕ ਖਿਡੌਣੇ ਨਾਲ ਨਹੀਂ ਖੇਡਦੇ। ਉਹ ਖੇਡਣ ਦੀ ਥਾਂ ਉਸ ਨੂੰ ਆਪਣੇ ਪਾਸੇ ਖਿੱਚਦੇ ਰਹਿੰਦੇ ਹਨ ਤੇ ਕਾਟੋ-ਕਲੇਸ਼ ਕਰਦੇ ਰਹਿੰਦੇ ਹਨ। ਜਦੋਂ ਖੋਹਣ ਵਿਚ ਸਫਲਤਾ ਨਾ ਮਿਲੇ ਤਾਂ ਇਕ ਦੂਜੇ ਦਾ ਮੂੰਹ ਨੋਚਣ ਤੀਕ ਜਾਂਦੇ ਹਨ। ਕੁੱਛੜ ਵਿਚ ਬੈਠਣ ਲਈ ਤੇ ਵਧੇਰੇ ਲਾਡ ਪਿਆਰ ਲਈ ਇਕ ਦੂਜੇ ਨਾਲ ਖਹਿਬਾਜ਼ੀ ਕਰਦੇ ਰਹਿੰਦੇ ਹਨ। ਇਕ ਦਿਨ ਡਾਕਖਾਨੇ ਵਿਚ ਇਕ ਢਾਈ ਸਾਲ ਦਾ ਬੱਚਾ ਇਸ ਲਈ ਫਰਸ਼ 'ਤੇ ਲਿਟਦਾ ਤੇ ਰੋਂਦਾ ਦਿਖਾਈ ਦਿੱਤਾ ਕਿ ਉਸ ਦੀ ਮਾਂ ਨੇ ਤਿੰਨ ਲਾਲੀਪਾਪ ਉਸ ਨੂੰ ਦੇ ਕੇ ਇਕ ਉਸ ਦੇ ਇਕ ਸਾਲ ਦੇ ਛੋਟੇ ਭਰਾ ਨੂੰ ਦੇ ਦਿੱਤਾ ਸੀ। ਉਹ ਸਾਰੇ ਦੇ ਸਾਰੇ ਮੰਗਦਾ ਸੀ। ਘਰ ਵਿਚ ਇਕ ਛੋਟਾ ਬੱਚਾ ਪੈਦਾ ਹੋਣ 'ਤੇ ਵੱਡਾ ਬੱਚਾ ਬੁਰਾ ਮਨਾਉਂਦਾ ਹੈ। ਉਹ ਉਦੋਂ ਤੀਕ ਰੋਂਦਾ ਰਹਿੰਦਾ ਹੈ, ਜਦੋਂ ਤੀਕ ਕਿ ਮਾਂ ਦੂਜੇ ਨੂੰ ਲਾਹ ਕੇ ਉਸ ਨੂੰ ਗੋਦ ਨਹੀਂ ਚੁੱਕਦੀ। ਕਈਆਂ ਦੀ ਸਿਹਤ 'ਤੇ ਤਾਂ ਇਸ ਨਫਰਤਬਾਜ਼ੀ ਦਾ ਇੰਨਾ ਅਸਰ ਹੁੰਦਾ ਹੈ ਕਿ ਉਹ ਬਿਮਾਰ ਹੋ ਕੇ ਸੁੱਕ ਜਾਂਦੇ ਹਨ।

ਬਾਹਰ ਖੇਡਦੇ ਬੱਚੇ ਵੀ ਇਕ ਦੂਜੇ ਦੇ ਚੰਗੇ ਕੱਪੜਿਆਂ, ਖਿਡੌਣਿਆਂ 'ਤੇ ਨਜ਼ਰ ਰੱਖਦੇ ਹਨ ਤੇ ਆਪ ਵੀ ਦੂਜਿਆਂ ਜਿਹੀਆਂ ਚੀਜ਼ਾਂ ਦੀ ਮੰਗ ਕਰਦੇ ਹਨ। ਨਾ ਮਿਲਣ 'ਤੇ ਰੁੱਸ ਜਾਂਦੇ ਹਨ। ਇਕੋ ਘਰ ਦੀਆਂ ਦੋ ਔਰਤਾਂ ਵੀ ਆਮ ਤੌਰ 'ਤੇ ਇਸੇ ਪ੍ਰਕਾਰ ਦੀ ਮਾਨਸਿਕਤਾ ਦਾ ਸ਼ਿਕਾਰ ਹੋ ਜਾਂਦੀਆਂ ਹਨ।




ਇਕ ਕੇਸ ਸਾਹਮਣੇ ਆਇਆ, ਜਿਸ ਵਿਚ ਵੱਡੀ ਨੂੰਹ ਛੋਟੀ ਨਾਲ ਨਫਰਤ ਕਰਦੀ ਸੀ। ਅੱਖ ਬਚਾਅ ਕੇ ਉਹ ਸੰਦੂਕ ਵਿਚ ਪਏ ਉਸ ਦੇ ਨਵੇਂ ਕਪੜੇ ਕੱਟ ਦਿੰਦੀ ਸੀ। ਅਜਿਹੇ ਸਭ ਵਿਅਕਤੀਆਂ ਦਾ ਇਲਾਜ ਹਾਉਲੀ ਵਿਚ ਹੈ। ਡਾ. ਬੈਚ ਦਾ ਕਹਿਣਾ ਹੈ ਕਿ ਇਹ ਫੁੱਲ ਦਵਾਈ ਸਾਨੂੰ ਅਜਿਹੇ ਸਭ ਵਿਸ਼ੈਲੇ ਮਾਨਸਿਕ ਵਿਕਾਰਾਂ ਤੋਂ ਨਿਜ਼ਾਤ ਦਿਵਾਉਂਦੀ ਹੈ, ਜੋ ਮਨੁੱਖੀ ਪਿਆਰ ਤੇ ਮਿਲਵਰਤਨ ਦੇ ਵਿਰੁਧ ਹਨ। ਇਹ ਮਨੁੱਖੀ ਦਿਲ ਨੂੰ ਵਿਸ਼ਾਲ ਕਰਦੀ ਹੈ ਤੇ ਪਿਆਰ ਨਾਲ ਰਹਿਣਾ ਸਿਖਾਉਂਦੀ ਹੈ।

ਛੋਟੇ ਬੱਚੇ ਤੇ ਆਮ ਵਿਅਕਤੀ ਹੀ ਨਹੀਂ, ਸਗੋਂ ਉੱਘੀਆਂ ਇਤਿਹਾਸਕ ਹਸਤੀਆਂ ਵੀ ਈਰਖਾ ਦੀ ਭਾਵਨਾ ਤੋਂ ਬਚ ਨਹੀਂ ਸਕੀਆਂ। ਰਾਮਾਇਣ ਦੀ ਕੈਕੇਈ, ਲੰਕਾ ਦਾ ਰਾਵਣ ਅਤੇ ਮਹਾਭਾਰਤ ਦਾ ਦੁਰਯੋਧਨ ਆਪਣੀਆਂ ਈਰਖਾਲੂ ਤੇ ਨਫਰਤੀ ਸੋਚਾਂ ਕਾਰਨ ਲਹਿੰਦੇ ਵੈਦਿਕ ਕਾਲ ਦੀਆਂ ਦੋ ਵੱਡੀਆਂ ਜੰਗਾਂ ਦੇ ਮੋਢੀ ਬਣੇ। ਅੰਭੀ ਦੀ ਪੋਰਸ ਨਾਲ ਅਤੇ ਜੈ ਚੰਦ ਦੀ ਪ੍ਰਿਥਵੀ ਰਾਜ ਚੌਹਾਨ ਨਾਲ ਈਰਖਾ ਨੇ ਦੋ ਵਾਰ ਭਾਰਤ ਨੂੰ ਗੁਲਾਮੀ ਵਿਚ ਧਕੇਲਿਆ। ਗੁਰੂ ਅਰਜਨ ਦੇਵ ਨਾਲ ਚੰਦੂ ਦਾ ਸਾੜਾ ਸਿੱਖ ਇਤਿਹਾਸ ਵਿਚ ਪਹਿਲੀ ਸ਼ਹੀਦੀ ਦਾ ਕਾਰਨ ਬਣਿਆ। ਹਿਟਲਰ ਦੀ ਯਹੂਦੀਆਂ ਪ੍ਰਤੀ ਨਫਰਤ ਨੇ 20ਵੀਂ ਸਦੀ ਦੇ ਸਭ ਤੋਂ ਵੱਡੇ ਨਰ-ਸੰਘਾਰ ਨੂੰ ਜਨਮ ਦਿੱਤਾ। ਉਸੇ ਦੇ ਨਕਸ਼ੇ-ਕਦਮ 'ਤੇ ਚਲਦੇ ਅੱਜ ਕੱਲ੍ਹ ਦੇ ਭਾਰਤੀ ਹਾਕਮ ਦੇਸ਼ ਵਿਚ ਨਫਰਤ ਤੇ ਅਸਹਿਨਸ਼ੀਲਤਾ ਦੀ ਰਾਜਨੀਤੀ ਕਰ ਰਹੇ ਹਨ। ਉਨ੍ਹਾਂ ਦੀ ਬਦੌਲਤ ਹੇਠੋਂ ਉੱਤੇ ਅਤੇ ਉੱਤੋਂ ਹੇਠਾਂ ਤੀਕ ਦੇਸ਼ ਵਿਚ ਨਫਰਤੀ ਸੋਚ ਪਸਰ ਰਹੀ ਹੈ। ਲਗਦਾ ਹੈ ਕਿ ਸ਼ਰੀਕੇਬਾਜ਼ੀ ਦੀ ਮਾਰੀ ਭਾਰਤ ਦੀ ਤਾਂ ਸਾਰੀ ਦੀ ਸਾਰੀ ਜਨਤਾ ਨੂੰ ਹੀ ਫੁੱਲ ਦਵਾਈ ਹਾਉਲੀ ਦੇਣ ਵਾਲੀ ਹੈ।

ਨਫਰਤ ਭਰੀ ਮਾਨਸਿਕਤਾ ਦਾ ਸ਼ਿਕਾਰ ਹੋਣਾ ਜਾਂ ਨਾ ਹੋਣਾ ਕਿਸੇ ਦੇ ਆਪਣੇ ਹੱਥ ਵਿਚ ਨਹੀਂ ਹੈ। ਜਦੋਂ ਮਨੁੱਖ ਇਸ ਤੋਂ ਪ੍ਰਭਾਵਿਤ ਹੋ ਜਾਂਦਾ ਹੈ, ਉਦੋਂ ਤਾਂ ਉਹ ਸੋਝੀ ਵੀ ਨਹੀਂ ਸੰਭਾਲਦਾ। ਜਾਨਵਰ ਤੇ ਬਣਮਾਣੂੰ ਵੀ ਗੁਰਰਾ ਕੇ ਇਹੋ ਜਿਹੀ ਭਾਵਨਾ ਹੀ ਪ੍ਰਗਟ ਕਰਦੇ ਹਨ। ਸਾਡੇ ਸਮਾਜ ਵਿਚ ਪੁੱਤਰ ਦੇ ਵਿਆਹ ਤੋਂ ਬਾਅਦ ਮਾਂ ਨੂੰਹ ਨੂੰ ਆਪਣੇ ਪੁੱਤਰ ਪਿਆਰ ਲਈ ਖਤਰਾ ਸਮਝ ਕੇ ਉਸ ਨਾਲ ਸਾੜਾ ਰੱਖਣਾ ਸ਼ੁਰੂ ਕਰ ਦਿੰਦੀ ਹੈ। ਦੋ ਭੈਣਾਂ ਆਪਸ ਵਿਚ ਇਸੇ ਗੱਲ ਤੋਂ ਇਕ ਦੂਜੀ ਨਾਲ ਈਰਖਾ ਕਰਦੀਆਂ ਰਹਿੰਦੀਆਂ ਹਨ ਕਿ ਕਿਤੇ ਦੂਜੀ ਮਾਪਿਆਂ ਦੇ ਵਧੇਰੇ ਨੇੜੇ ਲੱਗ ਕੇ ਜਾਇਦਾਦ ਵਿਚੋਂ ਵਧੇਰੇ ਹਿੱਸਾ ਨਾ ਲੈ ਜਾਵੇ। ਮੁਲਾਜ਼ਮ ਤਰੱਕੀਆਂ ਲਈ ਲੜਦੇ ਇਕ ਦੂਜੇ ਦੇ ਖੂਨ ਦੇ ਪਿਆਸੇ ਹੋ ਜਾਂਦੇ ਹਨ।

ਇਹ ਭਾਵਨਾਵਾਂ ਮਨੁੱਖ ਦੀ ਹੋਂਦ ਤੇ ਵਿਕਾਸ ਦੀਆਂ ਅੰਤਰੀਵ ਰੁਚੀਆਂ ਨਾਲ ਜੁੜੀਆਂ ਪਾਈਆਂ ਜਾਂਦੀਆਂ ਹਨ। ਜੋ ਆਪਣੀ ਹੀ ਪ੍ਰਬਲਤਾ ਦੇ ਬੋਝ ਹੇਠ ਪੁੱਠੀ ਲੀਹ 'ਤੇ ਪੈ ਗਈਆਂ ਹੁੰਦੀਆਂ ਹਨ। ਇਕ ਵਾਰ ਪੈ ਜਾਣ ਫਿਰ ਨਾ ਇਨ੍ਹਾਂ ਨੂੰ ਮਨੁੱਖ ਆਪਣੇ ਆਪ ਸਿੱਧਾ ਕਰ ਸਕਦਾ ਹੈ ਤੇ ਨਾ ਕੋਈ ਪੀਰ, ਪੈਗੰਬਰ ਤੇ ਸਿਆਣਾ ਉਸ ਨੂੰ ਇਨ੍ਹਾਂ ਤੋਂ ਮੁਕਤ ਕਰਵਾ ਸਕਦਾ ਹੈ। ਇਸ ਜਲਣ ਤੇ ਕਾਹੜੇ ਦਾ ਇਲਾਜ ਹੋਮਿਉਪੈਥੀ ਤੇ ਬੈਚ ਫੁੱਲ ਪ੍ਰਣਾਲੀ ਤੋਂ ਬਿਨਾ ਕਿਸੇ ਹੋਰ ਮੈਡੀਕਲ ਸਿਸਟਮ ਵਿਚ ਨਹੀਂ ਹੈ। ਬੈਚ ਫੁੱਲ ਦਵਾਈਆਂ ਵਿਚੋਂ ਸਿਰਫ ਹਾਉਲੀ ਹੀ ਇਸ ਨੂੰ ਸਹੀ ਤਰ੍ਹਾਂ ਦੂਰ ਕਰ ਸਕਦੀ ਹੈ। ਇਸੇ ਤਰ੍ਹਾਂ ਦੀ ਦੂਜੀ ਦਵਾਈ ਬੀਚ ਹੈ, ਪਰ ਉਸ ਦੇ ਰੋਗੀਆਂ ਵਿਚ ਵਿਅਕਤੀਗਤ ਨਫਰਤ ਦੀ ਥਾਂ ਦੂਜਿਆਂ ਦੇ ਵਿਹਾਰ ਤੇ ਗੁੱਸਾ ਅਤੇ ਸੰਸਕ੍ਰਿਤੀ ਪ੍ਰਤੀ ਅਸਹਿਨਸ਼ੀਲਤਾ ਭਾਰੂ ਹੁੰਦੀ ਹੈ। ਇਸ ਦਾ ਜ਼ਿਕਰ ਪਹਿਲਾਂ ਹੀ ਕੀਤਾ ਜਾ ਚੁਕਾ ਹੈ।

ਹਾਉਲੀ ਦੇ ਮਰੀਜ਼ ਢਹਿੰਦੀਆਂ ਕਲਾਂ ਵਾਲੇ ਹੁੰਦੇ ਹਨ। ਉਹ ਸਾਜਿਸ਼ਾਂ ਤੇ ਸ਼ਿਕਾਇਤਾਂ ਕਰਨ ਵਾਲੇ ਅਤੇ ਸਦਭਾਵਨਾ ਨੂੰ ਤੋੜਨ ਵਾਲੇ ਹੁੰਦੇ ਹਨ। ਆਪਣੇ ਸ਼ੱਕ ਤੇ ਹਉਮੈ ਕਾਰਨ ਉਹ ਦੂਜਿਆਂ ਨੂੰ ਅੱਗੇ ਵਧਣ ਦੀ ਥਾਂ ਪਿੱਛੇ ਖਿੱਚਦੇ ਹਨ। ਉਹ ਸੰਸਾਰ ਦੀ ਪ੍ਰਗਤੀਵਾਦੀ ਭਾਵ ਅਗਾਹਾਂਵਾਦੀ ਰਫਤਾਰ ਦਾ ਪਹੀਆ ਪਿਛਾਂਹ ਮੋੜਦੇ ਹਨ। ਉਹ ਗੁਰਬਾਣੀ ਦੇ ਆਸ਼ਾਵਾਦੀ ਤੇ ਚੜ੍ਹਦੀ ਕਲਾ ਵਾਲੇ ਉਪਦੇਸ਼ ਦੀ ਅਵਹੇਲਣਾ ਕਰਦੇ ਹਨ। ਉਨ੍ਹਾਂ ਦਾ ਸਿਧਾਂਤ ਦੂਜਿਆਂ ਨੂੰ ਰੋਕ ਕੇ ਰੱਖਣ ਲਈ ਹਮੇਸ਼ਾ ਖਿਝਣਾ ਤੇ ਛੋਟੇ ਦਿਖਾਉਣਾ ਹੁੰਦਾ ਹੈ। ਇਹ ਦੂਜਿਆਂ ਦੀ ਖੁਸ਼ੀ, ਏਕਤਾ ਤੇ ਪ੍ਰਗਤੀ ਦੇਖ ਕੇ ਜਰ ਨਹੀਂ ਸਕਦੇ, ਪਰ ਉਨ੍ਹਾਂ ਦਾ ਦੁੱਖ, ਕਲੇਸ਼ ਤੇ ਪਤਨ ਦੇਖ ਕੇ ਮਨੋਂ ਖੁਸ਼ ਹੁੰਦੇ ਹਨ। ਇਹ ਪੁੱਠੀ ਸੋਚ ਦੇ ਧਾਰਨੀ ਇਕ ਤਰ੍ਹਾਂ ਨਾਲ ਮਾਨਸਿਕ ਰੋਗੀ ਹੁੰਦੇ ਹਨ। ਹਾਉਲੀ ਬਿਨਾ ਲੈਬ-ਟੈਸਟ, ਐਕਸਰੇ ਤੇ ਆਪਰੇਸ਼ਨ ਕੀਤਿਆਂ ਦੋ ਖੁਰਾਕਾਂ ਵਿਚ ਹੀ ਇਨ੍ਹਾਂ ਦੀ ਸੋਚ ਦੀ ਦਿਸ਼ਾ ਮੋੜ ਕੇ ਸਿੱਧਾ ਕਰਨ ਦੀ ਸਮਰੱਥਾ ਰੱਖਦੀ ਹੈ।

ਪਿੱਛੇ ਪੰਜਾਬ ਵਿਚ ਅਤੇ ਹੁਣ ਜਿੱਥੇ ਕਿਤੇ ਵੀ ਪੰਜਾਬੀ ਵਸਦੇ ਹਨ, ਉੱਥੇ ਨਜ਼ਰ ਦਾ ਵਹਿਮ ਆਮ ਪ੍ਰਚੱਲਤ ਹੈ। ਇਸ ਅਨੁਸਾਰ ਸਮਾਜ ਵਿਚ ਕਈ ਭੈੜੇ ਵਿਅਕਤੀ ਵਸਦੇ ਹਨ, ਜਿਨ੍ਹਾਂ ਦੀ ਨਜ਼ਰ ਮਾੜੀ ਮੰਨੀ ਜਾਂਦੀ ਹੈ। ਜਿਸ ਚੀਜ਼ ਉਤੇ ਇਹ ਪੈ ਜਾਵੇ, ਉਹ ਖਰਾਬ ਹੋ ਜਾਂਦੀ ਹੈ ਜਾਂ ਟੁੱਟ ਭੱਜ ਜਾਂਦੀ ਹੈ। ਇਸ ਲਈ ਉਹ ਆਪਣੀ ਹਰ ਇਕ ਪਸੰਦੀਦਾ ਚੀਜ਼ ਨੂੰ, ਖਾਸ ਕਰਕੇ ਨਵੀਂ ਖਰੀਦੀ ਜਾਂ ਬਣਵਾਈ ਚੀਜ਼ ਨੂੰ, ਢਕ ਕੇ ਰੱਖਦੇ ਹਨ। ਜੇ ਉਹ ਚੀਜ਼ ਵੱਡੀ ਹੋਵੇ ਤੇ ਢਕੀ ਨਾ ਜਾ ਸਕੇ ਤਾਂ ਉਸ ਤੇ ਕਾਲਾ ਟਿੱਕਾ, ਮਿਰਚਾਂ, ਜੁੱਤੀ ਜਾਂ ਡਰਾਉਣੀ ਫੋਟੋ ਟੰਗ ਦਿੰਦੇ ਹਨ ਤਾਂ ਜੋ ਭੈੜੀ ਨਿਗਾਹ ਉਸ ਨੂੰ ਦੇਖਣ ਤੋਂ ਪਹਿਲਾਂ ਹੀ ਉਸ 'ਤੇ ਟੰਗੀ ਬਦਸੂਰਤ ਚੀਜ਼ ਨਾਲ ਟਕਰਾ ਕੇ ਨਿਸ਼ਾਨੇ ਤੋਂ ਭਟਕ ਜਾਵੇ। ਇਸੇ ਲਈ ਚੰਗੀ ਫਸਲ, ਅਗੇਤੀ ਪਨੀਰੀ ਤੇ ਫਲਾਂ ਲੱਦੇ ਦਰਖਤਾਂ ਉੱਤੇ ਜੁੱਤੀ ਲਟਕਦੀ ਦਿਖਾਈ ਦਿੰਦੀ ਹੈ। ਚੰਗੇ, ਵੱਡੇ ਤੇ ਨਵੇਂ ਮਕਾਨਾਂ ਤੇ ਨਜ਼ਰ-ਬੱਟੂ ਟੰਗਿਆ ਹੁੰਦਾ ਹੈ। ਸੁੰਦਰ ਬੱਚਿਆਂ ਨੂੰ ਬਾਹਰ ਕੱਢਣ ਵੇਲੇ ਉਨ੍ਹਾਂ ਦੇ ਚਿਹਰੇ 'ਤੇ ਕਾਲਾ ਟਿੱਕਾ ਲਾਇਆ ਜਾਂਦਾ ਹੈ। ਇਸ ਨਜ਼ਰ ਦੇ ਵਹਿਮ ਪਿੱਛੇ ਵੀ ਨਫਰਤ ਛੁਪੀ ਹੁੰਦੀ ਹੈ।

ਜਿਨ੍ਹਾਂ ਵਿਅਕਤੀਆਂ ਦੀ ਨਜ਼ਰ ਮਾੜੀ ਤੇ ਖਤਰਨਾਕ ਸਮਝੀ ਜਾਂਦੀ ਹੈ, ਉਹ ਅਕਾਰਨ ਘ੍ਰਿਣਾ ਕਰਨ ਵਾਲੇ ਹੀ ਹੁੰਦੇ ਹਨ। ਇਹ ਓਹੀ ਲੋਕ ਹੁੰਦੇ ਹਨ, ਜਿਨ੍ਹਾਂ ਨੂੰ ਭੈੜਾ ਸਮਝ ਕੇ ਲੋਕ ਉਨ੍ਹਾਂ ਦੀ ਬਦਨੀਅਤੀ ਨਜ਼ਰ ਦਾ ਸਵਾਗਤ ਨਜ਼ਰ-ਬੱਟੂਆਂ ਤੇ ਕਾਲੇ ਟਿੱਕਿਆਂ ਨਾਲ ਕਰਦੇ ਹਨ। ਇਹ ਉਹੀ ਲੋਕ ਹੁੰਦੇ ਹਨ, ਜੋ ਲਾਗ ਡਾਟ ਕਾਰਨ ਉਨ੍ਹਾਂ ਬਾਰੇ ਬੁਰੀ ਰਾਏ ਫੈਲਾਉਂਦੇ ਹਨ। ਇਹ ਸੈਮੀਨਾਰਾਂ ਤੇ ਕਾਨਫਰੰਸਾਂ ਵਿਚ ਦੂਜਿਆਂ ਦੀਆਂ ਲੱਤਾਂ ਖਿੱਚਦੇ ਹਨ ਤੇ ਉਨ੍ਹਾਂ ਦੀਆਂ ਰਚਨਾਵਾਂ ਦੇ ਘਟੀਆਂ ਰਿਵਿਊ ਲਿਖਦੇ ਹਨ। ਨਫਰਤ ਦੇ ਮਾਰੇ ਇਹ ਲੋਕ ਦੂਜਿਆਂ ਦੇ ਚਲਦੇ ਕੰਮ ਰੁਕਵਾਉਂਦੇ ਹਨ, ਅਰਜ਼ੀਆਂ ਰੱਦ ਕਰਵਾਉਂਦੇ ਹਨ ਤੇ ਝੂਠੇ ਕੇਸ ਬਣਵਾਉਂਦੇ ਹਨ। ਇਹ ਉਹੀ ਨਫਰਤੀ ਲੋਕ ਹੁੰਦੇ ਹਨ, ਜੋ ਮਿੱਤਰ ਬਣ ਕੇ ਝੂਠੀਆਂ ਸਲਾਹਾਂ ਦਿੰਦੇ ਹਨ, ਦੂਜਿਆਂ ਦੇ ਹੁੰਦੇ ਰਿਸ਼ਤਿਆਂ 'ਤੇ ਭਾਨੀ ਮਾਰਦੇ ਹਨ, ਖੜ੍ਹੀਆਂ ਫਸਲਾਂ ਨੂੰ ਅੱਗ ਲਾਉਂਦੇ ਹਨ ਤੇ ਫਿਰੌਤੀਆਂ ਦੇ ਕੇ ਬੰਦੇ ਮਰਵਾਉਂਦੇ ਹਨ। ਇਹ ਸ਼ੱਕ ਤੇ ਘ੍ਰਿਣਾ ਕਾਰਨ ਕਿਸੇ ਨੂੰ ਕੋਈ ਵੀ ਨੁਕਸਾਨ ਪਹੁੰਚਾਉਣ ਤੀਕ ਜਾਂਦੇ ਹਨ।

ਪਤਾ ਨਹੀਂ ਨਜ਼ਰ-ਬੱਟੂ ਜਾਂ ਤਾਵੀਜ਼ ਇਨ੍ਹਾਂ ਨੂੰ ਰੋਕਣ ਲਈ ਕੋਈ ਕੰਮ ਕਰਦੇ ਹਨ ਜਾਂ ਨਹੀਂ, ਪਰ ਫੁੱਲ ਦਵਾਈ ਹਾਉਲੀ ਜਰੂਰ ਇਨ੍ਹਾਂ ਦੀ ਪੁੱਠੀ ਸੋਚ ਨੂੰ ਸਿੱਧਾ ਕਰ ਸਕਦੀ ਹੈ। ਇਸ ਦੀਆਂ ਕੁਝ ਕੁ ਖੁਰਾਕਾਂ ਹੀ ਉਨ੍ਹਾਂ ਦੀ ਭਟਕੀ ਮਾਨਸਿਕਤਾ ਨੂੰ ਸ਼ਾਂਤ ਕਰ ਕੇ ਅੱਛੇ ਇਨਸਾਨ ਬਣਾ ਸਕਦੀਆਂ ਹਨ। ਅਜਿਹੇ ਮਨੁੱਖ ਫਿਰ ਈਰਖਾ ਛੱਡ ਕੇ ਦੂਜਿਆਂ ਦੀਆਂ ਭਾਵਨਾਵਾਂ ਨੂੰ ਸਮਝਣ ਲੱਗ ਪੈਂਦੇ ਹਨ। ਉਹ ਦੁੱਖ ਸੁੱਖ ਸਮੇਂ ਉਨ੍ਹਾਂ ਨਾਲ ਖੜ੍ਹਨ ਲੱਗਦੇ ਹਨ ਤੇ ਉਨ੍ਹਾਂ ਦੀ ਯਥਾਯੋਗ ਮਦਦ ਕਰਨਾ ਸ਼ੁਰੂ ਕਰ ਦਿੰਦੇ ਹਨ।

ਡਾ. ਕਾਰਨੇਲੀਆ ਰਿਚਰਡਸਨ ਹਾਉਲੀ ਨੂੰ ਉਨ੍ਹਾਂ ਰੋਗੀਆਂ ਦੀ ਮਾਨਸਿਕਤਾ ਨਾਲ ਜੋੜਦੇ ਹਨ, ਜੋ ਪ੍ਰਸਥਿਤੀਆਂ ਜਾਂ ਦੂਜੇ ਬੰਦਿਆਂ ਪ੍ਰਤੀ ਆਮ ਲੋਕਾਂ ਨਾਲੋਂ ਵਧੇਰੇ ਸੰਵੇਦਨਸ਼ੀਲ ਹੁੰਦੇ ਹਨ। ਉਹ ਕੁਝ ਹਾਲਾਤਾਂ ਵਿਚ ਦੂਜੇ ਬੰਦਿਆਂ ਤੋਂ ਇੰਨਾ ਖਤਰਾ ਮਹਿਸੂਸ ਕਰਦੇ ਹਨ ਕਿ ਕੁਝ ਵਾਪਰਨ ਤੋਂ ਪਹਿਲਾਂ ਹੀ ਆਪਣਾ ਸੁਰੱਖਿਆ ਬਾਣ ਚਲਾ ਦਿੰਦੇ ਹਨ। ਇਸ ਲਈ ਉਹ ਸ਼ੱਕ, ਈਰਖਾ ਤੇ ਹਿੰਸਾ 'ਤੇ ਉਤਾਰੂ ਹੋ ਜਾਂਦੇ ਹਨ ਅਤੇ ਇਨ੍ਹਾਂ ਰਾਹੀਂ ਆਪਣੇ ਹਿਤ ਦਾ ਬਚਾਓ ਕਰਨ ਲੱਗ ਜਾਂਦੇ ਹਨ। ਇਉਂ ਕਹੋ ਕਿ ਇਨ੍ਹਾਂ ਦੀ ਸ਼ਹਿਨਸ਼ਕਤੀ ਜਾਂ ਭਿੜਨ ਸ਼ਕਤੀ ਦਾ ਬਿੰਦੂ ਬੜਾ ਨੀਂਵਾਂ ਝੁਕਿਆ ਹੁੰਦਾ ਹੈ ਤੇ ਹਰ ਛੋਟੀ-ਵੱਡੀ ਸੰਵੇਦਨਾ ਇਸ ਤੀਕ ਪਹੁੰਚ ਕੇ ਆਸਾਨੀ ਨਾਲ ਖਤਰੇ ਦੀ ਘੰਟੀ ਦਬਾ ਸਕਦੀ ਹੈ। ਹਾਉਲੀ ਦੀਆਂ ਕੁਝ ਖੁਰਾਕਾਂ ਹੀ ਉਨ੍ਹਾਂ ਦੀ ਸੰਵੇਦਨਸ਼ੀਲਤਾ ਦੇ ਬਿੰਦੂ ਨੂੰ ਉੱਪਰ ਚੁਕ ਦਿੰਦੀਆਂ ਹਨ ਤੇ ਉਹ ਬਹੁਤ ਸਾਰੇ ਢਾਹੂ ਵਿਚਾਰਾਂ ਤੋਂ ਬਚ ਜਾਂਦੇ ਹਨ।

ਡਾ. ਕਾਰਨੇਲੀਆ ਅਨੁਸਾਰ ਇਹ ਫੁੱਲ ਦਵਾਈ ਨਾ ਸਿਰਫ ਸੁਭਾਵਿਕ ਉਲਾਰਾਂ ਨੂੰ ਠੀਕ ਕਰਦੀ ਹੈ, ਸਗੋਂ ਨੀਮ ਪਾਗਲਪਣ ਦੇ ਉਨ੍ਹਾਂ ਦੌਰਿਆਂ ਲਈ ਵੀ ਲਾਭਦਾਇਕ ਸਾਬਤ ਹੁੰਦੀ ਹੈ, ਜਿਨ੍ਹਾਂ ਵਿਚ ਬੀਮਾਰ ਝੱਲਪੁਣੇ ਵਿਚ ਬੇਵਸ ਹੋ ਕੇ ਆਪਣੇ ਮਨਸੂਬੇ ਈਰਖਾ ਤੇ ਹਿੰਸਾ ਨਾਲ ਪੂਰੇ ਕਰਨ ਲਗਦਾ ਹੈ।

ਅਜਿਹੇ ਬਿਮਾਰ ਨਰ-ਨਾਰੀਆਂ ਦੀਆਂ ਮਿਸਾਲਾਂ ਸਮਾਜ ਵਿਚ ਥਾਂ ਥਾਂ ਮਿਲਦੀਆਂ ਹਨ ਤੇ ਅਖਬਾਰਾਂ ਵਿਚ ਹਰ ਰੋਜ਼ ਛਪਦੀਆਂ ਹਨ। ਕੋਈ ਸਿਰ-ਫਿਰਿਆ ਆਪਣੇ ਪੜੋਸੀ ਨਾਲ ਕਿਸੇ ਸ਼ੱਕ ਜਾਂ ਕੁੜੱਤਣ ਦੀ ਕਿੜ ਕੱਢਣ ਲਈ ਉਸ ਦੇ ਬੱਚੇ ਦਾ ਅਪਹਰਣ ਕਰਵਾ ਦਿੰਦਾ ਹੈ। ਕੋਈ ਕਿਸੇ ਦੀ ਵਪਾਰਕ ਤਰੱਕੀ ਜਾਂ ਪਰਿਵਾਰਕ ਖੁਸ਼ਹਾਲੀ ਨਾ ਜਰਦਾ ਹੋਇਆ ਪਹਿਲਾਂ ਉਸ ਨੂੰ ਸ਼ਰਾਬ ਪਿਲਾ ਕੇ ਬੇਹੋਸ਼ ਕਰਦਾ ਹੈ ਤੇ ਫਿਰ ਮਾਰ ਮੁਕਾਉਂਦਾ ਹੈ। ਕੋਈ ਖਿਝਿਆ ਆਸ਼ਕ ਆਪਣੀ ਮਹਿਬੂਬਾ ਵਲੋਂ ਸ਼ਾਦੀ ਦੀ ਪੇਸ਼ਕਸ਼ ਨਾਮਨਜ਼ੂਰ ਕਰ ਦੇਣ ਕਾਰਨ ਉਸ ਉੱਤੇ ਤੇਜ਼ਾਬ ਸੁੱਟ ਦਿੰਦਾ ਹੈ। ਕੋਈ ਕਿਸੇ ਦੇ ਵਿਦੇਸ਼ ਜਾਣ ਦੀ ਈਰਖਾ ਵਿਚ ਮੱਚਦਾ ਉਸ ਦੇ ਪਾਸਪੋਰਟ ਦੀ ਪੁਲਿਸ ਰਿਪੋਰਟ ਗਲਤ ਕਰਵਾ ਦਿੰਦਾ ਹੈ। ਅਜਿਹੇ ਲੋਕ ਬਿਨਾ ਕਿਸੇ ਵਾਜਬ ਵਜ੍ਹਾ ਦੇ ਪੁੱਠੇ ਕਾਰੇ ਕਰਦੇ ਰਹਿੰਦੇ ਹਨ, ਜਿਨ੍ਹਾਂ ਦਾ ਕਿਸੇ ਨੂੰ ਕੋਈ ਲਾਭ ਨਹੀਂ ਹੁੰਦਾ। ਨਾ ਸਿਰਫ ਉਹ ਦੂਜਿਆਂ ਨੂੰ ਸਹੀ ਕੰਮ ਕਰਨ ਤੋਂ ਰੋਕਦੇ ਹਨ, ਸਗੋਂ ਆਪਣਾ ਵੀ ਨੁਕਸਾਨ ਕਰਦੇ ਹਨ। ਇਹ ਲੋਕ ਆਮ ਮਾੜੇ ਸੁਭਾਅ ਦੇ ਸਮਝ ਕੇ ਅਣਗੌਲੇ ਨਹੀਂ ਕਰ ਦੇਣੇ ਚਾਹੀਦੇ। ਇਹ ਬਿਮਾਰ ਮਾਨਸਿਕਤਾ ਵਾਲੇ ਹੁੰਦੇ ਹਨ, ਜੋ ਸਮਾਂ ਆਉਣ

(ਬਾਕੀ ਅਗਲੇ ਸਫੇ 'ਤੇ)

# ਨਵੀਂ ਪੀੜ੍ਹੀ ਦੇ ਹੱਥ ਜਗਦੀ ਮਸ਼ਾਲ ਦੇ ਕੇ ਤੁਰ ਗਿਆ ਸਾਥੀ

ਆਖਿਰ ਉਹੀ ਹੋਇਆ, ਜਿਸ ਦਾ ਡਰ ਮੇਰੇ ਮਨ ਵਿਚ ਪਿਛਲੇ ਡੇਢ ਕੁ ਮਹੀਨੇ ਤੋਂ ਬੈਠਿਆ ਹੋਇਆ ਸੀ। ਐਤਵਾਰ ਵਾਲੇ ਦਿਨ ਸਵੇਰੇ ਹੀ ਜਦੋਂ ਵ੍ਹੱਟਸਐਪ 'ਤੇ ਸੰਦੀਪ ਦਾਖਾ ਦਾ ਮੈਸੇਜ ਵੇਖਿਆ ਤਾਂ ਮਨ ਦਹਿਲ ਜਿਹਾ ਗਿਆ। ਲੋਕ ਸ਼ਾਇਰ ਮਹਿੰਦਰ ਸਾਥੀ ਦੇ ਬਿਮਾਰ ਹੋਣ ਤੇ ਸੰਦੀਪ ਵਲੋਂ ਉਸ ਨੂੰ ਆਪਣੇ ਕੋਲ ਲੈ ਜਾਣ ਦੀਆਂ ਗੱਲਾਂ ਰਾਤੀਂ ਪਰਿਵਾਰ ਵਿਚ ਹੋਈਆਂ ਸਨ ਕਿ ਸਵੇਰੇ ਹੀ ਉਸ ਦੇ ਇਸ ਰੰਗਲੀ ਦੁਨੀਆਂ ਤੋਂ ਤੁਰ ਜਾਣ ਦਾ ਸੁਨੇਹਾ ਆ ਗਿਆ। "ਮਸ਼ਾਲਾਂ ਬਾਲ ਕੇ ਚੱਲਣਾ...ਜਦੋਂ ਤੱਕ ਰਾਤ ਬਾਕੀ ਹੈ" ਵਰਗੇ ਇਨਕਲਾਬੀ ਰਾਸ਼ਟਰੀ ਗਾਣੇ ਲਿਖਣ ਵਾਲੇ ਇਸ ਅਣਖੀਲੇ ਲੇਖਕ ਨਾਲ ਡੇਢ ਮਹਿਨੇ ਪਹਿਲਾਂ ਹੋਈ ਮੁਲਾਕਾਤ ਸਮੇਂ ਹੀ ਇਸ ਗੱਲ ਦਾ ਅਹਿਸਾਸ ਤਾਂ ਹੋ ਗਿਆ ਸੀ ਕਿ ਉਹ ਸਾਡੇ ਕੋਲੋਂ ਵਿਦਾ ਹੋਣ ਲਈ ਮਾਨਸਿਕ ਰੂਪ



**ਨਿਰੰਜਣ ਬੋਹਾ, ਮਾਨਸਾ**
**ਫੋਨ: 91-89682-82700**

ਵਿਚ ਤਿਆਰੀ ਕਰ ਰਿਹਾ ਹੈ, ਪਰ ਇਹ ਨਹੀਂ ਸੋਚਿਆ ਕਿ ਉਹ ਐਨੀ ਛੇਤੀ ਤੁਰ ਜਾਵੇਗਾ। ਭਾਵੇਂ ਉਹ ਆਪਣੇ ਅੰਤਿਮ ਸਵਾਸਾਂ ਤੱਕ ਮਾਰਕਸਵਾਦੀ ਫਲਸਫੇ ਨਾਲ ਆਪਣੀ ਪ੍ਰਤੀਬੱਧਤਾ ਨੂੰ ਪੂਰੀ ਤਨਦੇਹੀ ਨਾਲ ਨਿਭਾਉਂਦਾ ਹੀ ਰਿਹਾ ਹੈ, ਪਰ ਮੇਰੀ ਮੋਗਾ ਫੇਰੀ ਸਮੇਂ ਮੈਨੂੰ ਉਸ ਦੀ ਆਵਾਜ਼ 'ਚੋਂ ਪਹਿਲਾਂ ਵਾਲੀ ਗੜਕ ਵਿਖਾਈ ਨਹੀਂ ਸੀ ਦਿੱਤੀ।

"ਬੋਹੇ ਯਾਰ ਹੁਣ ਤਾਂ ਮੈਨੂੰ ਇਕੱਲ ਨੇ ਹੀ ਖਾ ਜਾਣਾ ਹੈ, ਉਚਾਟ ਜਿਹਾ ਰਹਿਣ ਲੱਗ ਪਿਆ ਹੈ ਮਨ...।" ਸਾਥੀ ਦੇ ਇਨ੍ਹਾਂ ਬੋਲਾਂ ਨੂੰ ਮੈਂ ਉਸ ਦੇ ਸਾਹਮਣੇ ਤਾਂ ਹੱਸ ਕੇ ਟਾਲ ਦਿੱਤਾ ਸੀ, ਪਰ ਅੰਦਰੋਂ ਮੈਂ ਪੂਰੀ ਤਰ੍ਹਾਂ ਝੰਜੋੜਿਆ ਗਿਆ ਸਾਂ। ਸੱਚ-ਮੁੱਚ ਉਹ ਜ਼ਿੰਦਗੀ ਦੇ ਆਖਰੀ ਸਾਲਾਂ ਵਿਚ ਇਕੱਲਾ ਪੈ ਗਿਆ ਸੀ। ਪਤਨੀ ਗੰਭੀਰ ਬਿਮਾਰੀ ਦੀ ਹਾਲਤ ਵਿਚ ਬੇਟੀ ਕੋਲ ਇਲਾਜ ਕਰਵਾ ਰਹੀ ਸੀ ਤੇ ਇਸ ਵੇਲੇ ਉਹ 86 ਸਾਲ ਦੀ ਉਮਰ ਵਿਚ ਆਪਣੇ ਘਰ ਵਿਚ ਆਪਣੇ ਨਾਲ ਹੀ ਗੱਲਾਂ ਕਰਕੇ ਵਕਤ ਗੁਜ਼ਾਰ ਰਿਹਾ ਸੀ। ਰਾਤ-ਬਰਾਤੇ ਕੋਈ ਦੁੱਖ ਤਕਲੀਫ ਹੋ ਜਾਵੇ ਤਾਂ ਕੀ ਕਰੇਗਾ ਬੰਦਾ! ਭਾਵੇਂ ਨਵੇਂ ਗਜ਼ਲਕਾਰ ਆਪਣੇ ਸ਼ੇਅਰਾਂ ਵਿਚ ਸੋਧ-ਸੁਧਾਈ ਲਈ ਉਸ ਕੋਲੋਂ ਆਉਂਦੇ-ਜਾਂਦੇ ਰਹਿੰਦੇ ਤੇ ਉਸ ਦੀ ਸੇਵਾ ਸੰਭਾਲ ਕਰਕੇ ਉਸ ਨੂੰ ਕੁਝ ਸਮੇਂ ਲਈ ਇਕੱਲ ਦੇ ਅਹਿਸਾਸ ਤੋਂ ਮੁਕਤ ਕਰਾਉਣ ਦੀ ਕੋਸ਼ਿਸ਼ ਵੀ ਕਰਦੇ, ਪਰ ਜਦੋਂ ਉਹ ਚਲੇ ਜਾਂਦੇ ਤਾਂ ਉਹ ਤੇ ਉਸ ਦੀ ਤਨਹਾਈ ਫਿਰ ਇਕ ਦੂਜੇ ਦੇ ਗਲ ਲੱਗ ਕੇ ਢਾਰਸ ਦੇਣ ਲੱਗਦੇ।

ਬੱਸ ਗਿਣਤੀ ਦੇ ਲੇਖਕ ਹੀ ਨੇ, ਜੋ ਉਸ ਵਾਂਗ ਸਾਰੀ ਉਮਰ ਵਿਚਾਰਧਾਰਕ ਪ੍ਰਤੀਬੱਧਤਾ ਨਿਭਾਉਣ ਵਿਚ ਸਫਲ ਹੁੰਦੇ ਨੇ। ਤਿੰਨ ਕੁ ਸਾਲ ਪਹਿਲਾਂ ਉਸ ਦਾ ਫੋਨ ਆਇਆ ਤਾਂ ਉਸ ਹੱਸਦਿਆਂ ਦੱਸਿਆ ਸੀ, "ਇਸ ਤੋਂ ਵੱਧ ਆਪਣੇ ਖੱਬੇ ਪੱਖੀ ਹੋਣ ਦਾ ਕੀ ਸਬੂਤ ਹੋ ਸਕਦੈ ਕਿ ਮੇਰੇ ਸੱਜੇ ਕੰਨ ਨੇ ਸੁਣਨਾ ਹੀ ਬੰਦ ਕਰ ਦਿੱਤਾ ਹੈ ਤੇ ਹੁਣ ਸਿਰਫ ਮੇਰਾ ਖੱਬਾ ਕੰਨ ਹੀ ਸੁਣਦਾ ਹੈ। ਡੇਢ ਮਹੀਨਾ ਪਹਿਲੋਂ ਆਖਰੀ ਵਾਰ ਉਸ ਨੂੰ ਮਿਲਣ ਗਿਆ ਤਾਂ ਉਸ ਦਾ ਖੱਬਾ ਕੰਨ ਵੀ ਜੁਆਬ ਦਿੰਦਾ ਲੱਗਦਾ ਸੀ ਤੇ ਉਸ ਨੂੰ ਗੱਲ ਸਮਝਾਉਣ ਲਈ ਮੈਨੂੰ ਉੱਚੀ ਤੇ ਹਰ ਸ਼ਬਦ ਨੂੰ ਟਿਕਾ ਕੇ ਬੋਲਣਾ ਪੈ ਰਿਹਾ ਸੀ। ਉੱਚਾ ਸੁਣਨ ਦੇ ਰੋਗ ਨੇ ਵੀ ਉਸ ਨੂੰ ਇਕੱਲਿਆਂ ਪਾਉਣ ਵਿਚ ਕੋਈ ਕਸਰ ਬਾਕੀ ਨਹੀਂ ਸੀ ਛੱਡੀ। ਪਹਿਲਾਂ ਉਹ ਸਾਹਿਤਕ ਮੀਟਿੰਗਾਂ ਤੇ ਸਮਾਗਮਾਂ 'ਤੇ ਚਲਾ ਜਾਂਦਾ ਸੀ, ਪਰ ਹੁਣ ਉਸ ਦੇ ਉੱਚਾ ਸੁਣਨ ਦੀ ਬਿਮਾਰੀ ਕਈ ਵਾਰ ਉਸ ਨੂੰ ਮਜ਼ਾਕ ਦਾ ਪਾਤਰ ਬਣਾ ਦਿੰਦੀ ਸੀ, ਇਸ ਲਈ ਉਸ ਨੇ ਘਰ ਤੋਂ ਬਾਹਰ ਜਾਣਾ ਵੀ ਲਗਭਗ ਛੱਡ ਦਿੱਤਾ।

ਉਸ ਕੋਲ ਆਪਣੀ ਇਕੱਲ ਦੂਰ ਕਰਨ ਲਈ ਸਿਰਫ ਕਿਤਾਬਾਂ ਦਾ ਸਾਥ ਰਹਿ ਗਿਆ। ਉਸ ਨੂੰ ਪਤਾ ਸੀ ਕਿ ਉਸ ਤੋਂ ਬਾਅਦ ਉਸ ਦੀਆਂ ਕਿਤਾਬਾਂ ਦੀ ਕਿਸੇ ਨੇ ਸੰਭਾਲ ਨਹੀਂ ਕਰਨੀ, ਇਸ ਲਈ ਉਸ ਨੇ ਕੁਝ ਚੋਣਵੀਆਂ ਕਿਤਾਬਾਂ ਆਪਣੇ ਪੜ੍ਹਣ ਲਈ ਰੱਖ ਕੇ ਬਾਕੀ ਦੀਆਂ ਦੋਸਤਾਂ ਨੂੰ ਵੰਡ ਦਿੱਤੀਆਂ। ਜਿਹੜਾ ਵੀ ਲੇਖਕ ਉਸ ਨੂੰ ਮਿਲਣ ਆਉਂਦਾ, ਆਪਣੇ ਤੁਰ ਜਾਣ ਦੀ ਤਿਆਰੀ ਦੇ ਸੰਕੇਤ ਵਜੋਂ ਉਹ ਉਸ ਨੂੰ ਉਸ ਦੇ ਪਸੰਦ ਦੀਆਂ ਕਿਤਾਬਾਂ ਲੈ ਕੇ ਜਾਣ ਦੀ ਗੱਲ ਆਖਦਾ। ਉਸ ਦੀ ਸਾਰੀ ਉਮਰ ਦੀ ਕਮਾਈ ਤੇ ਜਾਇਦਾਦ ਤਾਂ ਇਹੀ ਕਿਤਾਬਾਂ ਹੀ ਸਨ ਤੇ ਆਪਣੇ ਜਾਣ ਤੋਂ ਪਹਿਲਾਂ ਉਹ ਆਪਣੀ ਇਸ ਕਮਾਈ ਨੂੰ ਕਦਰਦਾਨ ਹੱਥਾਂ ਵਿਚ ਸੌਂਪਣਾ ਚਾਹੁੰਦਾ ਸੀ। ਇਕੱਲ ਦਾ ਅਹਿਸਾਸ ਹਢਾਉਂਦਿਆਂ ਕਈ ਵਾਰ ਕਿਤਾਬਾਂ ਵੀ ਉਸ ਨੂੰ ਢਾਰਸ ਦੇਣ ਤੋਂ ਇਨਕਾਰੀ ਹੋ ਜਾਂਦੀਆਂ। ਸਿਰਫ ਵਕਤ ਕਟੀ ਲਈ ਕਿਤਾਬਾਂ ਦਾ ਪਾਠ ਵੀ ਕਈ ਵਾਰ ਅਕਾਊ ਜਿਹਾ ਕਾਰਜ ਬਣ ਜਾਂਦਾ ਹੈ। ਉਸ ਨਾਲ ਹੋਈ ਆਖਰੀ ਮੁਲਾਕਾਤ ਵੇਲੇ ਦੇ ਇਹ ਬੋਲ ਮੈਨੂੰ ਕਦੇ ਨਹੀਂ ਭੁੱਲਣਗੇ, "ਕਿਤਾਬਾਂ ਦੇ ਪਾਠ ਵਿਚੋਂ ਵੀ ਉਸ ਵੇਲੇ ਵਧੇਰੇ ਰਸ ਆਉਂਦਾ ਹੈ, ਜਦੋਂ ਬੰਦੇ ਨੂੰ ਆਪਣੇ ਭਵਿੱਖ ਦੇ ਹੋਰ ਚੰਗੇ ਹੋਣ ਦੀ ਆਸ ਹੋਵੇ...ਕਿਤਾਬਾਂ ਵੀ ਕੋਈ ਕਿੰਨਾ ਕੁ ਚਿਰ ਪੜ੍ਹ ਸਕਦਾ ਹੈ।" ਜੁਆਨੀ ਵੇਲੇ ਦੀ



ਫੋਟੋ ਨੂੰ ਆਪਣੇ ਹੱਥ ਵਿਚ ਫੜ ਕੇ ਆਪਣੇ ਅਤੀਤ ਨਾਲ ਜੁੜਨ ਦੀ ਕੋਸ਼ਿਸ਼ ਕਰਦਾ ਸੀ ਉਹ, ਪਰ ਵਰਤਮਾਨ ਦਾ ਯਥਾਰਥ ਉਸ ਨੂੰ ਫਿਰ ਅਹਿਸਾਸ ਕਰਾਉਣ ਲੱਗਦਾ ਸੀ ਕਿ ਉਹ ਇਕੱਲਾ ਹੈ ਤੇ ਇਹ ਇਕੱਲ ਹੁਣ ਅੰਤਲੇ ਸਾਹਾਂ ਤੱਕ ਤੋੜ ਉਸ ਨੂੰ ਭੋਗਣੀ ਹੀ ਪਵੇਗੀ।

ਮੋਗਾ ਤੋਂ ਵਾਪਸੀ 'ਤੇ ਮੈਂ ਆਪਣੀ ਫੇਸਬੁੱਕ 'ਤੇ 'ਸਾਥੀ ਉਦਾਸ ਤੇ ਇਕੱਲਾ ਹੈ' ਲਿਖ ਕੇ ਪੋਸਟ ਵੀ ਪਾਈ ਤੇ ਇਸ ਸਿਰਲੇਖ ਹੇਠ ਇਕ ਪੰਜਾਬੀ ਅਖਬਾਰ ਵਿਚ ਲੇਖ ਵੀ ਛਪਵਾਇਆ। ਲੇਖ ਪੜ੍ਹ ਕੇ ਸੰਦੀਪ ਦਾਖੇ ਦਾ ਫੋਨ ਆਇਆ ਕਿ ਮੈਂ ਸਾਥੀ ਹੁਰਾਂ ਆਪਣੇ ਬਾਪ ਤੋਂ ਵੀ ਵੱਧ ਕਦਰ ਕਰਦਾ ਹਾਂ। ਮੈਂ ਉਨ੍ਹਾਂ ਨੂੰ ਕਈ ਵਾਰ ਮੇਰੇ ਕੋਲ ਕੀਰਤਪੁਰ ਆ ਕੇ ਰਹਿਣ ਦੀ ਬੇਨਤੀ ਕਰ ਚੁਕਾਂ, ਪਰ ਉਹ ਟਾਲ ਮਟੋਲ ਕਰ ਦਿੰਦੇ ਹਨ। ਤੁਸੀਂ ਉਨ੍ਹਾਂ ਨੂੰ ਮਨਾ ਕੇ ਵੇਖੋ, ਮੈਂ ਉਨ੍ਹਾਂ ਨੂੰ ਲੈਣ ਲਈ ਕਾਰ ਭੇਜ ਦਿੰਦਾ ਹਾਂ। ਮੈਂ ਸਾਥੀ ਨਾਲ ਗੱਲ ਕੀਤੀ ਤੇ ਉਹ ਮੰਨ ਵੀ ਗਿਆ। ਕਹਾਣੀਕਾਰ ਅਤਰਜੀਤ ਨੇ ਵੀ ਮੈਨੂੰ ਕਿਹਾ ਕਿ ਜੇ ਉਹ ਬਠਿੰਡੇ ਆ ਸਕਦੇ ਹਨ ਤਾਂ ਮੈਂ ਉਨ੍ਹਾਂ ਦੀ ਸੇਵਾ ਸੰਭਾਲ ਵਿਚ ਕੋਈ ਕਸਰ ਬਾਕੀ ਨਹੀਂ ਰੱਖਾਂਗਾ; ਪਰ ਉਸ ਦਾ ਮਨ ਉਸ ਨਾਲ ਰੂਹ ਤੋਂ ਜੁੜੇ ਮੂੰਹ ਬੋਲੇ ਬੇਟੇ ਸੰਦੀਪ ਕੋਲ ਜਾਣ ਦਾ ਹੀ ਸੀ।

ਸੰਦੀਪ ਦੇ ਨਾਲ ਨਾਲ ਸ਼ਲਾਘਾ ਕਰਨੀ ਬਣਦੀ ਹੈ, ਅਫਸਰ ਲੇਖਕ ਗੁਰਮੀਤ ਕੜਿਆਲਵੀ, ਅਮਰ ਸੂਫੀ, ਰਣਜੀਤ ਸਰਾਂਵਾਲੀ, ਧਾਮੀ ਗਿੱਲ, ਮੁਰੀਦ ਸੰਧੂ, ਗੁਰਪ੍ਰੀਤ ਸਿੰਘ ਤੇ ਮੋਗੇ ਦੇ ਹੋਰ ਲੇਖਕਾਂ ਦੀ, ਜੋ ਆਪਣੇ ਵਿਚਾਰਧਾਰਕ ਸਾਥੀ ਦੇ ਸਾਹਾਂ ਦੀ ਡੋਰ ਨੂੰ ਲੰਮਾ ਖਿਚਣ ਲਈ ਉਸ ਦੇ ਆਖਰੀ ਸਾਹ ਤਕ ਲੜਦੇ ਰਹੇ। ਉਸ ਦੇ ਲੇਖਕ ਦੋਸਤਾਂ ਨੇ ਨਾ ਪੈਸੇ ਦੀ ਪ੍ਰਵਾਹ ਕੀਤੀ ਤੇ ਨਾ ਕਰੋਨਾ ਮਹਾਮਾਰੀ ਦੀ, ਸਗੋਂ ਜੀਅ ਜਾਨ ਨਾਲ ਉਸ ਦੀ ਸੰਭਾਲ ਵਿਚ ਜੁਟੇ ਰਹੇ। ਸੰਦੀਪ ਦਾਖਾ ਨਾਲ ਖੂਨ ਦਾ ਰਿਸ਼ਤਾ ਨਾ ਹੋਣ 'ਤੇ ਵੀ ਉਸ ਨੇ ਇਸ ਵਿਚਾਰਧਾਰਕ ਰਿਸ਼ਤੇ ਨੂੰ ਉਸ ਸ਼ਿੱਦਤ ਨਾਲ ਨਿਭਾਇਆ, ਜੋ ਸ਼ਾਇਦ ਖੂਨ ਦੇ ਰਿਸ਼ਤੇ ਵਾਲਾ ਸਕਾ ਪੁੱਤਰ ਵੀ ਨਾ ਨਿਭਾਅ ਸਕੇ।

ਸਾਥੀ ਨੇ ਆਪਣੀ ਜ਼ਿੰਦਗੀ ਵਿਚ ਮਾੜੇ ਤੋਂ ਮਾੜੇ ਸਮੇਂ ਵੇਖੇ ਸਨ। ਕਿਸੇ ਸਮੇਂ ਉਸ ਦੀਆਂ ਫੌਲਾਦੀ ਬਾਹਾਂ ਨੇ ਕਾਰਖਾਨਿਆਂ ਵਿਚ ਕਰੜੀ ਮੁਸ਼ੱਕਤ ਕੀਤੀ ਸੀ ਤੇ ਕੁਇੰਟਲਾਂ ਦੇ ਕੁਇੰਟਲ ਲੋਹਾ ਆਪਣੇ ਫੌਲਾਦੀ ਹੱਥਾਂ ਨਾਲ ਕੁੱਟਿਆ ਸੀ। ਉਹ ਲੋਕਾਂ ਲਈ ਜੇਲ੍ਹਾਂ ਵਿਚ ਹੀ ਗਿਆ ਹੈ ਤੇ ਪੁਲਿਸ ਦੇ ਅਣ-ਮਨੁੱਖੀ ਤਸੀਹੇ ਵੀ ਸਹਿਣ ਕੀਤੇ, ਪਰ ਸਾਰੀ ਜ਼ਿੰਦਗੀ ਨਾ ਤਾਂ ਉਹ ਆਪਣੇ ਅਸੂਲਾਂ ਤੋਂ ਥਿੜਕਿਆ ਤੇ ਨਾ ਹੀ ਕਦੇ ਲਚਕਦਾਰ ਨੀਤੀ ਅਪਨਾਈ। ਆਪਣੇ ਲੋਕ ਪੱਖੀ ਅਕੀਦਿਆਂ ਤੋਂ। ਥਿੜਕਿਆ ਤਾਂ ਉਹ ਆਪਣੀ ਉਮਰ ਦੇ ਆਖਰੀ ਸਾਲਾਂ ਵਿਚ ਵੀ ਨਹੀਂ ਸੀ, ਪਰ ਆਪਣੇ ਅੰਤਲੇ ਦਿਨਾਂ ਵਿਚ ਉਹ ਉਦਾਸ ਤੇ ਨਿਰਾਸ਼ ਜ਼ਰੂਰ ਸੀ ਕਿ ਸਾਰੀ ਉਮਰ ਦੀ ਲੋਕ ਘਾਲਣਾ ਦੇ ਬਦਲੇ ਉਸ ਦੀ ਆਖਰੀ ਉਮਰ ਦੇ ਹਿੱਸੇ ਇਕੱਲ ਤੇ ਉਦਾਸੀ ਹੀ ਆਈ ਹੈ। ਉਸ ਦੇ ਕਮਰੇ ਦੀ ਕੰਧ 'ਤੇ ਟੰਗੇ ਸਨਮਾਨ ਪੱਤਰ ਉਸ ਦੇ ਆਖਰੀ ਦਿਨਾਂ 'ਚ ਉਸ ਨੂੰ ਹੌਸਲਾ ਨਹੀਂ ਦਿੰਦੇ ਸਨ, ਸਗੋਂ ਇਹ ਸੋਚ ਕੇ ਉਹ ਹੋਰ ਵੀ ਉਦਾਸ ਹੋ ਜਾਂਦਾ ਸੀ ਕਿ ਮੇਰੇ ਤੁਰ ਜਾਣ ਪਿਛੋਂ ਇਹ ਕਾਗਜ਼ ਦੇ ਟੁਕੜੇ ਹੀ ਬਣ ਜਾਣਗੇ।

ਸਾਥੀ ਨਾਲ ਮੇਰਾ ਵਾਹ ਵਾਸਤਾ ਘੱਟੋ ਘੱਟ ਚਾਰ ਦਹਾਕੇ ਪੁਰਾਣਾ ਹੈ। ਮੇਰਾ ਵੱਡਾ ਭਰਾ ਮੋਗੇ ਰਹਿੰਦਾ ਹੈ। ਅਜਿਹਾ ਕਦੇ ਵੀ ਨਹੀਂ ਹੋਇਆ ਕਿ ਮੈਂ ਮੋਗੇ ਆਪਣੇ ਭਰਾ ਨੂੰ ਮਿਲਣ ਗਿਆ ਹੋਵਾਂ ਤੇ ਸਾਥੀ ਨੂੰ ਨਾ ਮਿਲ ਕੇ ਆਇਆ ਹੋਵਾਂ। ਮੈਂ ਜਦੋਂ ਵੀ ਉਸ ਨੂੰ ਮਿਲਣ ਗਿਆ, ਹਰ ਵਾਰ ਨਵੀਂ ਸਾਹਿਤਕ ਊਰਜਾ ਲੈ ਕੇ ਪਰਤਿਆ। ਸਾਥੀ ਜਦੋਂ ਵੀ ਮਿਲਿਆ, ਚੜ੍ਹਦੀ ਕਲਾ ਵਿਚ ਮਿਲਿਆ ਤੇ ਹਰ ਵਾਰ ਮੈਂ ਉਸ ਦੇ ਮੂੰਹੋਂ ਲੋਕ ਸੰਘਰਸ਼ਾਂ ਦੀ ਮਸ਼ਾਲ ਬਲਦੀ ਰੱਖਣ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਸ਼ੇਅਰ ਸੁਣ ਕੇ ਆਇਆ ਸਾਂ। ਚਾਰ ਕੁ ਸਾਲ ਪਹਿਲਾਂ ਉਸ ਨੇ ਆਪਣੀ ਨਵੀਂ ਕਿਤਾਬ ਮੈਨੂੰ ਦਿੰਦਿਆਂ ਸਖਤ ਤਾਈਦ ਕੀਤੀ ਕਿ ਇਸ ਬਾਰੇ ਜ਼ਰੂਰ ਲਿਖਾਂ। ਮੈਥੋਂ ਘੌਲ ਹੋ ਗਈ ਤਾਂ ਉਸ ਅਗਲੀ ਵਾਰ ਮੈਨੂੰ ਮਿਲਣ ਗਏ ਨੂੰ ਗੋਡੇ ਜਿੱਡਾ ਉਲਾਂਭਾ ਦਿੱਤਾ ਸੀ, "ਤੂੰ ਹੁਣ ਬੁਰਜੁਆ ਜਮਾਤ ਵਿਚ ਪੈਰ ਧਰਨ ਲੱਗ ਪਿਐਂ। ਇਸ ਲਈ ਲੋਕ ਪੱਖੀ ਸ਼ਾਇਰੀ ਦੀ ਮੇਰੀ ਕਿਤਾਬ ਬਾਰੇ ਤੂੰ ਇਕ ਅੱਖਰ ਵੀ ਨਹੀਂ ਲਿਖਿਆ।"

ਮੋਗੇ ਦੀ ਨਵੀਂ ਫੇਰੀ ਸਮੇਂ ਉਸ ਨੂੰ ਮਿਲਣ ਗਿਆ ਤਾਂ ਪਹਿਲੀ ਵਾਰ ਹੋਇਆ ਕਿ ਉਸ ਮੇਰਾ ਮੋਢਾ ਫੜ੍ਹ ਕੇ ਮੈਨੂੰ ਇਹ ਨਹੀਂ ਕਿਹਾ ਕਿ ਬੋਹੇ ਯਾਰ ਮੇਰੀ ਨਵੀਂ ਗ਼ਜ਼ਲ ਸੁਣ ਕੇ ਜਾਈਂ। ਅੱਗੇ ਉਹ ਮੇਰੇ ਵਾਪਸ ਜਾਣ ਵੇਲੇ ਮੈਨੂੰ ਗਲੀ ਦੇ ਮੋੜ ਤੱਕ ਛੱਡਣ ਜ਼ਰੂਰ ਜਾਂਦਾ ਸੀ, ਪਰ ਇਸ ਵਾਰ ਉਸ ਇਹ ਉਚੇਚ ਵੀ ਨਹੀਂ ਸੀ ਕੀਤਾ। ਇਕ ਸਿਰਜਕ ਮਨੁੱਖ ਨੂੰ ਉਦਾਸੀ ਤੇ ਇਕੱਲ ਵਿਚ ਘਿਰੇ ਵੇਖ ਕੇ ਮੈਂ ਵੀ ਉਦਾਸ ਹੋ ਕੇ ਹੀ ਘਰ ਪਰਤਿਆ ਸਾਂ। ਵੀਹ ਕੁ ਸਾਲ ਪਹਿਲਾਂ ਮੈਂ ਸਾਥੀ ਦੇ ਜੁਝਾਰੂ ਜਜ਼ਬੇ ਤੋਂ ਪ੍ਰਭਾਵਿਤ ਜੋ ਕੇ ਇਕ ਕਹਾਣੀ ਲਿਖੀ ਸੀ 'ਨਵੇਂ ਦਿਸਹੱਦੇ', ਪਰ ਇਸ ਵਾਰ ਪਰਤਦਿਆਂ ਉਹ ਦਿਸਹੱਦੇ ਮੈਨੂੰ ਹਨੇਰੇ ਵਿਚ ਗੁੰਮਦੇ ਜਾਪ ਰਹੇ ਸਨ ਤੇ ਮੇਰੇ ਮਨ ਵਿਚ ਉਸ ਦੇ ਛੇਤੀ ਤੁਰ ਜਾਣ ਦਾ ਡਰ ਬੈਠ ਗਿਆ ਸੀ।

ਪਿਛਲੇ ਦਿਨੀਂ ਭਾਸ਼ਾ ਵਿਭਾਗ ਨੇ ਥੋਕ 'ਚ ਸ਼੍ਰੋਮਣੀ ਸਾਹਿਤਕਾਰਾਂ ਦਾ ਐਲਾਨ ਕੀਤਾ, ਪਰ ਸਾਰੀ ਉਮਰ ਲੋਕਾਂ ਲਈ ਲਿਖਣ ਵਾਲੇ ਲੇਖਕ ਨੂੰ ਪਤਾ ਨਹੀਂ ਵਿਭਾਗ ਕਿਉਂ ਭੁੱਲ ਗਿਆ। ਲੱਗਦੈ ਉਸ ਦੀ ਲੋਕ ਪ੍ਰਤੀਬੱਧਤਾ ਹੀ ਉਸ ਦੇ ਆੜੇ ਆ ਗਈ। ਭਾਵੇਂ ਉਸ ਦੀ ਮੌਤ ਤੋਂ ਕੁਝ ਘੰਟੇ ਪਹਿਲਾਂ ਪੰਜਾਬ ਸਰਕਾਰ ਨੇ ਉਸ ਦੇ ਇਲਾਜ 'ਤੇ ਆਉਣ ਵਾਲਾ ਸਾਰਾ ਖਰਚਾ ਦੇਣ ਦਾ ਐਲਾਨ ਕੀਤਾ ਸੀ, ਪਰ ਜਿਸ ਅਣਖੀਲੇ ਲੋਕ ਸ਼ਾਇਰ ਨੇ ਸਾਰੀ ਉਮਰ ਸੱਤਾ ਦੀ ਅੱਖ ਵਿਚ ਅੱਖ ਪਾ ਕੇ ਗੱਲ ਕੀਤੀ ਸੀ, ਉਸ ਜਾਂਦੀ ਵਾਰ ਵੀ ਸਰਕਾਰ ਦਾ ਅਹਿਸਾਨ ਨਹੀਂ ਲਿਆ ਤੇ ਇਹ ਐਲਾਨ ਹੋਣ ਤੋਂ ਕੁਝ ਘੰਟੇ ਬਾਅਦ ਹੀ ਆਪਣੀ ਅਣਖੀਲੀ ਤੋਰ ਸਮੇਤ ਸੱਜੇ ਹੱਥ ਦਾ ਮੁੱਕਾ ਤਾਣੀ ਤੁਰ ਗਿਆ। ਅਮੋਲਕ ਸਿੰਘ ਤੇ ਉਸ ਦੀ ਸੋਚ ਦੇ ਹੋਰ ਸਾਥੀ ਆਗੂਆਂ ਵਲੋਂ ਫੇਸਬੁੱਕ 'ਤੇ ਪਾਈ ਉਸ ਦੀ ਵੈਂਟੀਲੇਟਰ ਤੇ ਮੁੱਕਾ ਤਾਣੀ ਪਏ ਦੀ ਫੋਟੋ ਸਾਰੀ ਦੁਨੀਆਂ ਨੂੰ ਦੱਸ ਰਹੀ ਹੈ ਕਿ ਆਹ ਹੁੰਦੇ ਨੇ ਲੋਕ ਸ਼ਾਇਰ। ਆਪਣੇ ਜਾਣ ਤੋਂ ਪਹਿਲਾਂ ਉਹ ਆਪਣੀ ਇਸ ਗੱਲ ਰਾਹੀਂ ਲੋਕ ਸੰਗਰਾਮੀਆਂ ਨੂੰ ਸੰਦੇਸ਼ ਦੇ ਕੇ ਗਿਆ ਸੀ ਕਿ ਮੇਰੇ ਜਾਣ ਤੋਂ ਬਾਅਦ ਵੀ ਮਸ਼ਾਲ ਬਾਲ ਕੇ ਹੀ ਰੱਖਣੀਆ ਹਨ। ਜਾਂਦੇ ਹੋਏ ਇਹ ਸਤੁੰਸ਼ਟੀ ਉਸ ਨੂੰ ਜ਼ਰੂਰ ਸੀ ਕਿ ਉਸ ਤੋਂ ਬਾਅਦ ਦੀ ਪੀੜ੍ਹੀ ਹੱਕ ਇਨਸਾਫ ਦੀ ਮਸ਼ਾਲ ਨੂੰ ਬੁਝਣ ਨਹੀਂ ਦੇਵੇਗੀ।

## ਬੈਚ ਫੁੱਲ ਹਾਊਲੀ: ਨਫਰਤ ਸਾੜਾ

*(ਪਿਛਲੇ ਸਫੇ ਦੀ ਬਾਕੀ)*

'ਤੇ ਹਿੰਸਾ ਵੀ ਕਰ ਸਕਦੇ ਹਨ। ਇਨ੍ਹਾਂ ਦਾ ਇਲਾਜ ਹੋਣਾ ਚਾਹੀਦਾ ਹੈ, ਜੋ ਸਿਰਫ ਫੁੱਲ ਦਵਾਈ ਹਾਊਲੀ ਹੀ ਕਰ ਸਕਦੀ ਹੈ।

ਦੂਜਿਆਂ ਨਾਲ ਈਰਖਾ, ਖਾਰ ਤੇ ਸਾੜੇ ਤੋਂ ਸ਼ਾਇਦ ਕੋਈ ਹੀ ਬਚਿਆ ਹੋਵੇ। ਵੈਰੀ-ਮਿੱਤਰ ਇਕ ਸਮਾਨ ਸਮਝ ਕੇ ਨਿਰਲੇਪ ਰਹਿਣ ਵਾਲੇ ਤੇ ਦਿਲੋਂ ਸਰਬੱਤ ਦਾ ਭਲਾ ਮੰਗਣ ਵਾਲੇ ਵਿਅਕਤੀ ਸੰਸਾਰ ਵਿਚ ਸ਼ਾਇਦ ਵਿਰਲੇ ਹੀ ਹੋਣਗੇ। ਗੁਰਬਾਣੀ ਅਨੁਸਾਰ ਅਜਿਹਾ ਹੋਣਾ ਪਰਮਗਤ ਭਾਵ ਅਨੋਖੇ ਅਨੁਭਵਾਂ ਦੀ ਸਿਖਰਲੀ ਸਤਾਹ ਪ੍ਰਾਪਤ ਕਰਨ ਵਾਲੀ ਗੱਲ ਹੈ। ਮਨੁੱਖੀ ਮਸਤਕ ਵਿਚੋਂ ਹਉਮੈ ਤੇ ਥਖੀਲੀ ਦੀ ਮੈਲ ਕੱਟ ਕੇ ਅਜਿਹੀਆਂ ਧਨਾਤਮਿਕ ਤੇ ਅਗਾਹਵਧੂ ਪ੍ਰਵਿਰਤੀਆਂ ਸਿਰਫ ਹਾਊਲੀ ਹੀ ਪੈਦਾ ਕਰ ਸਕਦੀ ਹੈ। ਇਸ ਤਰ੍ਹਾਂ ਦੇ ਕਟੂ ਮਨੋਵਿਗਿਆਨਕ ਦੋਸ਼ਾਂ ਨੂੰ ਨਕਾਰਨ ਵਾਲੀ ਕੋਈ ਔਸ਼ਧੀ ਕਿਸੇ ਹੋਰ ਦਵਾਈ ਪ੍ਰਣਾਲੀ ਵਿਚ ਨਹੀਂ ਹੈ। ਹਕੀਮ ਲੁਕਮਾਨ ਤੇ ਦਵਾ-ਦਾਰੂ ਦੇ ਕਹਾਉਤੀ ਉੱਚ ਕੋਟੀ ਮਾਹਿਰਾਂ ਦੇ ਹੱਥ ਵੀ ਅਜਿਹੇ ਉਪਚਾਰਾਂ ਤੋਂ ਖਾਲੀ ਸਨ। ਇਸ ਦੇ ਗੁਣਾਂ ਦੀ ਸਹੀ ਸਮਝ ਇਸ ਨੂੰ ਵਰਤ ਕੇ ਹੀ ਪਤਾ ਚਲਦੀ ਹੈ।

ਹਾਊਲੀ ਦੇ ਲੱਛਣਾਂ ਤੇ ਪ੍ਰਵਿਰਤੀਆਂ ਨੂੰ ਆਸਾਨ ਤੇ ਸੰਖੇਪ ਕਰ ਕੇ ਹੇਠ ਲਿਖੇ ਢੰਗ ਨਾਲ ਲਿਖਿਆ ਜਾ ਸਕਦਾ ਹੈ:

1. ਇਸ ਦੇ ਮਰੀਜ਼ ਹਉਮੈ-ਪ੍ਰਸਤ ਹੁੰਦੇ ਹਨ।
2. ਉਹ ਦੂਜਿਆਂ ਨੂੰ ਆਪਣੇ ਪ੍ਰਤੀਦਵੰਧੀਆਂ ਦੇ ਰੂਪ ਵਿਚ ਦੇਖਦੇ ਹਨ।
3. ਉਹ ਦੂਜਿਆਂ ਨੂੰ ਆਪਣੇ ਤੋਂ ਅੱਗੇ ਵਧਦੇ ਨਹੀਂ ਜਰ ਸਕਦੇ।
4. ਉਹ ਦੂਜਿਆਂ ਨਾਲ ਅਕਾਰਨ ਸਾੜਾ ਰੱਖਦੇ ਹਨ ਤੇ ਉਨ੍ਹਾਂ ਦਾ ਪਿੱਛਾ ਤੱਕਦੇ ਹਨ।
5. ਉਹ ਵਧੇਰੇ ਕਰ ਕੇ ਸ਼ੱਕੀ ਸੋਚ 'ਤੇ ਅਮਲ ਕਰਦੇ ਹਨ।
6. ਘ੍ਰਿਣਾ ਕਾਰਨ ਉਹ ਦੂਜਿਆਂ ਪ੍ਰਤੀ ਮੰਦਾ ਬੋਲ ਕੇ ਚੁਗਲੀ ਕਰਦੇ ਹਨ।
7. ਦੂਜਿਆਂ ਨੂੰ ਦਬਾਉਣ ਲਈ ਉਹ ਨਫਰਤ, ਹਿੰਸਾ ਤੇ ਬਦਲੇ ਦੀ ਨੀਤੀ ਤੋਂ ਕੰਮ ਲੈਂਦੇ ਹਨ।
8. ਉਹ ਆਪ ਤਰੱਕੀ ਕਰ ਕੇ ਦੂਜਿਆਂ ਤੋਂ ਅੱਗੇ ਨਿਕਲਣ ਦੀ ਥਾਂ ਉਨ੍ਹਾਂ ਨੂੰ ਪਿੱਛੇ ਖਿੱਚਦੇ ਹਨ।
9. ਉਹ ਸਾਂਝੇ ਕੰਮ ਵਿਚ ਮਿਲਵਰਤਨ ਕਰਨ ਦੀ ਥਾਂ ਵਿਰੋਧਭਾਵ ਖੜ੍ਹਾ ਕਰਦੇ ਹਨ।
10. ਉਹ ਭਾਨੀਮਾਰ ਹੁੰਦੇ ਹਨ ਤੇ ਦੂਜਿਆਂ ਪ੍ਰਤੀ ਲੁਕ-ਛਿਪ ਕੇ ਸ਼ਿਕਾਇਤਾਂ ਕਰਦੇ ਰਹਿੰਦੇ ਹਨ।

ਹਾਊਲੀ ਦੇ ਮਰੀਜ਼ ਵਧੇਰੇ ਕਰ ਕੇ ਗੁੱਸਾ, ਮਾਨਸਿਕ ਤਣਾਓ, ਸਿਰ ਦਰਦ, ਬਲੱਡ ਪ੍ਰੈਸ਼ਰ, ਅਨਿੰਦਰਾਪਣ, ਸ਼ੁਕਰ ਰੋਗ, ਦਿਲ, ਸਾਹ ਤੇ ਪਾਚਨ ਪ੍ਰਣਾਲੀ ਦੀਆਂ ਕਈ ਬਿਮਾਰੀਆਂ ਤੋਂ ਪੀੜਤ ਰਹਿੰਦੇ ਹਨ। ਆਪਣੇ ਨਫਰਤ ਭਰੇ ਰਵੱਈਏ ਕਾਰਨ ਉਹ ਸਮਾਜ ਨਾਲੋਂ ਕਟੇ ਰਹਿੰਦੇ ਹਨ, ਇਸ ਲਈ ਉਨ੍ਹਾਂ ਨੂੰ ਕਈ ਮਨੋਵਿਗਿਆਨਕ ਕਸ਼ਟ ਘੇਰੀ ਰੱਖਦੇ ਹਨ। ਹਾਊਲੀ ਲੈਣ ਨਾਲ ਉਹ ਆਪਣੀਆਂ ਮੰਦ ਭਾਵਨਾਵਾਂ ਤੋਂ ਛੁਟਕਾਰਾ ਪਾ ਕੇ ਹਾਂ-ਪੱਖੀ ਸੋਚ ਵਾਲਾ ਅਰੋਗ ਜੀਵਨ ਬਿਤਾ ਸਕਦੇ ਹਨ।

## ਮਾਂ ਦੇ ਚਰਨੀਂ ਹੱਥ ਲਾਓ

ਮਾਂ ਦੇ ਗੋਡੇ ਨਾਲ ਹੀ ਲੱਗਿਆਂ
ਜੀਵਨ ਵਿਚ ਸੁੱਖ ਮਿਲਦਾ ਏ।
ਉਸ ਨਾਲ ਬਹਾਰਾਂ ਖਿੜਦੀਆਂ ਨੇ
ਉਸ ਨਾਲ ਬਹਿਸ਼ਤ ਮਿਲਦਾ ਏ।
ਉਹ ਜ਼ਿੰਦਗੀ ਨਹੀਂ ਤ੍ਰਿਸਕਾਰਨ ਦੀ
ਉਹ ਰੱਬ ਦੀ ਹੀ ਇੱਕ ਮੂਰਤ ਹੈ,
ਉਹ ਖਿੜਦੀ ਤਾਂ ਰੱਬ ਹੱਸਦਾ ਹੈ
ਉਸ ਦੀ ਸਵਰਗ ਦੀ ਭਾਂਤੀ ਸੂਰਤ ਹੈ।

ਜਿੱਥੇ ਰਹਿੰਦੀ ਜੇ ਉਹ ਝੂਰੇ ਨਾ
ਉੱਥੇ ਅਨੰਦ ਸਦਾ ਹੀ ਵੱਸਦਾ ਹੈ,
ਉੱਥੇ ਫੁੱਲ ਸਦਾ ਮਹਿਕਦੇ ਨੇ
ਉਸ ਵਿਹੜੇ ਖੇੜਾ ਹੱਸਦਾ ਹੈ।
ਉੱਥੇ ਸੁਪਨੇ ਪੂਰੇ ਹੁੰਦੇ ਨੇ
ਬੇਇਤਫਾਕੀ ਆਉਂਦੀ ਨਾ,
ਉੱਥੇ ਚਿਰਾਗ ਕਦੇ ਵੀ ਬੁਝਦਾ ਨਹੀਂ
ਕੋਈ ਝੱਖੜ ਹਨੇਰੀ ਆਉਂਦੀ ਨਾ।

ਬੱਚਾ ਮਾਂ ਦੀ ਧੜਕਣ ਨਾਲ ਹੀ
ਇੱਕਸੁਰ ਹੋ ਜੀਵਨ ਪਾਉਂਦਾ ਹੈ,
ਜਿਵੇਂ ਕੁਦਰਤ ਦੇ ਜੱਗ-ਬਾਗ ਦੇ ਅੰਦਰ
ਰੱਬ ਮਾਲੀ ਬੂਟੇ ਲਾਉਂਦਾ ਹੈ।
ਇੱਕ ਮਾਲੀ ਬੰਦੇ ਲਈ ਰੱਬ ਹੈ
ਦੂਜਾ ਮਾਲੀ ਬੰਦੇ ਲਈ ਮਾਂ,
ਜਿਸ ਨੇ ਖਲਕਤ ਨੂੰ ਪਾਲਿਆ ਪੋਸਿਆ
ਗੋਦੀ ਵਿਚ ਦਿੱਤੀ ਥਾਂ।

ਰੱਬ ਵੱਸਦਾ ਹੈ ਮਾਨਵਤਾ ਵਿਚ
ਵੱਸੇ ਨਾ ਵਿਚ ਅਸਮਾਨੀਂ,
ਮਾਨਵਤਾ ਦੀ ਜਨਨੀ ਮਾਂ ਹੈ
ਇਹ ਮਮਤਾ ਦੀ ਇੱਕ ਨਿਸ਼ਾਨੀ।
ਰੱਬ ਦੀ ਮਿਹਰ ਪਾਉਣ ਲਈ ਬੰਦਿਆ
ਰੱਬ ਨੂੰ ਪਹਿਲਾਂ ਧਿਆ ਲੈ,
ਅਸ਼ੀਰਵਾਦ ਤੂੰ ਮਾਂ ਤੋਂ ਲੈ ਕੇ
ਮਿਹਰ ਰੱਬ ਤੋਂ ਪਾ ਲੈ।

ਤੰਦਰੁਸਤੀ ਖੁਸ਼ਹਾਲੀ ਉੱਥੇ
ਜਿੱਥੇ ਮਾਂ ਨੂੰ ਮਿਲਦੀ ਢੋਈ,
ਉਸ ਆਂਗਣ ਵਿਚ ਪੌਦੇ ਫਲਦੇ
ਉਸ ਜੇਡ ਸਵਰਗ ਨਾ ਕੋਈ।
ਮਾਂ ਦੇ ਰੂਪ ਵਿਚ ਰੱਬ ਵੱਸਦਾ ਹੈ
ਜਦ ਮਾਂ ਦੇ ਚਿਹਰੇ 'ਤੇ ਰੌਣਕ ਵੱਸੇ,
ਘਰ ਮਹਿਕਾਂ ਨਾਲ ਭਰਿਆ ਰਹਿੰਦਾ
ਮਮਤਾ ਦੁਪਹਿਰ-ਖਿੜੀ ਵਾਂਗ ਹੱਸੇ।

ਮਾਂ ਫਿਕਰ ਰੱਖਦੀ, ਹਿੰਮਤ ਨਾ ਹਾਰੇ
ਲੱਖ ਲੱਖ ਮਨੌਤਾਂ ਕਰਦੀ,
ਬੱਚਿਆਂ ਦੇ ਜੀਵਨ ਦੀ ਖਾਤਿਰ
ਮੋਮਬੱਤੀ ਵਾਂਗ ਧੁਖ ਮਰਦੀ।
ਬੱਚਾ ਮਾਂ ਦੀ ਦੇਣ ਅਮੁੱਲ ਹੈ
ਇਸ ਦੀ ਦੇਣ ਜੇਡ ਨਾ ਕੋਇ,
ਲੱਖ ਯਤਨ ਸਾਇੰਸ ਨੇ ਕਰ ਲਏ ਭਾਵੇਂ
ਇਸ ਤੁਲ ਦੇਣ ਨਾ ਕੋਇ।

ਸੁੱਖ-ਸ਼ਾਂਤੀ ਘਰ ਵਿਚ ਰਹਿੰਦੀ
ਮਾਂ ਦਾ ਜੇ ਸਤਿਕਾਰ ਕਰੋ,
ਘਰ ਖੇੜਿਆਂ ਨਾਲ ਭਰਿਆ ਰਹਿੰਦਾ
ਜੇ ਮਾਂ ਨਾਲ ਤੁਸੀਂ ਪਿਆਰ ਕਰੋ।
ਮਾਂ ਦੇ ਅਸ਼ੀਰਵਾਦ ਵਿਚ ਦਾਤਾਂ
ਮਾਂ ਦੇ ਸਦਕੇ ਜਾਓ,
ਜੇ ਦਾਤ ਰੱਬ ਤੋਂ ਲੈਣੀ
ਮਾਂ ਦੇ ਚਰਨੀਂ ਹੱਥ ਲਾਓ।

*-ਮਾਸਟਰ ਮੋਹਨ ਸਿੰਘ ਭੰਵਰਾ*
*ਫੋਨ: 646-512-4800*

---

## ਕਣਕਾਂ ਦੇ ਬੰਨੇ ਬੰਨੇ

ਕੱਦ ਸਿਆੜ ਰੱਕੜਾਂ ਸੀ ਵਾਹੀਆਂ,
ਬੀਜੀ ਕਣਕ ਲੌਲ੍ਹਾਂ ਉੱਗ ਆਈਆਂ।
ਮਾਰ ਕੇ ਜਾੜ੍ਹ ਗਿੱਠ ਗਿੱਠ ਹੋਈਆਂ,
ਵਧ ਕੇ ਰੀਝਾਂ ਨਿੱਠ ਨਿੱਠ ਜੋਈਆਂ।

ਜਾਗੇ ਸੁਫਨੇ ਭਰ ਆਸਾਂ ਬੋਈਆਂ,
ਅੱਖੀਆਂ ਵਿਚ ਸੱਧਰਾਂ ਸੰਜੋਈਆਂ।
ਤੱਕਦੇ ਜਦੋਂ ਨਾ ਚਾਅ ਸਾਂਭੇ ਜਾਂਦੇ,
ਵਾਂਗ ਕੁੜੀਆਂ ਉਨ੍ਹਾਂ ਪਾਏ ਪਰਾਂਦੇ।

ਚੁਫੇਰੇ ਵਿਛੀਆਂ ਹਰੀਆਂ ਭਰੀਆਂ,
ਸਾਵੇ ਸਾਵੇ ਰੰਗ ਜੀਕਣ ਜ਼ਰੀਆਂ।
ਜਾਪਦੀ ਤ੍ਰੇਲ ਉੱਤੇ ਕੱਥਕ ਕਰਦੀ,
ਹਵਾ ਦੇ ਝੌਂਕਿਆਂ ਦਾ ਦਮ ਭਰਦੀ।

ਠੰਡੀ ਠੰਡੀ ਠੰਢਕ ਪਹੁੰਚਾਉਂਦੀ,
ਪਲ ਪਲ ਸਕੂਨ ਦੇ ਲੈ ਆਉਂਦੀ।
ਕਾਦਰ ਦੇ ਇਹ ਅਦਭੁਤ ਨਜ਼ਾਰੇ,
ਬਿਨਾ ਕਿਸਮਤ ਨਾ ਵੇਂਹਦੇ ਸਾਰੇ।

*-ਸੇਵਾ ਸਿੰਘ ਨੂਰਪੁਰੀ*

# 'ਮੇਰੀ ਵ੍ਹਾਈਟ ਹਾਊਸ ਫੇਰੀ' ਦੇ ਮੀਲ ਪੱਥਰ ਲੱਭਦਿਆਂ

## ਪੁਸਤਕ ਸਮੀਖਿਆ

**ਮਨਜੀਤ ਕੌਰ ਸੇਖੋਂ**
**ਫੋਨ: 916-690-2379**


ਚਰਨਜੀਤ ਸਿੰਘ ਪੰਨੂ ਨੇ ਆਪਣੇ ਸਾਹਿਤਕ ਸਫਰ ਵਿਚ ਇਕ ਹੋਰ ਮੀਲ ਪੱਥਰ ਆਪਣੀ ਨਿਵੇਕਲੀ ਲੇਖਣੀ ਦਾ ਅਹਿਮ ਸਬੂਤ ਇਤਿਹਾਸਕ ਦਸਤਾਵੇਜ਼ 'ਮੇਰੀ ਵ੍ਹਾਈਟ ਹਾਊਸ ਫੇਰੀ' ਦੇ ਰੂਪ ਵਿਚ ਗੱਡ ਦਿੱਤਾ ਹੈ। ਲੇਖਕ ਦੀ ਕਲਮ ਨੂੰ ਸਲਾਮ ਹੈ। ਉਨ੍ਹਾਂ ਨੇ ਇਹ ਸਾਹਿਤਕ ਯੋਗਦਾਨ ਸਮਰਪਿਤ ਕੀਤਾ ਹੈ: 'ਉਨ੍ਹਾਂ ਦੇਸ਼-ਭਗਤਾਂ ਤੇ ਆਜ਼ਾਦੀ ਦੇ ਪਰਵਾਨਿਆਂ ਨੂੰ, ਜਿਨ੍ਹਾਂ ਦੀ ਬਦੌਲਤ ਅੱਜ ਅਸੀਂ ਇੱਥੇ ਅਮਰੀਕਾ ਦਾ ਅਨੰਦ ਮਾਣ ਰਹੇ ਹਾਂ।'

ਮੈਂ ਪੂਰੀ ਰੂਹ ਨਾਲ ਦੋ ਵਾਰੀ ਇਸ ਪੁਸਤਕ ਦਾ ਪਾਠ ਕੀਤਾ ਤੇ ਹਰ ਵਾਰ ਲੇਖਕ ਦੀ ਸ਼ਖਸੀਅਤ ਦੇ ਨਵੇਂ ਪਹਿਲੂਆਂ ਨਾਲ ਮੇਰਾ ਤੁਆਰਫ ਹੋਇਆ। ਮੈਂ ਦਾਅਵਾ ਕਰ ਸਕਦੀ ਹਾਂ ਕਿ ਲੇਖਕ ਇਕ ਤਜਰਬੇਕਾਰ, ਇੱਲ ਅੱਖ ਰੱਖਣ ਵਾਲਾ, ਰੁਮਾਂਚਕਾਰੀ, ਯਥਾਰਥਵਾਦੀ, ਇਤਿਹਾਸਕ ਸੂਝ-ਬੂਝ ਵਾਲਾ ਅਤੇ ਜ਼ਿੰਦਗੀ ਦੇ ਖੁਸ਼ਕ ਪਲਾਂ ਵਿਚ ਹਾਸੇ ਦੀਆਂ ਝੜੀਆਂ ਬਿਖੇਰਨ ਵਾਲਾ ਵਾਰਤਾਕਾਰ ਹੈ। ਇਹ ਵਾਰਤਕ ਨਾਵਲ ਵਾਂਗ ਮਨੋਰੰਜਕ ਵੀ ਹੈ ਤੇ ਗਿਆਨ ਦੇ ਵਾਧੇ ਦੇ ਨਾਲ ਨਾਲ ਇਤਿਹਾਸ ਵੀ ਸਿਰਜੀ ਜਾਂਦੀ ਹੈ। ਮੇਰੀ ਜਾਚੇ ਇਹੀ ਲੇਖਕ ਦੀ ਸਫਲਤਾ ਦਾ ਰਾਜ ਤੇ ਸਾਹਿਤਕ ਪੁਰਸਕਾਰ ਹੁੰਦਾ ਹੈ।

ਗੁਰਬਾਣੀ ਦੇ ਸ਼ਬਦ 'ਅਹਿਨਿਸਿ' ਭਾਵ ਦਿਨ ਰਾਤ ਵਾਂਗ ਲੇਖਕ ਦੀ ਪੁਸਤਕ ਦੇ ਵੀ ਅੱਠ ਪਹਿਰ ਭਾਵ ਖੰਡ ਬਣਦੇ ਹਨ, ਜੋ ਆਪਣੇ ਆਪ ਵਿਚ ਆਜ਼ਾਦ ਵੀ ਹਨ ਤੇ ਇਕ ਕੜੀ ਵਿਚ ਬੱਧੇ ਹੋਏ ਵੀ। ਪਹਿਲੇ ਖੰਡ ਵਿਚ ਲੇਖਕ ਨੇ ਵ੍ਹਾਈਟ ਹਾਊਸ ਦੀ ਵਿਸਥਾਰਤ ਜਾਣ-ਪਛਾਣ ਕਰਵਾਈ ਹੈ ਤੇ ਦੂਸਰੇ ਖੰਡ ਵਿਚ ਸੈਨ ਹੋਜ਼ੇ ਤੋਂ ਵਾਸ਼ਿੰਗਟਨ ਤੱਕ ਦੀ ਯਾਤਰਾ ਦਾ ਵਿਵਰਣ ਹੈ। ਕੁਝ ਪਾਠ-ਦਰਸ਼ਨ ਤਸਵੀਰਾਂ ਰਾਹੀਂ ਹੁੰਦਾ ਹੈ, ਜੋ ਪੁਸਤਕ ਦੀ ਆਭਾ ਨੂੰ ਚਾਰ ਚੰਨ ਲਾਉਂਦੀਆਂ ਹਨ। ਲੇਖਕ ਦੀ ਪੁਸਤਕ ਦਾ ਨਾਂ 'ਮੇਰੀ ਵ੍ਹਾਈਟ ਹਾਊਸ ਫੇਰੀ' ਹੈ, ਪਰ ਟਾਈਟਲ ਪੰਨੇ 'ਤੇ ਕੈਪੀਟਲ ਬਿਲਡਿੰਗ ਦੀ ਤਸਵੀਰ ਲਾਉਣ ਦਾ ਸਬੱਬ ਮੇਰੀ ਸਮਝ ਦੇ ਪੱਲੇ ਨਹੀਂ ਪਿਆ। ਇੰਜ ਵ੍ਹਾਈਟ ਹਾਊਸ 'ਤੇ ਪੰਛੀ ਝਾਤ ਉਪਰੰਤ, ਫੇਰੀ ਦਾ ਬਿਰਤਾਂਤ, ਉੱਥੋਂ ਦਾ ਸੰਖੇਪ ਇਤਿਹਾਸ, ਗਦਰੀ ਬਾਬਿਆਂ ਦੀ ਜ਼ਿੰਦਾ-ਦਿਲੀ ਦੀ ਦਾਸਤਾਨ, ਪੰਜਾਬੀਆਂ ਦੇ ਆਗਮਨ ਦੀ ਤਵਾਰੀਖ, ਗੁਰਦੁਆਰਿਆਂ (ਅਮਰੀਕਾ ਸਥਿਤ) ਸੰਬੰਧੀ ਵੇਰਵੇ ਤੇ ਲੇਖਕ ਦਾ ਕਾਵਿਕ-ਯੋਗਦਾਨ! ਇੰਜ ਲੇਖਕ ਨੇ ਧਰਤੀ ਦੀ ਸੂਰਜ ਦੁਆਲੇ ਪਰਿਕਰਮਾ ਵਾਂਗ 4 ਪਹਿਰ ਦਿਨ ਤੇ 4 ਪਹਿਰ ਰਾਤ ਵਾਂਗ ਅੱਠ ਖੰਡਾਂ ਵਿਚ ਆਪਣੀ ਫੇਰੀ ਸੰਪੂਰਨ ਕੀਤੀ ਹੈ।

ਇਸ ਪੁਸਤਕ ਨੂੰ ਪੜ੍ਹਦਿਆਂ ਮੇਰੀ ਸੋਚ ਵੀ ਪਿਛਲ-ਪੈਰੀ ਹੋ ਤੁਰੀ। ਮੈਂ ਸਕੂਲ ਦੇ ਉਨ੍ਹਾਂ ਯਾਦਗਾਰੀ ਦਿਨਾਂ ਵਿਚ ਖੁੱਭ ਗਈ, ਜਦੋਂ ਇਮਤਿਹਾਨਾਂ ਵੇਲੇ ਸਾਰੇ ਵਿਸ਼ਿਆਂ ਦੀ ਇਕ ਸਮੁੱਚੀ ਕਿਤਾਬ 'ਸਫਲਤਾ ਦੀ ਕੁੰਜੀ' 'ਤੇ ਦੁਹਰਾਈ ਕਰਦੇ ਹੁੰਦੇ ਸਾਂ। ਇੰਜ ਹੀ ਇਹ ਪੁਸਤਕ ਇਕ ਜਮਾਤ ਵਿਚ ਪੜ੍ਹੇ ਜਾਣ ਵਾਲੇ ਵਿਭਿੰਨ ਵਿਸ਼ਿਆਂ ਦਾ ਇਕ ਸੰਖੇਪ ਸਮੂਹ ਹੈ। ਇਤਿਹਾਸ ਦੇ ਅੰਸ਼ ਵਜੋਂ ਵ੍ਹਾਈਟ ਹਾਊਸ ਦੇ ਨਾਲ ਨਾਲ ਸਮੁੱਚੇ ਅਮਰੀਕਾ ਦਾ ਸੰਖੇਪ ਆਜ਼ਾਦੀ ਇਤਿਹਾਸ ਇਸ ਵਿਚ ਸੰਜੋਇਆ ਗਿਆ ਹੈ। ਇਸ ਤੋਂ ਇਲਾਵਾ ਸਹਿਜੇ ਹੀ ਸਮਾਜ-ਸ਼ਾਸਤਰ, ਨਾਗਰਿਕ-ਸ਼ਾਸਤਰ, ਰਾਜਨੀਤੀ-ਸ਼ਾਸਤਰ, ਅਰਥ-ਸ਼ਾਸਤਰ, ਪੰਜਾਬੀ ਕਵਿਤਾ ਆਦਿ ਦੇ ਦਰਸ਼ਨ ਕੀਤੇ ਜਾ ਸਕਦੇ ਹਨ। ਨਿਰਸੰਦੇਹ ਲੇਖਕ ਗਾਗਰ ਵਿਚ ਸਾਗਰ ਭਰਨ ਵਿਚ ਸਫਲ ਹੋਇਆ ਹੈ।

ਇਕ ਸ਼ਾਹਕਾਰ ਨਾਵਲ ਦੀ ਹਾਮੀ ਭਰਦਾ ਲੇਖਕ ਕਈ ਥਾਂਈਂ ਆਪਣੇ ਬੀਤੇ ਦੇ ਵਿਹੜੇ ਰਟਨ ਕਰਦਾ ਹੈ। ਕਿਸੇ ਥਾਂ ਉਸ ਨੂੰ ਰੇਲਗੱਡੀ ਯਾਦ ਆਉਂਦੀ ਹੈ, ਕਿਤੇ ਲੜ ਬੰਨ੍ਹੀਆਂ ਚਨੁਕਰੀਆਂ ਪਰੌਂਠੀਆਂ ਦੀ, ਕਦੇ ਤਾਜ ਮਹੱਲ ਦੀ, ਕਦੇ ਅਬੋਹਰ ਮੁਕਤਸਰ ਦੇ ਨਰਮੇ ਦੀ। ਕੁਦਰਤ ਦੇ ਰੰਗਾਂ ਨੂੰ ਮਾਣਦਾ ਲੇਖਕ ਜਦੋਂ ਜਹਾਜ਼ ਦੀ ਬਾਰੀ ਰਾਹੀਂ ਬੱਦਲਾਂ ਦੀ ਲੁਕਣਮੀਟੀ ਵੇਖਦਾ ਹੈ ਤਾਂ ਉਸ ਦੀ ਕਲਪਨਾ ਇੰਤਹਾ 'ਤੇ ਪੁੱਜਦੀ ਹੈ, ਜਦੋਂ ਉਸ ਨੂੰ ਸੋਹਣੀ-ਮਹੀਂਵਾਲ ਦੀ ਯਾਦ ਰੁਮਾਂਚਿਤ ਕਰਦੀ ਹੈ; ਪਰ ਅਗਲੇ ਹੀ ਪਲ ਪੰਜਾਬ ਦੇ ਤਲਖ ਯਥਾਰਥ ਵੱਲ ਲੇਖਕ ਦਾ ਧਿਆਨ ਜਾਂਦਾ ਹੈ, ਜਦੋਂ ਉਸ ਨੂੰ ਬੱਦਲਾਂ ਵਿਚ ਬਠਿੰਡਾ, ਮੁਕਤਸਰ ਦੇ ਕੈਂਸਰ ਮਾਰੇ ਕਿਸਾਨ ਵਿਖਾਈ ਦਿੰਦੇ ਹਨ। ਸਹਿਜੇ ਹੀ ਮੇਰਾ ਮਨ ਲੇਖਕ ਦੀ ਚੇਤੰਨ ਸੋਚ ਨੂੰ ਪ੍ਰਣਾਮ ਕਰਦਾ ਹੈ। ਇਕੋ ਪਲ ਲੇਖਕ ਯਥਾਰਥ ਤੇ ਮਿਥਿਹਾਸ ਦੇ ਮਿਲੇ-ਜੁਲੇ ਦਰਸ਼ਨ ਕਰਵਾਉਂਦਾ ਹੈ, ਜਦੋਂ ਉਹ ਝਬਦੇ ਹੀ ਹਨੂਮਾਨ ਦੀ ਸੰਜੀਵਨੀ ਬੂਟੀ ਵਾਲਾ ਦ੍ਰਿਸ਼ਟਾਂਤ ਜੋੜਦਾ ਹੈ।




ਮੁਹਾਵਰੇ, ਲਕੋਕਤੀਆਂ, ਅਖਾਣਾਂ ਤੇ ਅਟੱਲ ਸੱਚਾਈਆਂ ਵਜੋਂ ਲੇਖਕ ਪੂਰਾ ਭੰਡਾਰ (ਵੇਅਰ ਹਾਊਸ) ਹੈ। ਜਿੱਥੇ ਕਿਤੇ ਵੀ ਵਾਜਬ ਜਗ੍ਹਾ ਮਿਲੀ, ਲੇਖਕ ਨੇ ਇਸ ਫੁਲਕਾਰੀ ਵਿਚ ਰੰਗਦਾਰ ਤੋਪਾ ਭਰ ਦਿੱਤਾ ਹੈ। ਵੰਨਗੀ ਵਜੋਂ ਕੁਝ ਮੁਹਾਵਰੇ: ਕੋਹਲੂ ਦਾ ਬਲਦ, ਖੂਹ ਦਾ ਡੱਡੂ, ਊਠ ਕਿਸ ਕਰਵਟ ਬੈਠਦਾ, ਬਲੀ ਦੇ ਬੱਕਰੇ, ਦੀਵੇ ਥੱਲੇ ਹਨੇਰਾ, ਪੈਰਾਂ ਹੇਠ ਬਟੇਰਾ, ਕਿਸਮਤ ਦੇ ਕੜਛੇ ਆਦਿ। ਕੁਝ ਹੋਰ ਲੋਕ-ਅਖਾਣਾਂ ਤੇ ਅਟੱਲ ਸੱਚਾਈਆਂ ਦੇ ਦਰਸ਼ਨ ਕਰੀਏ: ਵਗਦੀ ਗੰਗਾ ਵਿਚ ਹੱਥ ਧੋਣੇ, ਡੁੱਬੀ ਤਾਂ ਜੇ ਸਾਹ ਨਾ ਆਇਆ, ਦੇਸ਼ ਚੋਰੀ ਪਰਦੇਸ ਭਿਖਿਆ; ਸਵਖਤੇ ਸੌਂ ਸਵਖਤੇ ਜਾਗ, ਵਧੇ ਉਮਰ ਤੇ ਲੱਗਣ ਭਾਗ; ਜਿਸ ਥਾਲੀ ਵਿਚ ਖਾਣਾ ਉਸੇ ਵਿਚ ਛੇਕ ਕਰਨਾ, ਮਲਾਈ ਖਾਂਦੇ-ਖਾਂਦੇ ਸੁੱਕੀ ਤੋਂ ਵੀ ਜਾਵਾਂਗੇ, ਅਸੀਂ ਤਾਂ ਕਿਸੇ ਤਿੰਨਾਂ ਤੇਰਾਂ ਵਿਚ ਨਹੀਂ; ਦੁਨੀਆਂ ਖੂਹ ਦੀ ਆਵਾਜ਼ ਹੈ, ਜਿਵੇਂ ਆਵਾਜ਼ ਮਾਰੋਗੇ ਓਵੇਂ ਜੁਆਬ ਮਿਲ ਜਾਵੇਗਾ; ਕੱਚਿਓਂ ਪੱਕੇ ਤੇ ਪੱਕਿਓਂ ਮੱਕੇ; ਜਿੰਨੀ ਵੱਡੀ ਛਾਲ ਮਾਰਨ ਦਾ ਇਰਾਦਾ ਹੋਵੇ, ਉਸ ਪੜੁੱਲ ਤੋਂ ਪਹਿਲਾਂ ਓਨਾ ਦੌੜਨਾ ਪੈਂਦਾ ਹੈ; ਨੋ ਲੰਚ ਇਜ਼ ਫਰੀ, ਮਾਲ ਬਿਗਾਨਾ ਹੈ ਪਰ ਪੇਟ ਤਾਂ ਆਪਣਾ ਹੈ, ਲੱਤਾਂ ਦੇ ਭੂਤ ਬਾਤਾਂ ਨਾਲ ਨਹੀਂ ਮੰਨਦੇ; ਰੱਬ ਨੇ ਦਿੱਤੀਆਂ ਗਾਜਰਾਂ ਵਿਚੇ ਰੰਬਾ ਰੱਖ; ਕਿਧਰੇ ਹੋਰ ਨਾ ਚੰਦ ਚਾੜ੍ਹ ਦੇਵੀਂ, ਮੈਂ ਕੱਚੀਆਂ ਗੋਲੀਆਂ ਨਹੀਂ ਖੇਡੀਆਂ, ਕਿਸੇ ਭੁੱਖੇ ਕੋਲ ਬਾਤ ਪਾਉਗੇ ਤਾਂ ਉਸ ਦਾ ਜੁਆਬ ਰੋਟੀ ਹੋਵੇਗਾ, ਗੋਲੀ ਕੀਹਦੀ ਤੇ ਗਹਿਣੇ ਕੀਹਦੇ, ਭੁੱਖੇ ਦੀ ਧੀ ਰੱਜੀ ਤੇ ਖੇਹ ਉਡਾਉਣ ਲੱਗੀ, ਖਾਣ ਪੀਣ ਨੂੰ ਬਾਂਦਰੀ ਤੇ ਡੰਡੇ ਖਾਣ ਨੂੰ ਰਿੱਛ, ਇੰਦਾਂ ਉਦਾਸ ਹੈ ਜਿਵੇਂ ਕੁੜੀ ਦੱਬ ਕੇ ਆਇਆ ਹੁੰਦਾ, ਘਰ ਆਇਆ ਅੰਮਾ ਜਾਇਆ, ਮੁਫਤ ਦੀ ਸ਼ਰਾਬ ਤਾਂ ਕਾਜ਼ੀ ਨੇ ਵੀ ਨਹੀਂ ਛੱਡੀ, ਚਟੱਕ ਮੰਗਣੀ ਪਟੱਕ ਵਿਆਹ, ਕੁੱਤੇ ਦਾ ਕੁੱਤਾ ਵੈਰੀ, ਦੇਰ ਆਏ ਦਰੁਸਤ ਆਏ, ਨੌਕਰੀ ਕੀ ਤੇ ਨਖਰਾ ਕੀ? ਦਾਖੇ ਹੱਥ ਨਾ ਅੱਪੜੇ ਆਖੇ ਥੂਹ ਕੌੜੀ, ਮੇਰੀ ਬੁੱਕਲ ਦੇ ਵਿਚ ਚੋਰ, ਕੁੱਛੜ ਕੁੜੀ ਤੇ ਸ਼ਹਿਰ ਢੰਡੋਰਾ; ਹਿਨਾ ਰੰਗ ਦੇਤੀ ਹੈ ਪੱਥਰ ਕੇ ਘਿਸ ਜਾਨੇ ਕੇ ਬਾਅਦ, ਮਨੁੱਖ ਸੰਭਲਤਾ ਹੈ ਠੋਕਰ ਖਾਨੇ ਕੇ ਬਾਅਦ।

ਨਾਲ ਦੀ ਨਾਲ ਲੇਖਕ ਨੇ ਕਿਸੇ ਨਾ ਕਿਸੇ ਬਹਾਨੇ ਪੁਰਾਣੇ ਗੀਤ ਵੀ ਸੁਰਜੀਤ ਕੀਤੇ ਨੇ, 'ਟੁੱਟ ਜਾਏ ਰੇਲ ਗੱਡੀਏ ਤੂੰ ਰੋਕ ਲਿਆ ਚੰਨ ਮੇਰਾ, ਤੂੰ ਪੀਂਘ ਤੇ ਮੈਂ ਪਰਛਾਵਾਂ ਤੇਰੇ ਨਾਲ ਹੁਲਾਰੇ ਖਾਵਾ...ਲਾ ਲੈ ਦੋਸਤੀ ਆਦਿ। ਲੇਖਕ ਦੀ ਸੋਚ ਵਿਚ ਸ਼੍ਰੋਮਣੀ ਕਵੀ ਪ੍ਰੋ. ਮੋਹਨ ਸਿੰਘ, ਸ਼ਿਵ ਬਟਾਲਵੀ ਆਦਿ ਵੀ ਫੇਰਾ ਪਾਉਂਦੇ ਹਨ। ਪੂਰੇ ਕਾਫਲੇ ਵਿਚ ਪੂਰਬੀ ਸੱਚ ਦੀ ਪਰਛਾਈ ਲੇਖਕ ਦੇ ਪੱਛਮੀ ਅਨੁਭਵਾਂ ਦੇ ਸਮਾਨੰਤਰ ਚਲਦੀ ਹੈ, "ਵ੍ਹਾਈਟ ਹਾਊਸ ਦੀਆ ਦੀਵਾਰਾਂ ਸੰਗਮਰਮਰ ਦੀਆਂ ਦੀਆਂ ਬਣੀਆਂ ਹਨ। ਇਨ੍ਹਾਂ ਵਾਸਤੇ ਸਕਾਟਲੈਂਡ ਤੋਂ ਹੁਨਰਮੰਦ ਕਾਮੇ ਲਿਆਂਦੇ ਗਏ, ਜਿਨ੍ਹਾਂ ਨੂੰ ਰੋਟੀ, ਕੱਪੜੇ ਦੀ ਉਜਰਤ ਦੇ ਕੇ ਕੰਮ ਮੁਕੰਮਲ ਕਰਵਾਇਆ ਗਿਆ।" ਇਸ ਦੇ ਸਮਾਨੰਤਰ ਲੇਖਕ ਨੂੰ ਤਾਜ ਮਹੱਲ ਦੀ ਯਾਦ ਆਉਂਦੀ ਹੈ, ਉਸ ਵੇਲੇ ਉਹ ਵੀ ਮੁਫਤੋ-ਮੁਫਤੀ ਰੋਟੀ-ਪਾਣੀ ਦੇ ਭਾਅ ਬਣਵਾਇਆ ਗਿਆ ਸੀ।

ਲੇਖਕ ਦੀ ਵਾਰਤਕ ਵਿਭਿੰਨ ਰਸਾਂ, ਅਲੰਕਾਰਾਂ ਦੀ ਜੜਤ ਨਾਲ ਫਬੀ ਹੋਈ ਹੈ। ਚਾਹੇ ਇਹ ਗਹਿਣੇ ਕਵਿਤਾ ਦੇ ਹਨ, ਪਰ ਲੇਖਕ ਦੀ ਵਾਰਤਕ ਵੀ ਕਵਿਤਾ ਵਰਗੀ ਹੈ, "ਉਸ ਨੇ ਪਲਕਾਂ 'ਤੇ ਬਿਠਾ ਕੇ ਮੈਨੂੰ ਬਲਖ ਬੁਖਾਰੇ ਦੀ ਸੈਰ ਕਰਵਾਈ, ਇਸ਼ਕ ਦਾ ਮੱਕਾ ਤਾਜ ਮਹੱਲ ਵਿਖਾਇਆ, ਅੰਮ੍ਰਿਤਸਰ ਮੱਥਾ ਟਿਕਾਇਆ...।"

ਪੰਨਾ 91 'ਤੇ ਵੇਖੀਏ: ਗੱਡੀਆਂ ਤੋੜਦੀਆਂ ਵੀ ਹਨ, ਵਿਛੋੜਦੀਆਂ ਵੀ ਹਨ.., ਅੱਖਾਂ ਚਾਰ ਹੁੰਦੀਆਂ ਹਨ, ਅੱਖਾਂ ਲੜਦੀਆਂ ਹਨ, ਅੱਖਾਂ ਭਿੜਦੀਆਂ ਹਨ, ਅੱਖਾਂ ਵਿਖਾਈਆਂ ਜਾਂਦੀਆਂ ਹਨ...ਅੱਖਾਂ ਰਾਹੀਂ ਮੇਲ ਮਿਲਾਪ ਸੰਚਾਰ ਬਣਦਾ ਹੈ, ਵਟਦਾ ਹੈ, ਮੁਲਾਕਾਤਾਂ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ...। ਰੋਜ਼ਾਨਾ ਯਾਤਰੂਆਂ ਵਾਸਤੇ ਕਈ ਵਾਰ ਇਹ ਸਵਾਰੀ ਨਾਈ, ਲਾਗੀ, ਵਿਚੋਲੇ ਦਾ ਕੰਮ ਵੀ ਕਰ ਦਿੰਦੀ ਹੈ...ਦੋ ਰੂਹਾਂ ਇੱਕ ਦੂਜੇ 'ਚੋਂ ਸਪਾਊਸ ਲੱਭ ਲੈਂਦੀਆਂ ਹਨ...। ਕੌਲ ਇਕਰਾਰ ਹੁੰਦੇ ਹਨ, ਵਿਆਹ ਸ਼ਾਦੀਆਂ ਹੁੰਦੀਆਂ ਹਨ ਤੇ ਜੀਵਨ ਸਾਥੀ ਮਿਲਦੇ ਹਨ।

ਪੰਨਾ 60 'ਤੇ ਪਾਕਿਸਤਾਨ ਦੇ ਐਬਟਾਬਾਦ ਤੋਂ ਓਸਾਮਾ ਬਿਨ ਲਾਦੇਨ ਨੂੰ ਚੁੱਕਣ ਦਾ ਦ੍ਰਿਸ਼ ਵੇਖੋ: "ਬਲੋਚ ਡਾਚੀਆਂ 'ਤੇ ਆਉਂਦੇ ਹਨ ਤੇ ਪੁਨੂੰ ਨੂੰ ਉਠਾ ਕੇ ਲੈ ਜਾਂਦੇ ਹਨ। ਸੱਸੀ ਦਾ ਸ਼ਹਿਰ ਭੰਬੋਰ ਉੱਜੜ ਜਾਂਦਾ ਹੈ। ਅੱਖ ਦੀ ਫੁਰਤੀ ਵਿਚ ਸਾਰਾ ਸਾਕਾ ਵਰਤ ਜਾਂਦਾ ਹੈ, ਉਤਸੁਕਤਾ ਭਰੇ ਅਧਿਕਾਰੀਆਂ ਸਮੇਤ ਓਬਾਮਾ ਦੇ ਚਿਹਰੇ ਖਿੜ ਜਾਂਦੇ ਹਨ।" ਬਾਕਮਾਲ ਹੈ, ਲੇਖਕ ਦੀ ਵਾਰਤਕ ਵਿਚ ਕਵਿਤਾ ਵਾਲੀ ਕੋਮਲਤਾ, ਰਵਾਨਗੀ ਤੇ ਸਹਿਜਤਾ...ਰੁਮਕਦੀ ਪੌਣ ਵਰਗੀ, ਵਹਿੰਦੇ ਪਾਣੀ ਦੀ ਕਲਕਲ ਵਰਗੀ, ਚੰਨ ਦੀ ਚਾਨਣੀ ਵਰਗੀ...ਜਿਸ ਵਿਚ ਹਾਸ ਰਸ, ਕਰੁਣਾ ਰਸ, ਬੀਰ ਰਸ, ਸ਼ਿੰਗਾਰ ਰਸ ਸਹਿਜੇ ਹੀ ਅਨੁਭਵ ਹੁੰਦੇ ਹਨ। ਹਾਸ ਰਸ ਦੀ ਬਿਹਤਰੀਨ ਮਿਸਾਲ: ਲੇਖਕ ਰਾਸ਼ਟਰਪਤੀ ਜੌਹਨ ਟਾਇਲਰ ਦੀ ਗੱਲ ਕਰਦਾ ਹੈ ਤਾਂ ਉਸ ਦੇ 14 ਬੱਚਿਆਂ ਦਾ ਜ਼ਿਕਰ ਕਰਦਿਆਂ ਭਾਰਤ ਦੇ ਲਾਲੂ ਪ੍ਰਸਾਦ ਯਾਦਵ ਨਾਲ ਤੁਲਨਾ ਦਿੰਦਾ ਹੈ, ਤਾਂ ਬਦੋਬਦੀ ਹਾਸਾ ਆ ਜਾਂਦਾ ਹੈ। ਹਾਸਾ ਉਦੋਂ ਵੀ ਆਉਂਦਾ ਹੈ, ਜਦੋਂ ਲੇਖਕ ਭੁਲੇਖੇ ਨਾਲ ਆਪਣੇ ਪਲੱਸ ਪੁਆਇੰਟ ਬਣਾਉਣ ਲਈ ਤਤਪਰ ਹੁੰਦਾ ਹੈ।

ਪੰਜਾਬੀਆਂ ਦੇ ਆਗਮਨ 'ਤੇ ਅਮਰੀਕਾ ਵਿਚ ਪੈਰ ਜਮਾਉਣ ਦੀ ਦਾਸਤਾਂ ਕਰੁਣਾ ਰਸ ਨਾਲ ਭਰਪੂਰ ਹੈ। ਗਦਰੀ ਬਾਬਿਆਂ ਦੀ ਸੰਘਰਸ਼ਸ਼ੀਲ ਜ਼ਿੰਦਗੀ, ਕੁਰਬਾਨੀਆਂ ਦੀ ਦਾਸਤਾਂ ਪੜ੍ਹ ਕੇ ਸ਼ਰਧਾ ਨਾਲ ਸੀਸ ਝੁਕਦਾ ਹੈ। ਜਿੱਥੇ ਸੱਸੀ-ਪੁੰਨੂ, ਸੋਹਣੀ-ਮਹੀਂਵਾਲ ਆਦਿ ਆਸ਼ਕਾਂ ਦਾ ਜ਼ਿਕਰ ਸ਼ਿੰਗਾਰ ਰਸ ਪੈਦਾ ਕਰਦਾ ਹੈ, ਉੱਥੇ ਅੰਗਰੇਜ਼ ਦੇ ਕਹਿਣ 'ਤੇ ਕਿ ਤੀਹ ਕਰੋੜ ਭਾਰਤੀ ਬੰਦੇ ਹਨ ਜਾਂ ਭੇਡਾਂ? ਤਾਂ ਬਾਬਾ ਸੋਹਨ ਸਿੰਘ ਭਕਨਾ ਦਾ ਕਹਿਣਾ ਕਿ ਹੁਣ ਤਾਂ ਕੁਝ ਕਰਨ ਦਾ ਸੁਨੇਹਾ ਇਸ ਗੋਰੇ ਨੇ ਸਾਡੇ ਮੱਥੇ ਦੇ ਮਾਰਿਆ ਹੈ। ਨਾਲ ਸਿਰਫ ਗਦਰੀ ਬਾਬਿਆਂ ਵਿਚ ਹੀ ਨਹੀਂ, ਸਗੋਂ ਪਾਠਕ ਦੇ ਅੰਦਰ ਵੀ ਬੀਰ ਰਸ ਜੋਤ ਮਘਣ ਲੱਗਦੀ ਹੈ। ਜਦੋਂ ਲੇਖਕ ਰਮਨਦੀਪ ਗਿੱਲ ਦੇ ਦੋਗਲੇ ਕਿਰਦਾਰ ਬਾਰੇ ਡਾ. ਐਲਨ ਗਿੱਲ ਰਾਹੀਂ ਬਿਰਤਾਂਤਦਾ ਹੈ, "ਚਿੰਤਾ ਨਾ ਕਰ, ਇਹ ਤਾਂ ਪੱਕੇ ਹੋਣ ਦਾ ਡਰਾਮਾ ਹੈ," ਇਨਸਾਨ ਦੀ ਖੁਦਗਰਜ਼ੀ 'ਤੇ ਲਾਹਨਤ ਆਉਂਦੀ ਬੀਭਤਸ ਰਸ ਦੀ ਉੱਤਮ ਮਿਸਾਲ ਹੈ। ਇਸ ਤੋਂ ਇਲਾਵਾ ਅਲੰਕ੍ਰਿਤ ਜੜੀ ਵਾਰਤਾ ਵਿਚ ਉਪਮਾ ਅਲੰਕਾਰ, ਰੂਪਕ ਅਲੰਕਾਰ, ਸੰਦੇਹ ਅਲੰਕਾਰ, ਅਨੁਪਰਾਸ ਤੇ ਅਤਿਕਥਨੀ ਅਲੰਕਾਰ ਦੀ ਝਲਕ ਥਾਂ ਥਾਂ ਨਜ਼ਰੀਂ ਆਉਂਦੀ ਹੈ।

ਉਸ ਛੋਕਰੇ ਨੇ ਮੇਰੀ ਵੱਲ ਮਾਰਖੋਰੀ ਮੱਝ ਵਾਂਗ ਝਾਕਿਆ... ਰੂਪਕ ਅਲੰਕਾਰ।

ਏਦਾਂ ਜਾਪਿਆ, ਮੈਂ ਸੀਟ ਨਹੀਂ ਚੀਨ ਦੇ ਕਿਸੇ ਪ੍ਰਾਂਤ ਦੀ ਮੰਗ ਕਰ ਲਈ ਹੋਵੇ।

ਉਸ ਦੀਆਂ ਨਜ਼ਰਾਂ 'ਚੋਂ ਗੁਸਤਾਖੀ ਦੀ ਬਦਬੂ ਆ ਰਹੀ ਸੀ...ਸਮੁੱਚਾ ਸੀਨ ਅਨੁਪਰਾਸ ਰਸ ਦੀ ਵਧੀਆ ਮਿਸਾਲ ਹੈ। ਮੁਸਲਮਾਨ ਜਾਪਦੀ ਬੀਬੀ ਉੱਥੇ ਇਵੇਂ ਫਿਰ ਰਹੀ ਸੀ ਜਿਵੇਂ ਵਿਆਹ ਵਾਲੇ ਘਰ ਨੈਣ...ਉਪਮਾ ਅਲੰਕਾਰ।

ਉਸ ਨੇ ਮੋਤੀਆਂ ਵਰਗੇ ਚਿੱਟੇ ਦੰਦ ਦਿਖਾਉਂਦੇ ਆਪਣਾ ਤੁਆਰਫ ਕਰਵਾਇਆ...ਉਪਮਾ ਅਲੰਕਾਰ।

'ਅੱਜ ਵ੍ਹਾਈਟ ਹਾਊਸ ਸਿੱਖਾਂ ਦੇ ਕਬਜ਼ੇ ਹੇਠ ਹੈ...ਜੋ ਮਰਜ਼ੀ ਕਰੋ...ਕਿਲਕਾਰੀਆਂ ਮਾਰੋ, ਬੜ੍ਹਕਾਂ ਮਾਰੋ, ਮੌਜਾਂ ਕਰੋ...ਅਤਿਕਥਨੀ ਅਲੰਕਾਰ।

ਲੇਖਕ ਕੁਝ ਲਤੀਫੇ ਸਿੱਧੇ ਸ਼ਾਮਲ ਕਰਕੇ ਵੀ ਹਾਸ ਵਿਅੰਗ ਦੀ ਹਾਜ਼ਰੀ ਲੁਆਉਂਦਾ ਹੈ। ਕੋਈ ਸਿੱਧੜ ਜੱਟ ਢਾਬੇ 'ਤੇ ਖਾਣਾ ਖਾਣ ਗਿਆ। ਰੇਟ ਲਿਖਿਆ ਸੀ, ਰੋਟੀ ਇੱਕ ਆਨੇ ਦੀ, ਦਾਲ ਫਰੀ। ਉਹ ਕਹਿੰਦਾ, ਚੱਲ ਯਾਰ ਦਾਲ ਇਕੱਲੀ ਆਉਣ ਦੇਹ। ਇਹ ਸਿੱਧੜ ਜੱਟ ਨਹੀਂ, ਚਤੁਰ ਜੱਟ ਹੈ। ਇਸ ਜੱਟ ਦੇ ਸਮਾਨੰਤਰ ਕਿਤੇ ਕਿਤੇ ਲੇਖਕ ਵੀ ਉਹੀ ਸੋਚ ਅਪਨਾਉਂਦਾ ਹੈ। ਇਸ ਪੁਸਤਕ ਦੀ ਵਿਲੱਖਣਤਾ ਹੈ ਕਿ ਥਾਂ ਥਾਂ ਲੇਖਕ ਦੇ ਜਾਤੀ-ਸੁਭਾਅ, ਅਨੁਭਵ, ਫਿਤਰਤ, ਵਤੀਰੇ ਤੇ ਜੀਵਨ ਪ੍ਰਤੀ ਰਵੱਈਏ ਦੇ ਦਰਸ਼ਨ ਹੁੰਦੇ ਹਨ। ਪੁਸਤਕ ਰਾਹੀਂ ਅਨੁਭਵ ਹੁੰਦਾ ਹੈ ਕਿ ਲੇਖਕ, ਨਾ ਫਜ਼ੂਲ ਖਰਚ ਹੈ, ਨਾ ਅੱਭੜਵਾਹੇ ਫੈਸਲਾ ਲੈਣ ਵਾਲਾ, ਨਾ ਬਣਦਾ ਮੌਕਾ ਖੁੰਝਾਉਣ ਵਾਲਾ ਹੈ ਤੇ ਨਾ ਹੀ ਆਪਣੀ ਅਗਿਆਨਤਾ 'ਤੇ ਪਰਦਾ ਪਾਉਣ ਵਾਲਾ ਹੈ। ਇਸ ਲੇਖਣੀ ਰਾਹੀਂ ਉਹ ਬੜਾ ਕਿਫਾਇਤੀ, ਕਿਤੇ ਕੰਜੂਸ, ਸਪੱਸ਼ਟਵਾਦੀ, ਰੁਮਾਂਟਿਕ, ਆਪਣੇ ਕਿਸੇ ਵੀ ਫੈਸਲੇ 'ਤੇ ਦੂਹਰੀ ਵਿਚਾਰ ਦੀ ਸਾਣ ਲਾਉਣ ਵਾਲਾ, ਦੂਜੇ ਦੇ ਦੁੱਖ ਤੇ ਭਾਵਨਾਵਾਂ ਵਿਚ ਡੁੱਬਦੇ ਹੀ ਸ਼ਰੀਕ ਹੋ ਜਾਣ ਵਾਲਾ, ਸਵੈ-ਭਰੋਸੇ ਵਾਲਾ, ਸਵੈ-ਨਿਰਭਰਤਾ ਦਾ ਹਮਾਇਤੀ, ਥੋੜ੍ਹਾ-ਥੋੜ੍ਹਾ ਮੌਕਾਪ੍ਰਸਤ, ਕਿਤੇ-ਕਿਤੇ ਲਾਹਾਪ੍ਰਸਤ ਮਹਿਸੂਸ ਹੁੰਦਾ ਹੈ; ਪਰ ਸਭ ਕਾਸੇ ਤੋਂ ਉੱਪਰ ਉਹ ਦਿਮਾਗੀ ਤੌਰ 'ਤੇ ਆਮ ਲੋਕਾਂ ਤੋਂ ਵੱਧ ਚੇਤੰਨ, ਗੁਪਤ ਅਰਦਾਸ ਕਰਨ ਵਾਲਾ ਧਾਰਮਿਕ ਜਿਊੜਾ, ਪਰਿਵਾਰ, ਬੱਚਿਆਂ, ਦੋਸਤਾਂ, ਰਿਸ਼ਤੇਦਾਰਾਂ ਪ੍ਰਤੀ ਨਿਰਸੰਦੇਹ ਮੋਹ ਦੀ ਮੂਰਤ ਹੈ। ਨਕਾਬਪੋਸ਼ ਨਹੀਂ, ਪਾਰਦਰਸ਼ੀ ਹੈ, ਸਵੈ-ਪੜਚੋਲ ਵਿਚ ਪ੍ਰਬੀਨ ਹੈ, ਆਪਣੇ ਗੁਣਾਂ ਵਾਂਗ ਕੁਤਾਹੀਆਂ ਨੂੰ ਵੀ ਮੁਸਕਰਾ ਕੇ ਕਬੂਲਦਾ ਹੈ। ਕਾਹਲੀ ਵਿਚ ਮੌਕੇ ਦਾ ਫਾਇਦਾ ਲੈਂਦਿਆਂ ਬੀਫ ਖਾ ਹੋ ਗਿਆ, ਤਾਂ ਉਸ ਦਾ ਇਕਬਾਲ ਬੜੀ ਬੇਬਾਕੀ ਨਾਲ ਕਰ ਲਿਆ...ਨਾਲ ਦੀ ਨਾਲ ਜੈਪੁਰ ਵਿਚ ਕਿਸੇ ਦੋਸਤ ਤੇ ਉਸ ਦੀ ਪਤਨੀ ਨਾਲ ਹੋਏ ਸਮਾਨੰਤਰ ਵਾਕਿਆ ਨੂੰ ਦੁਹਰਾ ਲਿਆ।

ਕਿਤੇ ਕਿਤੇ ਲੇਖਕ ਇੰਮੀਗਰੇਸ਼ਨ ਸਲਾਹਕਾਰ ਵਜੋਂ ਆਪਣਾ ਰੋਲ ਅਦਾ ਕਰਦਾ ਨਜ਼ਰ ਆਉਂਦਾ ਹੈ। ਅਮਰੀਕੀ ਸਰਕਾਰ ਦੀ ਗੱਲ ਕਰਦਾ ਹੈ, ਕਾਨੂੰਨ ਦੀ ਗੱਲ ਕਰਦਾ ਹੈ। ਓਬਾਮਾ-ਕੇਅਰ ਦੀ ਗੱਲ ਵੀ ਕਰਦਾ ਹੈ। ਇੰਜ ਲੇਖਕ ਨੂੰ ਸਮਕਾਲੀ ਘਟਨਾਵਾਂ, ਖਬਰਾਂ ਮਸਲਿਆਂ ਦੀ ਪੂਰੀ ਜਾਣਕਾਰੀ ਹੈ। ਅਮਰੀਕਾ ਵਿਚ ਵਿਚਰਦਿਆਂ ਲਗਾਤਾਰ ਲੇਖਕ ਦਾ ਅੰਤਰੀਵ-ਮਨ ਉਸੇ ਵੇਗ ਨਾਲ ਪੂਰਬ ਵਿਚ ਵਿਚਰਦਾ ਹੈ। ਵਿਲਕ ਬੂਥ ਹੱਥੋਂ ਪ੍ਰੈਜ਼ੀਡੈਂਟ ਲਿੰਕਨ ਦੇ ਮਾਰੇ ਜਾਣ ਦੀ ਗਾਥਾ ਕਰਦਿਆਂ ਲੇਖਕ ਨੱਥੂ ਰਾਮ ਗੌਡਸੇ ਤੇ ਮਹਾਤਮਾ ਗਾਂਧੀ ਨੂੰ ਸਿਮ੍ਰਿਤੀ ਵਿਚ ਜਗਾਉਂਦਾ ਹੈ। ਜਾਰਜ ਵਾਸ਼ਿੰਗਟਨ ਦੀ ਗੱਲ ਕਰਦਿਆਂ ਲੇਖਕ ਨੂੰ ਪੰਡਿਤ ਜਵਾਹਰ ਲਾਲ ਨਹਿਰੂ ਦੀ ਯਾਦ ਆਉਂਦੀ ਹੈ। ਕਿਤੇ ਕਿਤੇ ਇੱਕਾ-ਦੁੱਕਾ ਸਾਲ, ਤਰੀਕਾਂ ਦੀ ਕੁਤਾਹੀ ਥੋੜ੍ਹਾ ਰੜਕਦੀ ਹੈ, ਹੋ ਸਕਦਾ ਛਾਪੇਖਾਨੇ ਦਾ ਕਸੂਰ ਹੋਵੇ।

ਸਮੁੱਚੇ ਤੌਰ 'ਤੇ ਇਹ ਖੋਜ ਭਰਪੂਰ ਪੁਸਤਕ ਬਹੁਤ ਸਾਰੀਆਂ ਸਿਫਤਾਂ ਦਾ ਸੁਮੇਲ ਹੈ, ਪੜ੍ਹਨਯੋਗ ਹੈ, ਸਾਂਭਣਯੋਗ ਹੈ, ਪੁਸਤਕਾਲੇ ਦਾ ਸ਼ਿੰਗਾਰ ਬਣਨਯੋਗ ਹੈ ਅਤੇ ਰੈਫਰੈਂਸ ਵਜੋਂ ਵਰਤਣਯੋਗ ਹੈ। ਸਾਰੀ ਪੁਸਤਕ ਦਾ ਹਾਸਲ, ਮੇਰੀ ਰੂਹ ਦੀਆਂ ਸਤਰਾਂ: "ਇਹ ਗਦਰੀ ਬਾਬੇ ਮਜ਼੍ਹਬਾਂ, ਜਾਤਾਂ, ਧਰਮਾਂ, ਕਬੀਲਿਆਂ ਤੋਂ ਉੱਪਰ ਸਨ...ਉਨ੍ਹਾਂ ਦਾ ਮੰਤਵ ਰਾਸ਼ਟਰੀ ਨਾ ਹੋ ਕੇ ਅੰਤਰ-ਰਾਸ਼ਟਰੀ ਸਾਂਝੀਵਾਲਤਾ ਦਾ ਪ੍ਰਤੀਕ ਸੀ।"

ਲਿਖਦੇ ਲਿਖਦੇ ਪੰਨਿਆਂ ਵਿਚ ਹੋ ਰਿਹਾ ਇਜ਼ਾਫਾ ਮੈਨੂੰ ਚਿੰਤਾ ਲਾ ਰਿਹਾ ਹੈ, ਪਰ ਲਗਦਾ, ਇਸ ਪੁਸਤਕ ਬਾਰੇ ਹਾਲੇ ਵੀ ਬਹੁਤ ਕੁਝ ਲਿਖਣਾ ਬਾਕੀ ਹੈ। ਜਿਨ੍ਹਾਂ ਨੁਕਤਿਆਂ ਦੀ ਮੈਂ ਸਰਸਰੀ ਨਿਸ਼ਾਨਦੇਹੀ ਕੀਤੀ ਸੀ, ਉਹ ਵੀ ਸਾਰੇ ਕਲਮਬੰਦ ਨਹੀਂ ਕੀਤੇ ਜਾ ਸਕੇ। ਦੁਹਰਾਓ ਦੀ ਸਥਿਤੀ ਤੋਂ ਬਚਣ ਵਾਲੀ ਮੈਂ ਸਾਥੀ ਵਿਦਵਾਨਾਂ ਦੀਆਂ ਸਮਿਲਤ ਖੋਜਾਂ ਪ੍ਰਾਪਤੀਆਂ ਨੂੰ ਦੁਹਰਾਉਣ ਤੋਂ ਸੰਕੋਚ ਕੀਤਾ ਹੈ।

ਮੈਂ ਆਪਣੀ ਚਰਚਾ ਨੂੰ ਇੱਥੇ ਹੀ ਸੰਕੋਚਦਿਆਂ ਪਾਠਕਾਂ ਨੂੰ ਦਰਖਾਸਤ ਕਰਦੀ ਹਾਂ ਕਿ ਉਹ ਇਸ ਪੁਸਤਕ ਦਾ ਪਾਠ ਕਰਨ, ਉਨ੍ਹਾਂ ਨੂੰ ਬਹੁਤ ਕੁਝ ਲੱਭੇਗਾ, ਬੇਸ਼ਕੀਮਤੀ, ਸਿੱਖਣ ਜੋਗਾ, ਸੰਭਾਲਣ ਜੋਗਾ ਤੇ ਪਾਠਕ ਆਪਣਾ ਵਕਤ ਥਾਂ ਸਿਰ ਲੇਖੇ ਲੱਗਿਆ ਮਹਿਸੂਸ ਕਰਨਗੇ। ਲੇਖਕ ਨੂੰ ਉਸ ਦੀ ਇਸ ਲਾਸਾਨੀ ਪ੍ਰਾਪਤੀ 'ਤੇ ਵਧਾਈ ਦਿੰਦੀ ਹੋਈ। ਦੁਆ ਗੋ!

# ਕਿੱਥੇ ਗਿਆ ਲੱਕੜੀ ਦੇ ਗੱਡੀਰਿਆਂ ਵਾਲਾ ਬਚਪਨ

ਅੱਜ ਦਾ ਜ਼ਮਾਨਾ ਬਹੁਤ ਤੇਜ਼ੀ ਦਾ ਹੈ। ਅੱਜ ਕੱਲ੍ਹ ਦੇ ਬੱਚੇ ਵੀ ਜਲਦੀ ਜਲਦੀ ਵੱਡੇ ਹੋ ਜਾਂਦੇ ਹਨ। ਉਨ੍ਹਾਂ ਨੂੰ ਤਾਂ ਖਿਡੌਣੇ ਵੀ ਤੇਜ਼ ਚਲਣ ਵਾਲੇ ਮਿਲਦੇ ਹਨ, ਜੋ ਬੈਟਰੀਆਂ ਨਾਲ ਚਲਦੇ ਹਨ। ਪੈਸੇ ਨੇ ਹਰ ਚੀਜ਼ ਆਸਾਨ ਕਰ ਦਿੱਤੀ ਹੈ, ਪਰ ਕਦੇ ਬਚਪਨ ਬਹੁਤ ਆਲਾ-ਭੋਲਾ ਜਿਹਾ ਹੁੰਦਾ ਸੀ। ਉਦੋਂ ਬੱਚਿਆਂ ਦੇ ਖਿਡੌਣੇ ਵੀ ਮਿੱਟੀ ਜਾਂ ਲੱਕੜੀ ਦੇ ਹੁੰਦੇ ਸਨ।

ਜ਼ਿੰਦਗੀ ਬਹੁਤ ਹੀ ਸਿੱਧ ਪੱਧਰੀ ਤੇ ਸਾਦਗੀ ਭਰਪੂਰ ਸੀ ਤੇ ਖਿਡਾਉਣੇ ਵੀ ਉਹੋ ਜਿਹੇ ਸਾਦੇ। ਉਦੋਂ ਪਿੰਡਾਂ ਵਿਚ ਭਾਈਚਾਰਾ ਬਹੁਤ ਮਜਬੂਤ ਹੁੰਦਾ ਸੀ। ਲੱਕੜੀ ਦਾ ਗਡੀਰਾ ਵੀ ਪਿੰਡ ਵਿਚ ਰਹਿਣ ਵਾਲੇ ਲੱਕੜੀ ਦਾ ਕੰਮ ਕਰਨ ਵਾਲੇ ਤਰਖਾਣ ਵਲੋਂ ਬਣਾਇਆ ਤੇ ਭੇਟ ਕੀਤਾ ਜਾਂਦਾ ਸੀ। ਉਨ੍ਹਾਂ ਨੂੰ ਕਹਿਣ ਦੀ ਵੀ ਲੋੜ ਨਹੀਂ ਹੁੰਦੀ ਸੀ, ਸਗੋਂ ਜਿਸ ਪਰਿਵਾਰ ਵਿਚ ਛੋਟਾ ਬੱਚਾ ਹੁੰਦਾ, ਤਰਖਾਣ ਖੁਦ ਹੀ ਖੁਸ਼ੀ ਖੁਸ਼ੀ ਅਜਿਹੇ ਖਿਡੌਣੇ ਬਣਾ ਕੇ ਦੇ ਕੇ ਆਉਂਦੇ। ਉਸ ਦੇ ਬਦਲੇ ਉਨ੍ਹਾਂ ਨੂੰ ਆਮ ਤੌਰ 'ਤੇ ਕਣਕ, ਗੁੜ ਜਾਂ ਘਰ ਦਾ ਬਣਿਆ ਖੇਸ ਦਿੱਤਾ ਜਾਂਦਾ ਸੀ। ਸਭ ਬੜੇ ਖੁਸ਼ ਹੋ ਜਾਂਦੇ, ਤੋਹਫਾ ਦੇਣ ਵਾਲੇ ਵੀ ਤੇ ਤੋਹਫਾ ਲੈਣ ਵਾਲੇ ਵੀ।

ਲਕੜੀ ਦੇ ਗਡੀਰੇ ਦੀ ਬਣਤਰ ਬੜੀ ਸਰਲ ਜਿਹੀ ਹੁੰਦੀ। ਤਿੰਨ ਡੰਡੇ ਤੇ ਦੋ ਨਿੱਕੇ ਨਿੱਕੇ ਪਹੀਏ, ਜਦੋਂ ਇਸ ਨੂੰ ਪਿੱਛੋਂ ਬਲ ਮਿਲਦਾ ਤਾਂ ਇਹ ਨਿੱਕੇ ਨਿੱਕੇ ਪਹੀਏ ਰਿੜ੍ਹਨ ਲਗਦੇ, ਬੱਸ ਇੰਨੇ ਵਿਚ ਇਕ ਬੱਚਾ ਤੁਰਨਾ-ਫਿਰਨਾ ਸਿੱਖ ਲੈਂਦਾ। ਇਸ ਤਰ੍ਹਾਂ ਨਾ ਤਾਂ ਬੱਚੇ ਨੂੰ ਕਿਸੇ ਸੱਟ ਫੇਟ ਦਾ ਡਰ ਹੁੰਦਾ। ਹੁਣ ਵਾਲੇ ਵਾਕਰ ਤਾਂ ਬਹੁਤ ਸਾਰੇ ਹਾਦਸੇ ਤੇ ਸੱਟਾਂ ਦਾ ਕਾਰਨ ਬਣਦੇ ਹਨ। ਕਈ ਵਾਰ ਸਾਰੇ ਭੈਣ ਭਰਾ ਇੱਕੋ ਗਡੀਰੇ ਨਾਲ ਹੀ ਤੁਰਨਾ ਸਿੱਖ ਲੈਂਦੇ, ਕਿਉਂਕਿ ਉਦੋਂ ਚੀਜ਼ਾਂ ਨੂੰ ਹੰਢਣਸਾਰ ਬਣਾਉਣ ਵਿਚ ਬਹੁਤ ਵਡਿਆਈ ਵਾਲੀ ਗੱਲ ਮੰਨੀ ਜਾਂਦੀ ਸੀ।

ਹੁਣ ਦੇ ਮੁਨਾਫੇਖੋਰ ਜ਼ਮਾਨੇ ਵਿਚ ਹੰਢਣਸਾਰਤਾ ਲੱਭਿਆਂ ਨਹੀਂ ਲੱਭਦੀ। ਹੁਣ ਦੇ ਮਸ਼ੀਨੀ ਯੁੱਗ ਨੇ ਇਹ ਸਭ ਖੁਸ਼ੀਆਂ ਖੋਹ ਲਈਆਂ ਹਨ ਤੇ ਸਾਂਝ ਦੀਆਂ ਤੰਦਾਂ ਵੀ ਤੋੜ ਦਿੱਤੀਆਂ ਹਨ। ਸੋ ਲਕੜੀ ਦੇ ਗਡੀਰਿਆਂ ਵਾਲਾ ਬਚਪਨ ਵੀ ਕਿਧਰੇ ਗੁਆਚ ਗਿਆ ਹੈ।

*-ਰਾਜਨਦੀਪ ਕੌਰ ਮਾਨ*
*ਫੋਨ: 91-62393-26166*

# ਸੱਚ ਝੂਠ ਦੀ ਸਰਹੱਦ ਭੰਨਦੀ ਫਿਲਮ 'ਬਲੋਅ ਅੱਪ'

ਵਿਰਾਸਤ-ਏ-ਸਿਨੇਮਾ



ਡਾ. ਕੁਲਦੀਪ ਕੌਰ
ਫੋਨ: +91-98554-04330



*ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਸੰਸਾਰ ਪ੍ਰਸਿੱਧ ਫਿਲਮਸਾਜ਼ ਮਾਈਕਲਐਂਜਲੋ ਅੰਤੋਨੀਓਨੀ ਦੀ ਫਿਲਮ 'ਬਲੋਅ ਅੱਪ ਬਾਬਤ ਚਰਚਾ ਕੀਤੀ ਗਈ ਹੈ।*

*-ਸੰਪਾਦਕ*

ਮਾਈਕਲਐਂਜਲੋ ਅੰਤੋਨੀਓਨੀ ਦੁਆਰਾ ਨਿਰਦੇਸ਼ਤ ਫਿਲਮ 'ਬਲੋਅ ਅੱਪ' ਯਥਾਰਥ ਅਤੇ ਕਲਪਨਾ ਦੇ ਆਪਸੀ ਸਬੰਧਾਂ ਦੀਆਂ ਪਰਤਾਂ ਉਘਾੜਦੀ ਹੈ। ਕੀ ਅਸੀਂ ਅਸਲ ਵਿਚ ਉਹੀ ਦੇਖਦੇ ਹਾਂ ਜੋ ਸਾਡੀ ਅੱਖ ਦੇਖਦੀ ਹੈ? ਕੀ ਦੇਖਿਆ ਹੋਇਆ ਸੱਚ ਹੀ ਹੈ ਜਾਂ ਸੱਚ ਦਾ ਪ੍ਰਛਾਵਾਂ-ਮਾਤਰ ਹੈ? ਕੀ ਹੋਵੇ ਜੇ ਅਸੀਂ ਸੱਚ ਨੂੰ ਛਿੱਲਦੇ-ਛਿੱਲਦੇ ਇਸ ਦੀ ਸਭ ਤੋਂ ਮਹੀਨ ਪਰਤ ਤੱਕ ਪਹੁੰਚ ਜਾਈਏ? ਇਨ੍ਹਾਂ ਸਾਰੇ ਸਵਾਲਾਂ ਨਾਲ ਜੂਝਦੀ ਇਹ ਮਾਈਕਲਐਂਜਲੋ ਅੰਤੋਨੀਓਨੀ ਦੀ ਅੰਗਰੇਜ਼ੀ ਭਾਸ਼ਾ ਵਿਚ ਬਣਾਈ ਪਹਿਲੀ ਫਿਲਮ ਹੈ। ਇਸ ਫਿਲਮ ਰਾਹੀਂ ਉਹ ਪੂੰਜੀਵਾਦ ਸਮਾਜ ਦੇ ਬੰਦੇ ਦੀ ਹੋਂਦ ਨਾਲ ਉਲਝੀਆਂ ਤੰਦਾਂ ਦੇ ਘੇਰੇ ਵਿਚੋਂ ਬਾਹਰ ਆ ਕੇ ਜਿਊਂਦੀ ਜਾਗਦੀ ਕਲਾ ਦੀ ਨਿਰਖ-ਪਰਖ ਕਰਨ ਵੱਲ ਵਧਦਾ ਹੈ। ਉਸ ਦੀ ਪਹਿਲੀਆਂ ਤਿੰਨਾਂ ਫਿਲਮਾਂ ਵਿਚ ਕਿਰਦਾਰ ਅਜਿਹੀ ਦੁਨੀਆ ਵਿਚ ਜਿਊਣ ਦੀ ਤਰਾਸਦੀ ਭੁਗਤਦੇ ਹਨ ਜਿਹੜੀ ਉਨ੍ਹਾਂ ਦੀ ਭਾਵਨਾਵਾਂ ਦਾ ਮੁੱਲ ਲਗਾਉਣ ਤੋਂ ਵੀ ਗੁਰੇਜ਼ ਨਹੀ ਕਰਦੀ। ਦੂਜੇ ਪਾਸੇ ਅਜਿਹੇ ਸੌਦਿਆਂ ਦਾ ਸ਼ਿਕਾਰ ਹੋ ਚੁੱਕੇ ਲੋਕ ਵੀ ਮੌਕਾ ਆਉਣ ਤੇ ਉਸੇ ਮਨਸੂਈਪਣ ਤੇ ਸਤਹੀ ਭਾਵਨਾਤਮਿਕ ਖੋਖਲੇਪਣ ਰਾਹੀ ਦੂਜਿਆਂ ਦਾ ਸ਼ਿਕਾਰ ਕਰਨ ਤੋਂ ਬਾਜ਼ ਨਹੀਂ ਆਉਂਦੇ।

ਫਿਲਮ ਵਿਚ ਇਸ ਵਿਚਾਰ ਦੀ ਕਸ਼ਮਕਸ਼ ਲਗਾਤਾਰ ਚਲਦੀ ਰਹਿੰਦੀ ਹੈ ਕਿ ਅਸੀਂ ਇਸ ਦੁਨੀਆ ਨੂੰ ਕਿਵੇਂ ਦੇਖਦੇ, ਸੋਚਦੇ ਤੇ ਸਮਝਦੇ ਹਾਂ। ਅਸੀਂ ਦੂਜਿਆਂ ਬਾਰੇ ਕਹਾਣੀਆਂ ਘੜਦੇ ਅਤੇ ਉਨ੍ਹਾਂ ਕਹਾਣੀਆਂ ਦੇ ਆਧਾਰ 'ਤੇ ਉਨ੍ਹਾਂ ਬਾਰੇ ਆਪਣੀਆਂ ਧਾਰਨਾਵਾਂ ਅਤੇ ਖਿਆਲਾਂ ਨੂੰ ਰਚਦੇ ਹਾਂ। ਇਸੇ ਤਰ੍ਹਾਂ ਅਸੀਂ ਆਪਣੇ ਆਪ ਬਾਰੇ ਵੀ ਖੁਦ ਦੁਆਰਾ ਤੇ ਦੂਜਿਆਂ ਦੁਆਰਾ ਘੜੀਆਂ ਕਹਾਣੀਆਂ ਰਾਹੀ ਹੀ ਖੁਦ ਨੂੰ ਜਾਣਦੇ ਹਾਂ ਤੇ ਸਮਝਦੇ ਹਾਂ। ਇਸ ਵਿਚ ਸਭ ਤੋਂ ਮਹਤੱਵਪੂਰਨ ਨੁਕਤਾ ਇਹ ਵੀ ਹੈ ਕਿ ਕੀ ਇਨ੍ਹਾਂ ਕਹਾਣੀਆਂ ਤੇ ਸਾਡਾ ਕੋਈ ਕੰਟਰੋਲ ਵੀ ਹੁੰਦਾ ਹੈ? ਕੀ ਅਸੀਂ ਸਿਰਫ ਕਹਾਣੀ ਘੜਦੇ ਹਾਂ ਜਾਂ ਫਿਰ ਅਜਿਹੀ ਕਹਾਣੀ ਘੜਨ ਦੀ ਕੋਸ਼ਿਸ਼ ਕਰਦੇ ਹਾਂ ਜਿਸ ਵਿਚੋਂ ਅਸੀਂ ਆਪਣੇ ਹੋਣ ਲਈ ਮਨਚਾਹੀ ਵਿਆਖਿਆ ਈਜਾਦ ਕਰ ਸਕੀਏ।

ਇਨ੍ਹਾਂ ਕਹਾਣੀਆਂ ਵਿਚੋਂ ਬਹੁਤੀਆਂ ਕਹਾਣੀਆਂ ਪਿਆਰ ਦੀਆਂ ਕਹਾਣੀਆਂ ਹਨ। ਇਨ੍ਹਾਂ ਕਹਾਣੀਆਂ ਦੇ ਬਿਰਤਾਂਤ ਸੱਚੇ ਹਨ ਪਰ ਕਿਰਦਾਰ ਝੂਠੇ ਹਨ ਤੇ ਵਾਰ-ਵਾਰ ਮੁੱਕਰ ਜਾਂਦੇ ਹਨ। ਫਿਰ ਵੀ ਇਹੀ ਕਹਾਣੀਆਂ ਸਭ ਤੋਂ ਵੱਧ ਜੀਵੰਤ ਤੇ ਭਰੋਸਾ ਕਰਨ ਲਾਇਕ ਹਨ। ਬਹੁਤ ਵਾਰ ਇਹ ਕਹਾਣੀਆਂ ਸਾਡੇ ਤਜਰਬਿਆਂ ਤੇ ਜਜ਼ਬਾਤ ਨੂੰ ਜ਼ੁਬਾਨ ਦੇਣ ਵਿਚ ਅਸਫਲ ਰਹਿੰਦੀਆਂ ਹਨ ਤਾਂ ਅਸੀਂ ਨਵੀਆਂ ਕਹਾਣੀਆਂ ਦੀ ਤਲਾਸ਼ ਵਿਚ ਨਿਕਲ ਜਾਂਦੇ ਹਾਂ। ਇਹ ਸਿਲਸਿਲਾ ਸਿਰਫ ਕਹਾਣੀਆਂ ਦਾ ਸਿਲਸਿਲਾ ਹੀ ਨਹੀਂ ਰਹਿੰਦਾ ਸਗੋਂ ਹੌਲੀ-ਹੌਲੀ ਇਹ ਵਿਚਾਰਾਂ, ਸਮਾਜਿਕ ਰਿਸ਼ਤਿਆਂ ਤੇ ਵਿਅਕਤੀਆਂ ਦੇ ਆਪਸੀ ਟਕਰਾਵਾਂ ਤੇ ਸਾਝਾਂ ਦਾ ਸਤਰੰਗੀ ਤਾਣਾ-ਬਾਣਾ ਹੋ ਨਿਬੜਦਾ ਹੈ। ਇਸ ਸਾਰੇ ਵਰਤਾਰੇ ਵਿਚ ਉਲਝਣ ਤੋਂ ਬਿਨਾਂ ਸ਼ਾਇਦ ਸਾਡੇ ਕੋਲ ਆਪਣੀ ਹੋਂਦ ਨੂੰ ਬਣਾਈ ਰੱਖਣ ਦਾ ਕੋਈ ਹੋਰ ਰਸਤਾ ਹੈ ਵੀ ਨਹੀਂ।

ਇਸ ਫਿਲਮ 'ਬਲੋਅ ਅੱਪ' ਦਾ ਮੁੱਖ ਕਿਰਦਾਰ ਥਾਮਸ ਨੌਜਵਾਨ ਸਫਲ ਫੋਟੋਗਰਾਫਰ ਹੈ ਜਿਸ ਦੀਆਂ ਫੋਟੋਆਂ ਉਸ ਸਮੇਂ ਦੇ ਲੰਡਨ ਸ਼ਹਿਰ ਦੀ ਰੂਹ ਨੂੰ ਬਹੁਤ ਸਹਿਜਤਾ ਨਾਲ ਫੜਦੀਆਂ ਹਨ। ਇਸ ਫਿਲਮ ਦੇ ਵਾਪਰਨ ਦਾ ਸਮਾਂ ਇੱਕ ਪੂਰਾ ਦਿਨ ਤੇ ਫਿਰ ਅੱਧੀ ਰਾਤ ਹੈ। ਮਾਈਕਲਐਂਜਲੋ ਅੰਤੋਨੀਓਨੀ ਦੀਆਂ ਬਾਕੀ ਸਾਰੀਆਂ ਫਿਲਮਾਂ ਵਾਂਗ ਇਸ ਫਿਲਮ ਵਿਚ ਵੀ ਕਹਾਣੀ ਤੇ ਪਲਾਟ ਬੇਹੱਦ ਅਨਿਸ਼ਚਿਤ ਅਤੇ ਅਣਘੜ ਹਨ। ਉਸ ਦੀਆਂ ਫਿਲਮਾਂ ਦੀ ਖਾਸੀਅਤ ਫਿਲਮ ਵਿਚ ਬਦਲਦੀਆਂ ਸਮਾਜਿਕ ਜਾਂ ਹੋਰ ਸਥਿਤੀਆਂ ਤੇ ਧਿਆਨ ਕੇਂਦਰਿਤ ਕਰਨ ਦੀ ਥਾਂ ਇਸ ਵਿਚਲੇ ਕਿਰਦਾਰਾਂ ਦੇ ਦਿਮਾਗਾਂ ਵਿਚ ਚੱਲ ਰਹੀ ਕਸ਼ਮਕਸ਼ ਦਾ ਚਿਤਰਨ ਕਰਨਾ ਹੈ। ਇਸ ਫਿਲਮ ਵਿਚ ਰੋਜ਼-ਮੱਰਾ ਦੀ ਜ਼ਿੰਦਗੀ ਵਿਚ ਵਾਪਰਦੀਆਂ ਤੇ ਰੋਜ਼ ਸਾਡੀਆਂ ਅੱਖਾਂ ਅੱਗਿਓਂ ਗੁਜ਼ਰ ਰਹੀਆਂ ਚੀਜ਼ਾਂ ਜਾਂ ਘਟਨਾਵਾਂ ਦੀ ਅਸਲੀਅਤ ਨੂੰ ਦੇਖਣ ਦਾ ਯਤਨ ਕੀਤਾ ਗਿਆ ਹੈ। ਇਸ ਵਿਚ ਮੁੱਖ ਨੁਕਤਾ ਇਹ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਅਸੀਂ ਬਹੁਤ ਵਾਰ ਪੂਰੇ ਸੱਚ ਨੂੰ ਜਾਣਨ ਤੇ ਸਮਝਣ ਦੀ ਥਾਂ ਸਿਰਫ ਇਸ ਦੀਆਂ ਕੁਝ ਕਤਰਨਾਂ ਨਾਲ ਹੀ ਤਸੱਲੀ ਕਰ ਲੈਂਦੇ ਹਾਂ ਤੇ ਅਸਲ ਸੱਚ ਸਾਡੀ ਉਡੀਕ ਵਿਚ ਕਿਤੇ ਲੁਕਿਆ ਰਹਿ ਜਾਂਦਾ ਹੈ। ਇਸ ਫਿਲਮ ਦੇ ਫਿਲਮਾਂਕਣ ਦੌਰਾਨ ਨਵਾਂ ਤਜਰਬਾ ਕਰਦਾ ਫਿਲਮਸਾਜ਼ ਛੋਟੇ-ਛੋਟੇ ਬਿਰਤਾਂਤ ਸਿਰਜਦਾ ਹੈ ਜਿਹੜੇ ਉਪਰੀ ਸਤਹਿ ਤੇ ਇੱਕ-ਦੂਜੇ ਤੋਂ ਬਿਲਕੁੱਲ ਵੱਖਰੇ ਭਾਸਦੇ ਹਨ ਪਰ ਅਸਲ ਵਿਚ ਉਹ ਸਾਰੇ ਹੀ ਵੱਡੀ ਲੜੀ ਦੀਆਂ ਵੱਖ-ਵੱਖ ਤੰਦਾਂ ਹਨ।

ਇਸ ਅਹਿਮ ਫਿਲਮ ਦੀ ਸ਼ੁਰੂਆਤ ਵਿਚ ਲੰਡਨ ਦੀ ਇੱਕ ਪਾਰਕ ਵਿਚ ਕੁਝ ਵਲੰਟੀਅਰਾਂ ਦਾ ਗਰੁੱਪ ਹੈ ਜਿਹੜਾ ਪਰਮਾਣੂ ਹਥਿਆਰਾਂ ਦੇ ਪਾਬੰਦੀ ਦਾ ਪ੍ਰਚਾਰ ਕਰਨ ਲਈ ਪੈਸੇ ਇਕੱਠੇ ਕਰ ਰਿਹਾ ਹੈ। ਦੂਜੇ ਪਾਸੇ ਥਾਮਸ ਸਲੱਮ ਬਸਤੀ ਦੇ ਵਾਸੀਆਂ ਦੀਆਂ ਫੋਟੋ ਸੀਰੀਜ਼ ਲਈ ਫੋਟੋਆਂ ਖਿੱਚ ਰਿਹਾ ਹੈ। ਦਿਲਚਸਪ ਤੱਥ ਇਹ ਵੀ ਹੈ ਕਿ ਇਹ ਦੋਵੇਂ ਅਸਲ ਵਿਚ ਉਹ ਕੰਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਜਿਹੜਾ ਅਸਲ ਵਿਚ ਉਨ੍ਹਾਂ ਨੇ ਕਦੇ ਨਹੀਂ ਕਰਨਾ ਪਰ ਮਾਰਕਿਟ ਵਿਚ ਇਨ੍ਹਾਂ ਦੋਹਾਂ ਕੰਮਾਂ ਨੂੰ ਕਰਨ ਦਾ ਸਬੂਤ ਦਾਖਿਲ ਕਰ ਕੇ ਸ਼ੁਹਰਤ ਤੇ ਦੌਲਤ ਜ਼ਰੂਰ ਕਮਾਈ ਜਾ ਸਕਦੀ ਹੈ।

ਆਪਣੇ ਸਟੂਡੀਉ ਵਿਚ ਪਰਤ ਕੇ ਉਹ ਆਪਣੀ ਸੁਪਰ ਮਾਡਲ ਵਰਸਿਕਾ ਦਾ ਫੋਟੋ-ਸ਼ੂਟ ਕਰਦਾ ਹੈ। ਇਸ ਰਾਹੀਂ ਉਹ ਮਨਸੂਈ ਕਿਸਮ ਦੀ ਸਰੀਰਕ ਇੱਛਾ ਦੀ ਸਿਰਜਣਾ ਕਰਦਾ ਹੈ ਜਿਹੜੀ ਉਸ ਮਾਡਲ ਦੇ ਖਾਸ ਕਿਸਮ ਦੇ ਹਾਵ-ਭਾਵ ਦੁਆਰਾ ਪ੍ਰਗਟਾਈ ਜਾਂਦੀ ਹੈ ਪਰ ਅਸਲ ਵਿਚ ਤਾਂ ਉਹ ਮਾਡਲ ਅਜਿਹਾ ਕੁਝ ਵੀ ਮਹਿਸੂਸ ਨਹੀਂ ਕਰ ਰਹੀ। ਇਸ ਤੋਂ ਇੱਕਦਮ ਬਾਅਦ ਉਹ ਅਜਿਹੀਆਂ ਮਾਡਲਾਂ ਨਾਲ ਫੋਟੋਆਂ ਕਰਵਾਉਂਦਾ ਹੈ ਜਿਹੜੀਆਂ ਇੱਦਾਂ ਦੀ ਫੋਟੋ ਕਰਵਾਉਣ ਦੀ ਤਾਂਘ ਰੱਖਦੀਆਂ ਹਨ ਜਿਹੜੀ ਉਨ੍ਹਾਂ ਨੂੰ ਰਾਤੋ-ਰਾਤ ਸ਼ੁਹਰਤ ਦੀ ਬੁਲੰਦੀ 'ਤੇ ਲੈ ਜਾਵੇ ਪਰ ਇਨ੍ਹਾਂ ਸਾਰੀਆਂ ਤਸਵੀਰਾਂ ਵਿਚ ਸੱਚ ਕਿੱਥੇ ਹੈ?

ਇਸ ਤੋਂ ਬਾਅਦ ਉਹ ਆਪਣੇ ਚਿੱਤਰਕਾਰ ਦੋਸਤ ਕੋਲ ਉਸ ਦਾ ਬਣਾਇਆ ਨਵਾਂ ਚਿੱਤਰ ਦੇਖਣ ਜਾਂਦਾ ਹੈ। ਇਸ ਨੂੰ ਦੇਖਦਿਆਂ ਉਹ ਅਤੇ ਉਸ ਦਾ ਦੋਸਤ ਬਿੱਲ ਇਸ ਅਣਘੜਤ ਤੇ ਊਬੜ-ਖਾਬੜ ਚਿੱਤਰ ਦੇ ਬਹੁਤ ਸਾਰੇ ਅਰਥ ਕੱਢਦੇ ਹਨ। ਬਿੱਲ ਆਖਦਾ ਹੈ, 'ਥਾਮਸ ਅਸਲ ਵਿਚ ਇਸ ਚਿੱਤਰ ਦਾ ਕੋਈ ਅਰਥ ਨਹੀਂ ਬਣਦਾ। ਜਿਵੇਂ-ਜਿਵੇਂ ਇਹ ਮੈਨੂੰ ਫੁਰਦਾ ਜਾਂਦਾ ਹੈ, ਮੈਂ ਲੀਕਾਂ ਖਿੱਚੀ ਜਾਂਦਾ। ਫਿਰ ਬਹੁਤ ਵਾਰ ਕਈ ਦਿਨਾਂ ਬਾਅਦ ਇਹ ਮੇਰੇ ਕਿਸੇ ਵਿਚਾਰ, ਯਾਦ ਜਾਂ ਸੁਣੀ-ਸੁਣਾਈ ਗੱਲ ਨਾਲ ਮੈਚ ਕਰ ਜਾਂਦਾ ਤੇ ਮੈਨੂੰ ਲੱਗਣ ਲੱਗ ਜਾਂਦਾ ਕਿ ਹਾਂ: ਮੈਂ ਆਹੀ ਤਾਂ ਬਣਾ ਰਿਹਾ ਸੀ।' ਇਹ ਸਾਰੀ ਗੱਲ ਸੁਣਨ ਤੋਂ ਬਾਅਦ ਥਾਮਸ ਨੂੰ ਲੱਗਦਾ ਕਿ ਇਹੀ ਕੁਝ ਤਾਂ ਮੇਰੇ ਨਾਲ ਹੁੰਦਾ। ਮੈਂ ਆਪਣੀਆਂ ਸਭ ਤੋਂ ਪਿਆਰੀਆਂ ਤੇ ਖੂਬਸੂਰਤ ਫੋਟੋਆਂ ਤਾਂ ਬਿਨਾਂ ਸੋਚੇ-ਸਮਝੇ ਅਚਾਨਕ ਖਿੱਚੀਆਂ ਸਨ।

ਇਸ ਤੋਂ ਬਾਅਦ ਥਾਮਸ ਸ਼ਹਿਰ ਦੇ ਪੁਰਾਣੇ ਹਿੱਸੇ ਵਿਚ ਇੱਕ ਪੁਰਾਤਨ ਵਸਤਾਂ ਦੀ ਦੁਕਾਨ ਦਾ ਸੌਦਾ ਕਰਨ ਜਾਂਦਾ ਹੈ। ਉਸ ਦੁਕਾਨ ਦੀ ਮਾਲਕਣ ਉਸ ਨੂੰ ਦੱਸਦੀ ਹੈ ਕਿ ਉਹ ਇਹ ਸੌਦਾ ਜਲਦੀ ਕਰ ਲਵੇ ਤਾਂ ਕਿ ਉਹ ਇਨ੍ਹਾਂ ਸਾਰੀਆਂ ਵਸਤਾਂ ਦੇ ਜੰਗਲ ਵਿਚੋਂ ਨਿਕਲ ਕੇ ਕਿਸੇ ਸ਼ਾਂਤ ਜਗ੍ਹਾ ਤੇ ਜਾ ਕੇ ਵੱਸ ਸਕੇ। ਇਸ ਸੁਣ ਕੇ ਥਾਮਸ ਨੂੰ ਝਟਕਾ ਲੱਗਦਾ ਹੈ, ਕਿਉਂਕਿ ਉਹ ਤਾਂ ਹਮੇਸ਼ਾ ਤੋਂ ਇਹੀ ਸਮਝਦਾ ਆਇਆ ਹੈ ਕਿ ਕੋਈ ਇੰਨੀਆਂ ਸੋਹਣੀਆਂ ਕਲਾ-ਕਿਰਤਾਂ ਵਿਚ ਘਿਰਿਆ ਉਦਾਸ ਕਿਵੇਂ ਰਹਿ ਸਕਦਾ।


ਇਸ ਤਰ੍ਹਾਂ ਇਹ ਫਿਲਮ ਯਥਾਰਥ ਅਤੇ ਮਨੁੱਖ ਦੇ ਖੁਦ ਦੇ ਸਿਰਜੇ ਭਰਮਾਂ ਤੇ ਸੱਚਾਈਆਂ 'ਤੇ ਸਵਾਲ ਖੜ੍ਹੇ ਕਰਦੀ ਹੈ। ਸੱਚ ਕਿੰਨਾ ਸੱਚਾ ਹੈ? ਝੂਠ ਸੱਚ ਦੇ ਕਿੰਨਾ ਨਜ਼ਦੀਕ ਹੈ? ਕੀ ਇਨ੍ਹਾਂ ਦੀ ਆਪਸ ਵਿਚ ਅਦਲਾ-ਬਦਲੀ ਹੋ ਸਕਦੀ ਹੈ? ਫਿਲਮ ਇਨ੍ਹਾਂ ਹੀ ਸਾਰੇ ਸਵਾਲਾਂ ਨੂੰ ਮੁਖਾਤਿਬ ਹੈ।






*ਮਾਈਕਲਐਂਜਲੋ ਅੰਤੋਨੀਓਨੀ ਦੀ ਫਿਲਮ 'ਬਲੋਅ ਅੱਪ' ਦਾ ਪੋਸਟਰ ਅਤੇ (ਸੱਜੇ) ਫਿਲਮ ਦਾ ਇਕ ਦ੍ਰਿਸ਼।*





*ਫਿਲਮ 'ਬਲੋਅ ਅੱਪ' ਦਾ ਇਕ ਹੋਰ ਦ੍ਰਿਸ਼ ਅਤੇ (ਸੱਜੇ) ਫਿਲਮਸਾਜ਼ ਮਾਈਕਲਐਂਜਲੋ ਅੰਤੋਨੀਓਨੀ।*


Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
100% OWNER OPERATOR COMPANY
Pay Single 48 Cent + Team 58 Cent
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com